ਸੋਮਵਾਰ, 14 ਨਵੰਬਰ, 2022
29 ਕੱਤਕ { ਨਾਨਕਸ਼ਾਹੀ 554, ਬਿਕਰਮੀ 2079 }
ਜਿਲਦ/VOL. : 71
ਅੰਕ/NO. : 164

# ਨਵਾਂ ਜ਼ਮਾਨਾ

DAILY NAWAN ZAMANA • MONDAY, 14 NOVEMBER, 2022 ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12


# ਮਾਨ ਸਰਕਾਰ ਨੇ ਬੰਦੂਕ ਦੀ ਨਾਲੀ ਨੂੰ ਹੱਥ ਪਾਇਆ

## ਹਥਿਆਰਾਂ ਦੀ ਨੁਮਾਇਸ਼ ਤੇ ਭੜਕਾਊ ਗਾਣਿਆਂ 'ਤੇ ਰੋਕ, ਸਾਰੇ ਅਸਲਾ ਲਸੰਸ ਰੀਵਿਊ ਹੋਣਗੇ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ 'ਚ ਕਾਨੂੰਨ-ਕਾਨੂੰਨ ਦੇ ਮਾਮਲੇ 'ਤੇ ਘਿਰੀ ਸਰਕਾਰ ਨੇ ਬੰਦੂਕ ਕਲਚਰ ਅਤੇ ਹਿੰਸਾ ਨੂੰ ਉਤਸ਼ਾਹਤ ਕਰਨ ਵਾਲੇ ਗੀਤਾਂ ਅਤੇ ਹਥਿਆਰਾਂ ਦਾ ਦਿਖਾਵਾ ਕਰਨ 'ਤੇ ਪਾਬੰਦੀ ਲਾਉਣ ਦਾ ਫੈਸਲਾ ਕੀਤਾ ਹੈ। ਰਾਜ ਸਰਕਾਰ ਨੇ ਇਸ ਦੇ ਨਾਲ ਅਗਲੇ ਤਿੰਨ ਮਹੀਨਿਆਂ 'ਚ ਹਥਿਆਰਾਂ ਦੇ ਲਾਇਸੈਂਸਾਂ ਦੀ ਸਮੀਖਿਆ ਕਰਨ ਦੇ ਵੀ ਹੁਕਮ ਦਿੱਤੇ ਹਨ। ਹੁਕਮਾਂ 'ਚ ਕਿਹਾ ਗਿਆ ਹੈ ਕਿ ਕਿਸੇ ਵੀ ਭਾਈਚਾਰੇ ਵਿਰੁੱਧ ਨਫਰਤ ਫੈਲਾਉਣ ਵਾਲੇ ਭਾਸ਼ਣ ਦੇਣ ਵਾਲਿਆਂ ਵਿਰੁੱਧ ਐੱਫ ਆਈ ਆਰ ਦਰਜ ਕੀਤੀ ਜਾਵੇ। ਹਥਿਆਰਾਂ ਅਤੇ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਗਈ ਹੈ। ਸੋਸ਼ਲ ਮੀਡੀਆ ਸਮੇਤ ਹਥਿਆਰਾਂ ਦੀ ਜਨਤਕ ਪ੍ਰਦਰਸ਼ਨੀ 'ਤੇ ਪੂਰੀ ਤਰ੍ਹਾਂ ਪਾਬੰਦੀ ਹੈ। ਜਨਤਕ ਇਕੱਠਾਂ, ਧਾਰਮਕ ਸਥਾਨਾਂ, ਵਿਆਹ ਸਮਾਗਮਾਂ ਅਤੇ ਹੋਰ ਸਮਾਗਮਾਂ 'ਚ ਹਥਿਆਰ ਲੈ ਕੇ ਜਾਣ ਅਤੇ ਵਿਖਾਉਣ 'ਤੇ ਮੁਕੰਮਲ ਪਾਬੰਦੀ ਹੈ। ਅਸਲਾ ਲਾਇਸੈਂਸਾਂ ਦੀ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਸਮੀਖਿਆ ਹੋਣੀ ਚਾਹੀਦੀ ਹੈ ਅਤੇ ਜੇ ਕੋਈ ਅਸਲਾ



ਲਾਇਸੈਂਸ ਕਿਸੇ ਗਲਤ ਵਿਅਕਤੀ ਨੂੰ ਜਾਰੀ ਹੋਇਆ ਹੈ ਤਾਂ ਉਸ ਨੂੰ ਤੁਰੰਤ ਰੱਦ ਕੀਤਾ ਜਾਵੇ। ਆਉਣ ਵਾਲੇ ਦਿਨਾਂ 'ਚ ਵੱਖ-ਵੱਖ ਥਾਵਾਂ 'ਤੇ ਅਚਨਚੇਤ ਚੈਕਿੰਗ ਕੀਤੀ ਜਾਵੇ।

## ਰਾਧਾ ਸੁਆਮੀ ਸਤਿਸੰਗ ਘਰ ਦੀ ਕੰਧ 'ਤੇ ਨਾਅਰੇ

**ਫਿਰੋਜ਼ਪੁਰ** : ਕਸਬਾ ਤਲਵੰਡੀ ਭਾਈ ਦੇ ਪਿੰਡ ਲੱਲੇ ਵਿਚ ਰਾਧਾ ਸੁਆਮੀ ਸਤਿਸੰਗ ਘਰ ਦੀ ਕੰਧ 'ਤੇ ਸ਼ਰਾਰਤੀ ਅਨਸਰਾਂ ਨੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਿਖ ਦਿੱਤੇ। ਨਾਅਰਿਆਂ ਦੇ ਨਾਲ ਐੱਸ ਐੱਫ ਜੇ ਵੀ ਲਿਖਿਆ ਹੋਇਆ ਸੀ। ਕਾਗਜ਼ੀ ਕਾਰਵਾਈ ਤੋਂ ਬਾਅਦ ਪੁਲਸ ਨੇ ਨਾਅਰੇ ਮਿਟਾ ਦਿੱਤੇ। ਅਜਿਹੀਆਂ ਘਟਨਾਵਾਂ ਇਸ ਜ਼ਿਲ੍ਹੇ ਵਿਚ ਪਹਿਲਾਂ ਵੀ ਕਈ ਵਾਰ ਹੋ ਚੁੱਕੀਆਂ ਹਨ।

## ਡੇਰਾ ਮੁਖੀ ਲਈ ਹੋਰ ਫੋਰਸ

**ਬਾਗਪਤ** : ਉੱਤਰ ਪ੍ਰਦੇਸ਼ ਪੁਲਸ ਨੇ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਇੰਸਾਂ ਦੇ ਬਿਨੌਲੀ ਥਾਣਾ ਖੇਤਰ ਅਧੀਨ ਪੈਂਦੇ ਬਾਗਪਤ ਆਸ਼ਰਮ ਦੇ ਬਾਹਰ ਭਾਰੀ ਪੁਲਸ ਬਲ ਤਾਇਨਾਤ ਕਰ ਦਿੱਤਾ ਹੈ। ਪੈਰੋਲ ਮਿਲਣ ਬਾਅਦ ਡੇਰਾ ਮੁਖੀ ਇੱਥੇ ਰਹਿ ਰਿਹਾ ਹੈ।

## ਨਾ ਭਾਰਤ, ਨਾ ਪਾਕਿਸਤਾਨ...



ਮੁਹੰਮਦ ਰਿਜ਼ਵਾਨ ਨੂੰ ਆਊਟ ਕਰਨ ਤੋਂ ਬਾਅਦ ਖੁਸ਼ੀ ਮਨਾਉਂਦਾ ਸੈਮ ਕਰਨ।

**ਮੈਲਬਰਨ** : ਇੰਗਲੈਂਡ ਨੇ ਐਤਵਾਰ ਪਾਕਿਸਤਾਨ ਨੂੰ ਪੰਜ ਵਿਕਟਾਂ ਨਾਲ ਹਰਾ ਕੇ ਦੂਜੀ ਵਾਰ ਟੀ-20 ਵਿਸ਼ਵ ਕੱਪ ਜਿੱਤਣ ਦਾ ਇਤਿਹਾਸ ਬਣਾ ਦਿੱਤਾ। ਇਸ ਤੋਂ ਇਲਾਵਾ ਵਨ ਡੇ ਵਿਸ਼ਵ ਚੈਂਪੀਅਨ ਵੀ ਹੈ ਤੇ ਇਸ ਸਾਲ ਦਾ ਟੀ-20 ਵੀ ਉਸ ਨੇ ਜਿੱਤ ਲਿਆ ਹੈ।

ਟਾਸ ਹਾਰ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਪਾਕਿਸਤਾਨ ਨੇ 8 ਵਿਕਟਾਂ 'ਤੇ 137 ਦੌੜਾਂ ਬਣਾਈਆਂ। ਇੰਗਲੈਂਡ ਨੇ ਜੇਤੂ ਦੌੜਾਂ ਪੰਜ ਵਿਕਟਾਂ ਗੁਆ ਕੇ 19 ਓਵਰਾਂ ਵਿਚ ਬਣਾ ਲਈਆਂ।

ਬੇਨ ਸਟੋਕਸ 52 ਦੌੜਾਂ 'ਤੇ ਨਾਟਆਊਟ ਰਿਹਾ। ਪਾਕਿਸਤਾਨ ਵੱਲੋਂ ਸਭ ਤੋਂ ਵੱਧ 38 ਦੌੜਾਂ ਸ਼ਾਨ ਮਸੂਦ ਨੇ ਬਣਾਈਆਂ। ਬਾਬਰ ਆਜ਼ਮ 28 ਗੇਂਦਾਂ 'ਤੇ 32 ਦੌੜਾਂ ਬਣਾ ਕੇ ਆਊਟ ਹੋ ਗਿਆ। ਇੰਗਲੈਂਡ ਦੇ ਸੈਮ ਕਰਨ ਨੇ ਤਿੰਨ ਵਿਕਟਾਂ ਲੈ ਕੇ ਪਾਕਿਸਤਾਨ ਦਾ ਲੱਕ ਤੋੜਿਆ। ਇੰਗਲੈਂਡ ਨੂੰ 12 ਕਰੋੜ 88 ਲੱਖ ਰੁਪਏ ਤੇ ਪਾਕਿਸਤਾਨ ਨੂੰ 6 ਕਰੋੜ 44 ਲੱਖ ਰੁਪਏ ਮਿਲੇ।

## ਪਾਕਿਸਤਾਨ ਵੱਲੋਂ ਡਰੋਨਾਂ ਦੀ ਆਮਦ ਦੁੱਗਣੀ

**ਨਵੀਂ ਦਿੱਲੀ** : ਪਾਕਿਸਤਾਨ ਨਾਲ ਲੱਗਦੀ ਸਰਹੱਦ ਦੇ ਪਾਰੋਂ ਭਾਰਤ 'ਚ ਡਰੋਨ ਭੇਜੇ ਜਾਣ ਦੇ ਮਾਮਲਿਆਂ 'ਚ ਭਾਰੀ ਵਾਧਾ ਹੋਇਆ ਹੈ ਅਤੇ ਸਾਲ 2022 'ਚ ਡਰੋਨ ਰਾਹੀਂ ਨਸ਼ੀਲੇ ਪਦਾਰਥ, ਹਥਿਆਰ ਅਤੇ ਗੋਲਾ-ਬਾਰੂਦ ਭੇਜਣ ਦੇ ਮਾਮਲੇ ਦੁੱਗਣੇ ਹੋ ਗਏ ਹਨ। ਬੀ ਐੱਸ ਐੱਫ ਦੇ ਡਾਇਰੈਕਟਰ ਜਨਰਲ ਪੰਕਜ ਕੁਮਾਰ ਸਿੰਘ ਨੇ ਕਿਹਾ ਕਿ ਫੋਰਸ ਨੇ ਹਾਲ ਹੀ 'ਚ ਦਿੱਲੀ ਦੇ ਕੈਂਪ 'ਚ ਡਰੋਨਾਂ ਦਾ ਅਧਿਐਨ ਕਰਨ ਲਈ ਅਤਿ-ਆਧੁਨਿਕ ਪ੍ਰਯੋਗਸ਼ਾਲਾ ਸਥਾਪਤ ਕੀਤੀ ਹੈ ਅਤੇ ਨਤੀਜੇ ਬਹੁਤ ਉਤਸ਼ਾਹਜਨਕ ਰਹੇ ਹਨ।

## ਮੁਕੇਸ਼ ਅੰਬਾਨੀ ਲਿਵਰਪੂਲ ਕਲੱਬ ਨੂੰ ਖਰੀਦਣ ਦੀ ਦੌੜ 'ਚ



**ਲੰਡਨ** : ਭਾਰਤੀ ਅਰਬਪਤੀ ਮੁਕੇਸ਼ ਅੰਬਾਨੀ ਵਿਸ਼ਵ ਪ੍ਰਸਿੱਧ ਇੰਗਲਿਸ਼ ਫੁੱਟਬਾਲ ਕਲੱਬ ਲਿਵਰਪੂਲ ਐੱਫ ਸੀ ਨੂੰ ਖਰੀਦਣ ਦੀ ਦੌੜ 'ਚ ਸ਼ਾਮਲ ਹੋ ਗਏ ਹਨ। ਅੰਗਰੇਜ਼ੀ ਅਖਬਾਰ 'ਦਿ ਮਿਰਰ' ਦੀ ਰਿਪੋਰਟ ਮੁਤਾਬਕ ਇੰਗਲਿਸ਼ ਪ੍ਰੀਮੀਅਰ ਲੀਗ ਕਲੱਬ ਦਾ ਮੌਜੂਦਾ ਮਾਲਕ ਫੇਨਵੇ ਸਪੋਰਟਸ ਗਰੁੱਪ ਕਲੱਬ ਨੂੰ 4 ਅਰਬ ਪੌਂਡ 'ਚ ਵੇਚਣ ਦਾ ਇਛੁੱਕ ਹੈ।

## ਫਿਲਮਸਾਜ਼ ਰਾਕੇਸ਼ ਕੁਮਾਰ ਦਾ ਦੇਹਾਂਤ

**ਮੁੰਬਈ** : ਮਸ਼ਹੂਰ ਹਿੰਦੀ ਫਿਲਮ ਨਿਰਮਾਤਾ-ਨਿਰਦੇਸ਼ਕ ਰਾਕੇਸ਼ ਕੁਮਾਰ (81) ਦਾ ਕੈਂਸਰ ਕਾਰਨ ਦੇਹਾਂਤ ਹੋ ਗਿਆ। ਉਨ੍ਹਾ ਅਮਿਤਾਭ ਬੱਚਨ ਨਾਲ 'ਮਿਸਟਰ ਨਟਵਰ ਲਾਲ, ਖੂਨ ਪਸੀਨਾ, ਦੋ ਔਰ ਦੋ ਪਾਂਚ ਅਤੇ ਯਾਰਾਨਾ ਫਿਲਮਾਂ ਬਣਾਈਆਂ ਸਨ। ਉਨ੍ਹਾ ਦੇ ਪਰਵਾਰ 'ਚ ਪਤਨੀ, ਧੀ ਤੇ ਪੁੱਤ ਹਨ।

## ਤਾਇਵਾਨ ਨੇੜੇ ਉੱਡੇ ਚੀਨੀ ਜਹਾਜ਼

**ਤਾਇਪੇ (ਤਾਇਵਾਨ)** : ਤਾਇਵਾਨ ਦੇ ਰੱਖਿਆ ਮੰਤਰਾਲੇ ਨੇ ਕਿਹਾ ਹੈ ਕਿ ਚੀਨ ਦੇ 36 ਲੜਾਕੂ ਅਤੇ ਬੰਬਾਰ ਜਹਾਜ਼ਾਂ ਨੇ ਦੇਸ਼ ਦੇ ਨੇੜੇ-ਤੇੜੇ ਉਡਾਨ ਭਰੀ ਹੈ। ਚੀਨ ਤਾਇਵਾਨ ਨੂੰ ਆਪਣਾ ਖੇਤਰ ਹੋਣ ਦਾ ਦਾਅਵਾ ਕਰਦਾ ਹੈ ਅਤੇ ਸਮੇਂ-ਸਮੇਂ 'ਤੇ ਇਸ ਨੂੰ ਧਮਕੀ ਦੇਣ ਦੇ ਇਰਾਦੇ ਨਾਲ ਅਜਿਹੇ ਅਭਿਆਸ ਕਰਦਾ ਹੈ।

## ਡੈਮੋਕ੍ਰੇਟਿਕ ਪਾਰਟੀ ਲਾਜ ਬਚਾਅ ਲਵੇਗੀ!

**ਵਾਸ਼ਿੰਗਟਨ** : ਅਮਰੀਕਾ 'ਚ ਹੁਕਮਰਾਨ ਡੈਮੋਕ੍ਰੇਟਿਕ ਪਾਰਟੀ ਦਾ ਸੈਨੇਟ ਵਿਚ ਬਹੁਮਤ ਬਰਕਰਾਰ ਰਹਿਣ ਦੀ ਆਸ ਹੈ, ਕਿਉਂਕਿ ਇਸ ਦੇ ਦੋ ਉਮੀਦਵਾਰਾਂ ਦੇ ਰਿਪਬਲਿਕਨ ਉਮੀਦਵਾਰਾਂ ਦੇ ਮੁਕਾਬਲੇ ਜਿੱਤਣ ਦਾ ਅਨੁਮਾਨ ਹੈ। ਨੇਵਾਡਾ 'ਚ ਸੈਨੇਟਰ ਕੈਥਰੀਨ ਕੋਰਟੇਜ ਮੈਸਟੋ ਵੱਲੋਂ ਆਪਣੇ ਰਿਪਬਲਿਕਨ ਵਿਰੋਧੀ ਐਡਮ ਲੈਕਸਟ ਨੂੰ ਹਰਾਉਣ ਦੀ ਉਮੀਦ ਹੈ, ਜਿਸ ਦਾ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਮਰਥਨ ਕੀਤਾ ਸੀ, ਜਦੋਂ ਕਿ ਐਰੀਜ਼ੋਨਾ 'ਚ ਸੈਨੇਟਰ ਮਾਰਕ ਕੈਲੀ ਰਿਪਬਲਿਕਨ ਉਮੀਦਵਾਰ ਬਲੈਕ ਮਾਸਟਰਜ਼ ਨੂੰ ਹਰਾਉਣ ਲਈ ਰਾਹ 'ਤੇ ਹਨ। ਇਨ੍ਹਾਂ ਨਤੀਜਿਆਂ ਤੋਂ ਬਾਅਦ 100 ਮੈਂਬਰੀ ਸੈਨੇਟ 'ਚ ਡੈਮੋਕ੍ਰੇਟਿਕ ਪਾਰਟੀ ਕੋਲ 50 ਸੀਟਾਂ ਹੋ ਜਾਣਗੀਆਂ, ਜਦਕਿ ਰਿਪਬਲਿਕਨ ਪਾਰਟੀ ਕੋਲ ਫਿਲਹਾਲ 49 ਸੀਟਾਂ ਹਨ। ਜਾਰਜੀਆ ਦੇ ਚੋਣ ਨਤੀਜੇ ਅਜੇ ਨਹੀਂ ਆਏ। ਅਮਰੀਕੀ ਸੈਨੇਟ ਦੀਆਂ 100 ਸੀਟਾਂ ਹਨ, ਜਿਨ੍ਹਾਂ ਵਿੱਚ ਡੈਮੋਕਰੇਟਿਕ ਅਤੇ ਰਿਪਬਲਿਕਨ ਪਾਰਟੀਆਂ ਦੇ 50-50 ਮੈਂਬਰ ਸਨ।

## ਆਰਡੀਨੈਂਸ ਮੇਰੇ ਖਿਲਾਫ ਹੋਇਆ ਤਾਂ ਰਾਸ਼ਟਰਪਤੀ ਨੂੰ ਭੇਜਾਂਗਾ : ਖਾਨ

**ਨਵੀਂ ਦਿੱਲੀ** : ਕੇਰਲਾ ਦੇ ਰਾਜਪਾਲ ਆਰਿਫ ਮੁਹੰਮਦ ਖਾਨ ਨੇ ਕਿਹਾ ਹੈ ਕਿ ਜੇ ਸੀ ਪੀ ਆਈ (ਐੱਮ) ਦੀ ਅਗਵਾਈ ਵਾਲੀ ਸਰਕਾਰ ਵੱਲੋਂ ਰਾਜ ਭਵਨ ਨੂੰ ਭੇਜੇ ਆਰਡੀਨੈਂਸ ਦਾ ਇਰਾਦਾ ਉਨ੍ਹਾ ਨੂੰ ਨਿਸ਼ਾਨਾ ਬਣਾਉਣਾ ਹੈ ਤਾਂ ਉਹ ਇਸ ਬਾਰੇ ਫੈਸਲਾ ਲੈਣ ਦੀ ਥਾਂ ਆਰਡੀਨੈਂਸ ਨੂੰ ਰਾਸ਼ਟਰਪਤੀ ਕੋਲ ਭੇਜਣਗੇ। ਖਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾ ਆਰਡੀਨੈਂਸ ਨੂੰ ਹਾਲੇ ਦੇਖਣਾ ਹੈ ਤੇ ਇਸ ਤੋਂ ਬਾਅਦ ਹੀ ਕੋਈ ਫੈਸਲਾ ਲਿਆ ਜਾਵੇਗਾ। ਕੇਰਲਾ ਦੀ ਖੱਬੇ-ਪੱਖੀ ਸਰਕਾਰ ਨੇ ਰਾਜ ਭਵਨ ਨੂੰ ਰਾਜ ਦੀਆਂ ਯੂਨੀਵਰਸਿਟੀਆਂ ਦੇ ਚਾਂਸਲਰ ਦੇ ਅਹੁਦੇ ਤੋਂ ਰਾਜਪਾਲ ਨੂੰ ਹਟਾਉਣ ਲਈ ਆਪਣਾ ਆਰਡੀਨੈਂਸ ਭੇਜਿਆ ਸੀ।

# ਕਾਰਾਂ ਦੀ ਸਿੱਧੀ ਟੱਕਰ 'ਚ 3 ਜੀਆਂ ਦੀ ਮੌਤ



**ਸਮਰਾਲਾ** : ਬਾਈਪਾਸ 'ਤੇ ਸ਼ਨੀਵਾਰ ਦੇਰ ਰਾਤ ਦੋ ਕਾਰਾਂ ਦੀ ਸਿੱਧੀ ਟੱਕਰ 'ਚ ਇਕ ਪਰਵਾਰ ਦੇ ਤਿੰਨ ਜੀਆਂ ਦੀ ਮੌਤ ਹੋ ਗਈ। ਇਸ ਹਾਦਸੇ 'ਚ 4 ਹੋਰ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ। ਮਾਛੀਵਾੜਾ ਦੀ ਪ੍ਰੀਤੀ ਕੌਰ ਸਮਰਾਲਾ ਨੇੜਲੇ ਪਿੰਡ ਸਿਹਾਲਾ ਵਿਖੇ ਵਿਆਹੀ ਹੋਈ ਹੈ। ਉਸ ਨੇ ਸਹੁਰੇ ਘਰ ਝਗੜਾ ਹੋਣ 'ਤੇ ਮਾਪਿਆਂ ਨੂੰ ਫੋਨ ਕਰਕੇ ਸੱਦਿਆ। ਪ੍ਰੀਤੀ ਦੇ ਮਾਤਾ, ਚਾਚਾ-ਚਾਚੀ ਅਤੇ ਇੱਕ ਹੋਰ ਗੁਆਂਢੀ ਕਾਰ 'ਚ ਪੁੱਜੇ ਅਤੇ ਜਦੋਂ ਉਹ ਪ੍ਰੀਤੀ ਨੂੰ ਨਾਲ ਲੈ ਕੇ ਰਾਤ ਕਰੀਬ 10 ਵਜੇ ਵਾਪਸ ਮਾਛੀਵਾੜਾ ਪਰਤ ਰਹੇ ਸਨ ਤਾਂ ਉਨ੍ਹਾਂ ਦੀ ਕਾਰ ਦੀ ਸਾਹਮਣੇ ਤੋਂ ਆ ਰਹੀ ਕਾਰ ਨਾਲ ਸਿੱਧੀ ਟੱਕਰ ਹੋ ਗਈ। ਪ੍ਰੀਤੀ ਦੀ ਮਾਂ ਚਰਨਜੀਤ ਕੌਰ (44), ਚਾਚਾ ਸਰਬਜੀਤ ਸਿੰਘ (40) ਅਤੇ ਚਾਚੀ ਰਮਨਦੀਪ ਕੌਰ (38) ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਪ੍ਰੀਤੀ (25) ਅਤੇ ਗੁਆਂਢੀ ਮੱਖਣ ਸਿੰਘ ਸਮੇਤ ਦੂਜੀ ਕਾਰ 'ਚ ਸਵਾਰ ਦੋ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ। ਸਿਵਲ ਹਸਪਤਾਲ ਦੇ ਐਮਰਜੈਂਸੀ ਮੈਡੀਕਲ ਅਫਸਰ ਡਾ. ਪ੍ਰਭਜੋਤ ਸਿੰਘ ਨੇ ਦੱਸਿਆ ਕਿ ਤਿੰਨ ਵਿਅਕਤੀਆਂ ਦੀ ਤਾਂ ਮੌਤ ਹੋ ਚੁੱਕੀ ਸੀ, ਜਦਕਿ ਪ੍ਰੀਤੀ ਅਤੇ ਮੱਖਣ ਸਿੰਘ ਵਾਸੀ ਮਾਛੀਵਾੜਾ ਸਮੇਤ ਕੋਟਕਪੂਰਾ ਦੇ ਹੈਪੀ ਅਤੇ ਪਵਨਦੀਪ ਨੂੰ ਲੁਧਿਆਣਾ ਰੈਫਰ ਕਰਨਾ ਪਿਆ। ਪ੍ਰੀਤੀ ਨੂੰ ਲੁਧਿਆਣਾ ਤੋਂ ਪਟਿਆਲਾ ਤੇ ਬਾਅਦ 'ਚ ਪੀ ਜੀ ਆਈ ਚੰਡੀਗੜ੍ਹ ਭੇਜਣਾ ਪਿਆ।

## ਰੇਲ ਪੁਲ ਉਡਾਉਣ ਦੀ ਕੋਸ਼ਿਸ਼

**ਜੈਪੁਰ** : ਉਦੈਪੁਰ-ਅਹਿਮਦਾਬਾਦ ਰੇਲ ਲਾਈਨ 'ਤੇ ਬਣੇ ਪੁਲ 'ਤੇ ਸ਼ਨੀਵਾਰ ਦੇਰ ਰਾਤ ਕਿਸੇ ਨੇ ਧਮਾਕਾ ਕਰ ਦਿੱਤਾ। ਮੌਕੇ ਤੋਂ ਬਾਰੂਦ ਵੀ ਮਿਲਿਆ ਹੈ। ਚਾਰ ਘੰਟੇ ਪਹਿਲਾਂ ਹੀ ਟਰੇਨ ਲੰਘੀ ਸੀ। ਇਸ ਰੇਲ ਲਾਈਨ ਦਾ ਪ੍ਰਧਾਨ ਮੰਤਰੀ ਮੋਦੀ ਨੇ 31 ਅਕਤੂਬਰ ਨੂੰ ਉਦਘਾਟਨ ਕੀਤਾ ਸੀ। ਡੀ ਸੀ ਤਾਰਾ ਚੰਦ ਮੀਣਾ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਤੋਂ ਪੁਲ ਨੂੰ ਉਡਾਉਣ ਦੀ ਸਾਜ਼ਿਸ਼ ਨਜ਼ਰ ਆ ਰਹੀ ਹੈ।

## ਜਹਾਜ਼ ਟਕਰਾਏ

**ਡਲਾਸ** : ਅਮਰੀਕਾ ਦੇ ਡਲਾਸ ਵਿਚ ਹਵਾਈ ਸਟੰਟ ਦੌਰਾਨ ਦੋ ਫੌਜੀ ਜਹਾਜ਼ ਇਕ-ਦੂਜੇ ਨਾਲ ਟਕਰਾਅ ਕੇ ਜ਼ਮੀਨ 'ਤੇ ਡਿੱਗ ਗਏ, ਜਿਸ ਤੋਂ ਬਾਅਦ ਉਨ੍ਹਾਂ ਵਿਚ ਅੱਗ ਲੱਗ ਗਈ।

# ਕਾਲੇਜੀਅਮ ਦਰੁੱਸਤ ਪ੍ਰਣਾਲੀ, ਰਾਜ ਸਭਾ ਦੀ ਮੈਂਬਰੀ ਨਹੀਂ ਲਵਾਂਗਾ : ਸਾਬਕਾ ਚੀਫ ਜਸਟਿਸ ਲਲਿਤ



**ਨਵੀਂ ਦਿੱਲੀ** : ਜੱਜਾਂ ਦੀ ਨਿਯੁਕਤੀ ਦੀ ਕਾਲੇਜੀਅਮ ਪ੍ਰਕਿਰਿਆ ਉੱਤੇ ਉਠ ਰਹੀਆਂ ਉਂਗਲੀਆਂ ਦਰਮਿਆਨ ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਉਦੈ ਉਮੇਸ਼ ਲਲਿਤ ਨੇ ਕਿਹਾ ਹੈ ਕਿ ਕਾਲੇਜੀਅਮ ਹੀ ਸਹੀ ਤਰੀਕਾ ਹੈ। (ਪਿਛਲੇ ਦਿਨੀਂ ਕੇਂਦਰੀ ਕਾਨੂੰਨ ਮੰਤਰੀ ਕਿਰਨ ਰਿਜੀਜੂ ਨੇ ਕਿਹਾ ਸੀ ਕਿ ਕਾਲੇਜੀਅਮ ਪ੍ਰਣਾਲੀ ਬਹੁਤ ਅਪਾਰਦਰਸ਼ੀ ਹੈ ਤੇ ਨਿਆਂ ਪਾਲਿਕਾ ਵਿਚ ਅੰਦਰਖਾਨੇ ਸਿਆਸਤ ਚਲਦੀ ਹੈ।)

ਐੱਨ ਡੀ ਟੀ ਵੀ ਨਾਲ ਇੰਟਰਵਿਊ ਵਿਚ ਜਸਟਿਸ ਲਲਿਤ ਨੇ ਕਿਹਾ—ਅਪਾਰਦਰਸ਼ੀ ਤੇ ਗੈਰਜਵਾਬਦੇਹੀ ਕਾਨੂੰਨ ਮੰਤਰੀ ਦੇ ਨਿੱਜੀ ਵਿਚਾਰ ਹਨ। ਕਾਲੇਜੀਅਮ ਪ੍ਰਣਾਲੀ ਬਿਲਕੁਲ ਸਹੀ ਤੇ ਸੰਤੁਲਤ ਹੈ। ਜਸਟਿਸ ਲਲਿਤ ਦੀ ਇਹ ਟਿੱਪਣੀ ਸੁਪਰੀਮ ਕੋਰਟ ਵੱਲੋਂ ਦੋ ਦਿਨ ਪਹਿਲਾਂ ਕੇਂਦਰ ਕੋਲ ਇਸ ਗੱਲੋਂ ਨਾਰਾਜ਼ਗੀ ਪ੍ਰਗਟਾਉਣ ਦੇ ਬਾਅਦ ਆਈ ਹੈ ਕਿ ਉਹ ਕਾਲੇਜੀਅਮ ਵੱਲੋਂ ਸੁਝਾਏ ਨਾਵਾਂ ਵਾਲੇ ਜੱਜਾਂ ਦੀ ਨਿਯੁਕਤੀ ਨੂੰ ਬਿਨਾਂ ਸਹੀ ਕਾਰਨ ਦੱਸੇ ਮਨਜ਼ੂਰੀ ਦੇਣ ਵਿਚ ਦੇਰੀ ਕਰਦਾ ਹੈ ਜਾਂ ਦਿੰਦਾ ਹੀ ਨਹੀਂ।

ਇਕ ਹੋਰ ਸਵਾਲ ਦੇ ਜਵਾਬ ਵਿਚ ਜਸਟਿਸ ਲਲਿਤ ਨੇ ਕਿਹਾ ਕਿ ਉਹ ਰਿਟਾਇਰ ਹੋਣ ਦੇ ਬਾਅਦ ਜੱਜਾਂ ਵੱਲੋਂ ਸਰਕਾਰੀ ਨਿਯੁਕਤੀ ਨੂੰ ਸਵੀਕਾਰ ਕਰਨ ਦੇ ਖਿਲਾਫ ਨਹੀਂ ਹਨ, ਪਰ ਉਹ ਰਾਜ ਸਭਾ ਮੈਂਬਰ ਜਾਂ ਰਾਜਪਾਲ ਬਣਨ ਦੀ ਤਜਵੀਜ਼ ਸਵੀਕਾਰ ਨਹੀਂ ਕਰਨਗੇ। ਉਨ੍ਹਾ ਕਿਹਾ—ਮੈਂ ਇਨ੍ਹਾਂ ਅਹੁਦਿਆਂ ਨੂੰ ਡਿਮੋਸ਼ਨ ਦੇ ਰੂਪ ਵਿਚ ਦੇਖਦਾ ਹਾਂ। ਚੀਫ ਜਸਟਿਸ ਵਜੋਂ ਰਿਟਾਇਰ ਹੋਣ ਵਾਲੇ ਵਿਅਕਤੀ ਲਈ ਰਾਜ ਸਭਾ ਮੈਂਬਰ ਜਾਂ ਰਾਜਪਾਲ ਬਣਨਾ ਵਾਜਬ ਨਹੀਂ ਹੈ। ਉਨ੍ਹਾ ਇਹ ਗੱਲ ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਵੱਲੋਂ ਰਾਜ ਸਭਾ ਦੀ ਮੈਂਬਰੀ ਕਬੂਲ ਕਰਨ ਸੰਬੰਧੀ ਸਵਾਲ ਦੇ ਜਵਾਬ ਵਿਚ ਕਹੀ। ਜਸਟਿਸ ਲਲਿਤ ਨੇ ਇਸ ਦੇ ਨਾਲ ਹੀ ਇਹ ਵੀ ਕਿਹਾ—ਇਹ ਮੇਰਾ ਨਿੱਜੀ ਵਿਚਾਰ ਹੈ। ਮੈਂ ਇਹ ਨਹੀਂ ਕਹਿ ਰਿਹਾ ਕਿ ਉਹ ਲੋਕ ਗਲਤ ਹਨ। ਉਨ੍ਹਾ ਕਿਹਾ ਕਿ ਜੇ ਉਨ੍ਹਾਂ ਨੂੰ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ, ਲੋਕਪਾਲ ਜਾਂ ਕਾਨੂੰਨ ਕਮਿਸ਼ਨ ਦੇ ਚੇਅਰਮੈਨ ਵਜੋਂ ਪੇਸ਼ਕਸ਼ ਕੀਤੀ ਜਾਂਦੀ ਹੈ ਤਾਂ ਸੋਚ ਸਕਦੇ ਹਨ।

ਜਸਟਿਸ ਲਲਿਤ ਨੇ ਆਪਣੀ ਗੱਲ ਸਪੱਸ਼ਟ ਕਰਦਿਆਂ ਕਿਹਾ—ਰਾਜ ਸਭਾ ਇਕ ਪੂਰੀ ਤਰ੍ਹਾਂ ਅਲੱਗ ਚੀਜ਼ ਹੈ। ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਵਰਗੇ ਅਹੁਦਿਆਂ 'ਤੇ ਕਾਨੂੰਨ ਦੇ ਹਿਸਾਬ ਨਾਲ ਸੁਪਰੀਮ ਕੋਰਟ ਦੇ ਜੱਜ, ਸਾਬਕਾ ਜੱਜਾਂ ਨੂੰ ਨਿਯੁਕਤੀ ਲੈਣ ਦਾ ਅਧਿਕਾਰ ਹੈ। ਇਸ ਨੂੰ ਸੰਸਦ ਨੇ ਪਾਸ ਕੀਤਾ ਹੈ। ਉਨ੍ਹਾ ਇਹ ਵੀ ਕਿਹਾ ਕਿ ਉਹ ਵਿਦਿਅਕ ਅਦਾਰਿਆਂ ਵਿਚ ਕਾਨੂੰਨ ਪੜ੍ਹਾਉਣਾ ਪਸੰਦ ਕਰਨਗੇ।

# ਸੰਘਰਸ਼ਾਂ ਨੂੰ ਗੁਰੂ ਨਾਨਕ ਦੇ ਸੰਦੇਸ਼ ਨਾਲ ਜੋੜਨ ਦਾ ਸੱਦਾ



**ਪਟਿਆਲਾ** : ਇਥੇ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਪਟਿਆਲਾ ਅਤੇ ਟਰੇਡ ਯੂਨੀਅਨ ਕੌਂਸਲ ਪਟਿਆਲਾ ਵਲੋਂ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਐਤਵਾਰ ਬਹੁਤ ਹੀ ਸਫਲ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦਾ ਵਿਸ਼ਾ ਸੀ 'ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਸਮਾਜਕ ਸਰੋਕਾਰ।' ਇਸ ਸੈਮੀਨਾਰ ਦਾ ਪ੍ਰਬੰਧ ਪੰਜਾਬ ਏਟਕ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ, ਟਰੇਡ ਯੂਨੀਅਨ ਕੌਂਸਲ ਪਟਿਆਲਾ ਦੇ ਜਨਰਲ ਸਕੱਤਰ ਦਰਸ਼ਨ ਸਿੰਘ ਲੁਬਾਣਾ, ਪ੍ਰਧਾਨ ਉਤਮ ਸਿੰਘ ਬਾਗੜੀ ਅਤੇ ਸੀ ਪੀ ਆਈ ਦੇ ਜ਼ਿਲ੍ਹਾ ਪਟਿਆਲਾ ਦੇ ਸਕੱਤਰ ਜਗਤਾਰ ਸਿੰਘ ਫਤਿਹਮਾਜਰੀ ਨੇ ਕੀਤਾ। ਸੈਮੀਨਾਰ ਦੇ ਵਿਸ਼ੇ ਦੇ ਮੁੱਖ ਵਕਤਾ ਡਾਕਟਰ ਸੁਖਦੇਵ ਸਿੰਘ ਸਿਰਸਾ ਸਨ। ਸੈਮੀਨਾਰ ਦੀ ਪ੍ਰਧਾਨਗੀ ਡਾਕਟਰ ਹਰਕੇਸ਼ ਸਿੰਘ ਸਿੱਧੂ ਸਾਬਕਾ ਆਈ ਏ ਐੱਸ ਅਧਿਕਾਰੀ ਨੇ ਕੀਤੀ। ਸੀ ਪੀ ਆਈ ਦੇ ਸੂਬਾਈ ਸਕੱਤਰ ਬੰਤ ਸਿੰਘ ਬਰਾੜ ਉਚੇਚੇ ਤੌਰ 'ਤੇ ਇਸ ਸਮਾਗਮ ਵਿੱਚ ਸ਼ਾਮਲ ਹੋਏ। 250 ਤੋਂ ਵੱਧ ਗਿਣਤੀ ਵਿੱਚ ਸੁਸ਼ੋਭਿਤ ਨੌਜਵਾਨ ਸਰੋਤਿਆ ਨਾਲ ਭਰੇ ਹਾਲ ਵਿੱਚ ਡਾਕਟਰ ਸੁਖਦੇਵ ਸਿੰਘ ਸਿਰਸਾ ਵੱਲੋਂ ਬਾਬਾ ਨਾਨਕ ਦੇਵ ਜੀ ਦੀ ਬਾਣੀ ਵਿੱਚੋਂ ਸਮਾਜਕ ਸਰੋਕਾਰਾਂ ਦੀ ਸਰਲ ਢੰਗ ਨਾਲ ਵਿਆਖਿਆ ਬਾਕਮਾਲ ਤਰੀਕੇ ਨਾਲ ਕੀਤੀ ਗਈ, ਜਿਸ ਨੂੰ ਡੇਢ

ਬਾਕੀ ਸਫ਼ਾ 2 'ਤੇ

## ਸਮਾਂ ਦੱਸੇਗਾ ਕੌਣ ਅੱਤਵਾਦੀ ਤੇ ਕੌਮ ਦੇਸ਼ ਭਗਤ?

**ਚੇਨਈ** : ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਹੱਤਿਆ ਦੇ ਮਾਮਲੇ ਵਿਚ ਸ਼ਨੀਵਾਰ ਰਿਹਾਅ ਕੀਤੇ ਛੇ ਦੋਸ਼ੀਆਂ ਵਿਚੋਂ ਇਕ ਆਰ ਪੀ ਰਵੀਚੰਦਰਨ ਨੇ ਕਿਹਾ ਕਿ ਉੱਤਰੀ ਭਾਰਤ ਦੇ ਲੋਕਾਂ ਨੂੰ ਉਨ੍ਹਾਂ ਨੂੰ ਪੀੜਤਾਂ ਵਜੋਂ ਦੇਖਣਾ ਚਾਹੀਦਾ ਹੈ, ਨਾ ਕਿ ਉਹ ਸਾਨੂੰ ਅੱਤਵਾਦੀ ਜਾਂ ਕਾਤਲ ਮੰਨਣ। ਉਨ੍ਹਾ ਕਿਹਾ ਕਿ ਸਮਾਂ ਦੱਸੇਗਾ ਕਿ ਉਹ 'ਬੇਕਸੂਰ' ਹਨ। ਮਦੁਰਾਏ ਕੇਂਦਰੀ ਜੇਲ੍ਹ ਤੋਂ ਰਿਹਾਈ ਤੋਂ ਬਾਅਦ ਰਵੀਚੰਦਰਨ ਨੇ ਕਿਹਾ—ਉੱਤਰੀ ਭਾਰਤ ਦੇ ਲੋਕਾਂ ਨੂੰ ਸਾਨੂੰ ਅੱਤਵਾਦੀਆਂ ਜਾਂ ਕਾਤਲਾਂ ਦੀ ਬਜਾਏ ਪੀੜਤ ਵਜੋਂ ਦੇਖਣਾ ਚਾਹੀਦਾ ਹੈ। ਸਮਾਂ ਤੈਅ ਕਰੇਗਾ ਕੌਣ ਅੱਤਵਾਦੀ ਹੈ ਜਾਂ ਆਜ਼ਾਦੀ ਘੁਲਾਟੀਆ।




## ਪ੍ਰਿਅੰਕਾ ਭਾਵੁਕ ਹੋ ਗਈ ਸੀ : ਨਲਿਨੀ

**ਚੇਨਈ** : ਰਾਜੀਵ ਕਤਲ ਕੇਸ 'ਚ ਬਰੀ ਹੋਣ ਵਾਲੀ ਨਲਿਨੀ ਸ੍ਰੀਹਰਨ ਨੇ ਕਿਹਾ ਕਿ ਪ੍ਰਿਅੰਕਾ ਗਾਂਧੀ ਨੇ ਉਸ ਨੂੰ ਉਦੋਂ ਆਪਣੇ ਪਿਤਾ ਰਾਜੀਵ ਗਾਂਧੀ ਦੀ ਹੱਤਿਆ ਬਾਰੇ ਪੁੱਛਿਆ ਸੀ, ਜਦੋਂ ਉਹ 2008 'ਚ ਜੇਲ੍ਹ 'ਚ ਉਸ ਨੂੰ ਮਿਲੀ ਸੀ। ਨਲਿਨੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪ੍ਰਿਅੰਕਾ ਭਾਵੁਕ ਹੋ ਗਈ ਸੀ ਅਤੇ ਰੋ ਪਈ ਸੀ। ਪ੍ਰਿਅੰਕਾ ਨੇ ਪਿਤਾ ਦੇ ਕਤਲ ਬਾਰੇ ਜਾਣਨਾ ਚਾਹਿਆ। ਉਸ ਨੇ ਉਸ ਨੂੰ ਉਹ ਸਭ ਕੁਝ ਦੱਸਿਆ, ਜੋ ਉਹ ਜਾਣਦੀ ਸੀ। ਮੀਟਿੰਗ ਦੇ ਹੋਰ ਵੇਰਵਿਆਂ ਦਾ ਖੁਲਾਸਾ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਪ੍ਰਿਅੰਕਾ ਦੇ ਨਿੱਜੀ ਵਿਚਾਰਾਂ ਨਾਲ ਸੰਬੰਧਤ ਹਨ।


## ਵਿਸ਼ੇਸ਼ ਸਪਲੀਮੈਂਟ



ਧੰਨ-ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ ਸਾਲਾਨਾ 332ਵੇਂ ਜੋੜ ਮੇਲੇ ਨੂੰ ਸਮਰਪਿਤ 25 ਨਵੰਬਰ ਨੂੰ ਭਿੱਖੀਵਿੰਡ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਵਿੱਚ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨਾਲ 98147-70122 'ਤੇ ਸੰਪਰਕ ਕੀਤਾ ਜਾ ਸਕਦਾ ਹੈ।

-ਜਨਰਲ ਮੈਨੇਜਰ


## ਅੱਜ-ਨਾਮਾ

ਵਧਦਾ ਜਾਂਦਾ ਪੰਜਾਬ ਵਿੱਚ ਗੰਨ ਕਲਚਰ,
ਨਿੱਤ ਦਿਨ ਹੋਈ ਜਾਂਦੀ ਠਾਹ-ਠਾਹ ਬੇਲੀ।
ਖੜਕਦੇ ਨਿੱਤ ਪਟਾਕੇ ਕਈ ਪੈਲਸਾਂ ਵਿੱਚ,
ਕਿਸੇ ਦੀ ਰੋਕਣ ਦੀ ਕੋਈ ਨਾ ਵਾਹ ਬੇਲੀ।
ਕਰੋ ਕੁਝ ਹੋਸ਼ ਤੇ ਫਾਇਰ ਨਾ ਕਰੋ ਭਾਈ,
ਕੋਈ ਨਹੀਂ ਸੁਣੇ, ਨਾ ਦੇਂਦਾ ਸਲਾਹ ਬੇਲੀ।
ਆਈ ਸਰਕਾਰ ਨੂੰ ਕੁਝ ਕੁ ਅਕਲ ਲੱਗੀ,
ਸੋਚਿਆ ਉਹਨੇ ਨਜਿੱਠਣ ਦਾ ਰਾਹ ਬੇਲੀ।
ਹੋਣੀ ਲਾਇਸੈਂਸਾਂ ਦੀ ਸਭ ਪੜਤਾਲ ਬੇਲੀ,
ਵੇਖਣਾ ਮਾਲਕ ਦਾ ਪੂਰਾ ਕਿਰਦਾਰ ਬੇਲੀ।
ਔਕੜ ਇਹ ਕਿ ਰਿਸ਼ਵਤ ਹੈ ਬੜੀ ਬੇਲੀ,
ਉਹ ਬਦਮਾਸ਼ਾਂ ਦੇ ਹੱਥ-ਹਥਿਆਰ ਬੇਲੀ।

-ਤੀਸ ਮਾਰ ਖਾਂ

# 'ਮੇਲਾ ਗਦਰੀ ਬਾਬਿਆਂ ਦਾ' ਦੇ ਸਫਲ ਆਯੋਜਨ 'ਤੇ ਤਸੱਲੀ ਦਾ ਪ੍ਰਗਟਾਵਾ



**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਕਾਰਜਕਾਰੀ ਜਨਰਲ ਸਕੱਤਰ ਡਾ. ਪਰਮਿੰਦਰ ਸਿੰਘ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਐਤਵਾਰ ਗ਼ਦਰੀ ਬਾਬਿਆਂ ਦੇ ਮੇਲੇ ਸੰਬੰਧੀ ਬਣੀਆਂ ਕਮੇਟੀਆਂ ਦੀ ਹੋਈ ਭਰਵੀਂ ਮੀਟਿੰਗ 'ਚ ਮੇਲੇ ਦੀਆਂ ਪ੍ਰਾਪਤੀਆਂ ਨੂੰ ਉਚਿਆਉਣ ਅਤੇ ਸੀਮਤਾਈਆਂ, ਊਣਤਾਈਆਂ ਨੂੰ ਅੱਗੇ ਤੋਂ ਪੂਰਨ ਲਈ ਸੁਝਾਅ ਇਕੱਤਰ ਕੀਤੇ ਗਏ, ਤਾਂ ਜੋ ਅਗਲੇ ਵਰ੍ਹੇ ਹੋਣ ਵਾਲੇ ਮੇਲੇ ਨੂੰ ਹੋਰ ਵੀ ਬੁਲੰਦੀਆਂ 'ਤੇ ਪਹੁੰਚਾਇਆ ਜਾ ਸਕੇ।

ਇਸ ਇਕੱਤਰਤਾ ਦਾ ਆਗਾਜ਼ ਗ਼ਦਰ ਪਾਰਟੀ ਦੇ ਚਮਕਦੇ ਸਿਤਾਰੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਸ ਨਾਲ ਸ਼ਹਾਦਤ ਪਾਉਣ ਵਾਲੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ, ਹਰਨਾਮ ਸਿੰਘ ਸਿਆਲਕੋਟੀ, ਸੁਰੈਣ ਸਿੰਘ ਵੱਡਾ, ਸੁਰੈਣ ਸਿੰਘ ਛੋਟਾ ਗਿੱਲਵਾਲੀ, ਜਗਤ ਸਿੰਘ ਸੁਰਸਿੰਘ ਅਤੇ ਬਖਸ਼ੀਸ਼ ਸਿੰਘ ਗਿੱਲਵਾਲੀ ਨੂੰ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਪਿਛਲੀ ਦਿਨੀਂ ਪੰਜਾਬੀ ਟ੍ਰਿਬਿਊਨ ਦੇ ਸੀਨੀਅਰ ਪੱਤਰਕਾਰ ਦਵਿੰਦਰ ਪਾਲ ਦੇ ਛੋਟੇ ਸਪੁੱਤਰ ਅਰਸ਼ ਦੇ ਹਿਰਦੇਵੇਦਕ ਸਦੀਵੀ ਵਿਛੋੜੇ 'ਤੇ ਇਕੱਤਰਤਾ ਨੇ ਗਹਿਰਾ ਦੁੱਖ ਪ੍ਰਗਟ ਕੀਤਾ। ਮੇਲਾ ਸਾਮਰਾਜਵਾਦੀ ਅਤੇ ਫ਼ਿਰਕੂ ਫਾਸ਼ੀ ਹੱਲੇ ਖਿਲਾਫ਼ ਜੂਝਦੀਆਂ ਲਹਿਰਾਂ ਨੂੰ ਸਮਰਪਤ ਕਰਨ, ਲਹਿੰਦੇ ਪੰਜਾਬ ਤੋਂ ਰੰਗਕਰਮੀਆਂ ਅਤੇ ਕਵੀਆਂ ਨੂੰ ਮੇਲੇ 'ਚ ਸ਼ਾਮਲ ਕਰਨ ਲਈ ਵਿਸ਼ੇਸ਼ ਯਤਨ ਕਰਨ, ਚਿਤਰਕਲਾ, ਫੋਟੋ ਕਲਾ ਪ੍ਰਦਰਸ਼ਨੀ, ਪੁਸਤਕ ਮੇਲਾ, ਮੇਲੇ 'ਚ ਹੋਰਨਾਂ ਸੂਬਿਆਂ ਤੋਂ ਵੀ ਕਲਾਕਾਰਾਂ ਦੀ ਆਮਦ, ਮੇਲੇ ਦਾ ਸੁਨੇਹਾ ਅਤੇ ਕਲਾਤਮਕ ਪੱਖ, ਬੇਜ਼ਮੀਨੇ ਲੋਕਾਂ ਦੀ ਜ਼ਿੰਦਗੀ ਅਤੇ ਭਖ਼ਦੇ ਲੋਕ ਸਰੋਕਾਰਾਂ ਨੂੰ ਮੇਲੇ ਦਾ ਵਿਸ਼ਾ ਬਣਾਉਣ ਦੀ ਜ਼ੋਰਦਾਰ ਸ਼ਲਾਘਾ ਕੀਤੀ ਗਈ। ਪੁਸਤਕ ਮੇਲਾ, ਪਾਰਕਿੰਗ ਅਤੇ ਮੇਲੇ ਦੇ ਹੋਰਨਾਂ ਪੱਖਾਂ ਆਦਿ ਉਪਰ ਵੀ ਗੰਭੀਰ ਸੁਝਾਅ ਸਾਹਮਣੇ ਆਏ। ਇਸ ਵਿਚਾਰ-ਚਰਚਾ 'ਚ 40 ਮੈਂਬਰਾਂ ਨੇ ਭਾਗ ਲਿਆ, ਜਿਨ੍ਹਾਂ 'ਚੋਂ ਰਮੇਸ਼ ਚੋਹਕਾ, ਮਾਸਟਰ ਸੁਖਦੇਵ ਸਿੰਘ ਫਗਵਾੜਾ, ਡਾ. ਸੈਲੇਸ਼, ਆਰਟਿਸਟ ਇੰਦਰਜੀਤ, ਚਾਨਣ ਰਾਮ, ਬਿਹਾਰੀ ਲਾਲ ਛਾਬੜਾ, ਗਿਆਨ ਸੈਦਪੁਰੀ, ਜਸਕਰਨ, ਕੁਲਬੀਰ ਸਿੰਘ ਸੰਘੇੜਾ, ਸ਼ਬਦੀਸ਼, ਮਾਸਟਰ ਮੁਨੀ ਲਾਲ, ਕਸ਼ਮੀਰ ਘੁੱਗਸ਼ੋਰ, ਮੰਗਲਜੀਤ ਅਤੇ ਪਰਮਜੀਤ ਨੇ ਮੇਲੇ ਸੰਬੰਧੀ ਆਪਣੀਆਂ ਰਾਵਾਂ ਦਿੱਤੀਆਂ। ਇਸ ਮੀਟਿੰਗ 'ਚ ਕਮੇਟੀ ਦੇ ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਵਿੱਤ ਸਕੱਤਰ ਰਣਜੀਤ ਸਿੰਘ ਔਲਖ, ਸੀਨੀਅਰ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਚਰੰਜੀ ਲਾਲ ਕੰਗਣੀਵਾਲ, ਵਿਜੈ ਬੰਬੇਲੀ, ਪ੍ਰਿਥੀਪਾਲ ਮਾੜੀਮੇਘਾ, ਹਰਮੇਸ਼ ਮਾਲੜੀ, ਹਰਵਿੰਦਰ ਭੰਡਾਲ, ਮੰਗਤ ਰਾਮ ਪਾਸਲਾ, ਪ੍ਰਗਟ ਸਿੰਘ ਜਾਮਾਰਾਏ ਅਤੇ ਗੋਪਾਲ ਬੁੱਟਰ ਵੀ ਹਾਜ਼ਰ ਸਨ।

# ਕੇਂਦਰ ਨੇ ਪੰਜਾਬ ਦੇ ਆਮ ਆਦਮੀ ਕਲੀਨਿਕਾਂ ਦੀ ਕਾਰਗੁਜ਼ਾਰੀ 'ਤੇ ਤਸੱਲੀ ਪ੍ਰਗਟਾਈ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਭਾਰਤ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੀ ਦਿਸ਼ਾ ਵਿੱਚ ਕਈ ਪਹਿਲਕਦਮੀਆਂ ਕਰਨ ਲਈ ਪੰਜਾਬ ਸਰਕਾਰ ਦੀ ਸ਼ਲਾਘਾ ਕੀਤੀ ਹੈ।

ਭਾਰਤ ਸਰਕਾਰ ਨਿਯਮਤ ਤੌਰ 'ਤੇ ਵੱਖ-ਵੱਖ ਵਿਧੀਆਂ ਰਾਹੀਂ ਸੂਬਿਆਂ ਵਿੱਚ ਐੱਨ ਐੱਚ ਐੱਮ ਦੀ ਪ੍ਰਗਤੀ ਦੀ ਨਿਗਰਾਨੀ ਕਰਦੀ ਹੈ। ਸਭ ਤੋਂ ਮਹੱਤਵਪੂਰਨ ਵਿਧੀ ਹੈ ਕਾਮਨ ਰਿਵਿਊ ਮਿਸਨ (ਸੀ ਆਰ ਐੱਮ) ਜੋ ਹਰ ਸਾਲ ਕੀਤੀ ਜਾਂਦੀ ਹੈ। ਸੀ ਆਰ ਐੱਮ ਦੇ ਤਹਿਤ ਸਰਕਾਰੀ ਅਧਿਕਾਰੀਆਂ, ਜਨ ਸਿਹਤ ਮਾਹਰਾਂ, ਵਿਕਾਸ ਭਾਈਵਾਲਾਂ ਦੇ ਪ੍ਰਤੀਨਿਧਾਂ ਅਤੇ ਸਿਵਲ ਸੁਸਾਇਟੀ ਸੰਸਥਾਵਾਂ ਦੀ ਇੱਕ ਟੀਮ ਵੱਖ-ਵੱਖ ਰਾਜਾਂ ਵਿੱਚ ਖੇਤਰੀ ਦੌਰਾ ਕਰਦੀ ਹੈ। ਸੀ ਆਰ ਐੱਮ ਦਾ ਉਦੇਸ਼ ਲੋਕਾਂ ਦੇ ਨਜ਼ਰੀਏ ਤੋਂ ਪ੍ਰੋਗਰਾਮਾਂ ਨੂੰ ਲਾਗੂ ਕਰਨ ਦਾ ਮੁਲਾਂਕਣ ਕਰਨਾ ਹੈ। ਡਿਪਟੀ ਡਾਇਰੈਕਟਰ ਜਨਰਲ ਆਯੂਸ਼, ਸਿਹਤ ਤੇ ਪਰਵਾਰ ਕਲਿਆਣ ਮੰਤਰਾਲਾ ਡਾ. ਏ. ਰਘੂ ਦੀ ਅਗਵਾਈ ਹੇਠ 16 ਮੈਂਬਰੀ 15ਵੀਂ ਕਾਮਨ ਰੀਵਿਊ ਮਿਸ਼ਨ ਟੀਮ ਨੇ 4 ਤੋਂ 11 ਨਵੰਬਰ ਤੱਕ ਰਾਜ ਦਾ ਦੌਰਾ ਕੀਤਾ, ਜਿਸ ਦੌਰਾਨ ਇਸ ਨੇ ਫਿਰੋਜ਼ਪੁਰ ਅਤੇ ਰੂਪਨਗਰ ਜ਼ਿਲ੍ਹਿਆਂ ਦਾ ਦੌਰਾ ਕੀਤਾ।

ਸੂਬਾ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ 'ਤੇ ਪੂਰੀ ਤਸੱਲੀ ਜ਼ਾਹਰ ਕਰਦਿਆਂ ਟੀਮ ਨੇ ਸੂਬੇ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਰਾਜ ਵਿੱਚ ਵੱਧ ਤੋਂ ਵੱਧ ਸੰਸਥਾਗਤ ਜਣੇਪੇ ਹੋ ਰਹੇ ਹਨ ਅਤੇ ਗਰਭਵਤੀ ਔਰਤਾਂ ਨੂੰ ਸਾਰੀਆਂ ਸਿਹਤ ਸਹੂਲਤਾਂ ਵਿੱਚ ਮਿਆਰੀ ਖੁਰਾਕ ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਜ਼ਿਆਦਾਤਰ ਔਰਤਾਂ ਨੂੰ ਡੀ ਬੀ ਟੀ ਰਾਹੀਂ ਜੀ ਐੱਸ ਵਾਈ ਦੀ ਅਦਾਇਗੀ ਕੀਤੀ ਗਈ ਹੈ। ਜ਼ਿਆਦਾਤਰ ਸਿਹਤ ਸੰਸਥਾਵਾਂ ਵਿੱਚ ਪਰਵਾਰ ਯੋਜਨਾਬੰਦੀ ਸੰਬੰਧੀ ਸਹੂਲਤਾਂ

ਬਾਕੀ ਸਫ਼ਾ 2 'ਤੇ

CMYK

## ਤਨਖਾਹ ਨਾ ਮਿਲਣ ਦੇ ਰੋਸ ਵਜੋਂ ਮੁਲਾਜ਼ਮਾਂ ਦੀ ਕਲਮ ਛੋੜ ਹੜਤਾਲ ਜਾਰੀ



**ਮਹਿਲ ਕਲਾਂ (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)**-ਪੰਜਾਬ ਸਰਕਾਰ ਵੱਲੋਂ ਜੁਲਾਈ ਤੋਂ ਲੈ ਕੇ ਮੁਲਾਜ਼ਮਾਂ ਨੂੰ ਤਨਖਾਹਾਂ ਨਾ ਜਾਰੀ ਕੀਤੇ ਜਾਣ ਦੇ ਰੋਸ ਵਜੋਂ ਅੱਜ ਬਲਾਕ ਮਹਿਲ ਕਲਾਂ ਦੇ ਦਫਤਰ ਵਿਖੇ ਸਮੂਹ ਕਰਮਚਾਰੀਆਂ ਵੱਲੋਂ ਆਪਣੇ ਸਾਰੇ ਕੰਮਕਾਜ ਠੱਪ ਕਰਕੇ ਕਲਮਛੋੜ ਹੜਤਾਲ ਦੇ 30ਵੇਂ ਦਿਨ ਵੀ ਜਾਰੀ ਰੱਖਦਿਆਂ ਰੋਸ ਪ੍ਰਦਰਸ਼ਨ ਕਰਕੇ ਮੁਲਾਜ਼ਮਾਂ ਨੂੰ ਬਕਾਏ ਸਮੇਤ ਤਨਖਾਹਾਂ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ। ਇਸ ਮੌਕੇ ਪੰਚਾਇਤ ਸਕੱਤਰ ਯੂਨੀਅਨ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ, ਬਲਾਕ ਪ੍ਰਧਾਨ ਗੁਰਪ੍ਰੀਤ ਕੌਰ, ਪੰਚਾਇਤ ਅਫਸਰ ਗੁਰਮੇਲ ਸਿੰਘ, ਸੁਖਦੀਪ ਸਿੰਘ ਦੀਵਾਨਾ, ਸੁਪਰਡੈਂਟ ਗੁਰਚੇਤ ਸਿੰਘ ਨੇ ਕਿਹਾ ਕਿ ਪਿਛਲੇ ਜੁਲਾਈ ਮਹੀਨੇ ਤੋਂ ਕਰਮਚਾਰੀਆਂ ਨੂੰ ਤਨਖਾਹਾਂ ਨਾ ਜਾਰੀ ਕੀਤੇ ਜਾਣ ਕਾਰਨ ਆਪਣੇ ਘਰਾਂ ਦਾ ਗੁਜ਼ਾਰਾ ਚਲਾਉਣਾ ਮੁਸ਼ਕਲ ਹੋਇਆ ਪਿਆ ਹੈ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਦਾ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਪੰਜਾਬ ਸਰਕਾਰ ਮੁਲਾਜ਼ਮਾਂ ਨੂੰ ਤਨਖਾਹਾਂ ਬਕਾਏ ਸਮੇਤ ਖਾਤਿਆਂ ਵਿੱਚ ਨਹੀਂ ਭੇਜਦੀ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਵੱਲੋਂ ਵਾਰ ਵਾਰ ਮੰਤਰੀਆਂ ਤੇ ਸਰਕਾਰ ਦੇ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾਉਣ ਦੇ ਬਾਵਜੂਦ ਮੁਲਾਜ਼ਮਾਂ ਨੂੰ ਜੁਲਾਈ ਤੋਂ ਅੱਜ ਤੱਕ ਦੀਆਂ ਰਹਿੰਦੀਆਂ ਤਨਖਾਹਾਂ ਜਾਰੀ ਨਹੀਂ ਕੀਤੀਆਂ ਜਾ ਰਹੀਆਂ, ਜਿਸ ਕਰਕੇ ਮੁਲਾਜ਼ਮਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

## ਡੇਂਗੂ ਬੁਖਾਰ ਬਾਰੇ ਲੋਕਾਂ ਨੂੰ ਘਰ-ਘਰ ਜਾ ਕੇ ਕੀਤਾ ਜਾਗਰੂਕ



**ਕੋਟ ਈਸੇ ਖਾਂ (ਅਰੋੜਾ)**-ਪੰਜਾਬ ਸਰਕਾਰ ਵੱਲੋਂ ਡੇਂਗੂ ਨੂੰ ਜੜ੍ਹ ਤੋਂ ਪੁੱਟਣ ਦਾ ਨਿਸਚਿਤ ਕੀਤਾ ਹੋਇਆ ਹੈ। ਇਸੇ ਕੜੀ ਤਹਿਤ ਡਾਕਟਰ ਜਯੋਤੀ ਸੀਨੀਅਰ ਮੈਡੀਕਲ ਅਫਸਰ ਪੀ ਐੱਚ ਸੀ ਕੋਟ ਈਸੇ ਖਾਂ ਦੇ ਹੁਕਮਾਂ ਸਦਕਾ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਡੇਂਗੂ ਮਲੇਰੀਆਂ ਸਬੰਧੀ ਜਾਗਰੂਕ ਕੀਤਾ ਗਿਆ ਹੈ। ਸਿਹਤ ਵਿਭਾਗ ਦੀ ਟੀਮ ਵਿੱਚ ਸ਼ਾਮਲ ਰਾਜਵਿੰਦਰ ਸਿੰਘ ਗਿੱਲ ਨੋਡਲ ਅਫਸਰ ਪੀ ਐੱਚ ਸੀ ਕੋਟ ਈਸੇ ਖਾਂ, ਰਾਜੇਸ਼ ਕੁਮਾਰ ਜਗਮੀਤ ਸਿੰਘ ਮਲਟੀਪਰਪਜ਼ ਹੈਲਥ ਵਰਕਰ ਸ਼ਾਮਲ ਸਨ। ਰਵਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਡੇਂਗੂ ਤੋਂ ਬਚਣ ਲਈ ਪਾਸੇ ਆਲਾ-ਦੁਆਲਾ ਸਾਫ ਹੋਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਟੈਂਕੀਆਂ ਢੱਕ ਕੇ ਰੱਖਣਾ ਚਾਹੀਦਾ ਹੈ ਤੇ ਘਰ ਵਿੱਚ ਬਣੇ ਆਮ ਤੌਰ 'ਤੇ ਪੱਕੇ ਚਲ੍ਹੇ, ਜਿੱਥੋਂ ਡੰਗਰ ਪਾਣੀ ਪੀਂਦੇ ਹਨ, ਉਨ੍ਹਾਂ ਨੂੰ ਚੰਗੀ ਤਰ੍ਹਾਂ ਢੱਕ ਕੇ ਰੱਖਣਾ ਚਾਹੀਦਾ ਹੈ। ਬੁਖਾਰ ਹੋਣ ਦੀ ਸੂਰਤ ਵਿੱਚ ਸਰਕਾਰੀ ਸਿਹਤ ਕੇਂਦਰ ਤੋਂ ਖੂਨ ਦੀ ਜਾਂਚ ਕਰਵਾ ਕੇ ਦਵਾਈ ਲੈਣੀ ਚਾਹੀਦੀ ਹੈ, ਰਾਤ ਨੂੰ ਸੌਣ ਲੱਗੇ ਪੂਰੀ ਬਾਜੂ ਦੇ ਕੱਪੜੇ ਪਾ ਕੇ ਸੌਣਾ ਚਾਹੀਦਾ ਹੈ। ਇਨ੍ਹਾਂ ਗੱਲਾਂ ਨੂੰ ਅਮਲ ਵਿੱਚ ਲਿਆਉਣ ਦੇ ਨਾਲ ਆਪਾਂ ਇਸ ਬਿਮਾਰੀ ਤੋਂ ਨਿਜਾਤ ਪਾ ਸਕਦੇ ਹਾਂ।

## ਗੋਲਡ ਮੈਡਲ ਜੇਤੂ ਵਿਦਿਆਰਥੀ ਦਾ ਸਨਮਾਨ



**ਛਾਜਲੀ (ਜਸਵੀਰ ਲਾਡੀ)**-ਇਥੋਂ ਥੋੜ੍ਹੀ ਦੂਰ ਸਰਕਾਰੀ ਪ੍ਰਾਇਮਰੀ ਸਕੂਲ ਰਾਮਪੁਰ ਕੋਠੇ ਵਿਖੇ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਗੋਲਡ ਮੈਡਲ ਜਿੱਤਣ ਵਾਲੇ ਵਿਦਿਆਰਥੀ ਸਿਮਰਨਪ੍ਰੀਤ ਸਿੰਘ ਨੂੰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸ੍ਰੀ ਅਭਿਨਵ ਜੈਦਕਾ ਤੇ ਸੈਂਟਰ ਹੈੱਡ ਟੀਚਰ ਕੁਲਵੀਰ ਸਿੰਘ ਵੱਲੋਂ ਸਨਮਾਨਤ ਕੀਤਾ ਗਿਆ ਅਤੇ ਸਕੂਲ ਸਟਾਫ ਤੇ ਬੱਚੇ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ। ਸਕੂਲ ਇੰਚਾਰਜ ਭੁਪਿੰਦਰ ਸਿੰਘ ਤੇ ਗੁਰਜੀਵਨ ਸਿੰਘ ਨੇ ਦੱਸਿਆ ਕਿ ਇਸ ਬੱਚੇ ਨੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਬਲਾਕ ਸੁਨਾਮ-1 ਲਈ 100 ਮੀਟਰ ਤੇ 600 ਮੀਟਰ ਦੌੜ ਵਿੱਚ ਗੋਲਡ ਮੈਡਲ ਜਿੱਤ ਕੇ ਆਪਣੇ ਮਾਤਾ ਪਿਤਾ, ਸਕੂਲ ਤੇ ਪੂਰੇ ਇਲਾਕੇ ਦਾ ਨਾਮ ਰੋਸ਼ਨ ਕੀਤਾ ਹੈ ਅਤੇ ਰਾਜ ਪੱਧਰੀ ਖੇਡ ਮੁਕਾਬਲਿਆਂ ਵਿੱਚ ਵੀ ਆਪਣੀ ਜੇਤੂ ਮਹਿੰਮ ਜਾਰੀ ਰੱਖਣ ਦੀ ਪੂਰੀ ਆਸ ਪ੍ਰਗਟਾਈ ਹੈ। ਇਸ ਮੌਕੇ ਬੱਚੇ ਦੇ ਪਿਤਾ ਸ੍ਰ. ਅਮਨਦੀਪ ਸਿੰਘ ਤੇ ਮਾਤਾ ਬੱਬੂ ਕੌਰ, ਨਿਰਮਲ ਸਿੰਘ ਪੰਚਾਇਤ ਮੈਂਬਰ, ਅਵਤਾਰ ਸਿੰਘ, ਸਮੂਹ ਸਟਾਫ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਸੁਪਰੀਮ ਇੰਟਰਨੈਸ਼ਨਲ ਸਕੂਲ 'ਚ ਗੁਰਪੁਰਬ ਨੂੰ ਸਮਰਪਤ ਸਮਾਗਮ




**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਸੁਪਰੀਮ ਇੰਟਰਨੈਸ਼ਨਲ ਸਕੂਲ ਕਸਬਾ ਮਹਿਲ ਕਲਾਂ (ਬਰਨਾਲਾ) ਵਿਖੇ ਸੰਸਥਾ ਦੇ ਡਾਇਰੈਕਟਰ ਚਰਨ ਸਿੰਘ ਭਦੌੜ ਤੇ ਚੇਅਰਮੈਨ ਗੋਬਿੰਦਰ ਪ੍ਰਸਾਦ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪ੍ਰਿੰਸੀਪਲ ਮੈਡਮ ਸ਼ਿਆਮਾ ਨਾਇਰ ਦੀ ਅਗਵਾਈ ਹੇਠ ਸਮੂਹ ਸਟਾਫ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਬੱਚਿਆਂ ਦਾ ਇੱਕ ਧਾਰਮਿਕ ਪ੍ਰੋਗਰਾਮ ਤੇ ਸਿੱਖ ਇਤਿਹਾਸ ਦੇ ਕੁਰਬਾਨੀਆਂ ਕਰਨ ਵਾਲੇ ਸੂਰਬੀਰ ਯੋਧਿਆਂ ਦੇ ਸਿੱਖ ਇਤਿਹਾਸ ਸਬੰਧੀ ਜਾਣੂ ਕਰਵਾਉਣ ਲਈ ਬੱਚਿਆਂ ਨੂੰ ਗੁਰਦੁਆਰਾ ਮੈਹਦੇਆਣਾ ਸਾਹਿਬ ਦਾ ਟੂਰ ਲਗਾ ਕੇ ਦਰਸ਼ਨ ਕਰਵਾਏ ਗਏ। ਇਸ ਮੌਕੇ ਸਕੂਲੀ ਬੱਚਿਆਂ ਵੱਲੋਂ ਧਾਰਮਕ ਸ਼ਬਦ ਤੇ ਕੋਰੀਓਗ੍ਰਾਫੀਆਂ ਪੇਸ਼ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਚਰਨ ਸਿੰਘ ਭਦੌੜ, ਚੇਅਰਮੈਨ ਗੋਬਿੰਦਰ ਪ੍ਰਸਾਦ ਤੇ ਪ੍ਰਿੰਸੀਪਲ ਮੈਡਮ ਸ਼ਿਆਮਾ ਨਾਇਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਬੱਚਿਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਣਾ ਲੈ ਕੇ ਹੱਕ ਸੱਚ ਦੀ ਕਿਰਤ ਦੇ ਧਾਰਨੀ ਬਣ ਕੇ ਇੱਕ ਚੰਗੇ ਸਮਾਜ ਦੀ ਸਿਰਜਣਾ ਕਰ ਲਈ ਅੱਗੇ ਆਉਣਾ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਵੱਖ ਵੱਖ ਅਧਿਆਪਕਾਂ ਵੱਲੋਂ ਪੰਜਾਬੀ, ਅੰਗਰੇਜ਼ੀ ਤੇ ਹਿੰਦੀ ਵਿੱਚ ਬੱਚਿਆਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

## ਨਾਇਬ ਤਹਿਸੀਲਦਾਰ ਦੀ ਅਗਵਾਈ 'ਚ ਲਗਾਈ ਲੋਕ ਅਦਾਲਤ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਜ਼ਿਲ੍ਹਾ ਅਤੇ ਸੈਸ਼ਨ ਜੱਜ ਮੋਗਾ ਅਤੇ ਡਿਪਟੀ ਕਮਿਸ਼ਨਰ ਮੋਗਾ ਕੁਲਵੰਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤਹਿਸੀਲ ਬਾਘਾ ਪੁਰਾਣਾ ਵਿਖੇ ਨਾਇਬ ਤਹਿਸੀਲਦਾਰ ਚਰਨਜੀਤ ਸਿੰਘ ਚੰਨੀ ਵੱਲੋਂ ਰੈਵੇਨਿਊ ਵਿਭਾਗ ਦੀ ਲੋਕ ਅਦਾਲਤ ਲਗਾਈ ਗਈ, ਜਿਸ ਵਿੱਚ ਬਕਾਇਆ ਰਹਿੰਦੇ ਸਾਰੇ ਇੰਤਕਾਲ ਪਹਿਲ ਦੇ ਆਧਾਰ 'ਤੇ ਮੌਕੇ 'ਤੇ ਹੀ ਕੀਤੇ ਗਏ। ਇਸ ਮੌਕੇ ਹਾਜ਼ਰ ਪਟਵਾਰੀ ਕਾਨੂੰਗੋ ਨੂੰ ਨਿਰਦੇਸ਼ ਦੇ ਕੇ ਕਿਹਾ ਕਿ ਸਾਰੇ ਬਕਾਇਆ ਇੰਤਕਾਲ ਅਤੇ ਹੋਰ ਮਾਲ ਵਿਭਾਗ ਦੇ ਰਹਿੰਦੇ ਕੰਮ ਫੌਰੀ ਤੌਰ 'ਤੇ ਕੀਤੇ ਜਾਣ ਤਾਂ ਕਿ ਲੋਕਾਂ ਨੂੰ ਕੋਈ ਵੀ ਤੰਗੀ ਪਰੇਸ਼ਾਨੀ ਨਾ ਆ ਸਕੇ। ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਲੋਕਾਂ ਦੀ ਸੇਵਾ ਕਰਨਾ ਅਤੇ ਉਨ੍ਹਾਂ ਦੇ ਕੰਮ ਕਰਨਾ ਉਨ੍ਹਾਂ ਦਾ ਮੁੱਖ ਕਰਤੱਵ ਹੈ। ਨਾਇਬ ਤਹਿਸੀਲਦਾਰ ਚੰਨੀ ਨੇ ਕਿਹਾ ਕਿ ਬਾਘਾ ਪੁਰਾਣਾ ਹਲਕੇ ਦੀਆਂ ਐੱਨ ਓ ਸੀ ਮਾਣਯੋਗ ਏ ਡੀ ਸੀ ਮੋਗਾ ਵੱਲੋਂ ਜਾਰੀ ਹੁੰਦੀਆਂ ਹਨ। ਇਹ ਐੱਨ ਓ ਸੀ 15 ਦਿਨਾਂ ਦੇ ਕਰੀਬ ਮੋਗਾ ਤੋਂ ਆ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜਗ੍ਹਾ ਖਰੀਦਣ ਜਾਂ ਵੇਚਣ ਵਾਸਤੇ ਜੋ ਐਨ ਓ ਸੀ ਜ਼ਰੂਰੀ ਹੈ, ਉਹ ਮੋਗਾ ਏ ਡੀ ਸੀ ਕੋਲ ਆਨਲਾਈਨ ਅਪਲਾਈ ਹੁੰਦੀ ਹੈ।

## ਲੱਵਿੰਗ ਲਿਟਲ ਪਲੇਵੇ ਸਕੂਲ ਦੇ ਬੱਚਿਆਂ ਨੇ ਲਗਾਇਆ ਵਿੱਦਿਅਕ ਟੂਰ



**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਲਵਿੰਗ ਲਿਟਲ ਪਲੇਵੇ ਐਂਡ ਪ੍ਰੇਪਰੇਟਰੀ ਸਕੂਲ ਦੇ ਨੰਨ੍ਹੇ ਮੁੰਨੇ ਬੱਚਿਆਂ ਦਾ ਸਿੱਖਿਆ ਦੇ ਨਾਲ-ਨਾਲ ਮਨੋਰੰਜਨ ਕਰਵਾਉਣ ਦੇ ਉਦੇਸ਼ ਨਾਲ ਵਿੱਦਿਅਕ ਦੌਰਾ ਪ੍ਰਿੰਸੀਪਲ ਮੈਡਮ ਮੀਨਾ ਅਰੋੜਾ ਦੀ ਅਗਵਾਈ ਵਿਚ ਸ਼ਹਿਰ ਦੀ ਮਸ਼ਹੂਰ ਫਨ ਸਿਟੀ ਵਿਖੇ ਲਿਜਾਇਆ ਗਿਆ। ਇਸ ਦੌਰਾਨ ਸਮੂਹ ਬੱਚਿਆਂ ਨੇ ਇਕੱਠੇ ਹੋ ਕੇ ਜਿੱਥੇ ਟ੍ਰੇਨ ਝੂਲੇ, ਬੱਸ ਝੂਲਾ, ਆਦਿ ਮਨੋਰੰਜਨ ਖੇਡਾਂ ਦਾ ਅਨੰਦ ਮਾਣ ਕੇ ਖੂਬ ਮੌਜ ਮਸਤੀ ਕੀਤੀ, ਉਥੇ ਹੀ ਭਾਰਤੀ ਸੱਭਿਆਚਾਰ ਵਿਚ ਰਲ ਮਿਲ ਕੇ ਰਹਿਣ ਦੀ ਸਿੱਖਿਆ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਨੰਨ੍ਹੇ ਮੁੰਨੇ ਬੱਚਿਆਂ ਵਲੋਂ ਸਟਾਫ਼ ਨਾਲ ਮਿਲ ਕੇ ਡਾਂਸ ਵੀ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਮੀਨਾ ਅਰੋੜਾ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਇਸ ਵਿੱਦਿਅਕ ਦੌਰੇ ਨਾਲ ਜਿੱਥੇ ਬੱਚਿਆਂ ਦਾ ਮਨੋਰੰਜਨ ਹੁੰਦਾ ਹੈ, ਉਥੇ ਹੀ ਬੱਚੇ ਮਾਨਸਿਕ ਤੌਰ 'ਤੇ ਵੀ ਮਜ਼ਬੂਤ ਹੁੰਦੇ ਹਨ ਅਤੇ ਆਤਮ ਵਿਸ਼ਵਾਸ ਵਧਦਾ ਹੈ। ਇਸ ਦੇ ਨਾਲ ਹੀ ਬੱਚੇ ਇੱਕ ਅਲੱਗ ਤਰ੍ਹਾਂ ਦੀ ਤਾਜ਼ਗੀ ਮਹਿਸੂਸ ਕਰਦੇ ਹਨ। ਵਿੱਦਿਅਕ ਦੌਰੇ ਤੋਂ ਵਾਪਸੀ ਦੌਰਾਨ ਸਕੂਲ ਵੱਲੋਂ ਬੱਚਿਆਂ ਨੂੰ ਚਾਕਲੇਟ, ਟਾਫ਼ੀਆਂ ਆਦਿ ਖਾਣ ਪੀਣ ਦਾ ਸਮਾਨ ਵੰਡਿਆ ਗਿਆ। ਇਸ ਵਿੱਦਿਅਕ ਦੌਰੇ 'ਚ ਮੈਡਮ ਅੰਨੂੰ, ਆਰਤੀ, ਪਿੰਕੀ ਅਤੇ ਅੰਜਨਾ ਨੇ ਵੀ ਬੱਚਿਆਂ ਨਾਲ ਮਿਲ ਕੇ ਖੂਬ ਅਨੰਦ ਮਾਣਿਆ।

## ਡਕੌਂਦਾ ਯੂਨੀਅਨ ਵੱਲੋਂ ਅਹਿਮ ਮਤੇ ਪਾਸ



**ਛਾਜਲੀ (ਜਸਵੀਰ ਲਾਡੀ)**-ਅੱਜ ਇੱਥੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਮੀਟਿੰਗ ਇਕਾਈ ਪ੍ਰਧਾਨ ਪ੍ਰਗਟ ਸਿੰਘ ਦੀ ਪ੍ਰਧਾਨਗੀ ਹੇਠ ਹੋਈ , ਜਿਸ ਵਿੱਚ ਕੁਝ ਅਹਿਮ ਮਤੇ ਪਾਸ ਕੀਤੇ ਗਏ। ਦਿੱਲੀ ਮੋਰਚੇ ਫਤਿਹੇ ਦੀ ਵਰ੍ਹੇਗੰਢ ਮਨਾਉਂਦਿਆਂ 19 ਨਵੰਬਰ ਨੂੰ ਘਰ-ਘਰ ਦੀਵੇ ਬਾਲ ਕੇ ਖੁਸ਼ੀ ਮਨਾਈ ਜਾਵੇਗੀ, 26 ਨਵੰਬਰ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਚੰਡੀਗੜ੍ਹ ਗਵਰਨਰ ਨੂੰ ਰਹਿੰਦੀਆਂ ਮੰਗਾਂ ਮਨਾਉਣ ਲਈ ਮੰਗ ਪੱਤਰ ਦਿੱਤਾ ਜਾਵੇਗਾ। ਪਰਾਲੀ ਫੂਕਣ ਦੇ ਮਾਮਲੇ 'ਤੇ ਦਰਜ ਕੀਤੇ ਸਰਕਾਰ ਪਰਚੇ ਵਾਪਸ ਲਵੇ ਅਤੇ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ 'ਤੇ ਲਾਲ ਐਂਟਰੀ ਪਾਈ ਗਈ ਹੈ, ਉਸ ਨੂੰ ਕੱਟਿਆ ਜਾਵੇ ਨਹੀਂ ਤਾਂ ਯੂਨੀਅਨ ਸਰਕਾਰ ਖਿਲਾਫ ਸਖਤ ਐਕਸ਼ਨ ਅਖਤਿਆਰ ਕਰੇਗੀ। ਇਸ ਮੌਕੇ ਸੰਤ ਰਾਮ ਸਿੰਘ ਬਲਾਕ ਪ੍ਰਧਾਨ, ਬਿੰਦਰਪਾਲ ਸਿੰਘ ਜਰਨਲ ਸੱਕਤਰ, ਦਰਸ਼ਨ ਸਿੰਘ ਮੀਤਾ, ਜਰਨੈਲ ਸਿੰਘ ਸੂਚ, ਭੋਲਾ ਸਿੰਘ, ਸੋਨੀ ਸਿੰਘ ਫੌਜੀ, ਨਛੱਤਰ ਸਿੰਘ, ਮਿਸਰੀ ਸਿੰਘ ਅਤੇ ਸੁਰਜੀਤ ਸਿੰਘ ਹਾਜ਼ਰ ਸਨ।

# ਸਰਕਾਰ ਰਿਜ਼ਰਵੇਸ਼ਨ ਨੀਤੀ ਤਹਿਤ ਪ੍ਰਿੰਸੀਪਲਾਂ ਦੀਆਂ ਪਦ-ਉਨਤੀਆਂ ਤੁਰੰਤ ਕਰੇ : ਡੀ ਟੀ ਐੱਫ



**ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)**
ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਲੈਕਚਰਾਰਾਂ ਦੀ ਸੀਨੀਆਰਤਾ ਸੂਚੀ ਨੂੰ ਰੋਸਟਰ ਰਜਿਸਟਰ ਪਾਲਸੀ ਅਨੁਸਾਰ ਵੱਖ-ਵੱਖ ਕੈਟਾਗਰੀਆਂ ਨੂੰ ਕੋਟੇ ਦਾ ਬਣਦਾ ਲਾਭ ਦੇਣ ਲਈ ਸਮੇਂ ਸਿਰ ਦਰੁਸਤ ਨਹੀਂ ਕੀਤਾ। ਇਸ ਘਚੋਲੇ ਕਾਰਨ ਸਕੂਲਾਂ ਵਿੱਚ 500 ਪ੍ਰਿੰਸੀਪਲਾਂ ਦੀਆਂ ਅਸਾਮੀਆਂ ਖਾਲੀ (ਕੁੱਲ ਪ੍ਰਿੰਸੀਪਲਾਂ ਦੀ ਗਿਣਤੀ ਅਨੁਸਾਰ 33%) ਹੋਣ ਦੇ ਬਾਵਜੂਦ ਪਦ-ਉਨਤੀਆਂ ਨਹੀਂ ਕੀਤੀਆਂ ਜਾ ਰਹੀਆਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡੈਮੋਕ੍ਰੇਟਿਕ ਟੀਚਰਜ਼ ਫਰੰਟ ਸੰਗਰੂਰ ਦੇ ਪ੍ਰਧਾਨ ਬਲਵੀਰ ਲੌਂਗੋਵਾਲ, ਸਕੱਤਰ ਹਰਭਗਵਾਨ ਗੁਰਨੇ, ਸੀਨੀਅਰ ਮੀਤ ਪ੍ਰਧਾਨ ਦਾਤਾ ਸਿੰਘ ਨਮੋਲ ਤੇ ਮੀਤ ਪ੍ਰਧਾਨ ਪਰਵਿੰਦਰ ਉੱਭਾਵਾਲ ਨੇ ਕੀਤਾ। ਪ੍ਰੈੱਸ ਦੇ ਨਾਂ ਜਾਰੀ ਕੀਤੇ ਇੱਕ ਸਾਂਝੇ ਬਿਆਨ ਵਿੱਚ ਉਨ੍ਹਾਂ ਦੱਸਿਆ ਕਿ ਫੀਲਡ ਵਿੱਚੋਂ ਮਿਲੀ ਜਾਣਕਾਰੀ ਅਨੁਸਾਰ ਐੱਸ.ਸੀ. ਤੇ ਬੀ.ਸੀ. ਅਧਿਆਪਕ ਯੂਨੀਅਨ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਸਰਕਾਰ ਦੀ ਇਸ ਲਾਪ੍ਰਵਾਹੀ ਕਾਰਨ ਐੱਸ.ਸੀ. ਤੇ ਬੀ.ਸੀ. ਵਰਗ ਦੇ ਲੈਕਚਰਾਰਾਂ ਨੂੰ ਪਦ-ਉੱਨਤੀ ਸਮੇਂ ਰਿਜ਼ਰਵੇਸ਼ਨ ਦਾ ਬਣਦਾ ਲਾਭ ਵੀ ਨਹੀਂ ਮਿਲਿਆ, ਜਿਸ ਦੇ ਸਿੱਟੇ ਵਜੋਂ ਇਨ੍ਹਾਂ ਕੈਟਾਗਰੀਆਂ ਦੇ 1993 ਵਿੱਚ ਨਿਯੁਕਤ ਹੋਏ ਲੈਕਚਰਾਰ 20-25 ਸਾਲ ਤੋਂ ਇਸ ਪੋਸਟ 'ਤੇ ਕੰਮ ਕਰਨ ਦੇ ਬਾਵਜੂਦ ਹਾਲੇ ਤੱਕ ਵੀ ਪ੍ਰਿੰਸੀਪਲ ਵਜੋਂ ਪਦ-ਉੱਨਤ ਨਹੀਂ ਹੋ ਸਕੇ। ਇਸ ਤਰ੍ਹਾਂ ਹੀ ਮਾਸਟਰ ਕਾਡਰ ਤੋਂ ਹੈੱਡ ਮਾਸਟਰਾਂ ਦੀਆਂ ਪਦ-ਉੱਨਤੀਆਂ ਦੀ ਹਾਲਤ ਹੈ। ਹਾਈ ਸਕੂਲਾਂ ਵਿੱਚ ਵੱਡੇ ਪੱਧਰ 'ਤੇ ਹੈੱਡ ਮਾਸਟਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਵੱਖ ਵੱਖ ਜਥੇਬੰਦੀਆਂ ਲਗਾਤਾਰ ਸਰਕਾਰ ਤੋਂ ਮੰਗ ਵੀ ਕਰ ਰਹੀਆਂ ਹਨ ਕਿ ਪਦ- ਉੱਨਤੀਆਂ ਤੁਰੰਤ ਕੀਤੀਆਂ ਜਾਣ, ਪਰ ਸਰਕਾਰ ਨੇ ਸੀਨੀਆਰਤਾ ਸੂਚੀ ਦੇ ਬਖੇੜੇ ਦਾ ਹੱਲ ਨਹੀਂ ਕੀਤਾ, ਜਿਸ ਦੇ ਸਿੱਟੇ ਵਜੋਂ ਬਹੁਤ ਸਾਰੇ ਸਕੂਲ ਮੁਖੀਆਂ ਤੋਂ ਸੱਖਣੇ ਪਏ ਹਨ।

ਸਿੱਖਿਆ ਤੇ ਸਿਹਤ ਖੇਤਰਾਂ 'ਚ ਇਨਕਲਾਬੀ ਬਦਲਾਓ ਲਿਆਉਣ ਦਾ ਨਾਹਰਾ ਮਾਰ ਕੇ ਸੱਤਾ ਵਿੱਚ ਆਉਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਦੂਸਰੀਆਂ ਵੋਟ ਬਟੋਰੂ ਪਾਰਟੀਆਂ ਵਾਂਗ ਲਾਰਿਆਂ ਨਾਲ ਡੰਗ ਟਪਾਉਂਦੀ ਨਜ਼ਰ ਆ ਰਹੀ ਹੈ। ਆਗੂਆਂ ਨੇ ਆਖਿਆ ਕਿ ਸਰਕਾਰ ਜਾਣ ਬੁੱਝ ਸੀਨੀਅਰਤਾ ਸੂਚੀ ਦਾ ਘਚੋਲਾ ਖੜਾ ਕਰਕੇ ਵੱਖ-ਵੱਖ ਵਰਗਾਂ ਨੂੰ ਲੜਾ ਰਹੀ ਹੈ ਤੇ ਨਵੀਂ ਸਿੱਖਿਆ ਨੀਤੀ 2020 ਅਨੁਸਾਰ ਸਰਕਾਰੀ ਸਿੱਖਿਆ ਨੂੰ ਲੀਹੋਂ ਲਾਹ ਕੇ ਨਿੱਜੀਕਰਨ ਦੇ ਰਾਹ ਤੋਰ ਰਹੀ ਹੈ। ਜਥੇਬੰਦੀ ਸਰਕਾਰ ਦੀਆਂ ਇਨ੍ਹਾਂ ਸਿੱਖਿਆ ਵਿਰੋਧੀ ਨੀਤੀਆਂ ਦਾ ਸਖਤ ਵਿਰੋਧ ਕਰਦੀ ਹੈ। ਉਨ੍ਹਾਂ ਨੇ ਸਾਰੀਆਂ ਅਧਿਆਪਕ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਆਪਸੀ ਛੋਟੇ-ਮੋਟੇ ਮੱਤਭੇਦਾਂ ਨੂੰ ਹੱਲ ਕਰਦੇ ਹੋਏ ਇੱਕਜੁੱਟ ਹੋ ਕੇ ਸਰਕਾਰ ਦੀਆਂ ਸਿੱਖਿਆ ਮਾਰੂ ਨੀਤੀਆਂ ਵਿਰੁੱਧ ਸੰਘਰਸ਼ ਦੇ ਮੈਦਾਨ ਮੱਲਣ।

## ਇੰਗਲਿਸ਼ ਲਿਟਰੇਰੀ ਸੁਸਾਇਟੀ ਵੱਲੋਂ ਪੇਪਰ ਪ੍ਰੈਜ਼ੈਂਟੇਸ਼ਨ ਮੁਕਾਬਲੇ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੀ ਇੰਗਲਿਸ਼ ਲਿਟਰੇਰੀ ਸੁਸਾਇਟੀ ਨੇ ਪੋਸਟ ਗ੍ਰੈਜੂਏਟ ਅੰਗਰੇਜ਼ੀ ਵਿਭਾਗ ਦੀ ਅਗਵਾਈ ਹੇਠ ਐੱਮ.ਏ. ਅੰਗਰੇਜ਼ੀ ਭਾਗ ਦੂਸਰਾ, ਬੀ.ਏ. ਆਨਰਜ਼ ਅੰਗਰੇਜ਼ੀ ਭਾਗ ਦੂਸਰਾ ਤੇ ਤੀਸਰਾ ਅਤੇ ਬੀ. ਏ. ਭਾਗ ਦੂਸਰਾ ਤੇ ਤੀਸਰਾ ਦੇ ਅੰਗਰੇਜ਼ੀ ਸਾਹਿਤ ਦੇ ਵਿਦਿਆਰਥੀਆਂ ਲਈ ਪੇਪਰ ਪ੍ਰੈਜ਼ੈਂਟੇਸ਼ਨ ਮੁਕਾਬਲਾ ਕਰਵਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਸਾਹਿਤ ਤੇ ਵਾਤਾਵਰਣ, ਸਾਹਿਤ ਤੇ ਮਨੋਵਿਗਿਆਨ ਅਤੇ ਸਾਹਿਤ ਤੇ ਇਤਿਹਾਸ ਆਦਿ ਵਿਸ਼ਿਆਂ ਨਾਲ ਸਬੰਧਤ ਵਿਸ਼ਿਆਂ ਉਤੇ ਆਪਣੇ ਪੇਪਰ ਪੇਸ਼ ਕੀਤੇ ਗਏ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਵਿਭਾਗ ਦੇ ਯਤਨਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਦੇ ਜਨਤਕ ਬੋਲਣ ਦੇ ਹੁਨਰ ਨੂੰ ਨਿਖਾਰਨ ਤੇ ਉਨ੍ਹਾਂ ਨੂੰ ਖੋਜ ਕਰਨ ਲਈ ਪ੍ਰੇਰਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪੋਸਟ ਗਰੈਜੂਏਟ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਹਰਵੀਨ ਕੌਰ ਨੇ ਜੇਤੂਆਂ ਨੂੰ ਵਧਾਈ ਦਿੱਤੀ ਤੇ ਸਾਰੇ ਭਾਗ ਲੈਣ ਵਾਲੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੁਕਾਬਲੇ ਦੌਰਾਨ ਪ੍ਰੋ. ਸਤਪ੍ਰੀਤ ਕੌਰ ਤੇ ਪ੍ਰੋ. ਰਜਿੰਦਰ ਕੌਰ ਮਾਨ ਨੇ ਜੱਜ ਸਾਹਿਬਾਨ ਦੀ ਭੂਮਿਕਾ ਨਿਭਾਈ। ਮੁਕਾਬਲੇ 'ਚ ਐੱਮ.ਏ. ਅੰਗਰੇਜ਼ੀ ਭਾਗ ਦੂਸਰਾ ਦੀ ਸਨੇਹਪ੍ਰੀਤ ਕੌਰ ਤੇ ਲਵਪ੍ਰੀਤ ਕੌਰ ਨੇ ਪਹਿਲਾ, ਐੱਮ.ਏ. ਭਾਗ ਦੂਸਰਾ ਦੀ ਮਨਜੋਤ ਕੌਰ ਨੇ ਦੂਸਰਾ, ਬੀ.ਏ. ਭਾਗ ਤੀਸਰਾ ਦੀ ਵੈਸ਼ਨਵੀ ਸ਼ਰਮਾ ਨੇ ਤੀਸਰਾ ਅਤੇ ਐੱਮ.ਏ. ਭਾਗ ਦੂਸਰਾ ਦੀ ਸੋਨੀਆ ਨੇ ਕਨਸੋਲੇਸ਼ਨ ਪੁਰਸਕਾਰ ਪ੍ਰਾਪਤ ਕੀਤਾ।

ਸਮਾਗਮ ਦੇ ਅਖੀਰ ਵਿੱਚ ਇੰਗਲਿਸ਼ ਲਿਟਰੇਰੀ ਸੁਸਾਇਟੀ ਦੇ ਕਨਵੀਨਰ ਡਾ. ਮਨਿੰਦਰ ਕੈਂਥ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਮੌਕੇ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਸਭ ਵਿਦਿਆਰਥੀਆਂ ਨੂੰ ਸਰਟੀਫਿਕੇਟ ਤਕਸੀਮ ਕੀਤੇ ਗਏ।

## ਜ਼ੋਨ ਪੱਧਰੀ ਅਥਲੈਟਿਕਸ 'ਚ ਰੱਤੋਕੇ ਸਕੂਲ ਦੇ ਅਥਲੀਟ ਛਾਏ



**ਲੌਂਗੋਵਾਲ, (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)** ਜ਼ੋਨ ਲੌਂਗੋਵਾਲ ਦੀ ਜ਼ੋਨ ਪੱਧਰੀ ਐਥਲੈਟਿਕਸ ਮੀਟ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੌਂਗੋਵਾਲ ਵਿਖੇ ਕਰਾਈ ਗਈ, ਜਿਸ ਵਿੱਚ ਸਰਕਾਰੀ ਐਲੀਮੈਂਟਰੀ ਰੱਤੋਕੇ ਦੇ ਐਥਲੀਟ ਲੜਕੇ ਤੇ ਲੜਕੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਨ੍ਹਾਂ ਮੁਕਾਬਲਿਆਂ ਵਿੱਚ ਜਗਸੀਰ ਸਿੰਘ ਪੁੱਤਰ ਰਾਮ ਸਿੰਘ ਨੇ 100 ਮੀਟਰ ਦੌੜ ਵਿੱਚ ਜ਼ੋਨ ਵਿੱਚ ਸਭ ਐਥਲੀਟਾਂ ਨੂੰ ਮਾਤ ਦਿੰਦਿਆਂ ਸੋਨ ਤਗਮਾ ਜਿੱਤਿਆ। 400 ਮੀਟਰ ਦੌੜ 'ਚ ਹਰਮਨਦੀਪ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਨੇ ਚਾਂਦੀ ਦੇ ਤਮਗੇ 'ਤੇ ਕਬਜ਼ਾ ਕਰਦੇ ਹੋਏ ਜ਼ਿਲ੍ਹਾ ਪੱਧਰੀ ਅਥਲੈਟਿਕਸ ਮੀਟ 'ਚ ਆਪਣਾ ਸਥਾਨ ਪੱਕਾ ਕੀਤਾ। ਲੜਕੀਆਂ 'ਚੋਂ ਜੈਨਮ ਰਾਣੀ ਨੇ 100 ਮੀਟਰ ਦੌੜ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਸੁਨਹਿਰੀ ਤਮਗਾ ਆਪਣੇ ਨਾਂਅ ਕੀਤਾ, ਜਦੋਂਕਿ ਮਹਿਕਦੀਪ ਕੌਰ ਤੇ ਖੁਸ਼ਪ੍ਰੀਤ ਕੌਰ ਨੇ ਕ੍ਰਮਵਾਰ 200 ਮੀਟਰ ਤੇ 400 ਮੀਟਰ ਦੌੜ ਵਿੱਚ ਚਾਂਦੀ ਦੇ ਤਮਗੇ ਹਾਸਲ ਕੀਤੇ। ਨਵਦੀਪ ਕੌਰ ਨੇ ਉੱਚੀ ਛਾਲ ਤੇ ਦਿਵਜੋਤ ਕੌਰ ਨੇ ਗੋਲਾ ਸੁੱਟਣ ਮੁਕਾਬਲੇ ਵਿੱਚ ਚਾਂਦੀ ਦੇ ਤਮਗੇ ਹਾਸਲ ਕੀਤੇ। ਹੁਣ ਇਹ ਸਾਰੇ ਖਿਡਾਰੀ ਜ਼ਿਲ੍ਹਾ ਪੱਧਰੀ ਅਥਲੈਟਿਕਸ ਮੀਟ 'ਚ ਭਾਗ ਲੈਣਗੇ। ਸਕੂਲ ਪਹੁੰਚਣ 'ਤੇ ਖਿਡਾਰੀਆਂ ਦਾ ਪਿੰਡ ਦੀ ਪੰਚਾਇਤ, ਸਕੂਲ ਮੈਨੇਜਮੈਂਟ ਕਮੇਟੀ ਤੇ ਸਕੂਲ ਵੈਲਫੇਅਰ ਐਸੋਸੀਏਸ਼ਨ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।

ਇਸ ਮੌਕੇ ਸਰਪੰਚ ਕੁਲਦੀਪ ਕੌਰ, ਵੀਰਪਾਲ ਸਿੰਘ, ਗੁਰਮੀਤ ਕੁੱਬੇ, ਸੁਮਨ ਗੋਇਲ, ਕਰਮਜੀਤ ਕੌਰ, ਸੱਤਪਾਲ ਕੌਰ, ਰਣਜੀਤ ਕੌਰ, ਪ੍ਰਦੀਪ ਸਿੰਘ, ਰਮਨਪ੍ਰੀਤ ਕੌਰ ਆਦਿ ਹਾਜ਼ਰ ਸਨ। ਸੁਖਪਾਲ ਸਿੰਘ ਤੇ ਸੁਰਿੰਦਰ ਸਿੰਘ ਨੇ ਵਿਸ਼ਵਾਸ ਪ੍ਰਗਟਾਇਆ ਕਿ ਜ਼ਿਲ੍ਹਾ ਪੱਧਰ 'ਤੇ ਵੀ ਸਾਡੇ ਖਿਡਾਰੀ ਸ਼ਾਨਦਾਰ ਪ੍ਰਦਰਸ਼ਨ ਕਰਨਗੇ।

## ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

**ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)** ਗੁਰਦੁਆਰਾ ਸਿੰਘ ਸਭਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਜਿੱਥੇ ਗੁਰਦੁਆਰਿਆਂ 'ਚ ਦੀਵਾਨ ਸਜਾਏ ਗਏ, ਉੱਥੇ ਹੀ ਰਾਗੀ ਸਿੰਘਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ 'ਤੇ ਚਾਨਣਾ ਪਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵਿਸ਼ਾਲ ਲੰਗਰ ਵੀ ਲਾਇਆ ਗਿਆ, ਜਿਸ ਦਾ ਸੰਗਤਾਂ ਨੇ ਵੱਡੀ ਗਿਣਤੀ 'ਚ ਪਹੁੰਚ ਕੇ ਆਨੰਦ ਮਾਣਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਤੇ ਸੰਗਤਾਂ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਭਾਰੀ ਸਰਧਾ ਭਾਵਨਾ ਪਾਈ ਗਈ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੇਅੰਤ ਸਿੰਘ, ਖਜ਼ਾਨਚੀ ਗੁਰਚਰਨ ਸਿੰਘ ਰੋਸ਼ਾ, ਮਿੱਤ ਸਿੰਘ ਚੱਠਾ, ਪ੍ਰੀਤਮ ਸਿੰਘ, ਕੁਲਵੰਤ ਸਿੰਘ ਧਾਲੀਵਾਲ, ਜਸਵਿੰਦਰ ਚੱਠਾ, ਨੰਬਰਦਾਰ ਬਲਵੰਤ ਸਿੰਘ ਨੇ ਗ੍ਰੰਥੀ ਸਿੰਘਾਂ, ਡਾ. ਬਾਲ ਚੰਦ ਬਾਂਸਲ ਤੇ ਡਾ. ਗੁਰਦੇਵ ਬਾਂਸਲ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਜਵਾਹਰ ਲਾਲ ਬਾਂਸਲ, ਮਦਨ ਲਾਲ ਗਰਗ, ਜੀਵਨ ਔਜਲਾ, ਭੋਲਾ ਸਿੰਘ ਚੱਠਾ, ਨਰਾਇਣ ਸਿੰਘ ਪੰਧੇਰ, ਕਾਲਾ ਚੱਠਾ, ਡਾ. ਮਿੱਠੂ ਬਾਂਸਲ, ਮੇਜਰ ਸਿੰਘ, ਗੁਰਤੇਜ ਪਟਵਾਰੀ, ਬੂਟਾ ਰੋਸ਼ਾ, ਹਰਦੀਪ ਸੇਖੋਂ, ਅਨਿਲ ਭੈਣੀ, ਸੂਰਜ ਭਾਨ ਆਲੀਕੇ ਆਦਿ ਨੇ ਸ਼ਮੂਲੀਅਤ ਕੀਤੀ।

## ਗਰੀਨ ਫ਼ੀਲਡ ਕਾਨਵੈਂਟ ਸਕੂਲ 'ਚ ਰਾਸ਼ਟਰੀ ਸਿੱਖਿਆ ਦਿਵਸ ਮਨਾਇਆ




**ਧਨੌਲਾ (ਕਰਮਜੀਤ ਸਿੰਘ ਸਾਗਰ)**-ਗਰੀਨ ਫ਼ੀਲਡ ਕਾਨਵੈਂਟ ਸਕੂਲ ਦਾਨਗੜ੍ਹ ਵਿਖੇ ਚੇਅਰਮੈਨ ਸ: ਸੁਖਮਿੰਦਰ ਸਿੰਘ ਗਿੱਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੋਆਰਡੀਨੇਟਰ ਰੇਖਾ ਦੇਵਗਨ ਦੀ ਅਗਵਾਈ ਹੇਠ ਰਾਸ਼ਟਰੀ ਸਿੱਖਿਆ ਦਿਵਸ ਧੂਮਧਾਮ ਨਾਲ ਮਨਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੀਡੀਆ ਇੰਚਾਰਜ ਸੁਖਰਾਜ ਚਹਿਲ ਨੇ ਦੱਸਿਆ ਕਿ ਇਸ ਮੌਕੇ ਸਭ ਤੋਂ ਪਹਿਲਾਂ ਮੈਡਮ ਸੰਦੀਪ ਦੁਆਰਾ ਇਸ ਦਿਨ ਦੀ ਵਿਸ਼ੇਸ਼ਤਾ ਬਾਰੇ ਚਾਨਣਾ ਪਾਇਆ ਗਿਆ। ਇਸ ਤੋਂ ਉਪਰੰਤ ਇਸ ਦਿਨ ਨੂੰ ਮਨਾਉਣ ਦੇ ਮਕਸਦ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕਰਦੇ ਹੋਏ ਵਿਦਿਆਰਥੀਆਂ ਨੇ ਭਾਰਤ ਦੇ 1947 ਤੋਂ 1958 ਤੱਕ ਪਹਿਲੇ ਸਿੱਖਿਆ ਮੰਤਰੀ ਮੌਲਾਨਾ ਅਬੁਲ ਕਲਾਮ ਆਜ਼ਾਦ ਦੇ ਜੀਵਨ ਸਬੰਧੀ ਆਪਣੇ ਵੱਲੋਂ ਤਿਆਰ ਕੀਤੀ ਜਾਣਕਾਰੀ ਭਾਸ਼ਣ ਦੇ ਰੂਪ ਵਿੱਚ ਸਾਰਿਆਂ ਨਾਲ ਸਾਂਝੀ ਕੀਤੀ, ਕਿਉਂਕਿ ਰਾਸ਼ਟਰੀ ਸਿੱਖਿਆ ਦਿਵਸ ਭਾਰਤ ਦੇ ਪਹਿਲੇ ਸਿੱਖਿਆ ਮੰਤਰੀ ਮੌਲਾਨਾ ਅਬੁਲ ਦੇ ਜਨਮ ਦਿਨ ਵਾਲੇ ਦਿਨ ਮਨਾਇਆ ਜਾਂਦਾ ਹੈ। ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਇਸ ਬਾਰੇ ਵੀ ਜਾਣੂ ਕਰਵਾਇਆ ਗਿਆ ਕਿ ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਕਿਵੇਂ ਮੌਲਾਨਾ ਅਬੁਲ ਕਲਾਮ ਆਜ਼ਾਦ ਸਿੱਖਿਆ ਮੰਤਰੀ ਬਣੇ ਸਨ ਤੇ ਉਨ੍ਹਾਂ ਨੇ ਦੇਸ਼ ਅੰਦਰ ਕਿਸ ਤਰ੍ਹਾਂ ਸਿੱਖਿਆ ਨੂੰ ਨਵੀਂ ਦਿਸ਼ਾ ਦਿੱਤੀ ਸੀ। ਇਸ ਦੌਰਾਨ ਜਿਨ੍ਹਾਂ ਵਿਦਿਆਰਥੀਆਂ ਦੇ ਭਾਸ਼ਣਾਂ ਰਾਹੀਂ ਉਜਾਗਰ ਕੀਤੇ ਵਿਚਾਰ ਸਭ ਤੋਂ ਵੱਧ ਪ੍ਰਭਾਵਿਤ ਕਰਨ ਵਾਲੇ ਸਨ, ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਲਈ ਪ੍ਰਿੰਸੀਪਲ ਰਾਜਿੰਦਰ ਕੁਮਾਰ ਜੇਠੀ, ਇੰਚਾਰਜ ਅਜਿੰਦਰਪਾਲ ਟਿਵਾਣਾ ਤੇ ਕੋਆਰਡੀਨੇਟਰ ਰੇਖਾ ਦੇਵਗਨ ਦੁਆਰਾ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।

## ਡੀ ਐੱਸ ਪੀ ਵੱਲੋਂ ਸ਼ਰਾਰਤੀ ਅਨਸਰਾਂ ਤੇ ਸ਼ੱਕੀ ਘਰਾਂ 'ਚ ਸਰਚ ਅਭਿਆਨ ਜਾਰੀ

### *ਦਰਜ਼ਨਾਂ ਸ਼ੱਕੀ ਘਰਾਂ ਦੀ ਕੀਤੀ ਚੈਕਿੰਗ, ਨਜਾਇਜ਼ ਸਾਮਾਨ ਬਰਾਮਦ*



**ਜਲਾਲਾਬਾਦ (ਦਹੂਜਾ)**-ਐੱਸ.ਐੱਸ.ਪੀ. ਫਾਜ਼ਿਲਕਾ ਭੁਪਿੰਦਰ ਸਿੰਘ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਦੇ ਚੱਲਦਿਆਂ ਸਥਾਨਕ ਡੀ.ਐੱਸ.ਪੀ. ਅਤੁਲ ਸੋਨੀ ਵੱਲੋਂ ਲਗਾਤਾਰ ਸਰਚ ਅਭਿਆਨ ਜਾਰੀ ਹਨ। ਉਸੇ ਤਹਿਤ ਐਤਵਾਰ ਉਨ੍ਹਾਂ ਨੇ ਦਰਜਨਾਂ ਪਿੰਡਾਂ 'ਚ ਸ਼ੱਕੀ ਘਰਾਂ ਦੀ ਚੈਕਿੰਗ ਕੀਤੀ ਤੇ ਸ਼ਰਾਰਤੀ ਅਨਸਰਾਂ ਨੂੰ ਭਾਜੜਾਂ ਪਾ ਦਿੱਤੀਆਂ। ਸ਼੍ਰੀ ਸੋਨੀ ਨੇ ਦੱਸਿਆ ਕਿ ਇਸ ਅਭਿਆਨ ਦੌਰਾਨ ਕਈ ਨਸ਼ੀਲੇ ਪਦਾਰਥ ਬਾਰਾਂ ਗ੍ਰਾਮ ਹੈਰੋਇਨ, 4 ਬਿਨਾਂ ਨੰਬਰੀ ਮੋਟਰਸਾਇਕਲ ਤੇ ਕੁਝ ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ। ਸ਼੍ਰੀ ਸੋਨੀ ਨੇ ਦੱਸਿਆ ਕਿ ਇਸ ਅਭਿਆਨ ਦੌਰਾਨ ਥਾਣਾ ਅਰਨੀਵਾਲਾ, ਥਾਣਾ ਸਿਟੀ ਜਲਾਲਾਬਾਦ, ਥਾਣਾ ਸਦਰ ਜਲਾਲਾਬਾਦ, ਥਾਣਾ ਅਮੀਰ ਖਾਸ ਤੇ ਸਮੂਹ ਪੀ ਐੱਸ ਐੱਸ ਡੀ ਜਲਾਲਾਬਾਦ ਫੋਰਸ ਮੌਜੂਦ ਸਨ।

ਇਸ ਅਭਿਆਨ ਦੌਰਾਨ ਪਿੰਡ ਅਲਿਆਣਾ, ਘਟਿਆਂ ਵਾਲੀ ਬੋਦਲਾ ਤੋਂ ਇਲਾਵਾ ਦਰਜ਼ਨਾਂ ਪਿੰਡਾਂ ਦੀ ਚੈਕਿੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਹੇਠ ਲਿਖੇ ਸ਼ੱਕੀ ਘਰਾਂ ਦੀ ਚੈਕਿੰਗ ਕੀਤੀ, ਜਿਵੇਂ ਕੇ ਮਲਕੀਤ ਸਿੰਘ ਬੱਬੂ ਪੁੱਤਰ ਸੁਰਿੰਦਰ ਸਿੰਘ, ਗੁਰਦੀਪ ਸਿੰਘ ਦੀਪੂ ਪੁੱਤਰ ਬਲਵੀਰ ਸਿੰਘ ਬੀਰਾ ਵਾਸੀ ਕੱਟਿਆਂਵਾਲਾ, ਜੱਸਾ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਨੇੜੇ ਵਾਟਰ ਵਰਕਸ ਅਲਿਆਣਾ, ਪਰਮਜੀਤ ਕੌਰ ਪਤਨੀ ਮੰਗਤ ਸਿੰਘ, ਗੁਰਚਰਨ ਸਿੰਘ ਪੁੱਤਰ ਜਾਬਰ ਸਿੰਘ ਅਲੀਆਨਾ, ਅਮਰੀਕ ਸਿੰਘ ਮੰਡੀ ਅਰਨੀਵਾਲ ਅਢਾਬ ਰੋਡ, ਸਾਜਨ, ਗੋਬਿੰਦਾ ਅਰਨੀ ਵਾਲਾ, ਤਲਵਿੰਦਰ ਸਿੰਘ ਤੱਲੂ ਪੁੱਤਰ ਸੁਖਵਿੰਦਰ ਸਿੰਘ ਸੋਨੂੰ, ਚਿਮਨ ਸਿੰਘ ਚੱਕੀ ਵਾਲਾ ਬਣਾਂਵਾਲਾ ਰੋਡ, ਛਿੰਦਰਪਾਲ ਕੌਰ ਢਾਣੀ ਚੰਡੀਗੜ੍ਹ ਅਰਨੀ ਵਾਲਾ, ਮਹਿੰਦਰ ਸਿੰਘ ਰਠੌੜ ਅਰਨੀ ਵਾਲਾ, ਜੱਸਾ ਅਰਨੀ ਵਾਲਾ, ਕਾਕਾ ਅਰਨੀ ਵਾਲਾ, ਸ਼ੈਰੂ ਅਰਨੀ ਵਾਲਾ ਨੇੜੇ ਪੈਟਰੋਲ ਪੰਪ ਤੇ ਛਿੰਦਾ ਸਿੰਘ ਸ਼ਾਲੂ ਹਾਊਸ ਟਿੱਬਾ ਆਦਿ ਦੀ ਚੈਕਿੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਅੱਗੇ ਵੀ ਉਨ੍ਹਾਂ ਵੱਲੋਂ ਸਰਚ ਅਭਿਆਨ ਜਾਰੀ ਰਹਿਣਗੇ।

## ਚੇਅਰਮੈਨ ਸੰਦੀਪ ਕੁਮਾਰ ਨੂੰ ਗੁਜਰਾਤ ਚੋਣਾਂ 'ਚ ਵੀ ਅਬਜ਼ਰਵਰ ਦੀ ਜ਼ਿੰਮੇਵਾਰੀ ਸੌਂਪੀ




**ਜਗਰਾਉਂ (ਅਮਿਤ ਖੰਨਾ)**-ਹਿਮਾਚਲ 'ਚ ਚੋਣ ਪ੍ਰਚਾਰ ਤੋਂ ਬਾਅਦ ਆਲ ਇੰਡੀਆ ਕਾਂਗਰਸ ਦੇ ਓਬੀਸੀ ਵਿੰਗ ਵੱਲੋਂ ਪੰਜਾਬ ਓਬੀਸੀ ਵਿੰਗ ਦੇ ਚੇਅਰਮੈਨ ਸੰਦੀਪ ਕੁਮਾਰ ਟਿੰਕਾ ਨੂੰ ਗੁਜਰਾਤ ਚੋਣਾਂ 'ਚ ਵੀ ਆਬਜ਼ਰਵਰ ਦੀ ਜ਼ਿੰਮੇਵਾਰੀ ਸੌਂਪੀ ਹੈ। ਪੰਜਾਬ 'ਚ ਇਕੱਲੇ ਚੇਅਰਮੈਨ ਟਿੰਕਾ ਓਬੀਸੀ ਵਿੰਗ ਦੇ ਅਜਿਹੇ ਆਗੂ ਹਨ, ਜਿਨ੍ਹਾਂ 'ਤੇ ਪਾਰਟੀ ਨੇ ਭਰੋਸਾ ਪ੍ਰਗਟਾਉਂਦਿਆਂ ਉਨ੍ਹਾਂ ਨੂੰ ਗੁਜਰਾਤ 'ਚ ਦੋ ਥਾਵਾਂ 'ਤੇ ਆਬਜ਼ਰਵਰ ਲਗਾਇਆ ਹੈ। ਗੁਜਰਾਤ ਦੇ ਸ਼ਹਿਰ ਕਲੋਲ ਗਾਂਧੀ ਨਗਰ ਤੇ ਧਰੀ ਵਿਧਾਨ ਸਭਾ ਹਲਕਿਆਂ 'ਚ ਟਿੰਕਾ ਆਪਣਾ ਚੋਣ ਪ੍ਰਚਾਰ ਕਰਨਗੇ। ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਆਲ ਇੰਡੀਆ ਕਾਂਗਰਸ ਦੇ ਜਨਰਲ ਸਕੱਤਰ ਕੇ ਸੀ ਵੀਨੂੰ ਗੋਪਾਲ ਵੱਲੋਂ ਹਾਈ ਕਮਾਨ ਦੇ ਨਿਰਦੇਸ਼ਾਂ 'ਤੇ ਸੌਂਪੀ ਗਈ ਹੈ। ਆਲ ਇੰਡੀਆ ਕਾਂਗਰਸ ਕਮੇਟੀ ਓਬੀਸੀ ਵਿਭਾਗ ਦੇ ਕੌਮੀ ਚੇਅਰਮੈਨ ਕੈਪਟਨ ਅਜੈ ਸਿੰਘ ਯਾਦਵ ਦੀ ਸਿਫਾਰਸ਼ 'ਤੇ ਪੰਜਾਬ ਓਬੀਸੀ ਸੈੱਲ ਦੇ 46 ਆਗੂਆਂ ਨੂੰ 45 ਵਿਧਾਨ ਸਭਾ ਹਲਕਿਆਂ 'ਚ ਆਬਜ਼ਰਵਰ ਲਗਾਇਆ ਗਿਆ ਹੈ। ਇਸ ਨਿਯੁਕਤੀ 'ਤੇ ਚੇਅਰਮੈਨ ਟਿੰਕਾ ਨੇ ਕਿਹਾ ਕਿ ਉਹ ਆਪਣੀ ਟੀਮ ਸਮੇਤ ਹਿਮਾਚਲ ਵਾਂਗ ਹੀ ਗੁਜਰਾਤ 'ਚ ਡੇਰਾ ਲਾਉਂਦੇ ਹੋਏ ਪਾਰਟੀ ਉਮੀਦਵਾਰਾਂ ਦੇ ਪ੍ਰਚਾਰ ਲਈ ਦਿਨ-ਰਾਤ ਇੱਕ ਕਰ ਦੇਣਗੇ।

## ਮੈਡੀਕਲ ਚੈੱਕਅੱਪ ਕੈਂਪ 'ਚ 80 ਮਰੀਜ਼ਾਂ ਦੀ ਜਾਂਚ

**ਜਲਾਲਾਬਾਦ (ਦਹੂਜਾ)**-ਗਾਂਧੀ ਨਗਰ 'ਚ ਪਰਸਵਾਰਥ ਸਭਾ ਵੱਲੋਂ ਚੱਲ ਰਹੀ ਡਿਸਪੈਂਸਰੀ 'ਚ ਅੱਜ ਮੈਡੀਕਲ ਚੈੱਕਅਪ ਕੈਂਪ ਦੌਰਾਨ ਡਾ. ਓਮ ਪ੍ਰਕਾਸ਼ ਕੰਬੋਜ ਨੇ ਮਰੀਜ਼ਾਂ ਦਾ ਚੈੱਕਅਪ ਕੀਤਾ ਤੇ ਫ੍ਰੀ ਦਵਾਈਆਂ ਦਿੱਤੀਆਂ ਗਈਆਂ। ਸਭਾ ਦੇ ਅਹੁਦੇਦਾਰ ਗੁਰਚਰਨ ਕਮੀਰਿਆ ਤੇ ਸੁਰੇਸ਼ ਚੌਹਾਨ ਨੇ ਦੱਸਿਆ ਕਿ ਅੱਜ 80 ਦੇ ਕਰੀਬ ਮਰੀਜ਼ਾਂ ਦਾ ਚੈੱਕਅਪ ਕਰਕੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ ਹਨ। ਇਸ ਮੌਕੇ ਪਰਸਵਾਰਥ ਸਭਾ ਦੇ ਅਹੁਦੇਦਾਰ ਮੋਹਨ ਲਾਲ ਕੁੱਕੜ, ਵਿਜੇ ਬਾਘਲਾ, ਗੁਰਚਰਨ ਕਮੀਰਿਆ, ਸੁਰੇਸ਼ ਚੌਹਾਨ, ਮੈਡਮ ਕੀਰਤੀ ਵਾਟਸ ਆਦਿ ਹਾਜ਼ਰ ਸਨ।



## ਮਰੀਅਮ ਟੋਪੋ ਜ਼ਿਲ੍ਹੇ 'ਚੋਂ ਲੰਮੀ ਛਾਲ 'ਚ ਰਹੀ ਅੱਵਲ

### *ਅੱਜ ਬਾਲ ਦਿਵਸ 'ਤੇ ਕੀਤਾ ਜਾਵੇਗਾ ਸਨਮਾਨਤ : ਸਰਬਜੀਤ ਕੌਰ*



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਬਾਬਾ ਕਾਲਾ ਮਹਿਰ ਸਟੇਡੀਅਮ ਬਰਨਾਲਾ ਵਿਖੇ ਜ਼ਿਲ੍ਹਾ ਪੱਧਰੀ ਖੇਡਾਂ ਅੰਡਰ-11 ਦੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਸਪ੍ਰਸ ਗਹਿਲ ਦੀ ਵਿਦਿਆਰਥਣ ਮਰੀਅਮ ਟੋਪੋ ਨੇ ਸਭ ਤੋਂ ਲੰਮੀ ਛਾਲ ਮਾਰ ਕੇ ਪੂਰੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਪ੍ਰਸ ਗਹਿਲ ਦੇ ਸੈਂਟਰ ਹੈੱਡ ਟੀਚਰ ਮੈਡਮ ਸਰਬਜੀਤ ਕੌਰ ਨੇ ਦੱਸਿਆ ਕਿ ਮਰੀਅਮ ਟੋਪੋ ਨੇ ਜਿੱਤ ਪ੍ਰਾਪਤ ਕਰਕੇ ਜਿੱਥੇ ਆਪਣੇ ਮਾਤਾ-ਪਿਤਾ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ, ਓਥੇ ਪੂਰੇ ਇਲਾਕੇ ਨੂੰ ਵੀ ਉਸ ਦੀ ਇਸ ਪ੍ਰਾਪਤੀ 'ਤੇ ਮਾਣ ਹੈ, ਕਿਉਂਕਿ ਦਸੰਬਰ ਦੇ ਪਹਿਲੇ ਹਫਤੇ ਰੂਪਨਗਰ ਵਿਖੇ ਹੋ ਰਹੀਆਂ ਸਟੇਟ ਪੱਧਰੀ ਅੰਡਰ-11 ਖੇਡਾਂ 'ਚ ਮਰੀਅਮ ਲੰਮੀ ਛਾਲ 'ਚ ਬਰਨਾਲਾ ਜ਼ਿਲ੍ਹੇ ਵੱਲੋਂ ਭਾਗ ਲਵੇਗੀ। ਅੰਤ ਵਿੱਚ ਮੈਡਮ ਸਰਬਜੀਤ ਕੌਰ ਨੇ ਦੱਸਿਆ ਕਿ ਮਰੀਅਮ ਦੀ ਹੌਸਲਾ ਅਫਜ਼ਾਈ ਲਈ ਅੱਜ ਬਾਲ ਦਿਵਸ 'ਤੇ ਸਮੂਹ ਸਟਾਫ, ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਮਰੀਅਮ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਉਨ੍ਹਾਂ ਆਸ ਪ੍ਰਗਟਾਈ ਕਿ ਮਰੀਅਮ ਸਟੇਟ ਪੱਧਰ 'ਤੇ ਵੀ ਵਧੀਆ ਪ੍ਰਦਰਸ਼ਨ ਕਰਕੇ ਜ਼ਿਲ੍ਹੇ ਦਾ ਨਾਮ ਰੌਸ਼ਨ ਕਰੇਗੀ।

## ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਸਾਥੀਆਂ ਦੀ ਯਾਦ 'ਚ ਸਮਾਗਮ 16 ਨੂੰ

**ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਵੱਲੋਂ ਸਰਾਭਾ ਪੁੱਜਣ ਦਾ ਸੱਦਾ**

**ਛਾਜਲੀ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਨੇ 16 ਨਵੰਬਰ ਨੂੰ ਸਰਾਭਾ (ਲੁਧਿਆਣਾ) ਵਿਖੇ ਗਦਰ ਲਹਿਰ ਦੇ ਬਾਲ ਜਰਨੈਲ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਗ਼ਦਰੀ ਸਾਥੀਆਂ ਵਿਸ਼ਣੂ ਗਣੇਸ਼ ਪਿੰਗਲੇ, ਹਰਨਾਮ ਸਿੰਘ ਸਿਆਲਕੋਟੀ, ਜਗਤ ਸਿੰਘ ਸੁਰਸਿੰਘ, ਬਖ਼ਸ਼ੀਸ਼ ਸਿੰਘ, ਸੁਰੈਣ ਸਿੰਘ ਛੋਟਾ, ਸੁਰੈਣ ਸਿੰਘ ਵੱਡਾ ਦੀ ਯਾਦ 'ਚ ਸ਼ਹੀਦੀ ਸਮਾਗਮ ਕਰਵਾਉਣ ਦਾ ਐਲਾਨ ਕੀਤਾ ਹੈ।

ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਦੱਸਿਆ ਕਿ ਗ਼ਦਰ ਲਹਿਰ ਦੇ ਕੁਰਬਾਨੀਆਂ ਭਰੇ ਲਾਮਿਸਾਲ ਇਤਿਹਾਸ, ਮਹਾਨ ਉਦੇਸ਼, ਸਾਂਝੀਵਾਲਤਾ ਦੀ ਵਿਰਾਸਤ ਨੂੰ ਯਾਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਬਰਤਾਨਵੀ ਸਾਮਰਾਜੀਆਂ ਤੋਂ ਮੁਕਤ ਕਰਵਾਉਣ ਲਈ ਇਸ ਵੱਡੇ ਤੇ ਲੁਟੇਰੇ ਸਾਮਰਾਜ ਨਾਲ ਟੱਕਰ ਲੈਣ ਵਾਲੀ ਗ਼ਦਰੀ ਇਨਕਲਾਬੀਆਂ ਦੀ ਇੱਕ ਛੋਟੀ ਜਿਹੀ ਟੁੱਕੜੀ ਦੇ ਸੰਘਰਸ਼ਾਂ ਦਾ ਇਤਿਹਾਸ ਬੇਮਿਸਾਲ ਕੁਰਬਾਨੀਆਂ ਭਰਿਆ ਹੈ। ਇਤਿਹਾਸ ਦੇ ਉਨ੍ਹਾਂ ਮਹਾਨ ਸਪੂਤਾਂ ਦੀਆਂ ਅਮਿੱਟ ਦੇਣਾ ਤੇ ਕੁਰਬਾਨੀਆਂ ਦੇ ਸੰਗਰਾਮੀ ਵਿਰਸੇ ਦੀ ਸੱਚੀ ਵਾਰਸ ਮਿਹਨਤਕਸ਼ ਜਮਾਤ ਤਾਂ ਇਸ ਤੋਂ ਜਾਣੂ ਹੈ ਹੀ, ਦੁਸ਼ਮਣ ਜਮਾਤ ਵੀ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਲੋਹਾ ਮੰਨਦੀ ਹੈ, ਜਿਸ ਦੀ ਜ਼ਿੰਦਾ ਮਿਸਾਲ ਇਹ ਹੈ ਕਿ ਪੂਰੀ ਇਕ ਸਦੀ ਦੇ ਅਰਸੇ 'ਚ ਬਰਤਾਨਵੀ ਸਾਮਰਾਜੀਆਂ ਤੇ ਉਨ੍ਹਾਂ ਦੇ ਪਿੱਠੂ ਭਾਰਤੀ ਹਾਕਮਾਂ ਨੇ ਕਦੇ ਵੀ ਗ਼ਦਰੀਆਂ ਨੂੰ ਦੇਸ਼ ਭਗਤਾਂ ਵਜੋਂ ਨਹੀਂ ਸਵੀਕਾਰਿਆ। ਕਿਸਾਨ ਆਗੂ ਨੇ ਸਭਨਾਂ ਵਰਗਾਂ ਦੇ ਲੋਕਾਂ ਖਾਸ ਕਰ ਨੌਜਵਾਨ ਕਿਸਾਨਾਂ (ਮਰਦ-ਔਰਤਾਂ) ਨੂੰ ਵੱਡੀ ਗਿਣਤੀ ਵਿੱਚ ਕਾਫਲੇ ਬੰਨ੍ਹ ਕੇ ਪੁੱਜਣ ਦੀ ਅਪੀਲ ਕੀਤੀ।

## ...ਸ.ਫ਼ਾ 1 ਦੇ ਬਾਕੀ

### ਸੰਘਰਸ਼ਾਂ ਨੂੰ ਗੁਰੂ ਨਾਨਕ...

ਘੰਟਾ ਸਰੋਤਿਆਂ ਨੇ ਡੂੰਘੀ ਦਿਲਚਸਪੀ ਨਾਲ ਸੁਣਿਆ। ਡਾਕਟਰ ਹਰਕੇਸ਼ ਸਿੰਘ ਸਿੱਧੂ ਵੱਲੋਂ ਵੀ ਬਾਬਾ ਨਾਨਕ ਦੀ ਬਾਣੀ ਦੀ ਵਰਤਮਾਨ ਸਮੇਂ ਦੇ ਪ੍ਰਸੰਗ ਵਿੱਚ ਬੜੀ ਹੀ ਤਰਤੀਬ ਨਾਲ ਪੇਸ਼ਕਾਰੀ ਨੂੰ ਸਰੋਤਿਆਂ ਨੇ ਗਹੁ ਨਾਲ ਸੁਣਿਆ।

ਅਖੀਰ 'ਚ ਬੰਤ ਸਿੰਘ ਬਰਾੜ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਦੇ ਸੱਚ ਦੇ ਮਾਰਗ, ਕਿਰਤ ਦੀ ਵਡਿਆਈ, ਜਰਵਾਣਿਆਂ ਦਾ ਵਿਰੋਧ, ਸਾਂਝੀਵਾਲਤਾ ਦਾ ਸੰਦੇਸ਼ ਅਤੇ ਭਾਈ ਲਾਲੋਆਂ ਦੇ ਹੱਕ ਵਿੱਚ ਖੜਨ ਵਰਗੇ ਮੁੱਲਵਾਨ ਵਿਚਾਰਾਂ ਤੋਂ ਸੇਧ ਲੈ ਕੇ ਦੱਬੇ-ਲਿਤਾੜੇ ਲੋਕਾਂ ਦੇ ਹੱਕੀ ਸੰਘਰਸ਼ ਨੂੰ ਤੇਜ਼ ਕਰੀਏ। ਸੈਮੀਨਾਰ ਨੂੰ ਸਫਲ ਬਣਾਉਣ ਲਈ ਐੱਸ ਕੇ ਗੌਤਮ, ਦਰਸ਼ਨ ਸਿੰਘ ਲੁਬਾਣਾ, ਪ੍ਰੋ. ਬਲਬੀਰ ਸਿੰਘ, ਪ੍ਰੋ. ਹਰਚਰਨ ਸਿੰਘ, ਉਤਮ ਸਿੰਘ ਬਾਗੜੀ, ਹਰਭਜਨ ਸਿੰਘ ਪਿਲਖਣੀ, ਗੁਰਵਿੰਦਰ ਗੋਲਡੀ, ਸੰਤੋਖ ਸਿੰਘ ਤੇ ਕਸ਼ਮੀਰ ਸਿੰਘ ਦਾ ਅਹਿਮ ਯੋਗਦਾਨ ਰਿਹਾ।

### ਕੇਂਦਰ ਨੇ ਪੰਜਾਬ ਦੇ ...

ਵੀ ਉਪਲੱਬਧ ਹਨ। ਜ਼ਿਲ੍ਹਾ ਹਸਪਤਾਲਾਂ ਵਿੱਚ ਫੈਮਲੀ ਪਾਰਟੀਸਿਪੇਟਰੀ ਕੇਅਰ ਦਾ ਅਭਿਆਸ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਹਸਪਤਾਲਾਂ ਵਿੱਚ ਬ੍ਰੈਸਟ ਫੀਡਿੰਗ ਕਾਰਨਰ ਸਥਾਪਤ ਕੀਤੇ ਗਏ ਹਨ। ਏ ਡਬਲਿਊ ਸੀਜ਼ ਅਤੇ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਆਰ ਬੀ ਐੱਸ ਕੇ ਸਕਰੀਨਿੰਗ ਕਰਵਾਈ ਜਾ ਰਹੀ ਹੈ ਅਤੇ ਬੱਚਿਆਂ ਨੂੰ ਮੁਫਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਟੀਕਾਕਰਨ ਸੇਵਾਵਾਂ ਆਊਟਰੀਚ ਕੈਂਪਾਂ (ਮਮਤਾ ਦਿਵਸ) ਰਾਹੀਂ ਅਤੇ ਐੱਸ ਸੀ-ਐੱਚ ਡਬਲਿਊ ਸੀ ਪੱਧਰ ਤੱਕ ਸਾਰੀਆਂ ਸਿਹਤ ਸਹੂਲਤਾਂ 'ਤੇ ਉਪਲੱਬਧ ਹਨ। ਆਸ਼ਾ ਵਰਕਰਾਂ ਵੱਲੋਂ ਮਾਵਾਂ ਅਤੇ ਬੱਚਿਆਂ ਨੂੰ ਟੀਕਾਕਰਨ ਲਈ ਸੈਸ਼ਨ ਸਾਈਟਾਂ 'ਤੇ ਲਿਜਾਇਆ ਜਾਂਦਾ ਹੈ। ਜ਼ਿਆਦਾਤਰ ਮਾਵਾਂ ਟੀਕਾਕਰਨ ਸੇਵਾਵਾਂ ਬਾਰੇ ਜਾਣਕਾਰ ਹਨ। ਰਾਜ ਵਿੱਚ ਉਮੰਗ ਕਲੀਨਿਕ ਕਾਰਜਸ਼ੀਲ ਹਨ ਅਤੇ ਐੱਸ ਸੀ-ਐੱਚ ਡਬਲਿਊ ਸੀ ਅਤੇ ਏ ਡਬਲਿਊ ਸੀ ਵਿੱਚ ਸੈਨੇਟਰੀ ਨੈਪਕਿਨ ਮੁਹੱਈਆ ਕਰਵਾਏ ਜਾਂਦੇ ਹਨ। ਸੀ ਆਰ ਐੱਮ ਨੇ ਇਹ ਵੀ ਨੋਟ ਕੀਤਾ ਕਿ ਸੂਬੇ ਨੇ ਸੀ ਐੱਚ ਓਜ਼ ਦੇ ਨਾਲ ਐੱਚ ਡਬਲਿਊ ਸੀਜ਼ ਦੇ ਸੰਚਾਲਨ ਦੇ ਟੀਚੇ ਨੂੰ ਪੂਰਾ ਕਰ ਲਿਆ ਹੈ। ਐੱਮ ਬੀ ਬੀ ਐੱਸ ਡਾਕਟਰ ਅਤੇ ਪੈਰਾ-ਮੈਡੀਕਲ ਸਟਾਫ ਦੀ ਇੱਕ ਟੀਮ ਨਾਲ ਕਲੀਨਿਕ ਸੁਚਾਰੂ ਢੰਗ ਨਾਲ ਚਲਾਏ ਜਾ ਰਹੇ ਹਨ। ਮਰੀਜ਼ਾਂ ਦੇ ਡੇਟਾ ਦੀ ਰਿਪੋਰਟਿੰਗ ਅਤੇ ਰਿਕਾਰਡਿੰਗ ਲਈ ਕਾਗਜ਼ ਰਹਿਤ ਪ੍ਰਣਾਲੀ ਉਪਲੱਬਧ ਹੈ।

## ਆਸਥਾ ਹਸਪਤਾਲ ਵਿਖੇ ਸਾਬਕਾ ਵਿਧਾਇਕ ਆਂਵਲਾ ਨੇ ਨੀਲੇ ਤੇ ਪੀਲੇ ਕਾਰਡ ਬਣਾਉਣ ਦੀ ਕੀਤੀ ਸ਼ੁਰੂਆਤ



**ਗੁਰੂ ਹਰਸਹਾਏ (ਫਕੀਰ ਚੰਦ ਸੀਕਰੀ)**-ਸਥਾਨਕ ਸ਼ਹਿਰ ਦੇ ਫਰੀਦਕੋਟ ਰੋਡ ਸਥਿਤ ਆਸਥਾ ਹਸਪਤਾਲ ਵਿਖੇ ਇਲਾਕੇ ਦੇ ਲੋਕਾਂ ਨੂੰ ਵਧੀਆ ਤੇ ਸਸਤੀਆਂ ਸਿਹਤ ਸਹੂਲਤਾਂ ਦੇਣ ਲਈ ਹਸਪਤਾਲ ਦੇ ਐੱਮ ਡੀ ਦਾਨਿਸ਼ ਕੱਕੜ ਵੱਲੋਂ ਸਮੇਂ ਸਮੇਂ 'ਤੇ ਕਈ ਉਪਰਾਲੇ ਕੀਤੇ ਜਾਂਦੇ ਹਨ, ਜਿਸ ਦੇ ਚੱਲਦਿਆਂ ਇਸ ਵਾਰ ਲੋਕਾਂ ਦੀ ਜ਼ਰੂਰਤ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਵੱਲੋਂ ਅੱਜ ਹਸਪਤਾਲ ਵਿਖੇ ਨੀਲੇ ਤੇ ਪੀਲੇ ਕਾਰਡ ਬਣਾਏ ਗਏ। ਇਨ੍ਹਾਂ ਕਾਰਡਾਂ ਦੀ ਸ਼ੁਰੂਆਤ ਕਰਨ ਦੇ ਲਈ ਹਸਪਤਾਲ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ ਕਾਂਗਰਸ ਦੇ ਜਲਾਲਾਬਾਦ ਤੋਂ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਦਾ ਹਸਪਤਾਲ ਵਿਖੇ ਪਹੁੰਚਣ 'ਤੇ ਐੱਮ ਡੀ ਦਾਨਿਸ਼ ਕੱਕੜ, ਡਾ. ਲਖਵਿੰਦਰ ਸਿੰਘ ਤੇ ਡਾ. ਸਰੋਜ ਵੱਲੋਂ ਗੁਲਦਸਤਾ ਦੇ ਕੇ ਨਿੱਘਾ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਵੱਲੋਂ ਹਸਪਤਾਲ ਵਿੱਚ ਜੋਤੀ ਪ੍ਰਜਵਲਿਤ ਕੀਤੀ ਗਈ। ਇਸ ਤੋਂ ਬਾਅਦ ਉਨ੍ਹਾਂ ਵੱਲੋਂ ਨੀਲੇ ਤੇ ਪੀਲੇ ਕਾਰਡ ਬਣਾਉਣ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਹਸਪਤਾਲ ਦੇ ਐੱਮ ਡੀ ਦਾਨਿਸ਼ ਕੱਕੜ ਨੇ ਦੱਸਿਆ ਕਿ ਅੱਜ ਉਨ੍ਹਾਂ ਦੇ ਹਸਪਤਾਲ ਵਿੱਚ 350 ਦੇ ਕਰੀਬ ਇਲਾਕੇ ਦੇ ਲੋਕ ਪਹੁੰਚੇ, ਜਿਨ੍ਹਾਂ ਵੱਲੋਂ ਕਾਰਡ ਬਣਾਉਣ ਦੇ ਲਈ ਰਜਿਸਟ੍ਰੇਸ਼ਨ ਕਰਵਾਈ ਗਈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚੋਂ ਅੱਜ 200 ਨੀਲੇ ਤੇ ਪੀਲੇ ਕਾਰਡ ਬਣਾ ਕੇ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਕਾਰਡ ਦੇ ਬਣਨ ਦੇ ਨਾਲ ਜਿੱਥੇ ਲੋਕਾਂ ਨੂੰ ਆਪਣੇ ਇਲਾਜ ਕਰਵਾਉਣ ਲਈ ਰੋਜ਼ਾਨਾ ਓਪੀਡੀ ਵਿੱਚ 50% ਦੀ ਛੂਟ ਦਿੱਤੀ ਜਾਵੇਗੀ, ਉਥੇ ਹੀ ਲੈਬ ਐਕਸਰੇ ਵਿੱਚ ਵੀ ਉਨ੍ਹਾਂ ਨੂੰ 20% ਦੀ ਛੋਟ ਦਿੱਤੀ ਜਾਵੇਗੀ ਤੇ ਅੰਗਰੇਜ਼ੀ ਦਵਾਈਆਂ ਵਿੱਚ ਵੀ ਉਨ੍ਹਾਂ ਨੂੰ 20% ਦੀ ਛੋਟ ਦਿੱਤੀ ਜਾਵੇਗੀ। ਇਸ ਮੌਕੇ ਬੋਲਦਿਆਂ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਨੇ ਕਿਹਾ ਕਿ ਹਸਪਤਾਲ ਦੇ ਐੱਮ ਡੀ ਦਾਨਿਸ਼ ਕੱਕੜ ਵੱਲੋਂ ਜੋ ਇਹ ਲੋਕਾਂ ਦੇ ਲਈ ਉਪਰਾਲਾ ਕੀਤਾ ਗਿਆ ਹੈ, ਬਹੁਤ ਹੀ ਵਧੀਆ ਹੈ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਲੋਕਾਂ ਨੂੰ ਆਪਣੇ ਇਲਾਜ ਕਰਵਾਉਣ ਵਿੱਚ ਕਾਫੀ ਆਸਾਨੀ ਹੋਵੇਗੀ।

## ਜੈਸ਼ੰਕਰ ਤੇ ਬਲਿੰਕਨ ਵਿਚਾਲੇ ਲੰਮਾ ਵਿਚਾਰ-ਵਟਾਂਦਰਾ



**ਨੋਮ ਪੇਨ :** ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਐਤਵਾਰ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨਾਲ ਮੁਲਾਕਾਤ ਦੌਰਾਨ ਯੂਕਰੇਨ ਵਿਚ ਯੁੱਧ, ਰਣਨੀਤਕ ਹਿੰਦ-ਪ੍ਰਸ਼ਾਂਤ ਖੇਤਰ ਅਤੇ ਦੁਵੱਲੇ ਸਬੰਧਾਂ 'ਤੇ ਚਰਚਾ ਕੀਤੀ। ਦੋਵਾਂ ਨੇਤਾਵਾਂ ਵਿਚਾਲੇ ਇਹ ਮੁਲਾਕਾਤ ਕੰਬੋਡੀਆ ਦੀ ਰਾਜਧਾਨੀ ਨੋਮ ਪੇਨ 'ਚ ਆਸੀਆਨ-ਭਾਰਤ ਸੰਮੇਲਨ ਦੌਰਾਨ ਹੋਈ। ਜੈਸ਼ੰਕਰ ਉਪ ਰਾਸ਼ਟਰਪਤੀ ਜਗਦੀਪ ਧਨਖੜ ਦੇ ਨਾਲ ਦੌਰੇ 'ਤੇ ਹਨ, ਜੋ ਇੱਥੇ ਆਸੀਆਨ-ਭਾਰਤ ਸੰਮੇਲਨ ਅਤੇ 17ਵੇਂ ਪੂਰਬੀ ਏਸ਼ੀਆ ਸੰਮੇਲਨ 'ਚ ਭਾਰਤੀ ਵਫਦ ਦੀ ਅਗਵਾਈ ਕਰ ਰਹੇ ਹਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# 26 ਨੂੰ ਵੱਖ-ਵੱਖ ਡੀ ਸੀ ਦਫਤਰਾਂ ਅੱਗੇ ਲੱਗਣਗੇ ਪੱਕੇ ਮੋਰਚੇ : ਮਾਣੋਚਾਹਲ, ਪਹੂਵਿੰਡ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਦੇ ਜ਼ੋਨ ਸ਼ਹੀਦ ਭਾਈ ਤਾਰੂ ਸਿੰਘ ਜੀ ਪੂਹਲਾ, ਭਿੱਖੀਵਿੰਡ ਦੀ ਮੀਟਿੰਗ ਜ਼ੋਨ ਪ੍ਰਧਾਨ ਦਿਲਬਾਗ ਸਿੰਘ ਪਹੂਵਿੰਡ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਤੇ ਰੇਸ਼ਮ ਸਿੰਘ ਘੁਰਕਵਿੰਡ ਨੇ ਕਿਹਾ ਕਿ 26 ਨਵੰਬਰ ਤੋਂ ਜ਼ਿਲ੍ਹਾ ਤਰਨਤਾਰਨ ਦੇ ਡੀ. ਸੀ. ਦਫਤਰ ਅੱਗੇ ਅਣਮਿੱਥੇ ਸਮੇਂ ਲਈ ਧਰਨਾ ਲੱਗੇਗਾ ਜੋ ਸਰਕਾਰ ਤੋਂ ਹੱਕੀ ਮੰਗਾਂ ਮਨਵਾਉਣ ਤੱਕ ਜਾਰੀ ਰਹੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਜੋ ਦਿੱਲੀ ਧਰਨੇ ਵਿੱਚ ਵਾਅਦੇ ਕੀਤੇ ਸਨ ਉਨ੍ਹਾਂ ਵਾਅਦਿਆਂ ਤੋਂ ਕੇਂਦਰ ਸਰਕਾਰ ਪੂਰਨ ਤੌਰ 'ਤੇ ਮੁੱਕਰ ਚੁੱਕੀ ਹੈ। ਆਗੂਆਂ ਇਹ ਵੀ ਕਿਹਾ ਕੇਂਦਰ ਸਰਕਾਰ ਦੀ ਤਰਜ਼ 'ਤੇ ਸੂਬੇ ਅੰਦਰ ਬਣੀ ਆਪ ਦੀ ਪੰਜਾਬ ਸਰਕਾਰ ਵੀ ਪੰਜਾਬ ਦੇ ਕਿਰਤੀ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਭੱਜ ਰਹੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨੀ ਅੰਦੋਲਨ ਦੌਰਾਨ 23 ਫਸਲਾਂ 'ਤੇ ਐੱਮ.ਐੱਸ.ਪੀ. ਦੀ ਗਰੰਟੀ ਦਾ ਕਾਨੂੰਨ ਬਣਾਉਣ ਦਾ ਜੋ ਵਾਅਦਾ ਕੀਤਾ ਸੀ ਅਤੇ ਪੰਜਾਬ ਸਰਕਾਰ ਵੱਲੋਂ ਸੱਤਾ ਤੋਂ ਪਹਿਲਾਂ ਚੋਣਾਂ ਦੌਰਾਨ ਜੋ ਪੰਜਾਬ ਵਾਸੀਆਂ ਨਾਲ ਵਾਅਦੇ ਕੀਤੇ ਸਨ ਉਨ੍ਹਾਂ ਵਾਅਦਿਆਂ ਨੂੰ ਪੂਰਾ ਕਰਵਾਉਣ ਲਈ ਡੀ. ਸੀ. ਦਫਤਰਾਂ ਅੱਗੇ ਦਿੱਲੀ ਦੀ ਤਰਜ਼ 'ਤੇ ਪੱਕੇ ਮੋਰਚੇ ਲੱਗਣਗੇ। ਉਥੇ ਹੀ ਇਸ ਮੌਕੇ ਕਿਸਾਨ ਆਗੂ ਰਣਜੀਤ ਸਿੰਘ ਚੀਮਾ ਤੇ ਪੂਰਨ ਸਿੰਘ ਮੱਦਰ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਘਾਟੇ ਵਿੱਚ ਜਾ ਰਹੀ ਕਿਰਸਾਨੀ ਨੂੰ ਬਚਾਉਣ ਲਈ ਡਾਕਟਰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਕੇ ਫਸਲਾਂ ਦੇ ਭਾਅ ਲਾਗਤ ਖਰਚਿਆਂ ਵਿੱਚ 50% ਖਰਚਾ ਜੋੜ ਕੇ ਮੁਨਾਫਾ ਕਿਸਾਨਾਂ ਨੂੰ ਦਿੱਤਾ ਜਾਵੇ ਅਤੇ ਪ੍ਰਾਈਵੇਟ ਕੰਪਨੀਆਂ ਵੱਲੋਂ ਲਗਾਏ ਜਾ ਰਹੇ ਨਹਿਰੀ ਪ੍ਰੋਜੈਕਟ ਰੱਦ ਕਰ ਕੇ ਪਾਣੀ ਪੰਜਾਬ ਦੇ ਸਾਰੇ ਇਲਾਕਿਆਂ ਤੱਕ ਪਹੁੰਚਾਉਣ ਦਾ ਪ੍ਰਬੰਧ ਕਰਕੇ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾਵੇ। ਉਨ੍ਹਾਂ ਕਿਹਾ ਕਿ ਨਾਲ ਹੀ ਬਿਜਲੀ ਵੰਡ ਕਾਨੂੰਨ 2022 ਦਾ ਨੋਟੀਫਿਕੇਸ਼ਨ ਰੱਦ ਕੀਤਾ ਜਾਵੇ। ਇਸ ਮੌਕੇ ਸੁੱਚਾ ਸਿੰਘ ਵੀਰਮ, ਬਲਿਹਾਰ ਸਿੰਘ ਮਨਿਹਾਲਾ, ਜਸਵੰਤ ਸਿੰਘ ਮਨਿਹਾਲਾ, ਮਾਨ ਸਿੰਘ ਮਾੜੀਮੇਘਾ, ਹਰਭਜਨ ਸਿੰਘ ਕੱਚਾ ਪੱਕਾ, ਜਰਨੈਲ ਸਿੰਘ ਕੱਚਾ ਪੱਕਾ, ਹਰਚੰਦ ਸਿੰਘ ਸਾਧਰਾ, ਜੁਗਰਾਜ ਸਿੰਘ ਸਾਧਰਾ, ਗੁਰਸਾਬ ਸਿੰਘ ਮਾੜੀਮੇਘਾ, ਪਾਲ ਸਿੰਘ ਮਨਾਵਾ, ਦਿਲਬਾਗ ਸਿੰਘ ਵਾੜਾ ਠੱਠੀ, ਬਚਿੱਤਰ ਸਿੰਘ ਨਵਾਪਿੰਡ, ਸਵਰਨ ਸਿੰਘ ਡਲੀਰੀ, ਗੁਰਸਾਬ ਸਿੰਘ ਡਲੀਰੀ, ਦਿਲਬਾਗ ਸਿੰਘ ਵੀਰਮ, ਹਰਪਾਲ ਸਿੰਘ ਕਲਸੀਆ, ਮੇਜਰ ਸਿੰਘ ਕਲਸੀਆ, ਜਗਜੀਤ ਸਿੰਘ ਮੱਲੀ, ਸੁਖਦੇਵ ਸਿੰਘ ਮੱਲੀ, ਪ੍ਰਤਾਪ ਸਿੰਘ ਚੂੰਘ, ਕੁਲਵੰਤ ਸਿੰਘ ਚੂੰਘ, ਰਸਾਲ ਸਿੰਘ ਮਾਣਕਪੁਰਾ, ਧਰਮਿੰਦਰ ਸਿੰਘ ਮਾਣਕਪੁਰਾ, ਜੋਗਿੰਦਰ ਸਿੰਘ ਪਹੂਵਿੰਡ, ਜਗਜੀਤ ਸਿੰਘ ਪਹੂਵਿੰਡ, ਨਿਰਵੈਲ ਸਿੰਘ ਚੇਲਾ, ਸੁਖਦੇਵ ਸਿੰਘ ਚੇਲਾ, ਗੁਰਚਰਨ ਸਿੰਘ ਥੇਹ ਨੌਸ਼ਹਿਰਾ, ਗੁਰਮੇਜ ਸਿੰਘ ਥੇਹ ਨੌਸ਼ਹਿਰਾ, ਬਿੱਕਰ ਸਿੰਘ ਵੱਡੀ ਮੱਖੀ, ਸੁਬੇਗ ਸਿੰਘ ਮੱਖੀ ਕਲਾਂ, ਗੁਰਨਾਮ ਸਿੰਘ ਵੱਡੀ ਮੱਖੀ, ਜਸਵੰਤ ਸਿੰਘ ਨਵਾਂਪਿੰਡ, ਬਲਵੰਤ ਸਿੰਘ ਨਵਾਂਪਿੰਡ, ਅਜਮੇਰ ਸਿੰਘ ਅਮੀਸ਼ਾਹ, ਕਾਰਜ ਸਿੰਘ ਅਮੀਸ਼ਾਹ, ਬਾਜ ਸਿੰਘ ਖਾਲੜਾ, ਸਾਰਜ ਸਿੰਘ ਖਾਲੜਾ, ਸੁਖਪਾਲ ਸਿੰਘ ਦੋਦੇ, ਬਲਵਿੰਦਰ ਸਿੰਘ ਦੋਦੇ, ਹੀਰਾ ਸਿੰਘ ਮੱਦਰ, ਬਲਦੇਵ ਸਿੰਘ ਉੱਧੋਕੇ ਆਦਿ ਕਿਸਾਨ ਹਾਜ਼ਰ ਸਨ।

# ਸ੍ਰੀ ਗੁਰੂ ਹਰਿਗੋਬਿੰਦ ਪਬਲਿਕ ਸਕੂਲ 'ਚ ਛੋਟੇ ਬੱਚਿਆਂ ਦੀਆਂ ਖੇਡਾਂ ਕਰਵਾਈਆਂ



**ਟਾਂਗਰਾ (ਲਾਡੀ ਮੱਲ੍ਹੀ)**—ਸ੍ਰੀ ਗੁਰੂ ਹਰਿਗੋਬਿੰਦ ਪਬਲਿਕ ਸਕੂਲ ਮੱਲ੍ਹੀਆਂ ਵਿਖੇ ਛੋਟੇ ਬੱਚਿਆਂ ਦੀਆਂ ਖੇਡਾਂ ਕਰਵਾਈਆਂ ਗਈਆਂ। ਇਸ ਮੌਕੇ ਪਹੁੰਚੇ ਮੁੱਖ ਮਹਿਮਾਨ ਬਾਬਾ ਗੱਜਣ ਸਿੰਘ, ਨਰੇਸ਼ ਪਾਠਕ ਆਪ ਪਾਰਟੀ, ਸਰਬਜੀਤ ਸਿੰਘ ਡਿੰਪੀ ਸ਼ਹਿਰੀ ਪ੍ਰਧਾਨ ਆਪ ਪਾਰਟੀ, ਇੰਦਰਪਾਲ ਸਿੰਘ, ਰਣਜੋਧ ਸਿੰਘ ਆਦਿ ਨੇ ਸ਼ਿਰਕਤ ਕੀਤੀ। ਬੱਚਿਆਂ ਨੇ ਅਰਦਾਸ ਕੀਤੀ। ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਖੇਡ ਕੇ ਬੱਚਿਆਂ ਨੇ ਆਏ ਹੋਏ ਮਹਿਮਾਨਾਂ ਦਾ ਦਿਲ ਜਿੱਤਿਆ। ਬੱਚਿਆਂ ਦੇ ਨਾਲ-ਨਾਲ ਪੱਤਰਕਾਰਾਂ, ਮਾਤਾ-ਪਿਤਾ ਨੇ ਵੀ ਖੇਡਾਂ ਵਿੱਚ ਹਿੱਸਾ ਲਿਆ। ਇਸ ਮੌਕੇ ਬਾਬਾ ਗੱਜਣ ਸਿੰਘ ਵਲੋਂ ਖੇਡਾਂ ਵਿੱਚ ਪਹਿਲੇ, ਦੂਸਰੇ, ਤੀਸਰੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਨੂੰ ਇਨਾਮ ਦਿੱਤੇ ਗਏ। ਇਸ ਮੌਕੇ ਬੋਲਦਿਆਂ ਬਾਬਾ ਗੱਜਣ ਸਿੰਘ ਨੇ ਕਿਹਾ ਕਿ ਅਸੀਂ ਹਰ ਪੱਖ ਤੋਂ ਬੱਚਿਆਂ ਦੇ ਨਾਲ ਹਾਂ। ਸਾਡੀ ਕਿਸੇ ਵੀ ਤਰ੍ਹਾਂ ਦੀ ਮਦਦ ਦੀ ਲੋੜ ਹੋਵੇ ਅਸੀਂ ਕਰਾਂਗੇ। ਇਸ ਮੌਕੇ ਰਜਿਸਟਰ ਪ੍ਰੈੱਸ ਵੈੱਲਫੇਅਰ ਕਲੱਬ ਜੰਡਿਆਲਾ ਗੁਰੂ ਤੋਂ ਪ੍ਰਧਾਨ ਪਰਮਿੰਦਰ ਸਿੰਘ ਜੋਸਨ, ਜਸਪਾਲ ਸ਼ਰਮਾ, ਅਸ਼ਵਨੀ ਸ਼ਰਮਾ, ਦਿਆਲ ਅਰੋੜਾ, ਸੋਨੂੰ ਮਿਗਲਾਨੀ, ਰਾਮ ਪ੍ਰਸਾਦ ਸ਼ਰਮਾ, ਸੁਰਿੰਦਰਪਾਲ, ਸ਼ਿੰਦਾ ਲਾਹੌਰੀਆ, ਲਾਡੀ ਮੱਲ੍ਹੀ ਆਦਿ ਪਹੁੰਚੇ ਹੋਏ ਸਨ। ਸਾਰੇ ਮਹਿਮਾਨਾਂ ਨੂੰ ਧਾਰਮਿਕ ਚਿੰਨ੍ਹ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਸਕੂਲ ਪ੍ਰਿੰਸੀਪਲ ਪਲਵਿੰਦਰ ਪਾਲ ਸਿੰਘ ਨੇ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੀ ਬਹੁਤ ਜ਼ਰੂਰੀ ਹਨ। ਅਸੀਂ ਬੱਚਿਆਂ ਦੀ ਪੜ੍ਹਾਈ 'ਤੇ ਵੀ ਪੂਰਾ ਧਿਆਨ ਦੇ ਰਹੇ ਹਾਂ। ਬੱਚਿਆਂ ਦੇ ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਸਾਡਾ ਸਾਥ ਦੇਣ ਤਾਂ ਜੋ ਬੱਚਿਆਂ ਦੇ ਭਵਿੱਖ ਨੂੰ ਵਧੀਆ ਬਣਾਇਆ ਜਾ ਸਕੇ। ਉਨ੍ਹਾਂ ਪੂਰੇ ਸਟਾਫ ਦਾ ਕੀਤੇ ਸੁਹਿਰਦ ਉਪਰਾਲੇ ਲਈ ਧੰਨਵਾਦ ਕੀਤਾ।

# ਗੁਰਮੀਤ ਸਿੰਘ ਨੂੰ ਸ਼ਰਧਾਂਜਲੀਆਂ ਭੇਟ ਕਰਨ ਲਈ ਪਹੁੰਚੇ ਅਕਾਲੀ ਲੀਡਰ

**ਫਿਲੌਰ (ਨਿਰਮਲ)**- ਹਲਕਾ ਫਿਲੌਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਬਲਦੇਵ ਸਿੰਘ ਖਹਿਰਾ ਦੇ ਦਾਦਾ ਗੁਰਮੀਤ ਸਿੰਘ ਸਾਬਕਾ ਸਰਪੰਚ ਪਿੰਡ ਖਹਿਰਾ (ਫਿਲੌਰ) ਜੋ ਕਿ ਪਿਛਲੇ ਦਿਨੀਂ ਸਵਰਗਵਾਸ ਹੋ ਗਏ ਸਨ, ਉਨ੍ਹਾਂ ਦੀ ਅੰਤਿਮ ਸ਼ਾਂਤੀ ਲਈ ਰੱਖੇ ਪਾਠ ਦੇ ਭੋਗ ਉਪਰੰਤ ਇਕ ਸ਼ਰਧਾਂਜਲੀ ਸਮਾਰੋਹ ਕੀਤਾ ਗਿਆ। ਜਿਸ ਵਿੱਚ ਸਵਰਗਵਾਸੀ ਗੁਰਮੀਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਪੰਜਾਬ ਸੁਖਬੀਰ ਸਿੰਘ ਬਾਦਲ, ਸਾਬਕਾ ਕੈਬਨਿਟ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ, ਹਲਕਾ ਬੰਗਾ ਦੇ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ, ਹਲਕਾ ਨਵਾਂਸ਼ਹਿਰ ਤੋਂ ਵਿਧਾਇਕ ਡਾ. ਨਛੱਤਰ ਪਾਲ, ਸਾਬਕਾ ਵਿਧਾਇਕ ਆਦਮਪੁਰ ਪਵਨ ਕੁਮਾਰ ਟੀਨੂੰ, ਹਲਕਾ ਨਕੋਦਰ ਤੋਂ ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਬਡਾਲਾ ਤੇ ਪਾਰਟੀ ਵਰਕਰਾਂ ਅਤੇ ਇਲਾਕੇ ਦੀਆਂ ਵੱਖ ਵੱਖ ਪਾਰਟੀਆਂ ਦੇ ਆਗੂ, ਧਾਰਮਿਕ ਜਥੇਬੰਦੀਆਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਅਤੇ ਬਲਦੇਵ ਸਿੰਘ ਖਹਿਰਾ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਹਰਜਿੰਦਰ ਸਿੰਘ ਲੱਲੀਆਂ, ਮੁਲਖਾ ਸਿੰਘ ਰੰਧਾਵਾ, ਸਤਿੰਦਰ ਸਿੰਘ ਧੰਜੂ, ਜਥੇਦਾਰ ਮਹਾਂ ਸਿੰਘ, ਬਲਵੀਰ ਸਿੰਘ ਤੇਹਿੰਗ, ਜਸਵੀਰ ਸਿੰਘ ਰੁੜਕਾ, ਬਾਬਾ ਸਰੂਪ ਸਿੰਘ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਫਿਲੌਰ, ਗੁਰਮੁਖ ਸਿੰਘ, ਅਵਤਾਰ ਸਿੰਘ ਤਾਰੀ, ਹਰਬੰਸ ਲਾਲ ਸਰਪੰਚ, ਕੁਲਦੀਪ ਕੰਗ, ਮੋਹਨ ਸਿੰਘ ਕਡਿਆਣਾ, ਮਨਦੀਪ ਸਿੰਘ ਗੋਰਾ, ਹਰਕਮਲ ਸਿੰਘ ਬੇਗਮਪੁਰ, ਮੱਖਣ ਸਿੰਘ ਖਹਿਰਾ, ਰਛਪਾਲ ਹੈਪੀ, ਦਵਿੰਦਰ ਤੱਖਰ, ਮਨੋਜ ਕੁਮਾਰ ਮੰਨੂ, ਸੁਖਵੀਰ ਸਿੰਘ ਤੁਲੀ ਅਤੇ ਸਮੂਹ ਪਾਰਟੀ ਵਰਕਰ ਹਾਜ਼ਰ ਸਨ।

# ਖ਼ਾਲਸਾ ਕਾਲਜ ਫਾਰ ਵੂਮੈਨ ਵਿਖੇ ਕੋਲੰਬੀਅਨ ਡਾਂਸਰਾਂ ਨੇ ਵਿਖਾਏ ਜਲਵੇ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਖ਼ਾਲਸਾ ਕਾਲਜ ਫ਼ਾਰ ਵੂਮੈਨ ਵਿਖੇ ਕੋਲੰਬੀਆ ਤੋਂ ਆਏ ਕਲਾਕਾਰਾਂ ਨੇ 10ਵੇਂ ਅੰਮ੍ਰਿਤਸਰ ਇੰਟਰਨੈਸ਼ਨਲ ਫ਼ੋਕ ਫ਼ੈਸਟੀਵਲ' ਦੌਰਾਨ ਕਲਾ ਦੇ ਜਲਵੇ ਵਿਖਾਏ। ਇਸ ਪ੍ਰੋਗਰਾਮ ਦੌਰਾਨ ਕੋਲੰਬੀਆ ਦੀ ਟੀਮ 'ਪੋਰੀਟੋ-ਡੇ-ਓਰੋ-ਡੇ ਕੋਲੰਬੀਆ' ਨੇ ਆਪਣੇ ਦੇਸ਼ ਦੇ ਰਵਾਇਤੀ ਗਾਇਨ ਡਾਂਸ ਨਾਲ ਹਾਜ਼ਰ ਸਰੋਤਿਆਂ ਨੂੰ ਕੀਲਿਆ। ਇਸ ਦੌਰਾਨ ਪੰਜਾਬ ਦੇ ਅਮੀਰ ਵਿਰਸੇ ਦੀ ਝਲਕ ਵੇਖਣ ਨੂੰ ਮਿਲੀ ਜਦੋਂ ਖ਼ਾਲਸਾ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਭੰਗੜਾ, ਗਿੱਧਾ ਅਤੇ ਗੱਤਕੇ ਦੀਆਂ ਪੇਸ਼ਕਾਰੀਆਂ ਬੜੇ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤੀਆਂ।

ਵਿਦੇਸ਼ੀ ਕਲਾਕਾਰਾਂ ਲਈ ਇਹ ਪੰਜਾਬੀ ਸੱਭਿਆਚਾਰ ਨਾਲ ਜੁੜੀ ਪੇਸ਼ਕਾਰੀ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ। ਉਕਤ 13 ਮੈਂਬਰੀ ਕੋਲੰਬੀਆ ਵਫ਼ਦ ਜਿਸ ਦੀ ਅਗਵਾਈ ਨਿਰਦੇਸ਼ਕ ਰੋਜ਼ੀ ਕਰ ਰਹੇ ਸਨ ਅਤੇ ਇਸ 'ਚ ਡੈਨੀ ਜੋਏਲ ਅਕੋਸਟਾ ਗੋਮੇਜ਼, ਏਰੀ ਐਮ ਓਸਪੀਨੋ, ਨਿਕਟੇਕ ਐਨ. ਪੋਸ, ਐਲਿਕਸ ਸ਼ੈਫਰ, ਆਰਬੀ ਗਵੇਰਾ-ਮੁਨੋਜ਼, ਜੂਲੀਓ ਕੈਮਾਰਗੋ, ਵਿਲੀਅਮ ਜੇਵੀਅਰ, ਲਿਜ਼ੇਥ ਸਰੀਨਾ ਰਿਕਾਰਡੋ, ਜੁਆਨ ਮੈਨੂਅਲ ਅਰਾਗਨ ਕਾਸਤਰੋ, ਜੇਵੀਅਰ ਅਲਬਰਟੋ ਬੁਲਾ ਗਾਰਸੀਆ, ਡਾਇਨਾ ਕੈਰੋਲੀਨਾ ਕਾਸਟਨੇਡਾ ਬੈਰਾਗਨ, ਮਿਲੇਨਾ ਐਸਥਰ ਟੈਪੀਆ ਪਿੰਟੋ ਅਤੇ ਜੋਸ ਮੈਨੂਅਲ ਨੀਟੋ ਕੁਇੰਟੇਰੋ ਸ਼ਾਮਿਲ ਸਨ, ਦਾ ਕਹਿਣਾ ਸੀ ਕਿ ਉਹ ਪੰਜਾਬੀ ਸੱਭਿਆਚਾਰ ਦੀ ਦਿਲਕਸ਼ ਪੇਸ਼ਕਾਰੀ ਨਾਲ ਰੂ-ਬ-ਰੂ ਹੋਏ ਹਨ ਅਤੇ ਇਸ ਨੂੰ ਵੇਖ ਕੇ ਉਹ ਪੰਜਾਬੀਆਂ ਦੇ ਮਹਾਨ ਸੱਭਿਆਚਾਰ 'ਤੇ ਫ਼ਖਰ ਮਹਿਸੂਸ ਕਰ ਰਹੇ ਹਨ।

ਪੰਜਾਬ ਕਲਚਰਲ ਕੌਂਸਲ ਦੇ ਪ੍ਰਧਾਨ ਡਾ. ਦਵਿੰਦਰ ਸਿੰਘ ਛੀਨਾ ਨੇ ਕਿਹਾ ਕਿ ਇਹ ਫੈਸਟੀਵਲ ਸੀਰੀਜ਼ ਦਾ 10ਵਾਂ ਮੇਲਾ ਹੈ। ਡਾ. ਛੀਨਾ ਨੇ ਕਿਹਾ ਕਿ ਇਸ ਅੰਤਰਰਾਸ਼ਟਰੀ ਫ਼ੈਸਟੀਵਲ ਦਾ ਮਕਸਦ ਖ਼ਾਲਸਾ ਕਾਲਜ ਦੀ ਅਮੀਰ ਵਿਰਾਸਤ ਨੂੰ ਦੁਨੀਆ ਭਰ ਦੀਆਂ ਕੌਮਾਂ ਅਤੇ ਸੱਭਿਆਚਾਰ ਤੱਕ ਪਹੁੰਚਾਉਣਾ ਹੈ ਅਤੇ ਵਿਸ਼ਵ ਸ਼ਾਂਤੀ, ਮਲਟੀਕਲਚਰਰਿਜ਼ਮ ਦਾ ਹੋਕਾ ਦੇਣਾ ਹੈ। ਇਸ ਮੌਕੇ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਲੇਖਕ ਡਾ. ਜਸਬੀਰ ਸਿੰਘ ਸਰਨਾ, ਸਿੱਖ ਪ੍ਰਚਾਰਕ ਭਾਈ ਅਰਜਿੰਦਰ ਸਿੰਘ ਖ਼ਾਲਸਾ, ਸਿੱਖਿਆ ਪ੍ਰੋਫੈਸਰ ਡਾ. ਸਤਿੰਦਰ ਕੌਰ ਢਿੱਲੋਂ, ਕੇ. ਸੀ. ਜੀ. ਸੀ. ਟੀ. ਵੀ. ਚੈਨਲ ਡਾ. ਅਜੈਪਾਲ ਸਿੰਘ ਢਿੱਲੋਂ, ਸੂਫੀ ਕਲਾਕਾਰ ਸ਼ਰੂਤੀ ਸਹੋਤਾ, ਨੈਸ਼ਨਲ ਸਪੋਰਟਸ ਸਟਾਰ ਮਨਵੀਰ ਕੌਰ ਅਤੇ ਨੂੰ ਹੈਰੀਟੇਜ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਅੰਤ 'ਚ ਕਾਲਜ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਨੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਜੁਆਇੰਟ ਸਕੱਤਰ ਰਾਜਬੀਰ ਸਿੰਘ, ਮੈਂਬਰ ਗੁਰਮਹਿੰਦਰ ਸਿੰਘ, ਸਰਬਜੀਤ ਸਿੰਘ ਹੁਸ਼ਿਆਰ ਨਗਰ, ਖ਼ਾਲਸਾ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ, ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਜੀ. ਟੀ. ਰੋਡ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ, ਖ਼ਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਪ੍ਰਿੰਸੀਪਲ ਡਾ. ਮੰਜੂ ਬਾਲਾ, ਖ਼ਾਲਸਾ ਕਾਲਜ ਆਫ਼ ਨਰਸਿੰਗ ਪ੍ਰਿੰ. ਡਾ. ਕਮਲਜੀਤ ਕੌਰ ਤੇ ਸਕੂਲ ਸਟਾਫ਼, ਵਿਦਿਆਰਥੀ ਆਦਿ ਹਾਜ਼ਰ ਸਨ।

# ਦਰਪੇਸ਼ ਮਸਲਿਆਂ ਦੇ ਹੱਲ ਲਈ ਪੈਨਸ਼ਨਰ ਸਾਥੀਆਂ ਨੂੰ ਇਕਜੁੱਟ ਹੋਣ ਦਾ ਹੋਕਾ

**ਗੁਰਦਾਸਪੁਰ (ਜਨਕ ਮਹਾਜਨ)**-ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਮੰਡਲ ਗੁਰਦਾਸਪੁਰ ਦੀ ਮੀਟਿੰਗ ਮੰਡਲ ਦਫਤਰ ਵਿਖੇ ਪ੍ਰਧਾਨ ਸਾਥੀ ਨਿਰਮਲ ਸਿੰਘ ਬਸਰਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਜਾਰੀ ਕਰਦਿਆਂ ਸਕੱਤਰ ਸਾਥੀ ਆਗਿਆਪਾਲ ਸਿੰਘ ਨੇ ਦੱਸਿਆ ਕਿ ਪੈਨਸ਼ਨਰਜ਼ ਸਾਥੀਆਂ ਦੀਆਂ ਮੰਗਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਮੰਡਲ ਦਫਤਰ ਵਿਚ ਪੈਂਡਿਗ ਕੰਮਾਂ 'ਤੇ ਚਰਚਾ ਕੀਤੀ ਅਤੇ ਮੰਗ ਕੀਤੀ ਗਈ ਕਿ ਪੈਨਸ਼ਨਰਜ਼ ਸਾਥੀਆਂ ਦੀਆਂ ਸਰਵਿਸ ਬੁੱਕਾਂ ਆਡਿਟ ਕਰਵਾ ਕੇ ਰਿਵਾਈਜ਼ ਪੈਨਸ਼ਨ ਕੇਸ ਮੁਖ ਦਫਤਰ ਪਟਿਆਲੇ ਭੇਜੇ ਜਾਣ ਅਤੇ ਪੈਨਸ਼ਨਾਂ 2.59. ਦੇ ਗੁਣਾਂਕ ਦੇ ਮੁਤਾਬਕ ਸੋਧੀਆਂ ਜਾਣ ਅਤੇ ਪੇ-ਬੈਂਡ ਦੇ ਏਰੀਅਰ ਦੀ ਅਦਾਇਗੀ ਕੀਤੀ ਜਾਵੇ।

ਇਸ ਮੌਕੇ ਸੰਬੋਧਨ ਕਰਦਿਆਂ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਰਕਲ ਗੁਰਦਾਸਪੁਰ ਦੇ ਪ੍ਰਧਾਨ ਅਤੇ ਪੈਨਸ਼ਨਰਜ਼ ਯੂਨੀਅਨ ਦੇ ਮੁੱਖ ਸਲਾਹਕਾਰ ਬਲਵਿੰਦਰ ਉਦੀਪੁਰ ਨੇ ਦੱਸਿਆ ਕਿ ਮੈਨੇਜਮੈਂਟ ਅਤੇ ਸਰਕਾਰਾਂ ਮੁਲਾਜ਼ਮ ਮਸਲਿਆਂ ਨੂੰ ਹਮੇਸ਼ਾ ਹੀ ਨਜ਼ਰਅੰਦਾਜ਼ ਕਰਦੀਆਂ ਹਨ। ਇਸ ਦਾ ਟਾਕਰਾ ਕਰਨ ਲਈ ਮੁਲਾਜ਼ਮ ਅਤੇ ਪੈਨਸ਼ਨਜ਼ ਨੂੰ ਇਕਜੁੱਟ ਹੋ ਕੇ ਸੰਘਰਸ਼ ਕਰਨਾ ਚਾਹਿਦਾ ਹੈ ਤਾ ਹੀ ਮੰਗਾ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।

ਉਨ੍ਹਾਂ ਗੁਰਦਾਸਪੁਰ ਡਵੀਜ਼ਨ ਦੇ ਪੈਨਸ਼ਨਰਜ਼ ਸਾਥੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਏਟਕ ਜਥੇਬੰਦੀ ਤੁਹਾਡੇ ਹਰ ਸੰਘਰਸ਼ ਵਿਚ ਸ਼ਾਮਲ ਰਹੇਗੀ ਅਤੇ ਪੈਨਸ਼ਨਰਜਦ ਯੂਨੀਅਨ ਨੂੰ ਮਜ਼ਬੂਤ ਕੀਤਾ ਜਾਵੇਗਾ। ਇਸ ਮੀਟਿੰਗ ਵਿਚ ਸਾਥੀ ਰੂਪ ਲਾਲ, ਕਸ਼ਮੀਰ ਸਿੰਘ ਭਾਗੋਕਾਵਾਂ, ਮਿਲਖੀ ਰਾਮ, ਕਿਰਪਾਲ ਸਿੰਘ ਟਾਂਡਾ, ਗੁਰਮੀਤ ਸਿੰਘ, ਪਰਮਜੀਤ ਸਿੰਘ, ਕੁਲਵਿੰਦਰ ਸਿੰਘ, ਪਾਲ ਸਿੰਘ, ਅਮਰੀਕ ਸਿੰਘ ਤਿੱਬੜ ਅਤੇ ਧਰਮ ਸਿੰਘ ਆਦਿ ਆਗੂ ਹਾਜ਼ਰ ਸਨ।

# ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੇ ਵਿਦਿਆਰਥੀ ਜ਼ੋਨਲ ਖੇਡਾਂ 'ਚ ਰਹੇ ਮੋਹਰੀ




**ਤਰਨ ਤਾਰਨ (ਪ੍ਰਿਤਪਾਲ ਸਿੰਘ)**- 67ਵੀਆਂ ਅਥਲੈਟਿਕ ਜ਼ੋਨਲ ਖੇਡਾਂ ਸ੍ਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ, ਜਾਮਾਰਾਏ ਵਿਖੇ ਕਰਵਾਈਆਂ ਗਈਆਂ ਜਿਨ੍ਹਾਂ ਦਾ ਮਕਸਦ ਵਿਦਿਆਰਥੀਆਂ ਨੂੰ ਸਰੀਰਕ ਪੱਖੋਂ ਮਜ਼ਬੂਤ ਬਣਾਉਣਾ ਸੀ। ਇਸ ਅਥਲੈਟਿਕ ਮੀਟ ਵਿੱਚ ਕਈ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਮੁਕਾਬਲੇ ਕਾਫ਼ੀ ਕਠਿਨ ਹੋਣ ਦੇ ਬਾਵਜੂਦ ਵੀ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੇ ਵਿਦਿਆਰਥੀਆਂ ਨੇ ਆਪਣੀ ਲਗਨ ਅਤੇ ਕੋਚ ਸੁਖਵਿੰਦਰ ਸਿੰਘ ਅਤੇ ਰਾਜਬੀਰ ਕੌਰ ਦੀ ਸਹੀ ਸੇਧ ਸਦਕਾ ਗਿਆਰਾਂ ਸੋਨ ਤਮਗੇ, ਦਸ ਚਾਂਦੀ ਦੇ ਤਮਗੇ ਅਤੇ ਨੌਂ ਕਾਂਸੇ ਦੇ ਤਮਗਿਆਂ ਉੱਤੇ ਕਬਜ਼ਾ ਕਰਕੇ ਪੂਰੇ ਇਲਾਕੇ ਵਿੱਚ ਆਪਣੀ ਜਿੱਤ ਦਾ ਝੰਡਾ ਝੁਲਾਇਆ।

ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚੇ ਜ਼ੋਨਲ ਕਨਵੀਨਰ ਬਲਦੇਵ ਸਿੰਘ ਬਸਰਾ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਆਪਣੀ ਖ਼ੁਸ਼ੀ ਜ਼ਾਹਰ ਕਰਦਿਆਂ ਸੰਸਥਾ ਦੇ ਡਾਇਰੈਕਟਰ ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰਸੀਪਲ ਮਨੀਸ਼ਾ ਸੂਦ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਹੌਸਲਾ ਅਫ਼ਜ਼ਾਈ ਕੀਤੀ ਅਤੇ ਉਨ੍ਹਾਂ ਨੂੰ ਹਮੇਸ਼ਾ ਮਿਹਨਤ ਕਰਕੇ ਹਰ ਖੇਤਰ ਵਿੱਚ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ ਤਾਂ ਜੋ ਉਨ੍ਹਾਂ ਦਾ ਸਰਬਪੱਖੀ ਵਿਕਾਸ ਹੋ ਸਕੇ। ਇੱਥੇ ਇਹ ਦੱਸਣਯੋਗ ਹੈ ਕਿ ਇਹ ਜੇਤੂ ਵਿਦਿਆਰਥੀ ਜ਼ਿਲ੍ਹਾ ਪੱਧਰੀ ਅਥਲੈਟਿਕ ਖੇਡਾਂ ਵਿੱਚ ਭਾਗ ਲੈਣਗੇ।

# ਜ਼ਿਲ੍ਹਾ ਪੱਧਰੀ ਤਿੰਨ ਰੋਜ਼ਾ ਪ੍ਰਾਇਮਰੀ ਖੇਡਾਂ ਸ਼ਾਨੋ-ਸ਼ੌਕਤ ਨਾਲ ਸੰਪੰਨ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਦੀ ਅਗਵਾਈ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਅਮਰਜੀਤ ਸਿੰਘ ਭਾਟੀਆ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਬਲਬੀਰ ਸਿੰਘ ਦੀ ਰਹਿਨੁਮਾਈ ਹੇਠ ਗੁਰਦਾਸਪੁਰ ਜ਼ਿਲ੍ਹੇ ਦੀਆਂ ਤਿੰਨ ਰੋਜ਼ਾ ਜ਼ਿਲ੍ਹਾ ਪੱਧਰੀ ਪੱਧਰੀ ਪ੍ਰਾਇਮਰੀ ਖੇਡਾਂ ਇਥੋਂ ਨਜ਼ਦੀਕ ਪਿੰਡ ਘੁੰਮਣ ਖੁਰਦ ਦੇ ਖੇਡ ਮੈਦਾਨ ਵਿੱਚ ਸ਼ਾਨੋ ਸ਼ੌਕਤ ਨਾਲ ਸੰਪੰਨ ਹੋ ਗਈਆਂ। ਖੇਡਾਂ ਦੇ ਆਖਰੀ ਦਿਨ ਬੱਚਿਆਂ ਨੂੰ ਆਸ਼ੀਰਵਾਦ ਦੇਣ ਅਤੇ ਹੌਸਲਾ ਅਫਜ਼ਾਈ ਕਰਨ ਲਈ ਬਾਬਾ ਅਮਰੀਕ ਸਿੰਘ ਨਿੱਕੇ ਘੁੰਮਣਾ ਵਾਲੇ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਅਮਰਜੀਤ ਸਿੰਘ ਭਾਟੀਆ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਬਲਬੀਰ ਸਿੰਘ ਲੇਹਲ ਆਦਿ ਮੁੱਖ ਸਖਸ਼ੀਅਤਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਨੇ ਵੱਖ-ਵੱਖ ਟੀਮਾਂ ਦੇ ਖਿਡਾਰੀਆਂ ਨਾਲ ਜਾਣ-ਪਹਿਚਾਣ ਕੀਤੀ ਅਤੇ ਸ਼ੋਅ ਮੈਚ ਦਾ ਅਨੰਦ ਮਾਣਿਆ। ਇਨਾਮ ਵੰਡ ਸਮਾਗਮ ਦੌਰਾਨ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਅਮਰਜੀਤ ਸਿੰਘ ਭਾਟੀਆ ਨੇ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਦਾ ਵਿਦਿਆਰਥੀ ਜੀਵਨ ਵਿੱਚ ਬਹੁਤ ਹੀ ਮਹੱਤਵ ਹੈ ਅਤੇ ਖੇਡਾਂ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵਿੱਚ ਵਿਸ਼ੇਸ਼ ਯੋਗਦਾਨ ਪਾਉਂਦੀਆਂ ਹਨ। ਉਨ੍ਹਾਂ ਜੇਤੂ ਟੀਮਾਂ ਨੂੰ ਮੁਬਾਰਕਬਾਦ ਦਿੰਦੇ ਹੋਏ ਸ਼ੁਭਇਛਾਵਾਂ ਦਿੱਤੀਆਂ। ਇਸ ਮੌਕੇ ਡਿਪਟੀ ਡੀ. ਈ. ਓ. ਐਲੀਮੈਂਟਰੀ ਬਲਬੀਰ ਸਿੰਘ ਲੇਹਲ ਨੇ ਕਿਹਾ ਕਿ ਖੇਡਾਂ ਮਨੁੱਖ ਨੂੰ ਅਨੁਸ਼ਾਸ਼ਨ ਵਿੱਚ ਰਹਿਣਾ ਵੀ ਸਿਖਾਉਂਦੀਆਂ ਅਤੇ ਤੰਦਰੁਸਤ ਰੱਖਦੀਆਂ ਹਨ। ਬੱਚਿਆਂ ਨੂੰ ਬਚਪਨ ਤੋਂ ਹੀ ਖੇਡਾਂ ਨਾਲ ਜੋੜਨਾ ਚਾਹੀਦਾ ਹੈ ਤਾਂ ਜੋ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਇਸ ਮੌਕੇ ਮੁੱਖ ਸ਼ਖਸੀਅਤਾਂ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ।

ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਗਗਨਦੀਪ ਸਿੰਘ ਨੇ ਦੱਸਿਆ ਕਿ ਤਿੰਨ ਦਿਨਾਂ ਹੋਈਆਂ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡਾਂ ਵਿੱਚ ਬੱਚਿਆਂ ਦੇ ਕਬੱਡੀ ਨੈਸ਼ਨਲ, ਕਬੱਡੀ ਸਰਕਲ, ਖੋ-ਖੋ, ਰੱਸਾਕਸੀ, ਫੁੱਟਬਾਲ, ਸ਼ਾਟਪੁੱਟ, ਸਕੇਟਿੰਗ, ਐਥਲੈਟਿਕਸ, ਕੁਸ਼ਤੀ, ਸ਼ਤਰੰਜ, ਬੈਡਮਿੰਟਨ, ਯੋਗਾ, ਕਰਾਟੇ, ਜਿਮਨਾਸਟਿਕ ਆਦਿ ਮੁਕਾਬਲੇ ਕਰਵਾਏ ਗਏ। ਇਸ ਦੌਰਾਨ ਸੁਖਦੇਵ ਸਿੰਘ, ਰਾਜਵਿੰਦਰਪਾਲ ਕੌਰ ਅਤੇ ਰੂਪ ਕੌਰ ਵਲੋਂ ਸਟੇਜ ਦੀ ਕਾਰਵਾਈ ਬਾਖੂਬੀ ਨਿਭਾਈ ਗਈ। ਇਨ੍ਹਾਂ ਖੇਡਾਂ 'ਚ ਓਵਰਆਲ ਟਰਾਫੀ ਬਲਾਕ ਬਟਾਲਾ -1 ਨੇ ਜਿੱਤੀ। ਇਸ ਮੌਕੇ ਨਵਦੀਪ ਸਿੰਘ ਬੀ.ਐਮ., ਖੇਡ ਕਮੇਟੀ ਦੇ ਇੰਚਾਰਜ ਲਖਵਿੰਦਰ ਸਿੰਘ ਸੇਖੋਂ, ਅਨੁਸ਼ਾਸਨੀ ਕਮੇਟੀ ਦੇ ਮੈਂਬਰ ਬੀਪੀਈਓ ਬਲਵਿੰਦਰ ਸਿੰਘ ਗਿੱਲ, ਜਸਵਿੰਦਰ ਸਿੰਘ,ਪੋਹਲਾ ਸਿੰਘ, ਪਰਲੋਕ ਸਿੰਘ, ਨੀਰਜ ਕੁਮਾਰ ਖੁੰਡਾ, ਰਾਕੇਸ਼ ਕੁਮਾਰ, ਤਰਸੇਮ ਸਿੰਘ, ਗੁਰਇਕਬਾਲ ਸਿੰਘ, ਕੁਲਬੀਰ ਕੌਰ, ਸੁਦੇਸ਼ ਖੰਨਾ (ਸਾਰੇ ਵੱਖ-ਵੱਖ ਬਲਾਕਾਂ ਦੇ ਬੀ. ਪੀ. ਈ. ਓ.), ਬੀ. ਐਸ. ਓ. ਨਵਜੋਤ ਕੌਰ , ਵਰਿੰਦਰ ਕੌਰ, ਹਰਪ੍ਰੀਤ ਸਿੰਘ, ਕਮੇਟੀ ਮੈਂਬਰ ਮੀਡੀਆ ਕੋਆਰਡੀਨੇਟਰ ਗਗਨਦੀਪ ਸਿੰਘ, ਜਸਪਿੰਦਰ ਸਿੰਘ, ਉਂਕਾਰ ਸਿੰਘ, ਨਵਰੂਪ ਸਿੰਘ ਘੁੰਮਣ, ਬੀ. ਐਸ. ਓ. ਰਾਜਵਿੰਦਰ ਸਿੰਘ ਬਾਜਵਾ, ਬੀ. ਐਮ. ਟੀ. ਜਗਦੀਸ਼ ਰਾਜ ਬੈਂਸ, ਸੁਖਵਿੰਦਰ ਸਿੰਘ ਰੰਧਾਵਾ, ਰੁਪਿੰਦਰਜੀਤ ਕੌਰ, ਰਛਪਾਲ ਸਿੰਘ ਉਦੋਕੇ, ਗੁਰਦੀਪ ਸਿੰਘ ਖੁੰਡਾ, ਬਲਜਿੰਦਰ ਸਿੰਘ ਬੱਲ, ਸੱਤਪਾਲ, ਰਵਿੰਦਰ ਸਿੰਘ ਜੈਤੋਸਰਜਾ, ਵਿਨੋਦ ਕੁਮਾਰ, ਉਂਕਾਰ ਸਿੰਘ, ਹਰਜਿੰਦਰ ਸਿੰਘ, ਪੂਨਮਜੋਤ ਕੌਰ, ਅਮਰੀਕ ਸਿੰਘ, ਰਾਜਵਿੰਦਰ ਸਿੰਘ, ਰਾਜਦੀਪ ਸਿੰਘ, ਮਨਦੀਪ ਸਿੰਘ, ਹਰਪ੍ਰੀਤ ਸਿੰਘ ਬੱਬੇਹਾਲੀ, ਹੀਰਾ ਸਿੰਘ, ਸਤਨਾਮ ਸਿੰਘ ਗਾਲੋਵਾਲ ਸਮੇਤ ਵੱਖ-ਵੱਖ ਬਲਾਕਾਂ ਦੇ ਅਧਿਆਪਕ ਹਾਜ਼ਰ ਸਨ।

# ਸੜਕ ਹਾਦਸੇ 'ਚ ਪਤੀ-ਪਤਨੀ ਸਮੇਤ ਦੋ ਬੱਚਿਆਂ ਦੀ ਮੌਤ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਦੇਰ ਸ਼ਾਮ ਇਥੋਂ ਥੋੜ੍ਹੀ ਦੂਰ ਸਰਹੱਦੀ ਪਿੰਡ ਸਾਰੰਗਦੇਵ ਜੱਗਾ ਬਾਗ ਨੇੜੇ ਇੱਕ ਅਣਪਛਾਤੇ ਵਾਹਨ ਵੱਲੋਂ ਮੋਟਰਸਾਈਕਲ ਸਵਾਰ ਪਰਿਵਾਰ ਨੂੰ ਬੁਰੀ ਤਰ੍ਹਾਂ ਦਰੜ ਦਿੱਤਾ ਗਿਆ ਜਿਸ ਦੌਰਾਨ ਪਤੀ -ਪਤਨੀ ਸਮੇਤ ਦੋ ਬੱਚਿਆਂ ਦੀ ਮੌਤ ਹੋ ਗਈ। ਇਸ ਮੌਕੇ ਅਜਨਾਲਾ ਦੇ ਐੱਸਐੱਚਓ ਮੈਡਮ ਸੁਪਿੰਦਰ ਕੌਰ ਵੱਲੋਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਹਸਪਤਾਲ ਲਿਜਾਇਆ ਗਿਆ। ਕੇਸ ਸਬੰਧੀ ਕੁਲਦੀਪ ਸਿੰਘ ਪੁਤਰ ਦਲੀਪ ਸਿੰਘ ਵਾਸੀ ਸਾਰੰਗਦੇਵ ਛੰਨਾ ਨੇ ਦੱਸਿਆ ਕਿ ਮੇਰਾ ਵੱਡਾ ਭਰਾ ਸੁਰਜੀਤ ਸਿੰਘ ਜੋ ਕਿ ਆਪਣੇ ਪਰਿਵਾਰ ਨਾਲ ਭਿੰਡੀ ਸੈਦਾਂ ਤੋਂ ਵਾਪਸ ਆ ਰਿਹਾ ਸੀ ਕਿ ਕਿਸੇ ਅਣਪਛਾਤੇ ਵਾਹਨ ਨੇ ਦਰੜ ਕੇ ਰੱਖ ਦਿੱਤਾ। ਇਸ ਸੜਕ ਹਾਦਸੇ ਦੌਰਾਨ ਮੇਰੇ ਭਰਾ ਸੁਰਜੀਤ ਸਿੰਘ 35, ਉਨ੍ਹਾਂ ਪਤਨੀ ਸੰਤੋਖ ਕੌਰ, ਪੁੱਤਰ ਸੋਨੂੰ, ਪੁੱਤਰੀ ਪ੍ਰੀਤ ਕੌਰ ਦੀ ਮੌਤ ਹੋ ਗਈ। ਇਸ ਮਾਮਲੇ ਦੀ ਅਜਨਾਲਾ ਪੁਲਸ ਵੱਲੋਂ ਤਫਤੀਸ਼ੀ ਕਾਰਵਾਈ ਕੀਤੀ ਜਾ ਰਹੀ ਹੈ।

# 'ਦੀ ਗੁਰਦਾਸਪੁਰ ਸਹਿਕਾਰੀ ਕਿਰਤ ਤੇ ਉਸਾਰੀ ਯੂਨੀਅਨ' ਦਾ 16ਵਾਂ ਲਾਭ ਵੰਡ ਸਮਾਗਮ



**ਗੁਰਦਾਸਪੁਰ, (ਜਨਕ ਮਹਾਜਨ)**-'ਦੀ ਗੁਰਦਾਸਪੁਰ ਸਹਿਕਾਰੀ ਕਿਰਤ ਤੇ ਉਸਾਰੀ ਯੂਨੀਅਨ ਲਿਮਟਿਡ ਗੁਰਦਾਸਪੁਰ' ਵੱਲੋਂ 16ਵਾਂ ਲਾਭ ਵੰਡ ਸਮਾਗਮ ਸਥਾਨਕ ਪੀਡਬਲਿਊਡੀ ਰੈਸਟ ਹਾਊਸ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਸ਼ਾਮਿਲ ਹੋਏ। ਸਮਾਗਮ ਦੌਰਾਨ ਦੀ ਗੁਰਦਾਸਪੁਰ ਸਹਿਕਾਰੀ ਕਿਰਤ ਤੇ ਉਸਾਰੀ ਯੂਨੀਅਨ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ 16ਵੇਂ ਲਾਭ ਵੰਡ ਸਮਾਗਮ ਦੀ ਵਧਾਈ ਦਿੰਦਿਆਂ ਚੇਅਰਮੈਨ ਬਹਿਲ ਨੇ ਕਿਹਾ ਕਿ ਇਹ ਯੂਨੀਅਨ ਪਿਛਲੇ ਲੰਮੇ ਸਮੇਂ ਤੋਂ ਬੜੀ ਸਫਲਤਾ ਨਾਲ ਚੱਲ ਰਹੀ ਹੈ। ਇਸਦੀ ਖਾਸ ਗੱਲ ਇਹ ਹੈ ਕਿ ਯੂਨੀਅਨ ਦਾ ਜੋ ਵੀ ਲਾਭ ਹੁੰਦਾ ਹੈ ਉਸਨੂੰ ਆਪਣੇ ਮੈਂਬਰਾਂ ਤੇ ਕਿਰਤੀਆਂ ਵਿੱਚ ਵੰਡਿਆਂ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਭ੍ਰਿਸ਼ਟਾਚਾਰ ਰਹਿਤ ਸਾਜ਼ਗਾਰ ਮਾਹੌਲ ਤਿਆਰ ਕਰ ਰਹੀ ਹੈ ਤਾਂ ਜੋ ਸੂਬੇ ਵਿੱਚ ਕਾਰੋਬਾਰ ਅਤੇ ਵਪਾਰ ਸਮੇਤ ਹਰ ਖੇਤਰ ਦਾ ਕੰਮ-ਕਾਜ ਵਧੇ-ਫੁਲੇ। ਉਨ੍ਹਾਂ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਰਕਾਰੀ ਵਿਭਾਗਾਂ ਵਿੱਚ ਕਰਵਾਏ ਜਾਂਦੇ ਵਿਕਾਸ ਕਾਰਜਾਂ ਵਿੱਚ ਸਹਿਕਾਰੀ ਕਿਰਤ ਯੂਨੀਅਨਾਂ ਨੂੰ ਵੱਧ ਤੋਂ ਵੱਧ ਮੌਕਾ ਦਿੱਤਾ ਜਾਵੇ। ਇਸ ਮੌਕੇ ਉਨ੍ਹਾਂ ਨੇ ਯੂਨੀਅਨ ਮੈਂਬਰਾਂ ਨੂੰ ਭਰੋਸਾ ਦਿੱਤਾ ਉਨ੍ਹਾਂ ਦੀਆਂ ਜੋ ਵੀ ਮੰਗਾਂ ਹਨ ਉਹ ਸਰਕਾਰ ਦੇ ਧਿਆਨ ਵਿੱਚ ਲਿਆਉਣਗੇ। ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਸਾਰੀ ਮਜ਼ਦੂਰਾਂ ਨੂੰ ਕਿਰਤ ਵਿਭਾਗ ਰਾਹੀਂ ਰਜਿਸਟਰਡ ਕਰਕੇ ਵੱਖ-ਵੱਖ ਭਲਾਈ ਸਕੀਮਾਂ ਦਾ ਲਾਭ ਦਿੱਤਾ ਜਾ ਰਿਹਾ ਹੈ। ਉਨ੍ਹਾਂ ਸੁਸਾਇਟੀ ਦੇ ਮੈਂਬਰਾਂ ਨੂੰ ਕਿਹਾ ਕਿ ਜੇਕਰ ਉਨ੍ਹਾਂ ਦੇ ਮੈਂਬਰ ਅਜੇ ਤੱਕ ਉਸਾਰੀ ਮਜ਼ਦੂਰ ਬੋਰਡ ਨਾਲ ਰਜਿਸਟਰਡ ਨਹੀਂ ਹੋਏ ਤਾਂ ਉਹ ਕਿਰਤ ਵਿਭਾਗ ਦੇ ਦਫ਼ਤਰ ਜਾ ਕੇ ਆਪਣਾ ਨਾਮ ਦਰਜ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਉਸਾਰੀ ਕਿਰਤੀਆਂ ਦੀ ਭਲਾਈ ਲਈ ਵਚਨਬੱਧ ਹੈ। ਇਸ ਮੌਕੇ ਬਹਿਲ ਨੇ ਯੂਨੀਅਨ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਸਨਮਾਨਤ ਵੀ ਕੀਤਾ। ਸਮਾਗਮ ਦੌਰਾਨ 'ਦੀ ਗੁਰਦਾਸਪੁਰ ਸਹਿਕਾਰੀ ਕਿਰਤ ਤੇ ਉਸਾਰੀ ਯੂਨੀਅਨ ਲਿਮਟਿਡ ਗੁਰਦਾਸਪੁਰ' ਦੇ ਚੇਅਰਮੈਨ ਬਲਵੰਤ ਸਿੰਘ, ਵਾਈਸ ਚੇਅਰਮੈਨ ਭੁਪਿੰਦਰਜੀਤ ਸਿੰਘ, ਸਾਬਕਾ ਚੇਅਰਮੈਨ ਇੰਦਰਜੀਤ ਸਿੰਘ, ਮੈਨੇਜਰ ਪ੍ਰੇਮ ਮਸੀਹ, ਨੀਰਜ ਸਲਹੋਤਰਾ, ਸੁਖਜਿੰਦਰ ਸਿੰਘ, ਹਰਪ੍ਰੀਤ ਸਿੰਘ, ਜਗਤਾਰ ਸਿੰਘ ਗੌਂਸਲ ਅਤੇ ਪ੍ਰੇਮ ਸਿੰਘ ਤੋਂ ਇਲਾਵਾ ਵੀ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ




**ਪਠਾਨਕੋਟ (ਦਵਿੰਦਰ ਸਿੰਘ)**-ਨੈਸ਼ਨਲ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮੋਹਾਲੀ ਦੇ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਕਰਦੇ ਹੋਏ12 ਨਵੰਬਰ ਨੂੰ ਲਗਾਈ ਗਈ ਨੈਸ਼ਨਲ ਲੋਕ ਅਦਾਲਤ ਵਿੱਚ ਮੁਹੰਮਦ ਗੁਲਜ਼ਾਰ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਠਾਨਕੋਟ ਦੀ ਅਗਵਾਈ ਹੇਠ 8 ਬੈਂਚ ਬਣਾਏ ਗਏ ਸਨ ਜਿਸ ਵਿੱਚ ਮੁਹੰਮਦ ਗੁਲਜ਼ਾਰ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ -ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪ੍ਰਿਤਪਾਲ ਸਿੰਘ, ਪ੍ਰਿੰਸੀਪਲ ਜੱਜ (ਫੈਮਲੀ ਕੋਰਟ), ਅਮਨ ਸ਼ਰਮਾ, ਸਿਵਲ ਜੱਜ (ਸੀਨੀਅਰ ਡਵੀਜ਼ਨ), ਮਾਨਵ, ਸੀ.ਜੇ.ਐਮ., ਡੇਜੀ ਬਾਂਗੜ, ਵਧੀਕ ਸਿਵਲ ਜੱਜ (ਸੀਨੀਅਰ ਡਵੀਜ਼ਨ), ਚੰਦਨ ਹੰਸ, ਸਿਵਲ ਜੱਜ (ਜੂਨੀਅਰ ਡਵੀਜ਼ਨ), ਗੁਰਦੇਵ ਸਿੰਘ, ਸਿਵਲ ਜੱਜ (ਜੂਨੀਅਰ ਡਵੀਜ਼ਨ), ਪਰਮਿੰਦਰ ਪਿੰਦੂ, ਸਿਵਲ ਜੱਜ (ਜੂਨੀਅਰ ਡਵੀਜ਼ਨ), ਪਠਾਨਕੋਟ ਦੇ ਬੈਂਚ ਲਗਾਏ ਗਏ ਜਿਸ ਵਿਚ ਹਰ ਇਕ ਬੈਂਚ ਦੇ ਨਾਲ ਦੋ ਮੈਂਬਰਾਂ ਦੀ ਡਿਊਟੀ ਲਗਾਈ। ਇਸ ਮੌਕੇ ਰੰਜੀਵ ਪਾਲ ਸਿੰਘ ਚੀਮਾ, ਸੈਕਟਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਠਾਨਕੋਟ ਵੀ ਮੌਜੂਦ ਸਨ। ਇਸ ਨੈਸ਼ਨਲ ਲੋਕ ਅਦਾਲਤ ਵਿਚ ਪੈਂਡਿੰਗ ਅਤੇ ਪ੍ਰੀ-ਲਿਟੀਗੇਟਿਵ ਕੇਸਾਂ ਦੀ ਸੁਣਵਾਈ ਕੀਤੀ ਗਈ। ਕੁੱਲ 3374 ਕੇਸ ਰੱਖੇ ਗਏ ਸਨ ਜਿਸ ਵਿੱਚ 1146 ਕੇਸਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ ਅਤੇ ਵੱਖ-ਵੱਖ ਕੇਸਾਂ ਵਿਚ 8,18,48,719 ਦੇ ਐਵਾਰਡ ਪਾਸ ਕੀਤੇ ਗਏ। ਇਸ ਤੋਂ ਇਲਾਵਾ ਮੌਜੂਦ ਲੋਕਾਂ ਨੂੰ ਲੋਕ ਅਦਾਲਤਾਂ ਦੇ ਫਾਇਦਿਆਂ ਬਾਰੇ ਦੱਸਿਆ ਗਿਆ ਅਤੇ ਇਹ ਵੀ ਦੱਸਿਆ ਗਿਆ ਕਿ ਲੋਕ ਅਦਾਲਤਾਂ ਰਾਹੀਂ ਹੋਣ ਵਾਲੇ ਫੈਸਲੇ ਦੋਵਾਂ ਧਿਰਾਂ ਦੀ ਰਜ਼ਾਮੰਦੀ ਨਾਲ ਹੁੰਦੇ ਹਨ ਅਤੇ ਇਸ ਫੈਸਲੇ ਵਿਰੁੱਧ ਕੋਈ ਵੀ ਅਪੀਲ ਦਾਇਰ ਨਹੀਂ ਹੋ ਸਕਦੀ।

# ਪ੍ਰਿੰ. ਸੁਜਾਨ ਸਿੰਘ ਯਾਦਗਾਰੀ ਸਨਮਾਨ ਸਮਾਰੋਹ 4 ਨੂੰ




**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪੰਜਾਬੀ ਕਹਾਣੀ ਦੇ ਪਿਤਾਮਾ ਪ੍ਰਿੰ. ਸੁਜਾਨ ਸਿੰਘ ਦੀ ਯਾਦ ਨੂੰ ਸਮਰਪਿਤ 'ਪ੍ਰਿੰ. ਸੁਜਾਨ ਸਿੰਘ ਯਾਦਗਾਰੀ ਸਨਮਾਨ ਸਮਾਰੋਹ' ਦੀ ਤਿਆਰੀ ਹਿੱਤ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੀ ਵਿਸ਼ੇਸ਼ ਇਕੱਤਰਤਾ ਸਾਹਿਤ ਕੇਂਦਰ ਦੇ ਕਾਰਜਕਾਰੀ ਪ੍ਰਧਾਨ ਸੁਲੱਖਣ ਸਰਹੱਦੀ ਦੀ ਪ੍ਰਧਾਨਗੀ ਹੇਠ ਰਾਮ ਸਿੰਘ ਦੱਤ ਯਾਦਗਾਰੀ ਭਵਨ ਗੁਰਦਾਸਪੁਰ ਵਿਖੇ ਹੋਈ। ਇਸ ਇਕੱਤਰਤਾ ਦੇ ਆਰੰਭ ਵਿੱਚ ਪ੍ਰਿੰ. ਸੁਜਾਨ ਸਿੰਘ ਦੀ ਬੇਟੀ ਸੁਰਜੀਤ ਕੌਰ ਦੇ ਸਦੀਵੀ ਵਿਛੋੜਾ ਦੇ ਜਾਣ 'ਤੇ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਮਗਰੋਂ ਅਜੰਡੇ 'ਤੇ ਵਿਚਾਰ ਚਰਚਾ ਦੌਰਾਨ ਇਸ ਵਾਰ ਦਾ ਪ੍ਰਿੰ. ਸੁਜਾਨ ਸਿੰਘ ਯਾਦਗਾਰੀ ਸਨਮਾਨ ਸਮਾਰੋਹ 4 ਦਸੰਬਰ ਦਿਨ ਐਤਵਾਰ ਨੂੰ ਕਰਵਾਉਣ ਦਾ ਫੈਸਲਾ ਕੀਤਾ ਗਿਆ। ਇਸ ਦੇ ਨਾਲ ਹੀ ਸਨਮਾਨਤ ਕੀਤੇ ਜਾਣ ਵਾਲੇ ਕਲਮਕਾਰਾਂ ਅਤੇ ਬੁੱਧੀਜੀਵੀਆਂ ਦੇ ਨਾਵਾਂ 'ਤੇ ਵੀ ਵਿਚਾਰ ਚਰਚਾ ਕੀਤੀ ਗਈ। ਇਸ ਵਾਰ ਦਾ ਇਹ ਯਾਦਗਾਰੀ ਸਨਮਾਨ ਬਹੁਪੱਖੀ ਸ਼ਖਸੀਅਤ ਦੀ ਮਾਲਕ ਅਤੇ ਪ੍ਰਸਿੱਧ ਕਹਾਣੀਕਾਰਾ ਕੁਲਬੀਰ ਬਡੇਸਰੋਂ (ਮੁੰਬਈ) ਨੂੰ ਦੇਣ ਦਾ ਫੈਸਲਾ ਕੀਤਾ ਗਿਆ ਅਤੇ ਪ੍ਰਿੰ. ਸੁਜਾਨ ਸਿੰਘ ਦੀ ਸੋਚ ਨੂੰ ਸਮਰਪਤ ਵਿਚਾਰ ਚਰਚਾ ਦਾ ਵਿਸ਼ਾ ਰਹੇਗਾ 'ਵਧ ਰਹੀ ਫਿਰਕਾਪ੍ਰਸਤੀ ਅਤੇ ਫਾਸ਼ੀਵਾਦ'। ਇਸ ਸਮਾਰੋਹ ਦੇ ਮੁੱਖ ਬੁਲਾਰਾ ਸੁਪ੍ਰਸਿੱਧ ਵਿਦਵਾਨ ਡਾਕਟਰ ਨਵਸ਼ਰਨ ਕੌਰ ਹੋਣਗੇ। ਇਸ ਵਾਰ ਦਾ ਉਤਸ਼ਾਹ ਵਰਧਕ ਪੁਰਸਕਾਰ ਕਹਾਣੀਕਾਰਾ ਜਸਪਾਲ ਕੌਰ ਨੂੰ ਦਿੱਤਾ ਜਾਵੇਗਾ, ਜਦਕਿ ਡਾ. ਨਿਰਮਲ ਸਿੰਘ ਆਜ਼ਾਦ ਦੀ ਯਾਦ ਵਿੱਚ ਦਿੱਤਾ ਜਾਣ ਵਾਲਾ ਸਨਮਾਨ ਇਸ ਵਾਰ ਪ੍ਰਸਿੱਧ ਅਰਥਸ਼ਾਸਤਰੀ ਅਤੇ ਪੰਜਾਬ ਦੇ ਸਿਰ ਚੜ੍ਹੇ ਕਰਜ਼ੇ ਦੀ ਬਰੀਕੀ ਨਾਲ ਘੋਖ ਪੜਤਾਲ ਕਰਨ ਵਾਲੇ ਡਾ ਬਿਕਰਮ ਸਿੰਘ ਵਿਰਕ ਨੂੰ ਦੇਣ ਦਾ ਫੈਸਲਾ ਕੀਤਾ ਗਿਆ। ਇਸ ਤੋਂ ਇਲਾਵਾ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਹੋਣ ਜਾ ਰਹੀ ਚੋਣ 'ਤੇ ਵੀ ਵਿਚਾਰਾਂ ਹੋਈਆਂ। ਇਸ ਇਕੱਤਰਤਾ ਵਿੱਚ ਸੁਲੱਖਣ ਸਿੰਘ ਸਰਹੱਦੀ, ਡਾ. ਰਜਵਿੰਦਰ ਕੌਰ, ਮੱਖਣ ਸਿੰਘ ਕੁਹਾੜ, ਡਾ. ਲੇਖ ਰਾਜ, ਤਰਸੇਮ ਸਿੰਘ ਭੰਗੂ, ਮੰਗਤ ਚੰਚਲ, ਸੀਤਲ ਸਿੰਘ ਗੁੰਨੋਪੁਰੀ, ਸੁਭਾਸ਼ ਦੀਵਾਨਾ, ਗੁਰਮੀਤ ਸਿੰਘ ਬਾਜਵਾ, ਸੋਹਣ ਸਿੰਘ, ਬੂਟਾ ਰਾਮ ਆਜ਼ਾਦ, ਗੁਰਪ੍ਰੀਤ ਸਿੰਘ ਰੰਗੀਲਪੁਰ, ਸੁਖਵਿੰਦਰ ਸਿੰਘ ਰੰਧਾਵਾ ਅਤੇ ਸੁੱਚਾ ਸਿੰਘ ਪਸਨਾਵਾਲ ਆਦਿ ਨੇ ਭਾਗ ਲਿਆ।

# ਕਿਸਾਨ-ਮਜ਼ਦੂਰ ਜਥੇਬੰਦੀ ਵੱਲੋਂ ਪੱਕੇ ਮੋਰਚੇ 'ਚ ਸ਼ਾਮਲ ਹੋਣ ਦਾ ਸੱਦਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪ੍ਰਧਾਨ ਸਤਨਾਮ ਸਿੰਘ ਪੰਨੂੰ ਤੇ ਜ: ਸਕੱਤਰ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਪਿਛਲੇ 8 ਸਾਲਾਂ ਵਿੱਚ ਭਾਰਤ ਵਿੱਚ ਖੇਤੀਬਾੜੀ ਉਦਯੋਗਿਕ ਪੈਦਾਵਾਰ ਘੱਟ ਰਹੀ ਹੈ ਤੇ ਜਨਤਕ ਅਦਾਰਿਆਂ ਵਿੱਚ ਨੌਕਰੀਆਂ ਘੱਟ ਰਹੀਆਂ ਹਨ। ਇੱਕ ਡਾਲਰ ਦੀ ਕੀਮਤ 83 ਰੁਪਏ ਹੋ ਚੁੱਕੀ ਹੈ ਤੇ ਮਹਿੰਗਾਈ ਦਰ ਲਗਾਤਾਰ ਵਧ ਰਹੀ ਹੈ, ਪਿਛਲੇ 10 ਮਹੀਨਿਆਂ ਤੋਂ ਮਹਿੰਗਾਈ ਦਰ ਛੇ ਫੀਸਦੀ ਤੋਂ ਜ਼ਿਆਦਾ ਹੈ। ਦੇਸ਼ ਵਿੱਚ ਆਰਥਿਕ ਪਾੜਾ ਵਧਣ ਨਾਲ 1% ਲੋਕਾਂ ਪਾਸ ਦੇਸ਼ ਦਾ 73 ਫੀਸਦੀ ਧਨ ਇਕੱਠਾ ਹੋ ਚੁੱਕਾ ਹੈ ਤੇ ਦੇਸ਼ ਦੇ ਹਾਕਮਾਂ ਤੇ ਜਨਤਾ ਵਿਚ ਦੂਰੀ ਵਧ ਗਈ ਹੈ। ਜੇਕਰ ਹਾਲਾਤ ਇਸ ਤਰ੍ਹਾਂ ਬਣੇ ਰਹੇ ਤਾਂ 2023 ਵਿੱਚ ਗਲੋਬਲ ਆਰਥਿਕ ਸੰਕਟ ਵਿਚ ਭਾਰਤ ਚਲਿਆ ਜਾਵੇਗਾ ਤੇ ਹੋਰ ਦੇਸ਼ ਵੀ ਇਸ ਦੀ ਲਪੇਟ ਵਿਚ ਆਉਣਗੇ, ਜਿਵੇਂ ਮਲੇਸ਼ੀਆ, ਇੰਡੋਨੇਸ਼ੀਆ, ਬੰਗਲਾਦੇਸ਼, ਪਾਕਿਸਤਾਨ ਆਦਿ ਵਿਚ ਵੱਡੀ ਉਥਲ-ਪੁਥਲ ਹੋ ਸਕਦੀ ਹੈ। ਕਿਸਾਨ ਆਗੂਆਂ ਨੇ ਦੇਸ਼ ਦੇ ਅਰਥਚਾਰੇ ਦੇ ਡੁੱਬਣ ਦੀ ਪਸ਼ੀਨਗੋਈ ਕਰਦਿਆਂ ਪੰਜਾਬ ਭਰ ਦੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ 26 ਨਵੰਬਰ ਤੋਂ ਪੰਜਾਬ ਭਰ ਦੇ ਦਫ਼ਤਰਾਂ ਅੱਗੇ ਲੱਗਣ ਵਾਲੇ ਧਰਨਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦਾ ਸੱਦਾ ਦਿੱਤਾ ਤਾਂ ਜੋ ਕਿਸਾਨਾਂ-ਮਜ਼ਦੂਰਾਂ ਦੇ ਮਸਲੇ ਕੇਂਦਰ ਤੇ ਪੰਜਾਬ ਸਰਕਾਰ ਅੱਗੇ ਰੱਖੇ ਜਾ ਸਕਣ। ਕਿਸਾਨ ਆਗੂਆਂ ਨੇ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਕਾਰਪੋਰੇਟ ਪੱਖੀ ਨਿੱਜੀਕਰਨ ਦੀਆਂ ਨੀਤੀਆਂ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਕਿ ਖੇਤੀ ਨੀਤੀ ਬਣਾਈ ਜਾਵੇ, ਕਿਸਾਨਾਂ ਤੇ ਮਜ਼ਦੂਰਾਂ ਦਾ ਕਰਜ਼ਾ ਖ਼ਤਮ, ਡਾ: ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ, 23 ਫ਼ਸਲਾਂ ਦੀ ਖ਼ਰੀਦ ਦੀ ਗਾਰੰਟੀ ਦਾ ਕਾਨੂੰਨ ਬਣਾਉਣ, 17.5 (ਸਾਢੇ ਸਤਾਰਾਂ) ਹੱਦਬੰਦੀ ਕਾਨੂੰਨ ਲਾਗੂ ਕਰਕੇ ਕਰੋੜਾਂ ਏਕੜ ਸਰਪਲੱਸ ਜ਼ਮੀਨ ਬੇਜ਼ਮੀਨੇ ਤੇ ਥੁੜ ਜ਼ਮੀਨਿਆਂ ਵਿੱਚ ਵੰਡੀ ਜਾਵੇ।

# ਖੇਤੀਬਾੜੀ ਬਲਾਕ ਅਫਸਰ ਨੂੰ ਬਹਾਲ ਕਰਨ 'ਤੇ ਸਰਕਾਰ ਦਾ ਧੰਨਵਾਦ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਬੀਤੇ ਦਿਨੀਂ ਪੱਟੀ ਬਲਾਕ ਦੇ ਖੇਤੀਬਾੜੀ ਅਫਸਰ ਭੁਪਿੰਦਰ ਸਿੰਘ ਨੂੰ ਸਰਕਾਰ ਵੱਲੋਂ ਸਸਪੈਂਡ ਕਰ ਦਿੱਤਾ ਦਿੱਤਾ ਗਿਆ ਸੀ। ਕਿਸਾਨ ਜਥੇਬੰਦੀਆਂ ਤੇ ਕਿਸਾਨ ਭੁਪਿੰਦਰ ਸਿੰਘ ਦੀ ਵਧੀਆ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਖੇਤੀਬਾੜੀ ਅਫਸਰ ਦੇ ਹੱਕ ਵਿਚ ਨਿੱਤਰੀਆਂ। ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਪੰਜਾਬ ਦੇ ਕਿਸਾਨ ਆਗੂ ਸੋਨੂੰ ਸਭਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਪੱਟੀ ਤੋਂ ਬਲਾਕ ਭੁਪਿੰਦਰ ਸਿੰਘ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਹਵਾਲੇ ਕਰਨ ਨਾਲ ਵਾਤਾਵਰਣ ਮਨੁੱਖ ਤੇ ਪੰਛੀਆਂ ਨੂੰ ਹੋਣ ਵਾਲੇ ਨੁਕਸਾਨ ਸਬੰਧੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਪਿੰਡਾਂ 'ਚ ਕੈਂਪ ਲਗਾ ਕੇ ਜਾਗਰੂਕ ਕੀਤਾ ਗਿਆ। ਪੱਟੀ ਹਲਕੇ ਤੋਂ ਭੁਪਿੰਦਰ ਸਿੰਘ ਦੀ ਵਧੀਆ ਕਾਰਗੁਜ਼ਾਰੀ ਕਾਰਨ ਸਰਕਾਰ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਸੂਬੇ ਅੰਦਰ ਪਰਾਲੀ ਸਾੜਨ ਦੇ ਮਾਮਲੇ ਵੱਧਣ ਕਾਰਨ ਬੀਤੇ ਦਿਨੀਂ ਭੁਪਿੰਦਰ ਸਿੰਘ ਨੂੰ ਸਰਕਾਰ ਵੱਲੋਂ ਸਸਪੈਂਡ ਕਰ ਦਿੱਤਾ ਗਿਆ ਸੀ। ਕਿਸਾਨ ਜਥੇਬੰਦੀਆਂ ਤੇ ਕਿਸਾਨਾਂ ਵੱਲੋਂ ਖੇਤੀਬਾੜੀ ਅਫਸਰ ਦੀ ਵਧੀਆ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਬਹਾਲ ਕਰਨ ਦੀ ਅਪੀਲ ਕੀਤੀ ਗਈ ਸੀ। ਸਰਕਾਰ ਵੱਲੋਂ ਭੁਪਿੰਦਰ ਸਿੰਘ ਨੂੰ ਬਹਾਲ ਕਰਨ 'ਤੇ ਜਥੇਬੰਦੀਆਂ ਵੱਲੋਂ ਸਰਕਾਰ ਦਾ ਧੰਨਵਾਦ ਕੀਤਾ ਗਿਆ।

# ਬਾਪੂ ਬਲਕੌਰ ਸਿੰਘ ਤੇ ਬਲਵਿੰਦਰ ਸਿੰਘ ਸੇਖੋਂ ਨਾਲ ਵਿਚਾਰ-ਵਟਾਂਦਰਾ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਤਰਕਸ਼ੀਲ ਸੁਸਾਇਟੀ ਗੁਰਦਾਸਪੁਰ ਇਕਾਈ ਦੇ ਆਗੂਆਂ ਨੇ 11 ਡਿਗਰੀਆਂ ਪ੍ਰਾਪਤ ਸਾਦੇ ਪਹਿਰਾਵੇ ਵਾਲੇ ਇਤਿਹਾਸਕਾਰ ਬਾਪੂ ਬਲਕੌਰ ਸਿੰਘ ਅਤੇ ਨਿਧੜਕ ਰਿਟਾਇਰਡ ਡੀਐੱਸਪੀ ਬਲਵਿੰਦਰ ਸਿੰਘ ਸੇਖੋਂ ਨਾਲ ਵਿਚਾਰ-ਵਟਾਂਦਰਾ ਕੀਤਾ। ਬਾਪੂ ਬਲਕੌਰ ਸਿੰਘ ਨੇ ਤਰਕਸ਼ੀਲ ਲਹਿਰ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪੁਜਾਰੀ, ਤਾਂਤਰਿਕ ਅਤੇ ਜੋਤਸ਼ੀ ਵਗੈਰਾ ਲੋਕਾਂ ਨੂੰ ਗੁੰਮਰਾਹ ਕਰਨ ਲਈ ਵਿਗਿਆਨ ਦੀ ਵਿਰੋਧਤਾ ਕਰਦੇ ਹਨ ਪਰ ਵਿਗਿਆਨ ਤੋਂ ਬਗੈਰ ਇੱਕ ਦਿਨ ਵੀ ਅਸੀਂ ਜੀ ਨਹੀਂ ਸਕਦੇ। ਉਨ੍ਹਾਂ ਕਿਹਾ ਕਿ ਚੋਰ, ਡਾਕੂ ਤਾਂ ਜ਼ਿਆਦਾਤਰ ਅਮੀਰਾਂ ਨੂੰ ਲੁੱਟਦੇ ਹਨ ਪਰ ਇਹ ਤਾਂਤਰਿਕ ਅਮੀਰ-ਗਰੀਬ ਸਭ ਨੂੰ ਲੁੱਟਦੇ ਹਨ। ਹਾਕਮ ਸ਼੍ਰੇਣੀ ਅਕਸਰ ਲੁਟੇਰਿਆਂ ਦੇ ਹੱਕ ਵਿੱਚ ਭੁਗਤਦੀ ਹੈ। ਡੀਐੱਸਪੀ ਬਲਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਵਿਗਿਆਨਕ ਸੋਚ ਦਾ ਪ੍ਰਚਾਰ ਜ਼ਰੂਰੀ ਹੈ। ਭੂਤਾਂ-ਪਰੇਤਾਂ ਦੀ ਅਣਹੋਂਦ ਬਾਰੇ ਜਾਗਰੂਕ ਕਰਨਾ ਵੀ ਠੀਕ ਹੈ ਪਰ ਨਾਲ-ਨਾਲ ਸਾਬਕਾ ਮੰਤਰੀ ਆਸ਼ੂ ਵਰਗੇ ਭਰਿਸ਼ਟ ਜਿਊਂਦੇ ਭੂਤ ਫੜਨਾ ਵੀ ਬਹੁਤ ਜ਼ਰੂਰੀ ਹੈ। ਇਨ੍ਹਾਂ ਦੋਵਾਂ ਸ਼ਖਸੀਅਤਾਂ ਨੇ ਤਰਕਸ਼ੀਲਾਂ ਦੀ ਪ੍ਰਸ਼ੰਸਾ ਕਰਨ ਦੇ ਨਾਲ-ਨਾਲ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਤਰਕਸ਼ੀਲ ਆਗੂਆਂ ਵਿੱਚ ਤਰਲੋਚਨ ਸਿੰਘ, ਰਾਜੂ ਝਾਖੋਲਾੜੀ, ਕੰਵਲਜੀਤ ਸਿੰਘ, ਡਾਕਟਰ ਅਜੇ ਪਾਲ ਅਤੇ ਡਾਕਟਰ ਰਾਜ ਸਿੰਘ ਸ਼ਾਮਲ ਸਨ।

# ਬੁੱਢਾ ਦਲ ਪਬਲਿਕ ਸਕੂਲ ਵਿਖੇ ਪੁਨਰ ਜਾਗਰੂਕਤਾ ਸਾਲਾਨਾ ਸਮਾਗਮ ਕਰਵਾਇਆ





**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਬੁੱਢਾ ਦਲ ਪਬਲਿਕ ਸਕੂਲ ਪਟਿਆਲਾ ਵਿਖੇ 'ਪੁਨਰ ਜਾਗਰੂਕਤਾ' ਸਾਲਾਨਾ ਸਮਾਗਮ ਬੜੇ ਹੀ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਦਾ ਆਗਾਜ਼ ਸ਼ਮ੍ਹਾ ਰੌਸ਼ਨ ਕਰਕੇ ਸ਼ਬਦ ਗਾਇਨ ਨਾਲ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਵੱਖ-ਵੱਖ ਵਿਸ਼ਿਆਂ ਅਤੇ ਦ੍ਰਿਸ਼ਾਂ ਦੇ ਨਾਲ ਇੱਕ ਦਿਲਕਸ਼ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿੱਚ ਪ੍ਰੀ-ਨਰਸਰੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ। ਛੋਟੇ-ਛੋਟੇ ਬੱਚਿਆਂ ਨੂੰ ਸੰਗੀਤ ਦੀ ਧੁਨ 'ਤੇ ਨੱਚਦੇ ਦੇਖ ਕੇ ਹਰ ਕੋਈ ਖੁਸ਼ ਸੀ। ਛੋਟੇ ਬੱਚਿਆਂ ਦੁਆਰਾ 'ਸਮਾਗਮ ਜੀ ਆਇਆਂ' ਦੀ ਪੇਸ਼ਕਾਰੀ ਅਤੇ 'ਕਾਰਟੂਨਾਂ ਦੀ ਅਦਭੁਤ ਦੁਨੀਆਂ' ਨੇ ਦਰਸ਼ਕਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਲਿਆ ਦਿੱਤੀ। 'ਗਲੋਬਲ ਪੈਨੋਰਮਾ', 'ਦਾ ਵਰਲਡ ਆਫ਼ ਮੀਡੀਆ' ਅਤੇ 'ਫਿਟਨੈੱਸ ਮੇਨੀਆ' ਦੇ ਸ਼ਾਨਦਾਰ ਪ੍ਰਦਰਸ਼ਨਾਂ ਦਾ ਦਰਸ਼ਕਾਂ ਵੱਲੋਂ ਤਾੜੀਆਂ ਨਾਲ ਸਵਾਗਤ ਕੀਤਾ ਗਿਆ। ਪ੍ਰੋਗਰਾਮ 'ਦੇਸ਼ ਭਗਤੀ ਦੇ ਜੋਸ਼' ਅਤੇ 'ਮੇਰਾ ਭਾਰਤ ਮੇਰਾ ਗੌਰਵ' ਨੇ ਸਾਰਿਆਂ ਦੇ ਦਿਲਾਂ ਨੂੰ ਛੂਹ ਲਿਆ। ਨਿੱਕੇ-ਨਿੱਕੇ ਬੱਚਿਆਂ ਦੁਆਰਾ ਪੇਸ਼ ਕੀਤੇ ਗਏ ਰਵਾਇਤੀ ਅਤੇ ਜੋਸ਼ੀਲੇ ਲੋਕ ਨਾਚ ਭੰਗੜੇ ਨੇ ਵੀ ਸਾਰਿਆਂ ਦੇ ਮਨ ਨੂੰ ਟੁੰਬ ਲਿਆ। ਸਮਾਗਮ ਦਾ ਸ਼ੁਭ ਆਰੰਭ ਸਕੂਲ ਦੇ ਮੁੱਖ ਸਰਪ੍ਰਸਤ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਆਸ਼ੀਰਵਾਦ ਨਾਲ ਹੋਇਆ। ਗੁਰਪ੍ਰੀਤ ਸਿੰਘ ਬਿੰਦ ਏ. ਡੀ. ਸੀ. ਨੇ ਮੁੱਖ ਮਹਿਮਾਨ ਵਜੋਂ ਅਤੇ ਮਨਪ੍ਰੀਤ ਕੌਰ ਤੇ ਸਿਮਰਤ ਕੌਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਕੇ ਸਮਾਗਮ ਦੀ ਸ਼ੋਭਾ ਵਧਾਈ। ਇਸ ਮੌਕੇ ਸਕੂਲ ਪ੍ਰਧਾਨ ਸੁਖਵਿੰਦਰਜੀਤ ਕੌਰ, ਸਕੂਲ ਦੇ ਡਾਇਰੈਕਟਰ ਅਤੇ ਸਲਾਹਕਾਰ ਐਡਵੋਕੇਟ ਕਰਨ ਰਾਜਬੀਰ ਸਿੰਘ ਅਤੇ ਹਰਪ੍ਰੀਤ ਕੌਰ, ਪ੍ਰਿੰ. ਨਰਿੰਦਰ ਕੌਰ, ਪ੍ਰਿੰ. ਬੁੱਢਾ ਦਲ ਪਬਲਿਕ ਸਕੂਲ, ਸਮਾਣਾ ਅਤੇ ਅਮਨਦੀਪ ਕੌਰ, ਇੰਚਾਰਜ ਜੂਨੀਅਰ ਵਿੰਗ ਪਟਿਆਲਾ ਉਚੇਚੇ ਤੌਰ 'ਤੇ ਸ਼ਾਮਲ ਹੋਏ।

# ਕਬੀਰ ਮੰਦਿਰ ਫੱਜੂਪੁਰ ਦੇ ਸੰਸਥਾਪਕ ਬਾਬਾ ਮੰਗਲ ਦਾਸ ਦੀ ਬਰਸੀ ਮਨਾਈ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪ੍ਰਬੰਧਕ ਕਮੇਟੀ ਸਤਿਗੁਰ ਕਬੀਰ ਮੰਦਿਰ (ਰਜਿ:) ਫੱਜੂਪੁਰ ਧਾਰੀਵਾਲ ਦੇ ਪ੍ਰਬੰਧਾਂ ਹੇਠ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਾਬਾ ਮੰਗਲ ਦਾਸ ਜੀ ਦੀ ਸਾਲਾਨਾ ਬਰਸੀ ਸਤਿਗੁਰ ਕਬੀਰ ਮੰਦਿਰ ਫੱਜੂਪੁਰ ਵਿਖੇ ਬੜੀ ਸ਼ਰਧਾ ਨਾਲ ਮਨਾਈ ਗਈ। ਇਸ ਮੌਕੇ ਭਾਈ ਗੁਰਮੀਤ ਸਿੰਘ ਧਾਰੀਵਾਲ ਵਾਲਿਆਂ ਨੇ ਸਤਿਗੁਰੂ ਕਬੀਰ ਜੀ ਦੀ ਬਾਣੀ ਤੇ ਕਥਾ ਵਿਚਾਰਾਂ ਕਰਦਿਆਂ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਬਾਬਾ ਮੰਗਲ ਦਾਸ ਜੀ ਦੀ ਜੀਵਨੀ ਅਤੇ ਉਨ੍ਹਾਂ ਦੇ ਕੀਤੇ ਕੰਮਾਂ ਬਾਰੇ ਚਾਨਣਾ ਪਾਇਆ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਗੁਰਬਚਨ ਸਿੰਘ ਜ਼ਿਲ੍ਹੇਦਾਰ ਨੇ ਨਿਭਾਈ ਅਤੇ ਤਰਲੋਕ ਲਾਲ ਏਡੀਓ ਨੇ ਹਾਜ਼ਰ ਸਮੂਹ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਸਤਿਗੁਰ ਕਬੀਰ ਮੰਦਰ ਕਮੇਟੀ ਦੇ ਪ੍ਰਧਾਨ ਅਸ਼ਵਨੀ ਫੱਜੂਪੁਰ, ਮੁੱਖ ਸੇਵਾਦਾਰ ਕੁੰਦਨ ਲਾਲ, ਗੁਰਬਚਨ ਸਿੰਘ ਜ਼ਿਲ੍ਹੇਦਾਰ ਸੈਕਟਰੀ, ਤਰਲੋਕ ਲਾਲ ਏਡੀਓ, ਪ੍ਰੇਮ ਭਗਤ ਕੈਸ਼ੀਅਰ, ਪ੍ਰੇਮਪਾਲ ਪੰਮਾ, ਕੀਮਤੀ ਲਾਲ, ਪ੍ਰੇਮ ਸਿੰਘ ਬੇਦੀ ਕਾਲੋਨੀ, ਬਲਵਿੰਦਰ ਬਿੰਦਾ, ਹਰੀ ਰਾਮ, ਸਾਈਂ ਦਾਸ ਭਗਤ, ਤਲਵਿੰਦਰ ਹੈਪੀ, ਮਾਸਟਰ ਸੁਭਾਸ਼ ਚੰਦਰ, ਡਾ: ਕਮਲਜੀਤ ਸਿੰਘ, ਸਰਪੰਚ ਬਲਵਿੰਦਰਪਾਲ ਟਾਕ ਫੱਜੂਪੁਰ, ਰਾਮ ਲੁਭਾਇਆ, ਬਾਊ ਹੰਸ ਰਾਜ, ਮਹਿੰਦਰਪਾਲ ਭਗਤ ਪ੍ਰਧਾਨ ਰਣੀਆਂ, ਪ੍ਰੇਮ ਪਾਲ ਲੰਬੜਦਾਰ ਲੇਹਲ, ਮਹਿੰਦਰਪਾਲ ਲੰਬੜਦਾਰ ਅਹਿਮਦਾਬਾਦ, ਰਤਨ ਲਾਲ ਨੰਬਰਦਾਰ ਫੱਤੇਨੰਗਲ, ਦੇਸ ਰਾਜ ਭਗਤ ਜਫਰਵਾਲ, ਜਤਿੰਦਰ ਭਗਤ ਦੀਨਪੁਰ, ਮਾਸਟਰ ਰਾਜ ਕੁਮਾਰ, ਬਾਪੂ ਤਰਲੋਚਨ ਸਿੰਘ, ਮਾਸਟਰ ਸੰਸਾਰ ਚੰਦ, ਮਾਸਟਰ ਗੁਰਦੇਵ ਸਿੰਘ, ਪਵਨ ਕੁਮਾਰ ਪੰਚਾਇਤ ਮੈਂਬਰ, ਐਡਵੋਕੇਟ ਲਲਿਤ ਪ੍ਰਸ਼ਾਦ, ਏਐੱਸਆਈ ਰਾਜ ਕੁਮਾਰ, ਮੈਡਮ ਸੰਤੋਸ਼ ਭਗਤ, ਕਾਂਤਾ ਭਗਤ, ਪੁਸ਼ਪਾ ਦੇਵੀ, ਸ਼੍ਰਿਸ਼ਟਾ ਦੇਵੀ ਅਤੇ ਰਾਮ ਲੁਭਾਈ ਆਦਿ ਸਮੇਤ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

ਨਵਾਂ ਜ਼ਮਾਨਾ

ਸੋਮਵਾਰ, 14 ਨਵੰਬਰ 2022

# ਹਿਮਾਚਲ ਚੋਣਾਂ ਕੌਣ ਜਿੱਤੂ

ਹਿਮਾਚਲ ਵਿਧਾਨ ਸਭਾ ਚੋਣਾਂ ਦਾ ਕੰਮ ਅਮਨ-ਅਮਾਨ ਨਾਲ ਨੇਪਰੇ ਚੜ੍ਹ ਗਿਆ ਹੈ। ਆਖ਼ਰੀ ਖ਼ਬਰਾਂ ਮੁਤਾਬਕ ਉਥੇ ਰਿਕਾਰਡ ਤੋੜ 75 ਫ਼ੀਸਦੀ ਦੇ ਕਰੀਬ ਵੋਟਿੰਗ ਹੋਈ ਹੈ। ਚੋਣ ਨਤੀਜੇ 8 ਦਸੰਬਰ ਨੂੰ ਆਉਣੇ ਹਨ। ਉਦੋਂ ਤੱਕ ਹਰ ਕੋਈ ਆਪਣੇ ਹਿਸਾਬ ਨਾਲ ਅੰਦਾਜ਼ੇ ਲਾਉਂਦਾ ਰਹੇਗਾ ਕਿ ਕੌਣ ਜਿੱਤ ਰਿਹਾ ਹੈ। ਕਾਂਗਰਸ ਦੀ ਸਰਕਾਰ ਬਣ ਰਹੀ ਹੈ ਜਾਂ ਭਾਜਪਾ ਫਿਰ ਵਾਪਸੀ ਕਰ ਰਹੀ ਹੈ। ਆਮ ਤੌਰ ਉਤੇ ਕਿਹਾ ਜਾਂਦਾ ਹੈ ਕਿ ਜੇਕਰ ਘੱਟ ਵੋਟਿੰਗ ਹੋਵੇ ਤਾਂ ਸੱਤਾਧਾਰੀ ਪਾਰਟੀ ਨੂੰ ਨੁਕਸਾਨ ਹੁੰਦਾ ਹੈ ਤੇ ਜੇ ਵੱਧ ਹੋਵੇ ਤਾਂ ਉਸ ਦੀ ਵਾਪਸੀ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ, ਪਰ ਪਿਛਲੇ ਨਤੀਜਿਆਂ 'ਤੇ ਝਾਤ ਮਾਰੀ ਜਾਵੇ ਤਾਂ ਹਿਮਾਚਲ ਵਿੱਚ ਇਹ ਫਾਰਮੂਲਾ ਕਾਰਗਰ ਨਹੀਂ ਹੁੰਦਾ ਰਿਹਾ।

1990 ਦੀਆਂ ਹਿਮਾਚਲ ਵਿਧਾਨ ਸਭਾ ਚੋਣਾਂ ਵਿੱਚ 67.76 ਫ਼ੀਸਦੀ ਵੋਟਿੰਗ ਹੋਈ ਸੀ। ਭਾਜਪਾ ਨੇ ਪਹਿਲੀ ਵਾਰ 46 ਸੀਟਾਂ ਜਿੱਤ ਕੇ ਸਰਕਾਰ ਬਣਾਈ ਸੀ। ਕਾਂਗਰਸ ਨੂੰ ਸਿਰਫ਼ 9 ਸੀਟਾਂ ਮਿਲੀਆਂ ਸਨ। ਅਗਲੀਆਂ ਚੋਣਾਂ 1993 ਵਿੱਚ ਹੋਈਆਂ ਸਨ। ਇਸ ਚੋਣ ਵਿੱਚ 71.50 ਫ਼ੀਸਦੀ ਵੋਟਿੰਗ ਹੋਈ ਸੀ। ਕਾਂਗਰਸ ਨੇ 52 ਸੀਟਾਂ ਜਿੱਤ ਕੇ ਸਰਕਾਰ ਬਣਾਈ ਸੀ। ਭਾਜਪਾ ਨੂੰ 8 ਸੀਟਾਂ ਮਿਲੀਆਂ ਸਨ। 1998 ਵਿੱਚ 71.23 ਫ਼ੀਸਦੀ ਵੋਟਿੰਗ ਹੋਈ ਸੀ। ਭਾਜਪਾ ਤੇ ਕਾਂਗਰਸ ਨੂੰ 31-31 ਸੀਟਾਂ ਮਿਲੀਆਂ ਸਨ। ਇਨ੍ਹਾਂ ਚੋਣਾਂ ਵਿੱਚ ਸੁਖਰਾਮ ਦੀ ਹਿਮਾਚਲ ਵਿਕਾਸ ਕਾਂਗਰਸ ਨੇ 5 ਸੀਟਾਂ ਜਿੱਤ ਕੇ ਭਾਜਪਾ ਨੂੰ ਹਮਾਇਤ ਦੇ ਦਿੱਤੀ ਸੀ। ਇਸ ਤਰ੍ਹਾਂ ਭਾਜਪਾ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਗਈ ਸੀ। 2003 ਵਿੱਚ ਹੋਈਆਂ ਅਗਲੀਆਂ ਚੋਣਾਂ ਵਿੱਚ 73.51 ਫ਼ੀਸਦੀ ਵੋਟਿੰਗ ਹੋਈ ਸੀ। ਕਾਂਗਰਸ ਨੂੰ 43 ਤੇ ਭਾਜਪਾ ਨੂੰ 16 ਸੀਟਾਂ ਮਿਲੀਆਂ ਸਨ। ਸਰਕਾਰ ਕਾਂਗਰਸ ਦੀ ਬਣੀ ਸੀ। 2007 ਵਿੱਚ ਹੋਈਆਂ ਚੋਣਾਂ ਵਿੱਚ 71.6 ਫ਼ੀਸਦੀ ਵੋਟਿੰਗ ਹੋਈ ਸੀ। ਇਨ੍ਹਾਂ ਚੋਣਾਂ ਵਿੱਚ ਭਾਜਪਾ ਨੂੰ 41 ਤੇ ਕਾਂਗਰਸ ਨੂੰ 23 ਸੀਟਾਂ ਮਿਲੀਆਂ ਸਨ। ਸਰਕਾਰ ਭਾਜਪਾ ਦੀ ਬਣ ਗਈ ਸੀ। 2012 ਵਿੱਚ 73.51 ਫ਼ੀਸਦੀ ਵੋਟਿੰਗ ਹੋਈ ਸੀ। ਕਾਂਗਰਸ ਨੂੰ 36 ਤੇ ਭਾਜਪਾ ਨੂੰ 26 ਸੀਟਾਂ ਮਿਲੀਆਂ ਤੇ ਸਰਕਾਰ ਕਾਂਗਰਸ ਦੀ ਬਣ ਗਈ ਸੀ। 2017 ਦੀਆਂ ਚੋਣਾਂ ਵਿੱਚ 75.57 ਫੀਸਦੀ ਵੋਟਿੰਗ ਹੋਈ ਸੀ। ਭਾਜਪਾ ਨੂੰ 44 ਤੇ ਕਾਂਗਰਸ ਨੂੰ 21 ਸੀਟਾਂ ਮਿਲੀਆਂ ਸਨ। ਇਸ ਤਰ੍ਹਾਂ ਸਰਕਾਰ ਭਾਜਪਾ ਦੀ ਬਣ ਗਈ ਸੀ।

ਉਪਰੋਕਤ ਅੰਕੜਿਆਂ ਤੋਂ ਸਾਫ਼ ਹੈ ਕਿ ਵੋਟਿੰਗ ਦੇ ਪੈਟਰਨ ਤੋਂ ਕਿਸੇ ਦੀ ਜਿੱਤ-ਹਾਰ ਦਾ ਨਤੀਜਾ ਨਹੀਂ ਕੱਢਿਆ ਜਾ ਸਕਦਾ। ਅਸਲ ਵਿੱਚ ਜਨਤਾ ਦੇ ਆਪਣੇ ਮਸਲੇ ਤੇ ਇੱਛਾਵਾਂ ਹੁੰਦੀਆਂ ਹਨ। ਉਨ੍ਹਾਂ ਨੂੰ ਸਾਹਮਣੇ ਰੱਖ ਕੇ ਵੋਟਰ ਵੋਟ ਦਾ ਫ਼ੈਸਲਾ ਕਰਦਾ ਹੈ। ਹਿਮਾਚਲ ਚੋਣਾਂ ਵਿੱਚ ਹਮੇਸ਼ਾ ਦੋ ਵਰਗਾਂ ਦਾ ਰੁਖ ਹੀ ਇਹ ਫ਼ੈਸਲਾ ਕਰਦਾ ਰਿਹਾ ਹੈ ਕਿ ਸਰਕਾਰ ਕਿਸ ਦੀ ਬਣੇਗੀ। ਇਨ੍ਹਾਂ ਵਿੱਚੋਂ ਇੱਕ ਹੈ, ਸੇਬਾਂ ਦੀ ਖੇਤੀ ਕਰਨ ਵਾਲੇ ਕਿਸਾਨ ਤੇ ਦੂਜਾ ਸਰਕਾਰੀ ਮੁਲਾਜ਼ਮ। ਹਿਮਾਚਲ ਵਿੱਚ 10 ਲੱਖ ਪਰਵਾਰ ਖੇਤੀ ਨਾਲ ਜੁੜੇ ਹੋਏ ਹਨ ਤੇ 50 ਫੀਸਦੀ ਰਕਬੇ ਵਿੱਚ ਸੇਬਾਂ ਦੀ ਖੇਤੀ ਹੁੰਦੀ ਹੈ। ਇਨ੍ਹਾਂ ਤੋਂ ਇਲਾਵਾ ਟਰਾਂਸਪੋਰਟਰ, ਡੱਬਾ ਉਦਯੋਗ ਤੇ ਪੈਕਿੰਗ ਕਰਨ ਵਾਲਿਆਂ ਦੀ ਵੱਡੀ ਗਿਣਤੀ ਵੀ ਸੇਬਾਂ ਦੀ ਖੇਤੀ 'ਤੇ ਨਿਰਭਰ ਹੈ। ਹਿਮਾਚਲ ਵਿੱਚ ਕੁੱਲ ਵੋਟਰ 55 ਲੱਖ ਹਨ, ਜਿਨ੍ਹਾਂ ਵਿੱਚੋਂ ਇੱਕ-ਤਿਹਾਈ ਤੋਂ ਵੱਧ ਇਸ ਕਿੱਤੇ ਨਾਲ ਜੁੜੇ ਹੋਏ ਹਨ। ਪਿਛਲੇ ਸਮੇਂ ਤੋਂ ਸੇਬਾਂ ਦੀ ਖੇਤੀ ਕਰਨ ਵਾਲੇ ਕਿਸਾਨ ਬਹੁਤ ਖ਼ਰਾਬ ਹਾਲਤ ਵਿੱਚੋਂ ਗੁਜ਼ਰ ਰਹੇ ਹਨ। ਇਸ ਦਾ ਮੁੱਖ ਕਾਰਨ ਹੈ ਅਡਾਨੀ ਸਮੂਹ। ਅਡਾਨੀ ਸਮੂਹ ਕੁਲ ਸੇਬ ਉਤਪਾਦਨ ਦਾ 3-4 ਫ਼ੀਸਦੀ ਖਰੀਦਦਾ ਹੈ, ਪਰ ਮੁੱਲ ਉਹ ਤੈਅ ਕਰ ਦਿੰਦਾ ਹੈ, ਜਿਸ ਕਾਰਨ ਬਾਕੀ ਖਰੀਦਦਾਰ ਉਸੇ ਭਾਅ 'ਤੇ ਖ਼ਰੀਦਣ ਲਈ ਕਿਸਾਨਾਂ ਨੂੰ ਮਜਬੂਰ ਕਰਦੇ ਹਨ। ਫਸਲ ਬਰਬਾਦ ਹੋਣ ਦੇ ਡਰੋਂ ਕਿਸਾਨਾਂ ਨੂੰ ਸੇਬ ਲਾਗਤ ਤੋਂ ਵੀ ਘੱਟ ਕੀਮਤ ਉੱਤੇ ਵੇਚਣਾ ਪੈਂਦਾ ਹੈ। ਅਡਾਨੀ ਸਮੂਹ ਨੇ 2017 ਵਿੱਚ ਏ ਗਰੇਡ ਸੇਬ ਦੀ ਕੀਮਤ 85 ਰੁਪਏ ਕਿਲੋ ਤੈਅ ਕੀਤੀ ਸੀ। ਹੁਣ ਜਦੋਂ ਮਹਿੰਗਾਈ ਨੇ ਲਾਗਤ ਖਰਚੇ 50 ਫ਼ੀਸਦੀ ਤੱਕ ਵਧਾ ਦਿੱਤੇ ਹਨ, ਅਡਾਨੀ ਸਮੂਹ ਨੇ ਏ ਗਰੇਡ ਸੇਬ ਦਾ ਰੇਟ ਤੈਅ ਕੀਤਾ ਹੈ 76 ਰੁਪਏ ਕਿਲੋ। ਰਾਜ ਭਰ ਵਿੱਚ ਸੇਬ ਦੀ ਪੈਕਿੰਗ ਦਾ ਖਰਚਾ 900 ਕਰੋੜ ਰੁਪਏ ਸਾਲਾਨਾ ਹੈ, ਇਸ ਉਤੇ 18 ਫ਼ੀਸਦੀ ਜੀ ਐੱਸ ਟੀ ਲਗਦੀ ਹੈ। ਇਸ ਹਾਲਤ ਨੇ ਸੇਬ ਉਤਪਾਦਕਾਂ ਵਿੱਚ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ ਹੈ। ਸੇਬ ਉਤਪਾਦਕਾਂ ਦੇ 28 ਸੰਗਠਨਾਂ ਨੇ 5 ਅਗਸਤ ਨੂੰ ਸ਼ਿਮਲਾ ਵਿੱਚ ਰੈਲੀ ਕੱਢ ਕੇ ਆਪਣੇ ਗੁੱਸੇ ਦਾ ਇਜ਼ਹਾਰ ਕੀਤਾ ਸੀ। ਹਿਮਾਚਲ ਦੀ ਰਾਜਨੀਤੀ ਵਿੱਚ ਸੇਬ ਦੀ ਵੱਡੀ ਮਹੱਤਤਾ ਹੈ। ਇਹ ਸਰਕਾਰਾਂ ਨੂੰ ਬਣਾ ਵੀ ਸਕਦਾ ਤੇ ਡੇਗ ਵੀ ਸਕਦਾ ਹੈ। 1990 ਵਿੱਚ ਸੇਬ ਕਿਸਾਨਾਂ ਦਾ ਅੰਦੋਲਨ ਐੱਮ ਐੱਸ ਪੀ ਦੀ ਮੰਗ ਨੂੰ ਲੈ ਕੇ ਸ਼ੁਰੂ ਹੋਇਆ ਸੀ। 22 ਜੁਲਾਈ 1990 ਨੂੰ ਕਿਸਾਨਾਂ ਦੇ ਪ੍ਰਦਰਸ਼ਨ ਉਤੇ ਪੁਲਸ ਵੱਲੋਂ ਕੀਤੀ ਫਾਇਰਿੰਗ ਨਾਲ ਤਿੰਨ ਕਿਸਾਨ ਸ਼ਹੀਦ ਹੋ ਗਏ ਸਨ। ਸ਼ਾਂਤਾਕੁਮਾਰ ਦੀ ਸਰਕਾਰ ਨੂੰ ਇਸ ਦਾ ਖਮਿਆਜ਼ਾ 1993 ਦੀਆਂ ਚੋਣਾਂ ਵਿੱਚ ਭੁਗਤਣਾ ਪਿਆ ਸੀ। ਇਨ੍ਹਾਂ ਚੋਣਾਂ ਵਿੱਚ ਕਾਂਗਰਸ ਨੂੰ 52 ਸੀਟਾਂ ਮਿਲੀਆਂ ਤੇ ਭਾਜਪਾ 8 ਸੀਟਾਂ ਤੱਕ ਸੁੰਗੜ ਗਈ ਸੀ। ਹਿਮਾਚਲ ਦੀਆਂ 20-25 ਸੀਟਾਂ 'ਤੇ ਸੇਬ ਉਤਪਾਦਕ ਕਿਸਾਨਾਂ ਦੀ ਵੋਟ ਫੈਸਲਾਕੁੰਨ ਹੁੰਦੀ ਹੈ।

ਹਿਮਾਚਲ ਦੀ ਰਾਜਨੀਤੀ ਵਿੱਚ ਦੂਜਾ ਅਹਿਮ ਹੈ ਮੁਲਾਜ਼ਮ ਵਰਗ। ਇਸ ਸਮੇਂ ਮੁਲਾਜ਼ਮਾਂ ਦੀ ਗਿਣਤੀ 2.25 ਲੱਖ ਤੇ ਪੈਨਸ਼ਨਰਾਂ ਦੀ 1.90 ਲੱਖ ਹੈ। ਯਾਨਿ ਕੁੱਲ 4.15 ਲੱਖ ਪਰਵਾਰ 55 ਲੱਖ ਵੋਟਰਾਂ ਵਿੱਚੋਂ ਇਹ ਵੀ ਇੱਕ-ਤਿਹਾਈ ਦੇ ਕਰੀਬ ਬਣ ਜਾਂਦੇ ਹਨ। ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਸਾਂਝੇ ਤੌਰ ਉੱਤੇ ਨਿਊ ਪੈਨਸ਼ਨ ਸਕੀਮ ਇੰਪਲਾਈਜ਼ ਐਸੋਸੀਏਸ਼ਨ (ਐੱਨ ਪੀ ਐੱਸ ਈ ਏ) ਨਾਂਅ ਹੇਠ ਜਥੇਬੰਦੀ ਬਣਾਈ ਹੋਈ ਹੈ। ਇਸ ਦੀਆਂ ਸਮੁੱਚੇ 110 ਬਲਾਕਾਂ ਵਿੱਚ ਬਰਾਂਚਾਂ ਹਨ। ਕੇਂਦਰੀ ਦਫ਼ਤਰ 70 ਮੁਲਾਜ਼ਮਾਂ ਚਲਾਉਂਦੇ ਹਨ। ਇਸ ਦਾ ਆਪਣਾ ਆਈ ਟੀ ਸੈਲ ਹੈ। ਫੇਸਬੁਕ ਉਤੇ 73 ਹਜ਼ਾਰ ਮੈਂਬਰ ਹਨ। ਵੱਖਰੇ-ਵੱਖਰੇ ਹੋਰ ਵੀ ਫੇਸਬੁਕ ਪੰਨੇ ਹਨ। ਇਹ ਪਿਛਲੇ ਲੰਮੇ ਸਮੇਂ ਤੋਂ ਪੁਰਾਣੀ ਪੈਨਸ਼ਨ ਸਕੀਮ (ਓ ਪੀ ਐੱਸ) ਦੀ ਬਹਾਲੀ ਨੂੰ ਲੈ ਕੇ ਮੁਹਿੰਮ ਚਲਾ ਰਹੇ ਹਨ। ਇਨ੍ਹਾਂ ਦਾ ਇਕੋ ਨਾਅਰਾ ਹੈ ਵੋਟ ਫਾਰ ਓ ਪੀ ਐੱਸ। ਪਿਛਲੇ ਸਾਲ ਫਰਵਰੀ ਵਿੱਚ ਇਨ੍ਹਾਂ ਮੁਲਾਜ਼ਮਾਂ ਨੇ ਮੁੱਖ ਮੰਤਰੀ ਦੇ ਹਲਕੇ ਮੰਡੀ ਤੋਂ ਸ਼ਿਮਲਾ ਮੁੱਖ ਮੰਤਰੀ ਦੀ ਰਹਾਇਸ਼ ਤੱਕ ਮਾਰਚ ਕੱਢਿਆ ਸੀ। ਮੁੱਖ ਮੰਤਰੀ ਨੇ ਮਿਲਣ ਦੀ ਥਾਂ ਇਨ੍ਹਾਂ ਉਤੇ ਲਾਠੀਚਾਰਜ ਕਰਾ ਦਿੱਤਾ। ਕਾਂਗਰਸ ਨੇ ਚੋਣ ਮੈਨੀਫੈਸਟੋ ਵਿੱਚ ਵਾਅਦਾ ਕੀਤਾ ਹੈ ਕਿ ਸਰਕਾਰ ਬਣਨ ਉਤੇ ਉਹ 10 ਦਿਨਾਂ ਵਿੱਚ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰ ਦੇਵੇਗੀ। 2017 ਵਿੱਚ ਭਾਜਪਾ ਇਹੋ ਵਾਅਦਾ ਕਰਕੇ ਹੀ ਚੋਣ ਜਿੱਤੀ ਸੀ, ਪਰ ਹੁਣ ਪੂਰਾ ਕਰਨ ਤੋਂ ਮੁੱਕਰ ਚੁੱਕੀ ਹੈ। ਪੁਰਾਣੀ ਪੈਨਸ਼ਨ ਬਹਾਲੀ ਦਾ ਮੁੱਦਾ ਕਿੰਨਾ ਅਹਿਮ ਹੈ, ਇਸ ਤੱਥ ਤੋਂ ਪਤਾ ਲਗਦਾ ਹੈ ਕਿ ਭਾਜਪਾ ਨੇ ਮੁਲਾਜ਼ਮਾਂ ਦੀ ਇਸ ਜਥੇਬੰਦੀ ਦੀ ਚੋਣ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਹੈ ਕਿ ਇਸ ਦੇ ਮੁਲਾਜ਼ਮ ਰਾਜਨੀਤੀ ਕਰਦੇ ਹਨ। ਪੁਰਾਣੀ ਤੇ ਨਵੀਂ ਪੈਨਸ਼ਨ ਸਕੀਮ ਦਾ ਅੰਤਰ ਦੇਖੋ; ਜੇਕਰ ਮੁਲਾਜ਼ਮ ਦੀ ਤਨਖਾਹ 40 ਹਜ਼ਾਰ ਹੈ ਤਾਂ ਉਸ ਨੂੰ ਪੈਨਸ਼ਨ 50 ਫ਼ੀਸਦੀ ਯਾਨੀ 20 ਹਜ਼ਾਰ ਰੁਪਏ ਮਿਲਦੀ ਸੀ, ਪਰ ਨਵੀਂ ਸਕੀਮ ਅਧੀਨ ਤਨਖਾਹ ਦੇ 40 ਫੀਸਦੀ ਉਪਰ ਸਿਰਫ਼ ਵਿਆਜ ਮਿਲੇਗਾ, ਜੋ 2000 ਰੁਪਏ ਦੇ ਕਰੀਬ ਬਣਦਾ ਹੈ। ਇਸ ਤੋਂ ਇਲਾਵਾ ਬੇਰੁਜ਼ਗਾਰੀ ਦਾ ਮੁੱਦਾ ਵੀ ਅਹਿਮ ਹੈ। ਬੇਰੁਜ਼ਗਾਰੀ ਦੀ ਕੌਮੀ ਔਸਤ 7.8 ਫੀਸਦੀ ਹੈ, ਪਰ ਹਿਮਾਚਲ ਵਿੱਚ ਇਹ 9.2 ਫ਼ੀਸਦੀ ਹੈ।

ਇਨ੍ਹਾਂ ਸਾਰੇ ਤੱਥਾਂ ਦੇ ਬਾਵਜੂਦ ਜੇਕਰ ਭਾਜਪਾ ਜਿੱਤ ਜਾਂਦੀ ਹੈ ਤਾਂ ਇਹ ਕ੍ਰਿਸ਼ਮਾ ਹੀ ਹੋਵੇਗਾ।

-ਚੰਦ ਫਤਿਹਪੁਰੀ

# ਧੂੰਏਂ ਦੇ ਉੱਠਦੇ ਗੁਬਾਰ ਠੱਲ੍ਹਣ ਲਈ ਲੋੜ ਹੈ ਸਰਬ-ਸਾਂਝੇ ਅਮਲਾਂ ਦੀ

**ਮਾ. ਲਖਵਿੰਦਰ ਸਿੰਘ ਰਈਆ**

ਕੁਦਰਤ ਨੇ ਜੀਵਨ ਰਚਨਾ ਲਈ ਸੂਰਜੀ ਪਰਵਾਰ ਵਿੱਚੋਂ ਧਰਤੀ ਨੂੰ 'ਮਾਂ' ਦਾ ਮਾਣ ਦਿੰਦਿਆਂ ਇਸ ਦੇ ਅੰਦਰ ਬਾਹਰ ਅਜਿਹਾ ਮਾਹੌਲ ਸਿਰਜਿਆ ਕਿ ਇਸ ਉੱਪਰ ਖਾਸ ਪ੍ਰਕਾਰ ਦੀ ਉਤਪਤੀ ਹੋ ਸਕੇ। ਇਸ ਉਤਪਤੀ ਲਈ ਲੋੜੀਂਦੇ ਵਾਤਾਵਰਣ, ਜਿਸ ਵਿੱਚ ਹਵਾ,ਪਾਣੀ ਤੇ ਰੌਸ਼ਨੀ ਆਦਿ ਦੀ ਉਚੇਚੇ ਤੌਰ 'ਤੇ ਵਿਵਸਥਾ ਕੀਤੀ ਹੋਈ ਹੈ। ਜਿਸ ਸਦਕਾ ਹੀ ਜੀਵਨ ਦੀਆਂ ਬਹੁਤ ਸਾਰੀਆਂ ਜਾਤੀਆਂ/ਪ੍ਰਜਾਤੀਆਂ ਅਤੇ ਅਨੇਕਾਂ ਪ੍ਰਕਾਰ ਦੇ ਜੀਵ ਜੰਤੂਆਂ / ਬਨਸਪਤੀਆਂ ਦੇ ਸਿਰਜਣ ਤੇ ਵਿਗਸਣ ( ਜੀਵਨ ਮਰਨ) ਦਾ ਪ੍ਰਚਲਨ ਨਿਰੰਤਰ ਜਾਰੀ ਹੈ।

ਵਾਤਾਵਰਣ ਦਾ ਬਹੁਤ ਹੀ ਮਹੱਤਵਪੂਰਨ ਅੰਗ ਹਵਾ ਜੋ ਵੱਖ -ਵੱਖ ਗੈਸਾਂ ਦਾ ਸਮੂਹ ਹੈ ਤੇ ਇੱਕ ਅਦਿੱਖ ਪਰ ਮਹਿਸੂਸ ਹੋਣ ਵਾਲਾ ਪਾਰਦਰਸ਼ੀ ਰੰਗਹੀਣ ਕੁਦਰਤ ਦਾ ਵਿਸ਼ੇਸ਼ ਵਹਾਅਕ ਅੰਸ਼ ਹੈ। ਇਸ ਵਹਾਅਕ ਸਮੂਹ ਵਿੱਚ ਨਾਈਟ੍ਰੋਜਨ 78%, ਆਕਸੀਜਨ 21%, ਆਰਗਨ 0.93, ਕਾਰਬਨਡਾਇਆਕਸਾਈਡ 0.04 % , ਅਤੇ ਨਿਆਨ, ਹੀਲੀਅਮ, ਮੀਥੇਨ, ਕਿਰਪਟਾਨ , ਹਾਈਡ੍ਰੋਜਨ, ਨਾਈਟਰਸ ਆਕਸਾਈਡ ਤੇ ਜੀਨਾਨ ਗੈਸਾਂ ਆਇਤਨ ਪ੍ਰਤੀਸ਼ਤ ਅਨੁਸਾਰ ਮੌਜੂਦ ਹਨ। ਇਹਨਾਂ ਗੈਸਾਂ ਦਾ ਕੁਦਰਤੀ ਆਇਤਨ ਸੰਤੁਲਨ ਧਰਤੀ ਤੇ ਇਸ ਦੇ ਆਲੇ ਦੁਆਲੇ ਵਿੱਚ ਕਾਫੀ ਡੂੰਘਾ ਤੇ ਪ੍ਰਭਾਵਸ਼ਾਲੀ ਹੈ। ਗੈਸਾਂ ਦੀ ਇਹ ਆਇਤਨ ਇਕਸਾਰਤਾ ਨੂੰ ਬਣਾਈ ਰੱਖਣ ਵਿਚ ਵਾਯੂਮੰਡਲੀ ਹਰਕਤ ਦਾ ਬੜਾ ਯੋਗਦਾਨ ਹੁੰਦਾ ਹੈ। ਧਰਤੀ ਤੋਂ ਕਰੀਬ 90 ਕਿਲੋਮੀਟਰ ਦੂਰੀ ਤੋਂ ਬਾਅਦ ਹੀ ਇਸ ਇਕਸਾਰਤਾ ਵਿੱਚ ਕੁਝ ਬਦਲਾਅ ਹੋਣਾ ਸ਼ੁਰੂ ਹੁੰਦਾ ਹੈ।

ਬੇਸ਼ੱਕ ਹਵਾ ਵਿਚਲੀਆਂ ਸਭ ਗੈਸਾਂ ਦਾ ਇਹ ਵਹਾਅਕ ਮਿਸ਼ਰਨ ਸਭ ਪ੍ਰਕਾਰ ਦੇ ਜਨਜੀਵਨ ਲਈ ਬਹੁਤ ਹੀ ਮਹੱਤਵਪੂਰਨ ਹੈ। ਪਰ ਸਾਹ ਪ੍ਰਣਾਲੀ ਉੱਪਰ ਨਿਰਭਰ ਮਨੁੱਖ ਸਮੇਤ ਕਰੀਬ ਹਰ ਜੀਵ ਜੰਤੂਆਂ ਦਾ ਜੀਵਨ ਚਲਦਾ ਰੱਖਣ ਲਈ ਸੁਆਸਾਂ ਵਿਚਲੀ ਸੰਜੀਵਨੀ ਗੈਸ ਆਕਸੀਜਨ ਹੀ ਹੁੰਦੀ ਹੈ, ਜੋ ਹਰੇਕ ਅੰਗ ਤੱਕ ਪਹੁੰਚ ਕੇ ਜੀਵਨ ਦਾਤੀ ਬਣਦੀ ਹੈ। ਜਿਸ ਦਾ ਸ਼ੀਸ਼ਾ ਕਰੋਨਾ ਕਾਲ ਨੇ ਹੀ ਸਭ ਨੂੰ ਵਿਖਾ ਦਿੱਤਾ ਹੈ। ਖੁਰਾਕੀ ਤੱਤਾਂ (ਖਾਣ-ਪੀਣ) ਤੋਂ ਬਗੈਰ ਕੁਝ ਦਿਨ ਤੱਕ ਦਾ ਸਮਾਂ ਵੀ ਨਿਕਲ ਸਕਦਾ ਹੈ ਪਰ ਸਵੱਸਥ ਸਾਹਾਂ ਤੋਂ ਬਗੈਰ ਕੁਝ ਪਲ ਵੀ ਨਹੀਂ ਕੱਢੇ ਜਾ ਸਕਦੇ। ਨਿਢਾਲ/ਬੇਸੁਰਤ ਸਰੀਰ ਵਿੱਚ ਵੀ ਚਲਦੇ ਸੁਆਸ ਹੀ ਜੀਵਨ ਦੀ ਜਾਗਦੀ ਜੋਤ ਦਾ ਸਬੂਤ ਹੁੰਦੇ ਹਨ। ਸੁਆਸ ਬੰਦ ਹੋਣ 'ਤੇ ਹੀ ਜੀਵਨ ਦਾ ਅੰਤ ਹੁੰਦਾ ਹੈ।

ਸੁੱਖ ਸਹੂਲਤਾਂ ਦੀ ਹੱਦੋਂ ਵੱਧ ਗੁਲਾਮੀ ਵਿੱਚ ਫਸੇ ਅਰਾਮਪ੍ਰਸਤ ਅਜੋਕੇ ਮਨੁੱਖ ਦੀ ਬਹੁਤਾਤ ਵੱਲੋਂ ਬਹੁਤ ਸਾਰੇ ਅਜਿਹੇ ਸਾਧਨਾਂ ਦੀ ਵਰਤੋਂ ਕਰਨਾ, ਫਿਰ ਅਜਿਹੇ ਸਾਧਨਾਂ ਦੀ ਪੂਰਤੀ/ ਪ੍ਰਾਪਤੀ ਲਈ ਧਨ ਦਾ ਲਾਲਚ ਤੇ ਫਿਰ ਧਨ ਦੀ ਪ੍ਰਾਪਤੀ ਲਈ ਅਜਿਹੇ ਕੰਮ ਧੰਦੇ ਅਪਨਾਏ ਜਾਣੇ ਅਤੇ ਉਤਪਾਦਨ ਹੋਣੇ ਜੋ ਵੱਡੀ ਮਾਤਰਾ ਵਿੱਚ ਪ੍ਰਦੂਸ਼ਣ ਫੈਲਾਉਣ ਦੇ ਵੱਡੇ ਕਾਰਨ ਬਣੇ ਹੋਏ ਹਨ। ਇਸ ਦੇ ਨਾਲ ਨਾਲ ਅੰਧਾਧੁੰਦ ਰੁੱਖਾਂ ਦੀ ਵਢਾਈ ਵੀ ਹਵਾ ਵਿਚਲੀਆਂ ਗੈਸਾਂ ਦੇ ਸੰਤੁਲਨ ਨੂੰ ਵਿਗਾੜਨ ਵਿੱਚ ਵੱਡਾ ਰੋਲ ਅਦਾ ਕਰ ਰਹੀ ਹੈ।

ਪ੍ਰਦੂਸ਼ਣ ਦਾ ਸਭ ਤੋਂ ਵੱਡਾ ਕਾਰਨ ਬਣੇ ਧੂੰਏ 'ਤੇ ਬਿਆਨਬਾਜ਼ੀ (ਚਰਚਾ) ਪਿਛਲੇ ਕੁਝ ਅਰਸੇ ਤੋਂ ਪੂਰੇ ਜ਼ੋਰਾਂ 'ਤੇ ਹੈ। ਪਰ ਦ੍ਰਿੜ੍ਹਤਾ ਭਰੇ ਅਮਲਾਂ /ਕਰਮਾਂ ਤੋਂ ਕੋਹਾਂ ਦੂਰ। ਭ੍ਰਿਸ਼ਟਾਚਾਰੀ ਸਿਸਟਮ ਵਿੱਚ ਸਿਰਫ ਪ੍ਰਦੂਸ਼ਣ ਕਲੀਅਰ ਦੇ ਫਰਜ਼ੀ ਸਰਟੀਫਿਕੇਟਾਂ /ਕਲੀਨ ਚਿੱਟਾਂ ਨਾਲ ਹੀ ਬੁਤਾ ਸਾਰਿਆ ਜਾ ਰਿਹਾ ਹੈ। ਧੂੰਆਂ ਭਾਵੇਂ ਹਮੇਸ਼ਾ ਚਲਦੇ ਕਾਰਖਾਨਿਆਂ, ਭੱਠਿਆਂ ਦੀਆਂ ਧੁਖਦੀਆਂ ਚਿਮਨੀਆਂ, ਬੇਹਤਾਸ਼ਾ ਚਲਦੇ ਵਾਹਨਾਂ ਦੇ ਸੜਦੇ ਤੇਲਾਂ, ਬੀੜੀਆਂ/ ਸਿਗਰਟਾਂ/ਚਿਲਮਾਂ ਅਤੇ ਤਿੱਥਾਂ ਤਿਉਹਾਰਾਂ 'ਤੇ ਚਲਦੀ ਬੇਹੂਦਾ ਆਤਿਸਬਾਜ਼ੀ ਦਾ ਹੋਵੇ ਤੇ ਭਾਵੇਂ ਮੌਸਮੀ (ਸਾਲ ਬਾਅਦ) ਸੜਦੀ ਪਰਾਲੀ ਦਾ ਹੋਵੇ । ਧੂੰਆਂ ਤਾਂ ਆਖਰ ਧੂੰਆਂ ਹੀ ਹੁੰਦਾ ਹੈ ਜੋ ਆਪਣਾ ਰੰਗ ਵਿਖਾਉਂਦਾ ਹੀ ਵਿਖਾਉਂਦਾ ਹੈ । ਜਾਨੀ ਵਾਤਾਵਰਣ ਦਾ ਸੱਤਿਆਨਾਸ ਵੀ ਕਰਦਾ ਹੀ ਕਰਦਾ ਹੈ ਤੇ ਹਵਾ ਵਿਚਲੇ ਕੁਦਰਤੀ ਗੈਸੀ ਮਿਸ਼ਰਨ ਵਿੱਚ ਵੱਡੀ ਗੜਬੜ ਪੈਦਾ ਕਰਕੇ ਸਾਡੇ ਲਏ ਜਾਣ ਵਾਲੇ ਸਾਹਾਂ ਨੂੰ ਵੀ ਅੱਤ ਦਰਜੇ ਤੱਕ ਜ਼ਹਿਰੀਲਾ ਬਣਾਉਂਦਾ ਹੈ। ਫਿਰ ਹਰ ਸੁਆਸ ਨਾਲ ਵੱਡੀ ਮਾਤਰਾ ਵਿੱਚ ਗਈ ਇਹ ਜ਼ਹਿਰ ਸਾਡੇ ਸਰੀਰਾਂ ਵਿਚ ਫਿਰ ਕਿਹੜਾ ਭਲਾ ਗੁਜ਼ਾਰੂ ? ਫਿਰ ਬਿਮਾਰੀਆਂ ਦੇ ਸੌ ਸਿਰੜੀ ਸਿਆਪੇ ਗਲ ਪੈਣੇ ਹੀ ਪੈਣੇ ਨੇ।

ਸਿਹਤ ਵਿਗਿਆਨ ਅਨੁਸਾਰ ਧੂੰਏਂ ਭਰੇ ਵਾਤਾਵਰਣ ਵਿਚ ਜ਼ਿਆਦਾ ਸਮੇਂ ਤੱਕ ਸਾਹ ਲੈਣ ਨਾਲ ਪੂਰੀ ਦੀ ਪੂਰੀ ਸਾਹ ਪ੍ਰਣਾਲੀ ਨੁਕਸਾਨੀ ਜਾਂਦੀ ਹੈ। ਫੇਫੜਿਆਂ 'ਤੇ ਬਹੁਤ ਜ਼ਿਆਦਾ ਮਾੜਾ ਅਸਰ ਪੈਂਦਾ ਹੈ। ਫੇਫੜਿਆਂ ਦਾ ਕੈਂਸਰ, ਨੱਕ ਦੇ ਸਾਈਨਸਾਂ ਦਾ ਕੈਂਸਰ, ਦਿਲ ਦੀ ਬਿਮਾਰੀ, ਸਟ੍ਰੋਕ, ਖੰਘ, ਦਮੇ, ਬ੍ਰੌਨਕਾਈਟਸ, ਕ੍ਰੌਨਿਕ ਔਬਸਟਰਕਟਿਵ ਪਲਮਨਰੀ ਡਿਜ਼ੀਜ਼ (ਸੀ ਓ ਪੀ ਡੀ) , ਅੱਖਾਂ ਵਿੱਚ ਜਲਣ, ਚਮੜੀ ਆਦਿ ਰੋਗਾਂ ਵਿੱਚ ਖਤਰਨਾਕ ਹੱਦ ਤੱਕ ਵਾਧਾ ਹੁੰਦਾ ਹੈ। ਸਾਹ ਪ੍ਰਣਾਲੀ ਦਾ ਵਿਗਾੜ ਸਿਰਫ ਸਾਰੇ ਸਰੀਰ ਨੂੰ ਹੀ ਨਹੀਂ ਲੈ ਬਹਿੰਦਾ ਸਗੋਂ ਆਉਣ ਵਾਲੀ ਪੀੜ੍ਹੀ 'ਤੇ ਵੀ ਬਹੁਤ ਭੈੜਾ ਅਸਰ ਛੱਡਦਾ ਹੈ। ਪ੍ਰਦੂਸ਼ਿਤ ਚੌਗਿਰਦੇ ਕਾਰਨ ਮਨੁੱਖੀ ਨਸਲ ਅਤੇ ਡੀ ਐਨ ਏ ਵੀ ਬੁਰੀ ਤਰਾਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਵਧਦੀ ਹੈ। ਸਟੇਟ ਆਫ ਗਲੋਬਲ ਏਅਰ ਦੀ ਰਿਪੋਰਟ ਅਨੁਸਾਰ ਭਾਰਤ ਵਿਚ ਹਰ ਸਾਲ ਕਰੀਬ 13 ਲੱਖ ਲੋਕ ਪ੍ਰਦੂਸ਼ਿਤ ਹਵਾ ਕਾਰਨ ਭਿਆਨਕ ਤੋਂ ਭਿਆਨਕ ਬਿਮਾਰੀਆਂ ਦੇ ਭੇਟ ਚੜ੍ਹ ਰਹੇ ਹਨ। ਇਸ ਤੋਂ ਵੀ ਅੱਗੇ ਜਨਰਲ ਨੇਚਰ ਕਮਿਊਨੀਕੇਸ਼ਨ ਦੀ ਦਿਲ ਦਹਿਲਾਉਣ ਵਾਲੀ ਰਿਪੋਰਟ ਮੁਤਾਬਕ ਸਾਹ ਰਾਹੀਂ ਖਿੱਚੇ ਗਏ ਧੂੰਏਂ ਦੀ ਕਾਲਖ /ਕਾਰਬਨ ਦੇ ਕਣ ਗਰਭ ਵਿੱਚ ਪਲ ਭਰੂਣ ਦੀ ਕੁਦਰਤੀ ਸੁਰੱਖਿਆ ਕਵਚ ਤੋੜਦਿਆਂ ਪਹੁੰਚਣ ਦੇ ਸਮਰੱਥ ਹਨ, ਜਿਸ ਨਾਲ ਗਰਭਪਾਤ ਹੋਣਾ, ਸਮੇਂ ਤੋਂ ਪਹਿਲਾਂ ਹੀ ਬੱਚਿਆਂ ਦਾ ਪੈਦਾ ਹੋਣਾ ਤੇ ਨਵ ਬੱਚੇ ਘੱਟ ਭਾਰ ਦੇ ਰਹਿਣੇ ਆਦਿ ਅਲਾਮਤਾਂ ਦੇ ਵੱਡੇ ਕਾਰਨ ਬਣ ਰਹੇ ਹਨ।

ਉਕਤ ਗੰਭੀਰ ਚਿੰਤਾਜਨਕ ਸਥਿਤੀ ਦਾ ਚਿੱਟਾ ਨੰਗਾ ਸੱਚ ਜਗ ਜ਼ਾਹਰ ਹੁੰਦਾ ਨਜ਼ਰ ਆ ਰਿਹਾ ਹੈ । ਭਾਵ ਹਵਾ ਪ੍ਰਦੂਸ਼ਣ ਦਾ ਦੈਂਤ ਮਨੁੱਖੀ ਨਸਲਕੁਸ਼ੀ ਦਾ ਇੱਕ ਵੱਡਾ ਸਬੱਬ ਬਣਦਾ ਜਾ ਰਿਹਾ ਹੈ ਪਰ ਸਾਡੀ ਭਾਰਤੀਆਂ ਦੀ ਇਹ ਹੋਣੀ ਹੀ ਹੈ ਕਿ ਏਥੋਂ ਦਾ ਸਿਆਸੀ ਧੂੰਆਂ ਬਾਕੀ ਹਰ ਤਰ੍ਹਾਂ ਦੇ ਧੂੰਏ ਨੂੰ ਦਰ ਕਿਨਾਰ ਕਰਦਿਆਂ ਸਿਰਫ ਪਰਾਲੀ ਦੇ ਧੂੰਏਂ ਨੂੰ ਉਛਾਲ ਕੇ ਇੱਕ ਖਾਸ ਖਿੱਤੇ (ਪੰਜਾਬ) ਨੂੰ ਬਦਨਾਮ ਕਰਨ ਦੀ ਦੂਸ਼ਣਬਾਜ਼ੀ ਨਾਲ ਆਪਣੀ ਹੋਛੀ ਸਿਆਸਤ ਨੂੰ ਪੱਠੇ ਪਾਉਣ ਵਿਚ ਰੁੱਝਾ ਹੋਇਆ ਹੈ। ਪ੍ਰਦੂਸ਼ਣ ਦੇ ਨਾਗ ਨੂੰ ਕਾਬੂ ਕਰਨ ਦੀ ਬਜਾਏ ਸਿਰਫ ਉਸ ਦੀ ਲਕੀਰ ਨੂੰ ਮਿਟਾਉਣ ਦੇ ਦਮਗਜੇ ਮਾਰ ਕੇ ਆਪਣੇ ਹੀ ਹਿੱਕ ਥਾਪੜੀ ਜਾ ਰਹੀ ਹੈ। ਭਾਵੇਂ ਇਹ ਮੰਨਣਯੋਗ ਹੈ ਕਿ ਝੋਨੇ ਦੀ ਕਟਾਈ ਤੋਂ ਬਾਅਦ ਉਠਦੇ ਵੱਡੇ ਵੱਡੇ ਮੌਸਮੀ ਧੂੰਏਂ ਦੇ ਗੁਬਾਰ ਹਰ ਸਾਲ ਹੀ ਸਭ ਦਾ ਹੀ ਨੱਕ ਵਿੱਚ ਦਮ ਕਰੀ ਰੱਖਦੇ ਹਨ ਪਰ ਪਰਾਲੀ ਸਾੜਨ ਵਾਲਿਆਂ ਤੇ ਉਨ੍ਹਾਂ ਦੇ ਪਰਵਾਰ ਦਾ ਦੁਖਾਂਤ ਹੀ ਹੈ ਕਿ ਉਨ੍ਹਾਂ ਵੀ ਮਜਬੂਰੀ ਵੱਸ ਜਾਂ ਵੇਖੋ ਵੇਖੀ ਵਿੱਚ ਹੀ ਸਾੜੀ ਪਰਾਲੀ ਦੇ ਧੂੰਏਂ ਦਾ ਸਭ ਤੋਂ ਵੱਧ ਜਾਨੀ ਲੰਮੇ ਸਮੇਂ ਤੱਕ ਇਸ ਜ਼ਹਿਰੀਲੇ ਧੂੰਏਂ ਦੀ ਚਾਦਰ (ਸਮੋਗੀ ਵਾਤਾਵਰਣ) ਦੇ ਸੰਤਾਪ ਨਾਲ ਦੋ-ਚਾਰ ਹੋਣਾ ਹੀ ਪੈਂਦਾ ਹੈ। ਸੋ ਸਾਨੂੰ ਸਭਨਾਂ ਨੂੰ ਹੀ ਧੂੰਏਂ ਦੇ ਇਨਾਂ ਗੁਬਾਰਾਂ ਦੇ ਮੁਢਲੇ ਕਾਰਨ ਸੁਰੂ ਤੋਂ ਘੋਖਣ ਦੀ ਬਹੁਤ ਵੱਡੀ ਲੋੜ ਹੈ, ਨਾ ਕਿ ਮੌਸਮ ਆਉਣ 'ਤੇ ਹੀ ਗੋਗਲੂਆਂ ਤੋਂ ਮਿੱਟੀ ਝਾੜ ਕੇ ਹੋਊ ਪਰੇ ਨੀਤੀ ਅਪਣਾਈ ਜਾਵੇ।

ਝੋਨੇ ਦੀ ਫਸਲ ਜੋ ਦੋ ਰੂਪਾਂ ਵਿੱਚ ਕੁਦਰਤ ਦਾ ਘਾਣ ਕਰਦੀ ਹੈ। ਪਹਿਲਾਂ ਪਾਣੀ ਦਾ ਖੌਅ ਬਣ ਕੇ ਤੇ ਫਿਰ ਪਰਾਲੀ ਦੇ ਰੂਪ ਵਿੱਚ ਵਾਤਾਵਰਨ ਨੂੰ ਧੁਆਂਖਣ ਦਾ ਸਬੱਬ ਬਣ ਕੇ। ਪਰ ਫਿਰ ਵੀ ਹੋਰਨਾਂ ਫਸਲਾਂ ਨੂੰ ਲਾਹੇਵੰਦ ਬਣਾ ਕੇ ਝੋਨੇ ਦੀ ਫਸਲ ਤੋਂ ਕਿਸਾਨੀ ਦਾ ਖਹਿੜਾ ਛੁਡਾ ਕੇ ਫਸਲੀ ਵਿਭਿੰਨਤਾ ਨੂੰ ਲਾਗੂ ਕਿਉਂ ਨਹੀਂ ਕੀਤਾ ਜਾ ਰਿਹਾ ? ਜੇਕਰ ਦੇਸ਼ ਨੂੰ ਆਪਣੇ ਖੁਰਾਕੀ ਭੰਡਾਰਾਂ ਵਿਚ ਚੌਲਾਂ ਨਾਲ ਭਰਪਾਈ ਕਰਨੀ ਦੀ ਜ਼ਰੂਰਤ ਹੈ ਤਾਂ ਜਿਥੇ ਕੇਂਦਰ ਅਤੇ ਸੂਬਿਆਂ ਖਾਸ ਕਰਕੇ ਉੱਤਰੀ ਸੂਬਿਆਂ (ਦਿੱਲੀ, ਯੂ ਪੀ ,ਪੰਜਾਬ ਤੇ ਹਰਿਆਣਾ) ਦੀਆਂ ਸਰਕਾਰਾਂ ਨੂੰ ਰਲਮਿਲ ਕੇ ਪਰਾਲੀ ਦੇ ਧੂੰਏਂ ਦੇ ਨਾਲ ਨਾਲ ਬਾਕੀ ਹੋਰ ਹਰ ਤਰ੍ਹਾਂ ਦੇ ਉਠਦੇ ਧੂੰਏਂ ਦੀ ਮਾਰੂ ਸਮੱਸਿਆ ਦਾ ਠੋਸ ਹੱਲ ਕੱਢਣ ਲਈ ਤਨ, ਮਨ ਤੇ ਧਨ ਨਾਲ ਅਮਲ ਵਿੱਢਣੇ ਚਾਹੀਦੇ ਹਨ।

ਸੋ 'ਧਰਤਿ ਮਹਤੁ'/ਧਰਤੀ ਮਾਂ ਤੇ ਆਬੋ ਹਵਾ ਨੂੰ ਸੁਹਾਵਾ ਬਣਾਉਣ ਲਈ ਜਿਥੇ ਸਰਕਾਰਾਂ ਦੇ ਸੁਹਿਰਦ ਯਤਨਾਂ/ਅਮਲਾਂ ਦੀ ਲੋੜ ਹੈ, ਉਥੇ ਸਾਨੂੰ ਸਭਨਾਂ (ਸਨਅਤਕਾਰਾਂ, ਟਰਾਂਸਪੋਰਟਰਾਂ , ਕਿਸਾਨਾਂ, ਵਿਗਿਆਨੀਆਂ ਤੇ ਵਾਤਾਵਰਣ ਹਿਤੈਸ਼ੀਆਂ ) ਨੂੰ ਹਵਾ ਪ੍ਰਦੂਸ਼ਣ ਕਰਕੇ ਕੁਦਰਤ ਨਾਲ ਹੋ ਰਹੇ ਖਿਲਵਾੜ ਤੇ ਆਪਣੀ ( ਮਨੁੱਖੀ) ਨਸਲਕੁਸ਼ੀ ਤੋਂ ਬਚਾਅ ਲਈ ਵਾਤਾਵਰਣ ਸਾਫ ਰੱਖਣ ਲਈ ਅੱਗੇ ਆਉਣਾ ਹੀ ਪਵੇਗਾ। ਜਿਸ ਲਈ ਸਭ ਤੋਂ ਇਹ ਬਹੁਤ ਜ਼ਰੂਰੀ ਹੈ ਕਿ ਹੱਦੋਂ ਵੱਧ ਐਸ਼ਪ੍ਰਸਤ ਤੇ ਸੁੱਖ ਸਹੂਲਤਾਂ ਦੇ ਸਾਧਨਾਂ / ਲਾਲਸਾਵਾਂ ਤੋਂ ਜਿੰਨਾ ਹੋ ਸਕੇ ਮੋੜਾ ਕੱਟਣ ਤੇ ਸਾਦਗੀ ਵੱਲ ਵਧਣ ਦੇ ਯਤਨ ਕਰੀਏ, ਜਿਸ ਨਾਲ ਧੂੰਆਂ ਤੇ ਹੋਰ ਪ੍ਰਦੂਸ਼ਣ ਫੈਲਾਉਣ ਵਾਲੇ ਹਰ ਕਿਸਮ ਦੇ ਕਾਰਕਾਂ ਵਿਚ ਕਮੀ ਆਏਗੀ ਹੀ ਆਏਗੀ। ਵਾਤਾਵਰਣ ਸ਼ੁੱਧ ਰੱਖਣ ਲਈ ਰੁੱਖ ਲਾਉਣ ਤੇ ਪਾਲਣ ਦਾ ਰੁਝਾਨ ਵੀ ਸੋਨੇ 'ਤੇ ਸੁਹਾਗਾ ਹੋਵੇਗਾ। ਧੂੰਆਂ ਰਹਿਤ ਸਾਫ ਸੁਥਰੀ ਆਬੋ ਹਵਾ ਦਾ ਮਾਹੌਲ ਸਿਰਜਣ ਵਿੱਚ ਸਾਡਾ ਯੋਗਦਾਨ ਕੁਦਰਤ ਅਤੇ ਮਨੁੱਖਤਾ ਦੀ ਅਸਲ ਸੇਵਾ ਹੋਵੇਗਾ।

**# ਸੰਪਰਕ: 61423191173**

**ਵਟਸਐਪ ਨੰ: 98764-74858**

# ਜਦੋਂ ਮੈਂ ਸਣੇ ਮੰਜੀ ਕੋਠੇ ਤੋਂ ਡਿੱਗਾ



ਸੁਰਿੰਦਰ ਸ਼ਰਮਾ ਨਾਗਰਾ

ਅੱਜਕੱਲ੍ਹ ਚੀਨ ਦੇ ਬਣੇ ਖਿਡੌਣਿਆਂ ਦਾ ਬਜ਼ਾਰ ਵਿੱਚ ਹੜ੍ਹ ਆਇਆ ਹੋਇਆ ਹੈ। ਮਹਿੰਗੇ ਤੋਂ ਮਹਿੰਗਾ ਤੇ ਸਸਤੇ ਤੋਂ ਸਸਤਾ ਕੋਈ ਖਿਡੌਣਾ ਲੈ ਲਵੋ। ਐਨੀ ਕਿਸਮ ਦੇ ਖਿਡੌਣੇ ਮਾਰਕੀਟ ਵਿੱਚ ਆ ਗਏ ਹਨ ਕਿ ਜਿਹੜੇ ਜੰਮਦੇ ਬੱਚਿਆਂ ਨੂੰ ਹੀ ਮਿਲਣ ਲਗਦੇ ਹਨ। ਬੱਚਾ ਵੀ ਪਾਗਲ ਹੋਇਆ ਰਹਿੰਦਾ ਹੈ ਕਿ ਕਿਹੜੇ ਨੂੰ ਛੱਡਾਂ, ਕਿਹੜੇ ਨਾਲ ਖੇਡਾਂ। ਪਰ ਸੱਠ ਪੈਂਹਟ ਵਰ੍ਹੇ ਪਹਿਲਾਂ ਬੱਚਿਆਂ ਲਈ ਖੇਡਣ ਵਾਸਤੇ ਤਰ੍ਹਾਂ ਤਰ੍ਹਾਂ ਦੇ ਖਿਡੌਣੇ ਨਹੀਂ ਸਨ ਹੁੰਦੇ। ਸਾਰੀਆਂ ਖੇਡਣ ਵਾਲੀਆਂ ਖੇਡਾਂ ਬੱਚੇ ਖੁਦ ਹੀ ਬਣਾਉਂਦੇ ਤੇ ਖੇਡਦੇ। ਕੀ ਹੋਇਆ ਜੇਕਰ ਘਰ ਵਾਲੇ ਮੇਲੇ ਤੋਂ ਪਲਾਸਟਿਕ ਦਾ ਚਾਬੀ ਵਾਲਾ ਬਾਂਦਰ ਜਾਂ ਲੱਕੜੀ ਦੇ ਗੰਡ੍ਹੀਰੇ ਲੈ ਕੇ ਦੇ ਦਿੰਦੇ। ਵਰਨਾਂ ਆਪਣੀਆਂ ਖੇਡਾਂ ਆਪ ਹੀ ਬਣਾਉਣੀਆਂ ਪੈਂਦੀਆਂ ਜਿਵੇਂ ਫੁੱਟੇ ਹੋਏ ਘੜਿਆਂ ਦੀਆਂ ਠੀਕਰੀਆਂ ਘੜ ਕੇ ਉਨ੍ਹਾਂ ਦਾ ਪਿੱਠੂ ਬਣਾ ਲੈਣਾ ਜਾਂ ਓਹੀ ਠੀਕਰੀਆਂ ਖੁੱਤੀ ਪੌਣੇ ਖੇਡ ਲੈਣਾ। ਘਰਾਂ ਵਿੱਚੋਂ ਪਾਟੀਆਂ ਲੀਰਾਂ ਤੇ ਪਤਲੀ ਰੱਸੀ ਜਾਂ ਸੇਬੇ ਨਾਲ ਖੁੱਦੋ ਮੜ੍ਹ ਕੇ ਪਹਾੜੀ ਅੱਕ ਦੇ ਕਾਂਵੜਿਆਂ ਨਾਲ ਹਾਕੀਨੁਮਾ ਖੇਡ ਖੇਡਣੀ। ਖੁੱਤੀ ਪੌਣੇ ਖੇਡਣ ਲਈ ਬਹੁਤ ਚੀਜ਼ਾਂ ਸਨ, ਜਿਵੇਂ ਗੀਠੇ, ਅਖਰੋਟ (ਨਾ ਖਾਣ ਯੋਗ) ਗੀਟੀਆਂ, ਕੰਚੇ ਆਦਿ। ਇਹ ਸਭ ਮਨੋਰੰਜਨ ਦਾ ਤੇ ਸਮਾਂ ਕੱਢਣ ਦਾ ਸਾਧਨ ਸਨ। ਇਨ੍ਹਾਂ ਤੋਂ ਇਲਾਵਾ ਮਿੱਟੀ ਦੇ ਖੇਡ ਬਣਾ ਲੈਣਾ ਤੇ ਦਿਲ ਪਰਚਾਅ ਲੈਣਾ।

ਸਨ 1962 ਵਿੱਚ ਮੈਂ ਦੂਜੀ ਜਮਾਤ ਵਿੱਚ ਪੜ੍ਹਦਾ ਸੀ। ਇੱਕ ਵਾਰ ਗਰਮੀਆਂ ਦੇ ਦਿਨਾਂ ਵਿੱਚ ਮੇਰੇ ਦਿਮਾਗ ਵਿੱਚ ਮਿੱਟੀ ਦੀਆਂ ਖੇਡਾਂ ਬਨਾਉਣ ਦਾ ਭੂਤ ਸਵਾਰ ਹੋ ਗਿਆ। ਛੁੱਟੀਆਂ ਦੇ ਦਿਨ ਸਨ ; ਮੈਂ ਘਰ ਵਿੱਚ ਲੱਗੀ ਬਾਂਸ ਦੀ ਪੌੜੀ ਰਾਹੀਂ ਕੱਚੇ ਕੋਠੇ ਉੱਤੇ ਮਿੱਟੀ ਤੇ ਪਾਣੀ ਦਾ ਕੁੱਜਾ ਲੈ ਕੇ ਚੜ੍ਹ ਗਿਆ। ਮਿੱਟੀ ਪਾਣੀ ਨਾਲ ਚੰਗੀ ਤਰ੍ਹਾਂ ਗੁੰਨ੍ਹ ਕੇ ਤਿਆਰ ਕਰ ਲਈ ਤੇ ਸੋਚਣ ਲੱਗ ਪਿਆ ਕਿ ਕਿਹੜੀ ਖੇਡ ਬਣਾਵਾਂ ? ਆਪਣੇ ਮਨ ਵਿੱਚ ਕਈ ਚੀਜ਼ਾਂ ਬਣਾਈਆਂ ਪਰ ਮਨ ਨੂੰ ਤਸੱਲੀ ਨਾ ਹੋਈ। ਉਨ੍ਹਾਂ ਸਮਿਆਂ ਵਿੱਚ ਦੋ ਮੰਜੇ ਜੋੜ ਕੇ ਸਪੀਕਰ ਲਗਦੇ ਹੁੰਦੇ ਸਨ। ਜਿਨ੍ਹਾਂ ਦੇ ਵਿਆਹ ਹੁੰਦਾ ਉਹ ਵਿਆਹ ਤੋਂ ਤਿੰਨ ਚਾਰ ਦਿਨ ਪਹਿਲਾਂ ਹੀ ਸਪੀਕਰ ਲਾ ਦਿੰਦੇ।

ਅਸੀਂ ਸਾਰੇ ਮਸ਼ੀਨ ਦੇ ਆਲੇ ਦੁਆਲੇ ਬੈਠੇ ਸਪੀਕਰ ਵਾਲੇ ਦਾ ਹਰ ਕੰਮ ਨੋਟ ਕਰਦੇ ਰਹਿੰਦੇ। ਇਸ ਕਰਕੇ ਲਾਊਡ ਸਪੀਕਰ ਵਾਲੇ ਦੇ ਸਮਾਨ ਦਾ ਪੂਰਾ ਨਕਸ਼ਾ ਮੇਰੇ ਜ਼ਿਹਨ ਵਿੱਚ ਸੀ। ਮੈਂ ਉਸ ਮਿੱਟੀ ਨਾਲ ਸਪੀਕਰ ਨਾਲ ਸੰਬੰਧਤ ਸਾਰੇ ਉਪਕਰਨ ਬਣਾਉਣੇ ਸ਼ੁਰੂ ਕਰ ਦਿੱਤੇ। ਪਹਿਲਾਂ ਰੇੜੂਆ (ਲਾਊਡ ਸਪੀਕਰ)) ਬਣਾਇਆ, ਫਿਰ ਬਕਾਇਦਾ ਤਵੇ ਚਲਾਉਣ ਵਾਲੀ ਮਸ਼ੀਨ ਬਣਾਈ । ਉਸ ਦੇ ਉੱਪਰਲੇ ਢੱਕਣ ਨੂੰ ਖੜ੍ਹਾ ਰੱਖਣ ਲਈ ਪਾਸਿਆਂ 'ਤੇ ਦੋ ਡੱਕੇ ਲਾਏ : ਵਿੱਚ ਤਵਾ ਚੱਲਦਾ ਤੇ ਸੂਈ ਵਾਲਾ ਹੋਲਡਰ ਵੀ ਮਿੱਟੀ ਦਾ ਹੀ ਬਣਾ ਲਿਆ। ਤਵੇ ਰੱਖਣ ਵਾਲੇ ਬਕਸੇ ਤੇ ਛੋਟੇ ਛੋਟੇ ਮਿੱਟੀ ਦੇ ਗੋਲ ਤਵੇ ਬਣਾਏ । ਉਸ ਸਮੇਂ ਸਪੀਕਰ ਬੈਟਰੀ ਨਾਲ ਚਲਦੇ ਸਨ ਤਾਂ ਇੱਕ ਚੌਕੋਰ ਬੈਟਰੀ ਬਣਾ ਲਈ। ਇਹ ਸਾਰੀਆਂ ਖੇਡਾਂ ਬਣਾ ਕੇ ਸੁੱਕਣ ਲਈ ਨਮੇਰੇ (ਬਨੇਰੇ) ਲਾਗੇ ਰੱਖ ਦਿੱਤੀਆਂ। ਕੱਚੇ ਕੋਠਿਆਂ ਦੇ ਨਮੇਰੇ ਵੀ ਕੱਚੇ ਹੁੰਦੇ ਸਨ ਮੰਜੇ ਜਾਂ ਮੰਜੀਆਂ ਕੋਠੇ ਚੜ੍ਹਾਉਣ ਲਈ ਹਨੇਰਾ ਹੋਣ ਤੋਂ ਪਹਿਲਾਂ ਹੀ ਨਮੇਰੇ ਨਾਲ ਲਟਕਾ ਦਿੰਦੇ ਸੀ।

ਕੁਦਰਤੀ ਮੰਜਾ ਉਸ ਦਿਨ ਹੋਛਾ ਜਿਹਾ ਲਟਕ ਰਿਹਾ ਸੀ। ਸ਼ਾਮ ਨੂੰ ਧੁੱਪ ਜਾਣ ਤੋਂ ਬਾਅਦ ਮੈਂ ਦੁਬਾਰਾ ਕੋਠੇ ਉੱਤੇ ਖੇਡਾਂ ਦੇਖਣ ਲਈ ਚੜ੍ਹਿਆ। ਸਾਰਾ ਸਪੀਕਰ ਦਾ ਸਮਾਨ ਤਕਰੀਬਨ ਸੁੱਕ ਗਿਆ ਸੀ।

ਵਿਹੜੇ ਵਿੱਚ ਮੇਰੀ ਬੇਬੇ (ਦਾਦੀ ਨੂੰ ਅਸੀਂ ਬੇਬੇ ਹੀ ਆਖਦੇ ਸਾਂ) ਨਲਕੇ ਕੋਲ ਬੈਠੀ ਭਾਂਡੇ ਮਾਂਜ ਰਹੀ ਸੀ। ਮੈਂ ਰੇੜੂਏ ਦਾ ਮੂੰਹ ਵਿਹੜੇ ਵੱਲ ਕਰਕੇ ਮੰਜੇ ਦੇ ਸੇਰਵੇ ਤੇ ਨਮੇਰੇ ਦੇ ਕਿਨਾਰੇ ਦੋਨਾਂ ਉੱਪਰ ਟਿਕਾਅ ਕੇ ਰੱਖ ਦਿੱਤਾ। ਬੇਬੇ ਨੂੰ ਕਿਹਾ "ਦੇਖ ਬੇਬੇ ! ਮੇਰਾ ਰੇੜੂਆ।"ਉਹ ਕਹਿੰਦੀ, ਹਾਂ ਪੁੱਤ ! ਬਹੁਤ ਸੋਹਣਾ ਹੈ , ਨੀਂ ! ਮੈਂ ਸਦਕੇ ਜਾਵਾਂ ਮੇਰੇ ਲਾਡਲੇ ਦੇ। ਫਿਰ ਮੈਂ ਨਿੰਮ ਨਿੰਮ ਕਰਕੇ ਕੁੱਝ ਗੁਣ -ਗੁਣਾਉਣ ਲੱਗ ਪਿਆ ਤੇ ਬੇਬੇ ਨੂੰ ਕਿਹਾ ਕਿ ਬੇਬੇ, ਮੇਰਾ ਰੇੜੂਆ ਗਾਉਣ ਲੱਗ ਪਿਆ। ਉਹ ਕਹਿੰਦੀ, ਹਾਂ ਪੁੱਤ ! ਬਹੁਤ ਵਧੀਆ ਗਾਉਂਦਾ ਹੈ, ਮੈਨੂੰ ਵੀ ਸੁਣਾਈ ਦੇ ਰਿਹਾ। ਹਾਲਾਂਕਿ ਉਹ ਭਾਂਡੇ ਮਾਂਜਣ ਵਿੱਚ ਰੁੱਝੀ ਹੋਈ ਸੀ ਪਰ ਮੇਰੀ ਹਰ ਗੱਲ ਦਾ ਜਵਾਬ ਧਿਆਨ ਨਾਲ ਦੇ ਰਹੀ ਸੀ। ਐਨੇ ਵਿੱਚ ਕੀ ਹੋਇਆ ਕਿ ਮੇਰਾ ਗੋਡਾ ਲੱਗਣ ਕਰਕੇ ਮੰਜੇ ਦਾ ਪਾਵਾ ਖਿਸਕ ਗਿਆ ਤੇ ਮੰਜਾ ਸਣੇ ਰੇੜੂਆ ਸਣੇ ਮੈਂ ਦੜੱਮ ਦੇਣੇ ਵਿਹੜੇ ਵਿੱਚ ਜਾ ਡਿੱਗੇ। ਬੇਬੇ ਭਮੱਤਰ ਕੇ ਉੱਠੀ। ਜਦੋਂ ਦੇਖਿਆ ਕੂਕ ਰੌਲਾ ਪਾ ਦਿੱਤਾ, "ਹਾੜ੍ਹੇ ਵੇ ਦੁਹਾਈ ! ਮੇਰਾ ਪੋਤਾ ਤਾਂ...।,ਵੇ ਲੋਕੋ ! ਆਇਓ ਭੱਜ ਕੇ, ਪਤਾ ਨੀਂ ਕਿੰਨੀ ਕੁ ਸੱਟ ਵੱਜੀ ਹੋਊ ?" ਗਲੀ ਵਿਚ ਜਾਂਦੇ ਫੈਜਵਲੀ ਚੌਕੀਦਾਰ ਨੇ ਸੁਣਿਆ ਤੇ ਭੱਜ ਕੇ ਆ ਕੇ ਮੇਰੇ ਉੱਪਰੋਂ ਮੰਜਾ ਚੁੱਕਿਆ। ਮੇਰੀ ਬੇਬੇ ਨੇ ਭੱਜ ਕੇ ਆ ਕੇ ਮੈਨੂੰ ਕਲਾਵੇ ਵਿੱਚ ਲੈ ਲਿਆ; ਚੁੰਮ ਚੁੰਮ ਕੇ ਮੇਰਾ ਸਾਰਾ ਮੂੰਹ ਗਿੱਲਾ ਕਰ ਦਿੱਤਾ; ਘੁੱਟ ਕੇ ਹਿੱਕ ਨਾਲ ਲਾਇਆ ਤੇ ਪੁੱਛਿਆ, "ਪੁੱਤ! ਤੇਰੇ ਸੱਟ ਤਾਂ ਨਹੀਂ ਵੱਜੀ ?" ਮੈਂ ਡੌਰ ਭੌਰ ਹੋਇਆ ਡਰ ਗਿਆ ਤੇ ਮੈਥੋਂ ਬੋਲਿਆ ਨਾ ਗਿਆ, ਹਾਲਾਂਕਿ ਮੇਰੇ ਸੱਟ ਕੋਈ ਨਹੀਂ ਸੀ ਵੱਜੀ। ਫੈਜਵਲੀ ਲੰਘਦਾ ਵੜਦਾ ਬੇਬੇ ਨੂੰ ਜ਼ਰੂਰ ਮੱਥਾ ਟੇਕ ਕੇ ਲੰਘਦਾ ਹੁੰਦਾ ਸੀ। ਅੱਜ ਵੀ ਇਸੇ ਸਮੇਂ ਲੰਘ ਰਿਹਾ ਸੀ। ਉਸ ਨੇ ਕਿਹਾ, " ਘਬਰਾ ਨਾ ਦਾਦੀ ! ਕੁਛ ਨਹੀਂ ਹੋਇਆ, ਮਾਮੂਲੀ ਝਟਕਾ ਲੱਗਿਆ ਹੈ, ਇਸ ਨੂੰ ਦੁੱਧ ਵਿੱਚ ਹਲਦੀ ਪਾ ਕੇ ਪਿਆ ਦਿਓ , ਠੀਕ ਹੋ ਜਾਵੇਗਾ।"

ਰੌਲਾ ਸੁਣ ਕੇ ਆਂਢਣਾਂ ਗੁਆਂਢਣਾਂ ਭੱਜੀਆਂ ਭੱਜੀਆਂ ਮੇਰਾ ਪਤਾ ਲੈਣ ਆਈਆਂ ਕਿਉਂਕਿ ਬੇਬੇ ਦਾ ਸਾਰੇ ਮੁਹੱਲੇ ਵਿੱਚ ਅਸਰ ਰਸੂਖ ਵੀ ਬਹੁਤ ਸੀ ਤੇ ਦਬਦਬਾ ਵੀ ਪੂਰਾ ਸੀ। ਮੈਂ ਠਠੰਬਰਿਆ ਬੇਬੇ ਦੀ ਗੋਦੀ ਵਿੱਚ ਬੈਠਾ ਕਦੇ ਆਪਣੇ ਆਪ ਨੂੰ ਤੇ ਕਦੇ ਰੇੜੂਏ ਵੱਲ ਵੇਖ ਰਿਹਾ ਸੀ। ਅਸੀਂ ਦੋਵੇਂ ਇਸ ਝਟਕੇ ਵਿੱਚ ਬਚ ਗਏ ਸੀ ਤੇ ਕਦੇ ਮੰਜੇ ਵੱਲ ਵੇਖ ਰਿਹਾ ਸੀ ਕਿ ਡਿੱਗਣ ਨਾਲ ਉਸ ਦਾ ਇੱਕ ਪਾਵਾ ਟੁੱਟ ਗਿਆ ਸੀ।

**# ਸੰਪਰਕ : 98786-46595**

# ਪੰਜਾਬ-ਹਰਿਆਣਾ ਜਲ ਸੰਕਟ ਤੇ ਦਰਿਆਈ ਪਾਣੀਆਂ ਦੀ ਵੰਡ ਦਾ ਮਸਲਾ (2)



ਜਸਪਾਲ ਜੱਸੀ

1966 ਦੀ ਹੈਲਿੰਸਕੀ ਕਾਨਫਰੰਸ ਨੇ 'ਕੌਮਾਂਤਰੀ ਨਦੀ ਵਹਿਣ ਖੇਤਰਾਂ ਦੇ ਮੁਲਕਾਂ ਦੇ ਵਿਹਾਰ ਸੰਬੰਧੀ ਕੌਮਾਂਤਰੀ ਨਿਯਮਾਂ ਬਾਰੇ ਬਿਆਨ' ਵਿਚ ਹੇਠ ਲਿਖੇ ਪੱਖਾਂ ਨੂੰ ਆਧਾਰ ਬਣਾਉਣ 'ਤੇ ਜ਼ੋਰ ਦਿੱਤਾ ਹੈ।

'ਆਰਟੀਕਲ ਨੰ. 5 (2)

(ੳ) ਖਾਸ ਤੌਰ 'ਤੇ ਹਰ ਨਦੀ ਖੇਤਰੀ ਰਾਜ ਅਧੀਨ ਪੈਂਦੇ ਨਦੀ ਵਹਿਣ ਇਲਾਕੇ ਦੇ ਰਕਬੇ ਸਮੇਤ ਨਦੀ ਖੇਤਰ ਦੀ ਭੂਗੋਲਿਕ ਬਣਤਰ

(ਅ) ਖਾਸ ਤੌਰ 'ਤੇ ਹਰ ਨਦੀ ਖੇਤਰੀ ਰਾਜ ਵੱਲੋਂ ਪਾਣੀ ਵਿਚ ਪਾਏ ਹਿੱਸੇ ਸਮੇਤ ਨਦੀ ਖੇਤਰ ਦੀ ਜਲ ਵਹਿਣ-ਸਥਿਤੀ

(ੲ) ਨਦੀ ਖੇਤਰ 'ਤੇ ਮੌਸਮੀ ਪ੍ਰਭਾਵ

(ਸ) ਖਾਸ ਤੌਰ 'ਤੇ ਮੌਜੂਦਾ ਵਰਤੋਂ ਸਮੇਤ, ਨਦੀ ਖੇਤਰ ਵਿਚ ਬੀਤੇ ਵਿਚ ਪਾਣੀ ਦੀ ਹੁੰਦੀ ਆ ਰਹੀ ਵਰਤੋਂ

(ਹ) ਹਰ ਨਦੀ ਖੇਤਰੀ ਰਾਜ ਦੀਆਂ ਆਰਥਕ ਅਤੇ ਸਮਾਜਕ ਲੋੜਾਂ

(ਕ) ਹਰ ਨਦੀ ਖੇਤਰੀ ਰਾਜ ਵਿਚ ਨਦੀ ਖੇਤਰ ਦੇ ਪਾਣੀ 'ਤੇ ਨਿਰਭਰ ਵਸੋਂ

(ਖ) ਹਰ ਨਦੀ ਖੇਤਰੀ ਰਾਜ ਦੀਆਂ ਆਰਥਕ, ਸਮਾਜਿਕ ਲੋੜਾਂ ਦੀ ਪੂਰਤੀ ਲਈ ਬਦਲਵੇਂ ਸਾਧਨਾਂ ਦੀ ਤੁਲਨਾਤਮਿਕ ਲਾਗਤ

(ਗ) ਹੋਰ ਜਲ ਸੋਮੇ ਹਾਸਲ ਹੋਣ ਪੱਖੋਂ ਹਾਲਤ

(ਘ) ਨਦੀ ਖੇਤਰ ਦੇ ਪਾਣੀ ਦੀ ਵਰਤੋਂ ਸਮੇਂ ਪਾਣੀ ਦੀ ਜ਼ਰੂਰੀ ਬਰਬਾਦੀ ਤੋਂ ਬਚਾਅ ਦੀ ਸੰਭਾਵਨਾ

(ਙ) ਇੱਕ ਜਾਂ ਵੱਧ ਸਹਿ-ਨਦੀ ਖੇਤਰੀ ਰਾਜਾਂ ਨੂੰ ਟਕਰਾਵੀਆਂ ਵਰਤੋਂ ਲੋੜਾਂ ਦੇ ਦਾਅਵੇ ਦੇ ਤਿਆਗ ਬਦਲੇ ਮੁਆਵਜ਼ੇ ਦੀ ਅਮਲੀ ਸੰਭਾਵਨਾ

(ਚ) ਸਹਿ-ਨਦੀ ਖੇਤਰੀ ਰਾਜ ਨੂੰ ਗਿਣਨਯੋਗ ਹਰਜਾ ਪਹੁੰਚਾਏ ਬਗੈਰ ਕਿਸੇ ਨਦੀ ਖੇਤਰੀ ਰਾਜ ਦੀਆਂ ਲੋੜਾਂ ਪੂਰਨ ਦੀ ਗੁੰਜਾਇਸ਼।'

'(3) ਹਰ ਪੱਖ ਨੂੰ ਦਿੱਤਾ ਜਾਣ ਵਾਲਾ ਵਜ਼ਨ, ਹੋਰ ਪ੍ਰਸੰਗਕ ਪੱਖਾਂ ਦੀ ਤੁਲਨਾ ਵਿਚ ਇਸ ਦੇ ਮਹੱਤਵ ਅਨੁਸਾਰ ਨਿਸਚਿਤ ਹੋਣਾ ਚਾਹੀਦਾ ਹੈ। ਵਾਜਬ ਅਤੇ ਨਿਆਈਂ ਹਿੱਸੇ ਨੂੰ ਨਿਸਚਿਤ ਕਰਨ ਲਈ ਸਾਰੇ ਪੱਖ ਇਕੱਠਿਆਂ ਵਿਚਾਰੇ ਜਾਣੇ ਚਾਹੀਦੇ ਹਨ ਅਤੇ ਸਮੁੱਚੀ ਤਸਵੀਰ ਦੇ ਆਧਾਰ 'ਤੇ ਨਤੀਜਾ ਕੱਢਿਆ ਜਾਣਾ ਚਾਹੀਦਾ ਹੈ।'

ਇਹ ਉਪਰੋਕਤ ਹਵਾਲੇ ਵਿਚੋਂ ਸਪੱਸ਼ਟ ਹੀ ਹੈ ਕਿ ਉਪਰੋਕਤ ਦਰਜ ਸਾਰੇ ਪੱਖ ਸਾਂਝੇ ਨਦੀ ਖੇਤਰ ਵਾਲੇ ਰਾਜਾਂ ਦਰਮਿਆਨ ਦਰਿਆਈ ਪਾਣੀਆਂ ਦੀ ਵੰਡ ਨਾਲ ਸੰਬੰਧਤ ਹਨ।

ਪਰ ਇਸ ਦਾ ਇਹ ਅਰਥ ਨਹੀਂ ਕਿ ਨਦੀ ਖੇਤਰ ਤੋਂ ਬਾਹਰਲੇ ਕਿਸੇ ਮੁਲਕ ਜਾਂ ਰਾਜ ਦੀ ਕਿਸੇ ਨਦੀ ਖੇਤਰ ਦੇ ਪਾਣੀਆਂ ਵਿਚ ਹਿੱਸੇਦਾਰੀ ਕਤਈ ਤੌਰ 'ਤੇ ਹੀ ਰੱਦ ਕੀਤੀ ਜਾਂਦੀ ਹੈ। ਇਤਿਹਾਸਕ ਰਾਜਨੀਤਕ ਕਾਰਨਾਂ ਕਰਕੇ ਅਜਿਹੇ ਮਾਮਲੇ ਉੱਭਰ ਸਕਦੇ ਹਨ ਅਤੇ ਸਥਿਤੀ ਦੇ ਠੋਸ ਪ੍ਰਸੰਗ ਵਿਚ ਉਹਨਾਂ ਨੂੰ ਸੰਬੋਧਤ ਹੋਣ ਦੀ ਲੋੜ ਪੈ ਸਕਦੀ ਹੈ, ਪਰ ਇਸ ਨੂੰ ਸਾਂਝੀ ਨਦੀ ਖੇਤਰੀ ਹੈਸੀਅਤ ਵਾਲੇ ਰਾਜਾਂ ਦੇ ਆਮ ਮਾਮਲਿਆਂ ਨਾਲੋਂ ਬੁਨਿਆਦੀ ਤੌਰ 'ਤੇ ਵੱਖਰੇ ਮਾਮਲੇ ਵਜੋਂ ਲਿਆ ਜਾਂਦਾ ਹੈ ਅਤੇ ਠੋਸ ਇਤਿਹਾਸਕ ਪ੍ਰਸੰਗ ਦੀ ਕਿਸੇ ਵਿਸ਼ੇਸ਼ ਹਕੀਕਤ ਵਿਚੋਂ ਉਪਜੀ ਵਾਜਬੀਅਤ ਦੇ ਹਕੀਕੀ ਮਹੱਤਵ ਨੂੰ ਅੰਗਣ 'ਤੇ ਜ਼ੋਰ ਦਿੱਤਾ ਜਾਂਦਾ ਹੈ।

ਇਹ ਵੇਖਣ ਲਈ ਕਿ ਕਿਹੜੇ ਦਰਿਆ ਕਿਸੇ ਦਰਿਆ ਦੇ ਸਹਾਇਕ ਦਰਿਆ ਹਨ ਅਤੇ ਉਸ ਦੇ ਨਦੀ ਖੇਤਰ ਦਾ ਹਿੱਸਾ ਬਣਦੇ ਹਨ, ਨਾ ਸਿਰਫ ਦਰਿਆਵਾਂ ਦੇ ਧਰਤੀ ਉਪਰਲੇ ਵਹਿਣ ਨੂੰ ਆਧਾਰ ਬਣਾਇਆ ਜਾਂਦਾ ਹੈ, ਸਗੋਂ ਉਸ ਖੇਤਰ ਦੇ ਪਾਣੀ ਦੇ ਧਰਤੀ ਹੇਠਲੇ ਵਹਿਣ ਨੂੰ ਵੀ ਅੰਗਿਆ ਜਾਂਦਾ ਹੈ। (ਜ਼ੋਰ ਲੇਖਕ ਦਾ) ਕੌਮਾਂਤਰੀ ਨਦੀ ਵਹਿਣ ਖੇਤਰ ਦੀ ਪ੍ਰੀਭਾਸ਼ਾ ਦਿੰਦਿਆਂ ਹੈਲਿੰਸਕੀ ਕਾਨਫਰੰਸ ਦੇ ਦਸਤਾਵੇਜ਼ਾਂ ਵਿਚ ਕਿਹਾ ਗਿਆ ਹੈ;

'ਧਰਤੀ ਉਪਰਲੇ ਅਤੇ ਧਰਤੀ ਹੇਠਲੇ ਪਾਣੀਆਂ ਸਮੇਤ ਸਾਂਝੇ ਵਹਿਣ ਵਿਚ ਸਮੋ ਕੇ ਮੁੱਕਦੀਆਂ ਦਰਿਆ ਪ੍ਰਣਾਲੀਆਂ ਦੀਆਂ ਜਲ ਖੇਤਰੀ ਹੱਦਾਂ ਰਾਹੀਂ ਨਿਸਚਿਤ ਹੋਇਆ, ਦੋ ਜਾਂ ਵੱਧ ਰਾਜਾਂ ਵਿਚ ਫੈਲਿਆ ਭੂਗੋਲਿਕ ਖੇਤਰ।'

ਸਾਂਝੇ ਨਦੀ ਖੇਤਰ ਦੀ ਇਹ ਪ੍ਰੀਭਾਸ਼ਾ ਇਸ ਕਰਕੇ ਮਹੱਤਵਪੂਰਨ ਹੈ, ਕਿਉਕਿ ਭਾਰਤ ਅਤੇ ਪਾਕਿਸਤਾਨ ਦਰਮਿਆਨ ਰਾਵੀ-ਬਿਆਸ ਦੇ ਪਾਣੀਆਂ ਦੀ ਵੰਡ ਸਮੇਂ ਭਾਰਤ ਵੱਲੋਂ ਰਾਜਸਥਾਨ ਅਤੇ ਹਰਿਆਣਾ ਨੂੰ ਸਿੰਧ ਨਦੀ ਖੇਤਰ ਦਾ ਹਿੱਸਾ ਦਰਸਾਉਣ ਲਈ ਇਸ ਪ੍ਰੀਭਾਸ਼ਾ ਦੇ ਤੱਤ ਨੂੰ ਹੀ ਆਧਾਰ ਬਣਾਇਆ ਗਿਆ ਸੀ। ਇਹ ਜ਼ਰੂਰਤ ਇਸ ਕਰਕੇ ਪੈਦਾ ਹੋਈ, ਕਿਉਕਿ ਭਾਰਤ ਨੇ ਪੈਪਸੂ ਅਤੇ ਮੌਜੂਦਾ ਪੰਜਾਬ ਤੋਂ ਇਲਾਵਾ ਰਾਜਸਥਾਨ ਅਤੇ ਮੌਜੂਦਾ ਹਰਿਆਣਾ ਦੇ ਖੇਤਰ ਵਿਚ ਪਾਣੀ ਦੀ ਲੋੜ ਅਤੇ ਵਰਤੋਂ ਦੇ ਦਾਅਵੇ ਨੂੰ ਰਾਵੀ-ਬਿਆਸ ਪਾਣੀਆਂ 'ਤੇ ਆਪਣੇ ਦਾਅਵੇ ਦੇ ਅਹਿਮ ਆਧਾਰ ਵਜੋਂ ਭੁਗਤਾਇਆ ਸੀ। ਭਾਰਤ ਅਤੇ ਪਾਕਿਸਤਾਨ ਸਿੰਧ ਨਦੀ ਖੇਤਰ ਦੇ ਇਹਨਾਂ ਦਰਿਆਵਾਂ ਦੇ ਮਾਮਲੇ ਵਿਚ ਰਿਪੇਰੀਅਨ-ਬੇਸਿਨ ਮੁਲਕਾਂ ਦੀ ਹੈਸੀਅਤ ਰੱਖਦੇ ਸਨ, ਪਰ ਰਿਪੇਰੀਅਨ-ਬੇਸਿਨ ਮੁਲਕਾਂ ਵੱਲੋਂ ਵੀ ਗੈਰ-ਨਦੀ ਖੇਤਰੀ ਇਲਾਕਿਆਂ ਵਿਚ ਪਾਣੀ ਦੀ ਵਰਤੋਂ ਦਾ ਦਾਅਵਾ, ਨਦੀ ਖੇਤਰ ਸਿਧਾਂਤ ਦੀ ਰੌਸ਼ਨੀ ਵਿਚ ਬਹੁਤ ਕਮਜ਼ੋਰ ਦਾਅਵਾ ਹੀ ਬਣਦਾ ਹੈ, ਕਿਉਕਿ ਤਰਜੀਹੀ ਤੌਰ 'ਤੇ ਦੋਹਾਂ ਮੁਲਕਾਂ ਦੇ ਬੇਸਿਨ ਖੇਤਰਾਂ ਦੀਆਂ ਲੋੜਾਂ ਵੇਖੀਆਂ ਜਾਂਦੀਆਂ ਹਨ। ਪਾਕਿਸਤਾਨ ਵਿਚ ਰਾਵੀ-ਬਿਆਸ ਦੇ ਪਾਣੀਆਂ ਦੀ ਇਹਨਾਂ ਦੇ ਨਦੀ-ਖੇਤਰੀ ਇਲਾਕਿਆਂ ਵਿਚ ਵਰਤੋਂ ਦੇ ਮੁਕਾਬਲੇ ਭਾਰਤ ਦੇ ਗੈਰ-ਨਦੀ ਖੇਤਰੀ ਇਲਾਕਿਆਂ ਵਿਚ ਵਰਤੋਂ ਦੀ ਉੱਚਿਤਤਾ ਨਹੀਂ ਸੀ ਦਰਸਾਈ ਜਾ ਸਕਦੀ। ਸੋ ਆਪਣੇ ਦਾਅਵੇ ਦੀ ਉੱਚਿਤਤਾ ਸਾਬਤ ਕਰਨ ਲਈ ਭਾਰਤ ਦੇ ਜਲ-ਵਿਗਿਆਨੀਆਂ ਵੱਲੋਂ ਕਾਫੀ ਖੇਚਲ ਭਰਪੂਰ ਕੋਸ਼ਿਸ਼ਾਂ ਜੁਟਾ ਕੇ ਰਾਜਸਥਾਨ ਅਤੇ ਹਰਿਆਣਾ ਦੇ ਖੇਤਰ ਵਿਚ ਪੈਂਦੀ ਘੱਗਰ ਨਦੀ ਨੂੰ ਸਿੰਧ ਨਦੀ ਖੇਤਰ ਦਾ ਅੰਗ ਸਾਬਤ ਕਰਨ ਲਈ ਸਮਗਰੀ ਇਕੱਤਰ ਕੀਤੀ ਗਈ। ਜਲ ਮਾਮਲਿਆਂ ਦੇ ਮਾਹਰ ਭਾਰਤੀ ਉੱਚ ਅਧਿਕਾਰੀ ਐੱਨ.ਡੀ. ਗੁਲਾਟੀ ਅਤੇ ਉਸ ਦੇ ਸਾਥੀਆਂ ਵੱਲੋਂ ਸਿੰਧ ਨਦੀ ਖੇਤਰ ਦੀਆਂ ਦੱਖਣੀ ਜਲ-ਖੇਤਰੀ ਹੱਦਾਂ ਦੀ ਨਿਸ਼ਾਨਦੇਹੀ ਕੀਤੀ ਗਈ। ਸ੍ਰੀ ਗੁਲਾਟੀ ਦੀ ਬੇਨਤੀ 'ਤੇ ਭਾਰਤੀ ਨਕਸ਼ਾ ਪ੍ਰਕਾਸ਼ਨ ਸਰਵੇ ਦੇ ਡਾਇਰੈਕਟਰ ਈ.ਆਰ. ਵਿਲਸਨ ਵੱਲੋਂ ਉਸ ਕੋਲ ਮੌਜੂਦ ਸੂਚਨਾ ਸਮਗਰੀ ਦੇ ਆਧਾਰ 'ਤੇ ਇਸ ਨਿਸ਼ਾਨਦੇਹੀ ਦੀ ਜਾਂਚ-ਪੜਤਾਲ ਅਤੇ ਪੁਸ਼ਟੀ (ਵੇਰੀਫਿਕੇਸ਼ਨ) ਕੀਤੀ ਗਈ।

ਦਰਿਆਈ ਪਾਣੀਆਂ ਦੇ ਮਸਲੇ ਬਾਰੇ ਮਸ਼ਹੂਰ ਪੁਸਤਕ 'ਦੋ ਦਰਿਆਵਾਂ ਦੀ ਗਾਥਾ' ਦੇ ਲੇਖਕ ਪਾਲ ਸਿੰਘ ਢਿੱਲੋਂ ਅਨੁਸਾਰ ਸ੍ਰੀ ਗੁਲਾਟੀ ਵੱਲੋਂ ਪੇਸ਼ ਕੀਤੀਆਂ ਦਲੀਲਾਂ ਦਾ ਪਾਕਿਸਤਾਨੀ ਮਾਹਰਾਂ ਨੇ 'ਵੰਡ ਤੋਂ ਪਹਿਲਾਂ ਦੇ ਰਿਕਾਰਡ ਦੇ ਆਧਾਰ 'ਤੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ, ਪਰ ਭਾਰਤ ਸਰਕਾਰ ਵੱਲੋਂ ਸ੍ਰੀ ਗੁਲਾਟੀ ਦੇ ਤਿਆਰ ਕੀਤੇ ਅਤੇ ਯਕੀਨੀ ਅਸਰਕਾਰੀ ਨਾਲ ਪੇਸ਼ ਕੀਤੇ ਵੇਰਵੇ ਪਾਕਿਸਤਾਨੀ ਪੱਖ ਦੇ ਮੁਕਾਬਲੇ ਕਿਤੇ ਉੱਤਮ ਸਨ।'

ਇਸ ਦੇ ਬਾਵਜੂਦ ਪਾਲ ਸਿੰਘ ਢਿੱਲੋਂ, ਐੱਨ.ਡੀ. ਗੁਲਾਟੀ ਵੱਲੋਂ ਘੱਗਰ ਨਦੀ ਖੇਤਰ ਦੇ ਸਿੰਧ ਨਦੀ ਖੇਤਰ ਦਾ ਅੰਗ ਹੋਣ ਦੇ ਦਾਅਵੇ ਨਾਲ ਅਸਹਿਮਤ ਹਨ। ਉਹਨਾ ਦੀ ਦਲੀਲ ਹੈ ਕਿ ਘੱਗਰ ਨਦੀ ਦਾ ਵਹਿਣ ਸਾਬਕਾ ਰਾਜਪੂਤਾਨਾ ਖੇਤਰ ਵਿਚ ਜਾ ਕੇ ਮੁੱਕ ਜਾਂਦਾ ਹੈ, ਇਸ ਕਰਕੇ ਇਸ ਨੂੰ ਸਿੰਧ ਨਦੀ ਖੇਤਰ ਦਾ ਹਿੱਸਾ ਨਹੀਂ ਮੰਨਿਆ ਜਾ ਸਕਦਾ। ਉਹ ਰਾਜਪੂਤਾਨਾ ਖੇਤਰ ਵਿਚ ਘੱਗਰ ਦੀ ਵਹਿਣ ਹੱਦ ਤੋਂ ਅੱਗੇ ਧਰਤੀ ਦੇ ਭੋਇੰ-ਬਣਤਰੀ ਲੱਛਣਾਂ ਬਾਰੇ ਦਾਅਵਾ ਕਰਦੇ ਹਨ ਕਿ ਇਹਨਾਂ ਨੂੰ ਵੱਧ ਤੋਂ ਵੱਧ ਕਿਸੇ ਸਮੇਂ ਚਲਦੇ ਰਹੇ ਵਹਿਣ ਦੀਆਂ ਪਥਰਾਈਆਂ ਹੋਈਆਂ ਨਿਸ਼ਾਨੀਆਂ ਹੀ ਕਿਹਾ ਜਾ ਸਕਦਾ ਹੈ। ਸ੍ਰੀ ਢਿੱਲੋਂ ਜਿਹੜੇ ਖੁਦ ਸਿੰਚਾਈ ਮਹਿਕਮੇ ਦੇ ਉੱਚ ਅਧਿਕਾਰੀ ਰਹੇ ਹਨ, ਦਾ ਜ਼ੋਰਦਾਰ ਦਾਅਵਾ ਹੈ ਕਿ ਸ੍ਰੀ ਗੁਲਾਟੀ ਵੱਲੋਂ ਕੀਤੀ ਗਈ ਸਾਰੀ ਮਸ਼ਕ ਦਾ ਕੋਈ ਵਿਗਿਆਨਕ ਆਧਾਰ ਨਹੀਂ ਸੀ। ਇਹ 'ਕੌਮੀ ਹਿੱਤਾਂ ਖਾਤਰ ਪਾਕਿਸਤਾਨ ਤੋਂ ਪਾਣੀ ਹਾਸਲ ਕਰਨ ਲਈ ਵਿਗਿਆਨਕ ਧਾਰਨਾਵਾਂ ਤੋਂ ਲਾਂਭੇ ਜਾ ਕੇ ਘੜੀ ਗਈ ਦਲੀਲਬਾਜ਼ੀ ਸੀ।'

ਸ੍ਰੀ ਢਿੱਲੋਂ ਨੂੰ ਇਤਰਾਜ਼ ਹੈ ਕਿ 'ਜੋ ਕੌਮੀ ਹਿੱਤਾਂ ਵਿਚ ਵਿਗਿਆਨਕ ਧਾਰਨਾਵਾਂ ਤੋਂ ਦੂਰ ਜਾ ਕੇ ਘੜਿਆ ਗਿਆ ਸੀ, ਉਸੇ ਨੂੰ ਹੁਣ ਭਾਰਤੀ ਯੂਨੀਅਨ ਦੇ ਹੀ ਇੱਕ ਸੂਬੇ ਦੇ ਹਿੱਤਾਂ ਖਿਲਾਫ ਅਚੁੱਕ ਕੱਟੜਤਾ ਨਾਲ ਕਾਇਮ ਰੱਖਿਆ ਜਾ ਰਿਹਾ ਹੈ।'

ਸ੍ਰੀ ਐੱਨ.ਡੀ. ਗੁਲਾਟੀ ਵੱਲੋਂ ਪਾਣੀ ਦੇ ਧਰਤੀ ਹੇਠਲੇ ਅਤੇ ਉਪਰਲੇ ਵਹਿਣ ਨੂੰ ਗੁੰਦਵੇਂ ਰੂਪ ਵਿਚ ਨਦੀ ਖੇਤਰ ਦੀਆਂ ਹੱਦਾਂ ਨਿਸਚਿਤ ਕਰਨ ਦਾ ਆਧਾਰ ਬਣਾਉਣ ਦੀ ਸ੍ਰੀ ਗੁਲਾਟੀ ਦੀ ਦਲੀਲ ਨੂੰ ਸ੍ਰੀ ਢਿੱਲੋਂ ਵੱਲੋਂ ਸਿਧਾਂਤਕ ਪੱਧਰ 'ਤੇ ਚੁਣੌਤੀ ਨਹੀਂ ਦਿੱਤੀ ਗਈ ਅਤੇ ਨਾ ਹੀ ਇਸ ਨੂੰ ਧਰਤੀ ਹੇਠਲੇ ਪਾਣੀ ਦੀ ਸਥਿਤੀ ਬਾਰੇ ਕਿਸੇ ਠੋਸ ਸਰਵੇਖਣ ਦੇ ਆਧਾਰ 'ਤੇ ਰੱਦ ਕੀਤਾ ਗਿਆ ਹੈ।

ਸ੍ਰੀ ਢਿੱਲੋਂ ਦਾ ਕਹਿਣਾ ਹੈ ਕਿ ਉਹ ਇਸ ਗੱਲ ਬਾਰੇ 'ਸੁਚੇਤ' ਹਨ ਕਿ ਉਹਨਾਂ ਦੇ ਸਿੱਟੇ, ਧਰਤੀ ਹੇਠਲੀ ਜਲ ਸਥਿਤੀ ਅਤੇ ਵਹਿਣ ਹੱਦ ਤੋਂ ਅੱਗੇ ਦੇ ਭੋਇੰ-ਬਣਤਰੀ ਲੱਛਣਾਂ ਤੋਂ ਨਿਖੜਵੇਂ ਰੂਪ ਵਿਚ ਘੱਗਰ ਨਦੀ ਪ੍ਰਣਾਲੀ ਦੀ ਮੌਜੂਦਾ ਵਹਿਣ ਹੱਦ ਤੋਂ ਉਪਰ ਧਰਤੀ ਉਪਰਲੇ ਪਾਣੀ ਦੀ ਸਥਿਤੀ ਨਾਲ ਸੰਬੰਧਤ ਸੀਮਤ ਪੱਖ 'ਤੇ ਆਧਾਰਤ ਹਨ, ਜਦੋਂ ਕਿ ਸ੍ਰੀ ਗੁਲਾਟੀ 'ਜਲ ਵਹਿਣ ਪ੍ਰਸਥਿਤੀ ਅਤੇ ਭੋਇੰ ਬਣਤਰੀ ਲੱਛਣਾਂ ਦੇ ਸੰਜੋਗ" ਵਰਗੇ ਆਮ ਪ੍ਰੀਭਾਸ਼ਕ ਸ਼ਬਦ ਦੀ ਵਰਤੋਂ ਸਦਕਾ ਮਾਮਲੇ ਨੂੰ ਵਧੇਰੇ ਭਰਵੀਂ ਦ੍ਰਿਸ਼ਟੀ ਤੋਂ ਸੰਬੋਧਤ ਹੋਣ ਦਾ ਦਾਅਵਾ ਕਰ ਸਕਦੇ ਹਨ।

ਇੱਕ ਹੋਰ ਥਾਂ 'ਤੇ ਸ੍ਰੀ ਢਿੱਲੋਂ ਨੇ ਹੈਲਿੰਸਕੀ ਕਾਨਫਰੰਸ ਵੱਲੋਂ ਨਦੀ ਖੇਤਰ ਦੀ ਪ੍ਰੀਭਾਸ਼ਾ ਸੰਬੰਧੀ ਚਲੰਤ ਰੂਪ ਵਿਚ ਮੱਧਮ ਕਿੰਤੂ ਉਠਾਇਆ ਹੈ, ਪਰ ਧਰਤੀ ਹੇਠਲੀ ਜਲ ਵਹਿਣ ਸਥਿਤੀ ਨੂੰ ਧਰਤੀ ਉਪਰਲੀ ਜਲ ਵਹਿਣ ਸਥਿਤੀ ਨਾਲ ਜੁੜਵੇਂ ਰੂਪ ਵਿਚ ਨਦੀ ਖੇਤਰ ਦੀ ਸ਼ਨਾਖਤ ਦਾ ਆਧਾਰ ਬਣਾਉਣ ਨੂੰ ਰੱਦ ਨਹੀਂ ਕੀਤਾ। ਉਹਨਾਂ ਦਾ ਕਿੰਤੂ ਇਹ ਹੈ ਕਿ ਕਿਸੇ ਵਹਿਣ ਖੇਤਰ ਦੇ ਧਰਤੀ ਉਪਰਲੇ ਅਤੇ ਧਰਤੀ ਹੇਠਲੇ ਸਾਰੇ ਪਾਣੀਆਂ ਦੇ ਇੱਕੋ ਵਹਿਣ ਵਿਚ ਸਮੋ ਕੇ ਨਾ ਮੁੱਕਣ ਦੀ ਹਾਲਤ ਵਿਚ ਅਸੰਗਤੀ ਪੈਦਾ ਹੋ ਜਾਵੇਗੀ।

ਇਸ ਕਿੰਤੂ ਦੇ ਬਾਵਜੂਦ ਸ੍ਰੀ ਢਿੱਲੋਂ ਦੀ ਟਿੱਪਣੀ ਵਿਚੋਂ ਇਹ ਸਪਸ਼ਟ ਨਹੀਂ ਹੁੰਦਾ ਕਿ ਕੀ ਉਹਨਾ ਦੇ ਮੱਤ ਅਨੁਸਾਰ ਅਜਿਹੀ 'ਅਸੰਗਤੀ' ਨਦੀ ਖੇਤਰ ਸੰਬੰਧੀ ਹੈਲਿੰਸਕੀ ਕਾਨਫਰੰਸ ਦੀ ਪ੍ਰੀਭਾਸ਼ਾ ਨੂੰ ਰੱਦ ਕਰਨ ਦਾ ਆਧਾਰ ਬਣਦੀ ਹੈ। ਸੋ, ਕੁੱਲ-ਮਿਲਵੇਂ ਰੂਪ ਵਿਚ ਇਹੋ ਗੱਲ ਉੱਭਰਦੀ ਹੈ ਕਿ ਉਹ 'ਜਲ ਵਹਿਣ ਸਥਿਤੀ ਅਤੇ ਭੋਇੰ-ਬਣਤਰੀ ਲੱਛਣਾਂ ਦੇ ਸੰਜੋਗ' ਅਤੇ 'ਨੇੜਲੇ ਅੰਤਰ ਸੰਬੰਧ' ਨੂੰ ਤਾਂ ਪ੍ਰਵਾਨ ਕਰਦੇ ਹਨ, ਪਰ ਘੱਗਰ ਨਦੀ ਖੇਤਰ ਦੇ ਸਿੰਧ ਨਦੀ ਖੇਤਰ ਨਾਲ ਸੰਬੰਧ ਨੂੰ ਨਿਸਚਿਤ ਕਰਨ ਖਾਤਰ ਇਸ ਦੀ ਪ੍ਰਸੰਗਤਾ ਦੇ ਸਵਾਲ ਨੂੰ 'ਨਿੱਬੜਿਆ ਹੋਇਆ ਮਾਮਲਾ' ਨਹੀਂ ਸਮਝਦੇ। ਇਉਂ ਨਦੀ ਖੇਤਰ ਸੰਬੰਧੀ ਹੈਲਿੰਸਕੀ ਕਾਨਫਰੰਸ ਦੀ ਪ੍ਰੀਭਾਸ਼ਾ ਸੰਬੰਧੀ ਮੱਧਮ ਕਿੰਤੂ ਦੇ ਬਾਵਜੂਦ ਉਨ੍ਹਾ ਵੱਲੋਂ ਇਸ ਪ੍ਰੀਭਾਸ਼ਾ ਨੂੰ ਚੁਣੌਤੀ ਨਹੀਂ ਹੈ।

ਸਾਡੇ ਵੱਲੋਂ ਦਿੱਤੇ ਉਪਰੋਕਤ ਹਵਾਲੇ ਸ੍ਰੀ ਢਿੱਲੋਂ ਦੀ ਪੁਸਤਕ 'ਦੋ ਦਰਿਆਵਾਂ ਦੀ ਗਾਥਾ' ਵਿਚੋਂ ਦਿੱਤੇ ਗਏ ਹਨ। ਸ੍ਰੀ ਢਿੱਲੋਂ ਨੇ ਕਿਹਾ ਹੈ ਕਿ ਇਹ ਸ੍ਰੀ ਗੁਲਾਟੀ ਦੇ ਦਾਅਵਿਆਂ ਬਾਰੇ ਉਨ੍ਹਾ ਦੀ ਚਲੰਤ ਟਿੱਪਣੀ ਹੈ, ਯਾਨੀ ਕਿ ਇਸ ਮੁੱਦੇ ਦੀ ਪੂਰੀ ਚਰਚਾ ਨਹੀਂ ਹੈ। ਕੁਝ ਮਾਹਰਾਂ ਜਿਵੇਂ ਕਿ ਪ੍ਰੋ. ਗੁਰਦੇਵ ਸਿੰਘ ਗੋਸਲ ਦਾ ਵਿਚਾਰ ਹੈ ਕਿ ਘੱਗਰ ਨਦੀ ਖੇਤਰ ਨਾ ਗੰਗਾ ਨਦੀ ਖੇਤਰ ਦਾ ਅੰਗ ਹੈ ਅਤੇ ਨਾ ਹੀ ਸਿੰਧ ਨਦੀ ਖੇਤਰ ਦਾ ਅੰਗ ਹੈ, ਸਗੋਂ ਦੋਹਾਂ ਨੂੰ ਵੰਡਦਾ ਆਜ਼ਾਦ ਨਦੀ ਖੇਤਰ ਹੈ।

ਸਾਡਾ ਮਕਸਦ ਕਿਸੇ ਮਾਹਰ ਦੇ ਵਿਚਾਰ ਦੀ ਹਮਾਇਤ ਜਾਂ ਖੰਡਨ ਕਰਨਾ ਨਹੀਂ, ਸਗੋਂ ਇਹ ਦਰਸਾਉਣਾ ਹੈ ਕਿ ਜਲ ਮਾਹਰਾਂ ਦੇ ਪੱਧਰ 'ਤੇ ਘੱਗਰ ਨਦੀ ਖੇਤਰ ਦੇ ਸਿੰਧ ਨਦੀ ਖੇਤਰ ਨਾਲ ਸੰਬੰਧ ਬਾਰੇ ਅੰਤਮ ਨਿਤਾਰਾ ਹੋਣਾ ਅਜੇ ਬਾਕੀ ਹੈ। ਰਾਜਸਥਾਨ ਅਤੇ ਹਰਿਆਣਾ ਦੇ ਰਿਪੇਰੀਅਨ ਜਾਂ ਗੈਰ-ਰਿਪੇਰੀਅਨ ਰਾਜ ਹੋਣ ਬਾਰੇ ਨਿਤਾਰਾ ਉਪਰੋਕਤ ਨਿਤਾਰੇ ਨਾਲ ਜੁੜਿਆ ਹੋਇਆ ਹੈ ਅਤੇ ਇਸ ਉੱਤੇ ਨਿਰਭਰ ਕਰਦਾ ਹੈ। ਇਹ ਨਿਤਾਰਾ ਕਰਨ ਲਈ ਜ਼ਰੂਰੀ ਹੈ ਕਿ ਘੱਗਰ ਨਦੀ ਖੇਤਰ ਵਿਚ ਜਲ ਵਹਿਣ ਸਥਿਤੀ ਅਤੇ ਇਸ ਦੀ ਵਹਿਣ ਹੱਦ ਤੋਂ ਅੱਗੇ ਭੋਇੰ ਬਣਤਰੀ ਲੱਛਣਾਂ ਦੀ ਜਾਂਚ ਕਰਵਾਈ ਜਾਵੇ। ਅਜਿਹੀ ਜਾਂਚ ਦਾ ਜ਼ੁੰਮਾ ਨਿਰਵਿਵਾਦ, ਸਰਬਪ੍ਰਵਾਨਤ ਅਤੇ ਨਿਰਪੱਖ ਮਾਹਰਾਂ ਨੂੰ ਸੌਂਪਿਆ ਜਾਣਾ ਚਾਹੀਦਾ ਹੈ। ਇੱਥੇ ਅਸੀਂ ਕਰਨ ਸਿੰਘ ਦਲਾਲ ਵੱਲੋਂ ਲਗਭਗ ਦੋ ਦਹਾਕੇ ਪਹਿਲਾਂ ਕੀਤੀ ਟਿੱਪਣੀ ਦੁਹਰਾਉਣਾ ਚਾਹਾਂਗੇ:

'ਰਾਵੀ-ਬਿਆਸ ਪਾਣੀਆਂ ਦੀ ਵੰਡ ਅਤੇ ਐੱਸ. ਵਾਈ. ਐੱਲ. ਨਹਿਰ ਨੂੰ ਮੁਕੰਮਲ ਕਰਨ ਬਾਰੇ ਝਗੜਾ ਸੁਭਾਅ ਪੱਖੋਂ ਤਕਨੀਕੀ ਹੈ ਅਤੇ ਇਸ ਬਾਰੇ ਪਾਣੀ ਅਤੇ ਸਿੰਜਾਈ ਮਾਹਰਾਂ ਨੂੰ ਫੈਸਲਾ ਕਰਨਾ ਚਾਹੀਦਾ ਸੀ, ਪਰ ਹਾਲਤ ਅਜਿਹੇ ਮੋੜ 'ਤੇ ਆ ਗਏ ਹਨ ਕਿ ਦੋਵਾਂ ਰਾਜਾਂ ਦੇ ਨਿਰਲੱਜ ਸਿਆਸਤਦਾਨਾਂ ਨੇ ਪੰਜਾਬ, ਹਰਿਆਣੇ ਅਤੇ ਰਾਜਸਥਾਨ ਦੇ ਕਿਸਾਨਾਂ ਵੱਲੋਂ ਆਪਣੀਆਂ ਫਸਲਾਂ ਸਿੰਜਣ ਤੋਂ ਪਹਿਲਾਂ ਪਾਣੀ ਖੋਹ ਕੇ ਆਪਣੀਆਂ ਵੋਟਾਂ ਦੀ ਫਸਲ ਸਿੰਜ ਲਈ ਹੈ।'

***# ਸੰਪਰਕ : 94631-67923***

# ਪੁਲਸ ਨੇ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਈ, 2 ਮੁਲਜ਼ਮ ਗ੍ਰਿਫਤਾਰ



**ਮਾਨਸਾ (ਗੀਤਵਾਲ)**-ਬੀਤੀ 6 ਅਕਤੂਬਰ ਦੀ ਰਾਤ ਨੂੰ ਜ਼ਿਲ੍ਹੇ ਦੇ ਪਿੰਡ ਬਰ੍ਹੇ ਵਿਖੇ ਨਾ-ਮਲੂਮ ਵਿਅਕਤੀਆਂ ਵੱਲੋਂ ਤੇਜ਼ ਹਥਿਆਰਾਂ ਨਾਲ ਕੀਤੇ ਕਤਲ ਦੀ ਗੁੱਥੀ ਨੂੰ ਸੁਲਝਾਉਣ ਵਿੱਚ ਸਥਾਨਕ ਪੁਲਸ ਨੂੰ ਵੱਡੀ ਸਫਲਤਾ ਹਾਸਲ ਹੋਈ ਹੈ, ਜਿਸ ਦੇ ਤਹਿਤ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਵਾਰਦਾਤ ਸਮੇਂ ਵਰਤੀ ਕਾਰ (ਅਲਟੋ), ਬੇਸਬਾਲ ਤੇ ਮੋਬਾਇਲ ਫੋਨ ਬਰਾਮਦ ਕੀਤੇ ਗਏ ਹਨ। ਜ਼ਿਲ੍ਹਾ ਮੁਖੀ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਮੁੱਖ ਅਫਸਰ ਥਾਣਾ ਬੋਹਾ ਪਾਸ ਬਲਕਾਰ ਸਿੰਘ ਵਾਸੀ ਬਰ੍ਹੇ ਨੇ ਬਿਆਨ ਦਰਜ ਕਰਵਾਇਆ ਕਿ ਉਸ ਦੇ ਭਰਾ ਜਗਤਾਰ ਸਿੰਘ ਦਾ 6 ਅਕਤੂਬਰ ਨੂੰ ਰਾਤ ਸਮੇਂ ਨਾ-ਮਾਲੂਮ ਵਿਅਕਤੀਆਂ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ ਹੈ। ਮਾਮਲੇ ਦੀ ਗੰਭਰੀਤਾ ਨੂੰ ਦੇਖਦੇ ਹੋਏ ਇਸ ਮੁੱਕਦਮਾ ਦੀ ਤਫਤੀਸ਼ ਇੰਚਾਰਜ ਸੀ.ਆਈ.ਏ. ਸਟਾਫ ਮਾਨਸਾ ਨੂੰ ਸੌਂਪੀ ਗਈ, ਜਿਸ 'ਚ ਇੰਸਪੈਕਟਰ ਜਗਦੀਸ਼ ਕੁਮਾਰ ਇੰਚਾਰਜ ਸੀ.ਆਈ.ਏ. ਸਟਾਫ ਵੱਲੋਂ ਮੁਕੱਦਮੇ ਦੀ ਤਫਤੀਸ਼ ਨੂੰ ਵਿਗਿਆਨਕ ਅਤੇ ਤਕਨੀਕੀ ਢੰਗਾਂ ਨਾਲ ਅੱਗੇ ਵਧਾਉਂਦੇ ਹੋਏ ਮੁਕੱਦਮੇ ਨੂੰ ਟਰੇਸ ਕਰਕੇ ਮੁਲਜ਼ਮ ਸੁਖਵੀਰ ਕੌਰ, ਹਰਵੀਰ ਸਿੰਘ ਵਾਸੀਆਨ ਮੋਜੋ ਖੁਰਦ, ਰਾਜਵਿੰਦਰ ਸਿੰਘ ਤੇ ਸੁਖਪ੍ਰੀਤ ਸਿੰਘ ਵਾਸੀਆਨ ਅਤਲਾ ਖੁਰਦ ਨੂੰ ਨਾਮਜ਼ਦ ਕੀਤਾ। ਦੌਰਾਨੇ ਤਫਤੀਸ਼ ਸਾਜ਼ਿਸ਼ ਰਚਤਾ ਸੁਖਵੀਰ ਕੌਰ ਤੇ ਮੁਲਜ਼ਮ ਹਰਵੀਰ ਸਿੰਘ ਉਰਫ ਪੀਸ਼ਾ ਨੂੰ 12 ਅਕਤੂਬਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮੁੱਢਲੀ ਤਫਤੀਸ਼ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਮ੍ਰਿਤਕ ਦੇ ਭਰਾ ਬਲਕਾਰ ਸਿੰਘ ਉਰਫ ਕਾਲਾ ਦਾ ਆਪਣੀ ਪਤਨੀ ਸੁਖਵੀਰ ਕੌਰ ਨਾਲ ਤਲਾਕ ਦਾ ਕੇਸ ਚੱਲਦਾ ਸੀ, ਜੋ ਸੁਖਵੀਰ ਕੌਰ ਉਸ ਤੋਂ ਜਲਦੀ ਤਲਾਕ ਲੈ ਕੇ ਰਾਜਵਿੰਦਰ ਸਿੰਘ ਉਰਫ ਫੌਜੀ ਨਾਲ ਰਹਿਣਾ ਚਾਹੁੰਦੀ ਸੀ, ਪ੍ਰੰਤੂ ਬਲਕਾਰ ਸਿੰਘ ਉਸ ਨੂੰ ਤਲਾਕ ਨਹੀਂ ਦੇ ਰਿਹਾ ਸੀ, ਜਿਸ ਕਰਕੇ ਸੁਖਵੀਰ ਕੌਰ ਨੇ ਰਾਜਵਿੰਦਰ ਸਿੰਘ ਉਰਫ ਫੌਜੀ ਨਾਲ ਸਾਜ਼ਿਸ਼ ਰਚ ਕੇ ਆਪਣੇ ਪਤੀ ਬਲਕਾਰ ਸਿੰਘ ਉਰਫ ਕਾਲਾ 'ਤੇ ਤਲਾਕ ਦੇਣ ਲਈ ਦਬਾਓ ਪਾਉਣ, ਡਰਾਉਣ ਧਮਕਾਉਣ ਤੇ ਕੁੱਟਮਾਰ ਕਰਨ ਲਈ ਆਪਣੇ ਭਰਾ ਹਰਵੀਰ ਸਿੰਘ ਉਰਫ ਪੀਸ਼ਾ ਤੇ ਸੁਖਪ੍ਰੀਤ ਸਿੰਘ ਉਰਫ ਸੁੱਖੀ ਨੂੰ ਰਾਜਵਿੰਦਰ ਸਿੰਘ ਉਰਫ ਫੌਜੀ ਨਾਲ ਅਲਟੋ ਕਾਰ 'ਤੇ ਪਿੰਡ ਬਰ੍ਹੇ ਭੇਜਿਆ ਸੀ, ਜਿਨ੍ਹਾਂ ਨੇ ਪਿੰਡ ਬਰ੍ਹੇ ਬਲਕਾਰ ਸਿੰਘ ਉਰਫ ਕਾਲਾ ਦੇ ਘਰ ਦੇ ਗੇਟ 'ਤੇ ਪੁੱਜ ਕੇ ਉਸ ਨੂੰ ਅਵਾਜ਼ ਮਾਰੀ, ਪ੍ਰੰਤੂ ਗੇਟ ਮ੍ਰਿਤਕ ਜਗਤਾਰ ਸਿੰਘ ਉਰਫ ਤਾਰੀ ਨੇ ਖੋਲ੍ਹਿਆ ਜਿਸ 'ਤੇ ਮੁਲਜ਼ਮਾਂ ਨੇ ਜਗਤਾਰ ਸਿੰਘ ਉਰਫ ਤਾਰੀ ਦਾ ਤੇਜ਼ ਹਥਿਆਰਾਂ ਨਾਲ ਕਤਲ ਕਰ ਦਿੱਤਾ ਸੀ। ਗ੍ਰਿਫਤਾਰ ਮੁਲਜ਼ਮਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛ-ਗਿੱਛ ਕੀਤੀ ਜਾਵੇਗੀ ਤੇ ਬਾਕੀ ਰਹਿੰਦੇ ਮੁਲਜ਼ਮਾਂ ਨੂੰ ਵੀ ਜਲਦ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।

# ਉਗਰਾਹਾਂ ਨੇ ਕਿਸਾਨ ਦੀ ਆੜ੍ਹਤੀਏ ਤੋਂ ਜ਼ਮੀਨ ਛੁਡਵਾ ਕੇ ਕਣਕ ਬਿਜਾਈ



**ਮਲੋਟ (ਗੁਰਮੀਤ ਸਿੰਘ ਮੱਕੜ)**-ਪਿੰਡ ਘੁਮਿਆਰਾ ਵਿੱਚ ਇੱਕ ਕਿਸਾਨ ਜਗਨੰਦਣ ਸਿੰਘ ਦਾ ਇੱਕ ਆੜ੍ਹਤੀਏ ਨਾਲ ਚਾਰ ਏਕੜ ਜ਼ਮੀਨ ਦਾ ਲੈਣ ਦੇਣ ਸੀ, ਜਿਸ ਨੂੰ ਲੈ ਕੇ ਆੜ੍ਹਤੀਏ ਨੇ ਕਿਸਾਨ ਤੋਂ ਜ਼ਮੀਨ ਆਪਣੇ ਨਾਮ ਕਰਵਾ ਲਈ, ਪ੍ਰੰਤੂ ਕਿਸਾਨ ਵੱਲੋਂ ਕਬਜ਼ਾ ਨਾ ਦੇਣ ਦੀ ਸੂਰਤ ਵਿੱਚ ਆੜ੍ਹਤੀਏ ਨੇ ਮਾਨਯੋਗ ਅਦਾਲਤ ਦਾ ਸਹਾਰਾ ਲਿਆ, ਜਿਸ ਦਾ ਫੈਸਲਾ ਆੜ੍ਹਤੀਏ ਦੇ ਹੱਕ ਵਿੱਚ ਆਉਣ ਤੋਂ ਬਾਅਦ ਸਿਵਲ ਪ੍ਰਸ਼ਾਸਨ ਨੇ ਪੁਲਸ ਦੇ ਸਹਿਯੋਗ ਨਾਲ 28 ਅਕਤੂਬਰ ਨੂੰ ਆੜ੍ਹਤੀਏ ਨੂੰ ਕਬਜ਼ਾ ਦਿਵਾ ਦਿੱਤਾ ਗਿਆ, ਜਿਸ ਦਾ ਕਿਸਾਨ ਯੂਨੀਅਨ ਉਗਰਾਹਾਂ ਦੇ ਕਿਸਾਨਾਂ ਵੱਲੋਂ ਵਿਰੋਧ ਕਰਦੇ ਹੋਏ ਉਕਤ ਜ਼ਮੀਨ ਵਿੱਚ ਲਗਾਤਾਰ ਧਰਨਾ ਦਿੱਤਾ ਜਾ ਰਿਹਾ ਹੈ। ਅੱਜ ਕਿਸਾਨਾਂ ਵੱਲੋਂ ਉਕਤ ਜ਼ਮੀਨ ਵਿੱਚ ਕਿਸਾਨ ਦੇ ਹੱਕ ਵਿੱਚ ਕਣਕ ਦੀ ਬਿਜਾਈ ਕਰਵਾਉਂਦੇ ਹੋਏ ਪ੍ਰਸ਼ਾਸਨ ਦੀ ਕਥਿਤ ਧੱਕੇਸ਼ਾਹੀ ਖਿਲਾਫ ਨਾਅਰੇਬਾਜ਼ੀ ਕੀਤੀ।

ਇਸ ਮੌਕੇ ਕਿਸਾਨ ਯੂਨੀਅਨ ਉਗਰਾਹਾਂ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਕਿਸਾਨ ਜਗਨੰਦਣ ਦੀ ਆੜ੍ਹਤੀਏ ਨੇ ਕਥਿਤ ਜਾਲ੍ਹਸਾਜ਼ੀ ਕਰਕੇ ਜ਼ਮੀਨ ਆਪਣੇ ਨਾਮ ਕਰਵਾ ਲਈ ਸੀ, ਜਿਸ ਦਾ ਪ੍ਰਸ਼ਾਸਨ ਨੇ ਆੜ੍ਹਤੀਏ ਨੂੰ ਕਬਜ਼ਾ ਦਿਵਾ ਦਿੱਤਾ ਸੀ।

ਕਿਸਾਨਾਂ ਵੱਲੋਂ ਇਸ ਦਾ ਵਿਰੋਧ ਕਰਦੇ ਹੋਏ ਲਗਾਤਾਰ ਧਰਨਾ ਦਿੱਤਾ ਜਾ ਰਿਹਾ ਹੈ। ਅੱਜ ਉਕਤ ਕਿਸਾਨ ਦੀ ਜ਼ਮੀਨ ਵਿੱਚ ਕਣਕ ਦੀ ਬਿਜਾਈ ਕਰਵਾਈ ਗਈ। ਜਥੇਬੰਦੀ ਨੇ ਚਿਤਵਾਨੀ ਦਿੰਦੇ ਹੋਏ ਕਿਹਾ ਕਿ ਕਿਸਾਨਾਂ ਨਾਲ ਕਿਸੇ ਵੀ ਤਰ੍ਹਾਂ ਦੀ ਕੋਈ ਧੱਕੇਸ਼ਾਹੀ ਨਹੀਂ ਹੋਣ ਦਿੱਤੀ ਜਾਵੇਗੀ।

# ਕੰਟੇਨਰ ਟਰੱਕ ਪਿੱਛੇ ਟਕਰਾਈ ਕਾਰ, ਇੱਕ ਦੀ ਮੌਤ, 5 ਜ਼ਖਮੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੰਡੀ ਗੋਬਿੰਦਗੜ੍ਹ ਨਜ਼ਦੀਕ ਵਾਪਰੇ ਇੱਕ ਸੜਕ ਹਾਦਸੇ 'ਚ ਇੱਕ 85 ਸਾਲਾ ਬਜ਼ੁਰਗ ਦੀ ਮੌਤ ਹੋ ਜਾਣ ਤੇ 5 ਵਿਅਕਤੀਆਂ ਦੇ ਜ਼ਖਮੀ ਹੋ ਜਾਣ ਦਾ ਸਮਾਚਾਰ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਏਅਰ ਫੋਰਸ ਦੇ ਕਾਨ੍ਹਪੁਰ ਸਟੇਸ਼ਨ ਵਿਖੇ ਤਾਇਨਾਤ ਨਿਤਿਨ ਜੋਸ਼ੀ ਵਾਸੀ ਰੇਲਵੇ ਕੋਚ ਫੈਕਟਰੀ ਕਪੂਰਥਲਾ ਆਪਣੀ ਪਤਨੀ ਸੰਗੀਤਾ ਜੋਸ਼ੀ, 8 ਸਾਲਾ ਪੁੱਤਰੀ ਨਵੀਕਾ ਜੋਸ਼ੀ, 3 ਸਾਲਾ ਪੁੱਤਰ ਮਾਧਵ ਜੋਸ਼ੀ, ਕਰਨਾਲ (ਹਰਿਆਣਾ) ਵਿਖੇ ਰਹਿੰਦੇ ਆਪਣੇ ਮਾਮੇ ਨਵੀਨ ਕੁਮਾਰ ਤੇ 85 ਸਾਲਾ ਨਾਨੇ ਕੈਲਾਸ਼ ਨਾਥ ਨਾਲ ਕਪੂਰਥਲਾ ਵਿਖੇ ਸਮਾਗਮ 'ਚ ਹਾਜ਼ਰੀ ਲਗਵਾ ਕੇ ਆਪਣੀ ਰਿਟਜ਼ ਕਾਰ 'ਚ ਵਾਪਸ ਕਰਨਾਲ ਨੂੰ ਜਾ ਰਿਹਾ ਸੀ ਤਾਂ ਸਵੇਰੇ 9.30 ਵਜੇ ਦੇ ਕਰੀਬ ਮੰਡੀ ਗੋਬਿੰਦਗੜ੍ਹ ਦੇ ਬਾਂਸਲ ਕੰਡੇ ਨਜ਼ਦੀਕ ਫਲਾਈਓਵਰ 'ਤੇ ਪਹੁੰਚਣ 'ਤੇ ਇੱਕ ਤੇਜ਼ ਰਫਤਾਰ ਕੰਟੇਨਰ ਟਰੱਕ ਨੇ ਉਨ੍ਹਾਂ ਦੀ ਕਾਰ ਨੂੰ ਓਵਰਟੇਕ ਕਰਦਿਆਂ ਕਾਰ ਦੇ ਅੱਗੇ ਜਾ ਕੇ ਇਕਦਮ ਬਰੇਕ ਲਗਾ ਦਿੱਤੀ, ਜਿਸ ਕਾਰਨ ਉਨ੍ਹਾਂ ਦੀ ਕਾਰ ਬੇਕਾਬੂ ਹੋ ਕੇ ਕੰਟੇਨਰ ਦੇ ਪਿੱਛੇ ਜਾ ਟਕਰਾਈ।

ਇਸ ਹਾਦਸੇ ਦੌਰਾਨ ਜ਼ਖਮੀ ਹੋਏ ਕਾਰ ਸਵਾਰ ਵਿਅਕਤੀਆਂ ਨੂੰ ਮੰਡੀ ਗੋਬਿੰਦਗੜ੍ਹ ਦੇ ਸਰਕਾਰੀ ਹਸਪਤਾਲ 'ਚ ਲਿਜਾਇਆ ਗਿਆ ਜਿੱਥੇ ਡਾਕਟਰਾਂ ਵੱਲੋਂ ਕੈਲਾਸ਼ ਨਾਥ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ ਤੇ ਇਸ ਹਾਦਸੇ ਕਾਰਨ ਕਾਰ ਚਾਲਕ ਨਿਤਿਨ ਜੋਸ਼ੀ ਦੀ ਜੀਭ ਕੱਟੀ ਗਈ ਤੇ ਉਸ ਦੀ ਪਤਨੀ ਦੀ ਲੱਤ ਫਰੈਕਚਰ ਹੋ ਗਈ, ਜਿਨ੍ਹਾਂ ਨੂੰ ਇਲਾਜ ਲਈ ਡੀ.ਐੱਮ.ਸੀ. ਹਸਪਤਾਲ ਲੁਧਿਆਣਾ ਰੈਫਰ ਕਰ ਦਿੱਤਾ ਗਿਆ, ਜਦੋਂਕਿ ਨਵੀਨ ਕੁਮਾਰ, ਨਵੀਕਾ ਜੋਸ਼ੀ ਤੇ ਮਾਧਵ ਜੋਸ਼ੀ ਦੇ ਮਾਮੂਲੀ ਸੱਟਾਂ ਲੱਗੀਆਂ। ਨਵੀਨ ਕੁਮਾਰ ਦੇ ਬਿਆਨਾਂ 'ਤੇ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਅਣਪਛਾਤੇ ਕੰਟੇਨਰ ਟਰੱਕ ਚਾਲਕ ਵਿਰੁੱਧ 279, 338, 304-ਏ ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

## ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਸਾਲਾਨਾ ਇਨਾਮ ਵੰਡ ਸਮਾਰੋਹ




**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਗਲੋਬਲ ਸਕੂਲ ਮੰਡੀ ਗੋਬਿੰਦਗੜ੍ਹ ਨੇ ਆਪਣਾ ਸਾਲਾਨਾ ਫੰਕਸ਼ਨ-ਕਮ-ਇਨਾਮ ਵੰਡ ਸਮਾਰੋਹ-2022 ਪੂਰੇ ਜੋਸ਼ ਤੇ ਉਤਸ਼ਾਹ ਨਾਲ ਕਰਵਾਇਆ। ਸਮਾਗਮ 'ਸਪਾਰਕਸ' ਥੀਮ ਦੇ ਦੁਆਲੇ ਬੁਣਿਆ ਗਿਆ ਸੀ। ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ ਪੰਜਾਬ ਦੇ ਪ੍ਰਧਾਨ ਡਾ: ਜਗਜੀਤ ਸਿੰਘ ਧੂਰੀ, ਡੀ.ਈ.ਓ. ਦਫਤਰ (ਐੱਫ.ਜੀ.ਐੱਸ.) ਦੇ ਅਧਿਕਾਰੀ ਮਨਵੀਰ ਸਿੰਘ ਤੇ ਸ੍ਰੀ ਦੀਪਾਂਕਰ ਸੈਨ, ਖੇਤਰੀ ਮੈਨੇਜਰ ਬਰਲਿੰਗਟਨ, ਇੰਗਲਿਸ਼ ਨੇ ਸੱਭਿਆਚਾਰ ਸ਼ੋਅ-ਸਪਾਰਕਸ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ: ਜ਼ੋਰਾ ਸਿੰਘ ਤੇ ਡੀ.ਬੀ.ਯੂ. ਦੇ ਪ੍ਰੋ ਚਾਂਸਲਰ ਡਾ. ਤਜਿੰਦਰ ਕੌਰ ਸਮਾਗਮ ਦੇ ਵਿਸ਼ੇਸ਼ ਮਹਿਮਾਨ ਸਨ। ਪ੍ਰਿੰਸੀਪਲ ਰਜਨੀਸ਼ ਮਦਾਨ ਨੇ ਹਾਜ਼ਰ ਸਾਰੇ ਪਤਵੰਤਿਆਂ ਦਾ ਨਿੱਘਾ ਸਵਾਗਤ ਕੀਤਾ। ਸਾਲਾਨਾ ਇਨਾਮ ਵੰਡ ਸਮਾਰੋਹ ਸਕੂਲ ਦੇ ਸਾਰੇ ਜੇਤੂਆਂ ਤੇ ਪ੍ਰਾਪਤੀਆਂ ਕਰਨ ਵਾਲਿਆਂ ਲਈ ਮਾਣ ਤੇ ਸਨਮਾਨ ਦਾ ਪਲ ਸੀ। ਅਕੈਡਮੀਕੇਅਰਜ਼ ਲਈ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਸਮਾਗਮ ਵਿੱਚ ਵਿਦਿਆਰਥੀਆਂ ਵੱਲੋਂ ਗਣੇਸ਼ ਵੰਦਨਾ, ਆਰਕੈਸਟਰਾ, ਮੋਬਾਈਲ ਫੋਨਾਂ 'ਤੇ ਮਾਈਮ, ਬਾਲੀਵੁੱਡ ਡਾਂਸ, ਗਿੱਧਾ, ਭੰਗੜਾ ਤੇ ਫਿਊਜਨ ਡਾਂਸ ਸ਼ਾਮਲ ਸਨ।

## ਸਰਕਾਰੀ ਸਕੂਲ ਅਟਾਰੀ ਖਾਲਸਾ ਦਾ ਅਥਲੈਟਿਕ 'ਚ ਸ਼ਾਨਦਾਰ ਪ੍ਰਦਰਸ਼ਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼ਹੀਦ ਸਰਦਾਰ ਸ਼ਾਮ ਸਿੰਘ ਅਟਾਰੀ ਐਜੂਕੇਸ਼ਨ ਸੁਸਾਇਟੀ ਅਧੀਨ ਚੱਲ ਰਹੀ ਵਿੱਦਿਅਕ ਸੰਸਥਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਟਾਰੀ ਖਾਲਸਾ ਫਤਹਿਗੜ੍ਹ ਸਭਰਾ ਦੇ ਵਿਦਿਆਰਥੀਆਂ ਦਾ ਜ਼ਿਲ੍ਹਾ ਪੱਧਰੀ ਐਥਲੈਟਿਕਸ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਰਿਹਾ।ਇਨ੍ਹਾਂ ਮੁਕਾਬਲਿਆਂ ਵਿੱਚ ਕੁੱਲ 11 ਜ਼ੋਨਾ ਨੇ ਭਾਗ ਲਿਆ। ਅੰਡਰ-19 ਵਿੱਚ 100 ਮੀਟਰ, 200 ਮੀਟਰ, 1500 ਮੀਟਰ, 3000 ਮੀਟਰ ਤੇ ਅੰਡਰ-17 'ਚ 1500 ਮੀਟਰ, 300 ਮੀਟਰ, 400 ਮੀਟਰ ਵਿੱਚ ਵਿਦਿਆਰਥੀਆਂ ਨੇ ਪਹਿਲਾ ਸਥਾਨ ਲੈ ਕੇ ਗੋਲਡ ਮੈਡਲ ਪ੍ਰਾਪਤ ਕੀਤੇ।ਇਸੇ ਤਰ੍ਹਾਂ ਅੰਡਰ-19 'ਚ ਰਿਲੇਅ ਦੌੜਾਂ ਵਿੱਚ 400 ਮੀਟਰ ਤੇ ਅੰਡਰ-17 'ਚ 100 ਮੀਟਰ, 200 ਮੀਟਰ ਤੇ ਅੰਡਰ-14 ਦੇ 600 ਮੀਟਰ ਵਿੱਚ ਦੂਜਾ ਸਥਾਨ ਹਾਸਲ ਕੀਤਾ।ਅੰਡਰ-14 ਦੇ 200 ਮੀਟਰ ਵਿੱਚ ਤੀਜਾ ਸਥਾਨ ਹਾਸਲ ਕਰਕੇ ਬਰੋਨਜ਼ ਮੈਡਲ ਹਾਸਲ ਕੀਤਾ।ਸਕੂਲ ਪਹੁੰਚਣ 'ਤੇ ਸਮੂਹ ਸਟਾਫ਼ ਵੱਲੋਂ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ।ਇਸ ਸਮੇਂ ਸੰਸਥਾ ਦੇ ਪ੍ਰਿੰਸੀਪਲ ਇਕਬਾਲ ਸਿੰਘ, ਵਾਈਸ ਪ੍ਰਿੰਸੀਪਲ ਬਚਿੱਤਰ ਸਿੰਘ, ਅਮਰਜੀਤ ਸਿੰਘ (ਡੀ ਪੀ), ਗੁਰਪ੍ਰੀਤ ਕੌਰ (ਡੀ ਪੀ) ਤੇ ਸਟੇਜ ਉੱਪਰ ਹਾਜ਼ਰ ਰਹੇ।ਇਸ ਸਮੇਂ ਸਮੁੱਚਾ ਟੀਚਿੰਗ ਤੇ ਨਾਨ-ਟੀਚਿੰਗ ਸਟਾਫ਼ ਹਾਜ਼ਰ ਸੀ।

## ਕਾਤਰਾਂ

### ਨਜਾਇਜ਼ ਸ਼ਰਾਬ ਸਣੇ ਕਾਬੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ)**-ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ 8 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕਰਕੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹੌਲਦਾਰ ਇਕਬਾਲ ਸਿੰਘ ਨੇ ਦੱਸਿਆ ਕਿ ਗਸ਼ਤ ਤੇ ਚੈਕਿੰਗ ਦੇ ਸੰਬੰਧ ਵਿੱਚ ਜਦ ਪੁਲਸ ਪਾਰਟੀ ਗੋਨਿਆਣਾ ਪਿੰਡ ਕੋਲ ਪੁੱਜੀ ਤਾਂ ਮੁਖਬਰ ਨੇ ਇਤਲਾਹ ਦਿੱਤੀ ਕਿ ਦਵਿੰਦਰ ਸਿੰਘ ਵਾਸੀ ਪਿੰਡ ਗੋਨਿਆਣਾ ਆਪਣੇ ਘਰ ਵਿੱਚ ਨਜਾਇਜ਼ ਸ਼ਰਾਬ ਕਸੀਦ ਕਰਕੇ ਅੱਗੇ ਵੇਚਣ ਦਾ ਆਦੀ ਹੈ, ਜੇਕਰ ਹੁਣੇ ਰੇਡ ਕੀਤੀ ਜਾਵੇ ਤਾਂ ਉਕਤ ਕਾਬੂ ਆ ਸਕਦਾ ਹੈ, ਜਿਸ 'ਤੇ ਪੁਲਸ ਨੇ ਰੇਡ ਕਰਕੇ ਦਵਿੰਦਰ ਸਿੰਘ ਨੂੰ 8 ਬੋਤਲਾਂ ਨਜਾਇਜ਼ ਸ਼ਰਾਬ ਸਣੇ ਕਾਬੂ ਕਰ ਲਿਆ। ਉਕਤ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।

### 25 ਗ੍ਰਾਮ ਹੈਰੋਇਨ ਸਮੇਤ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ 25 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਐੱਨਡੀਪੀਐੱਸ ਐਕਟ ਤੇ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੇ। ਥਾਣਾ ਸਦਰ ਫਿਰੋਜ਼ਪੁਰ ਦੇ ਏਐੱਸਆਈ ਮਹਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸੰਬੰਧ ਵਿੱਚ ਕਿਲ੍ਹੇ ਵਾਲਾ ਚੌਕ ਪਾਸ ਮੌਜੂਦ ਸੀ ਤਾਂ ਇਸ ਦੌਰਾਨ ਇਕ ਮੋਨਾ ਨੌਜਵਾਨ ਨਿਰਮਲ ਉਰਫ ਨਿੰਮਾ ਪੁੱਤਰ ਪ੍ਰੇਮ ਵਾਸੀ ਪਿੰਡ ਖਲਚੀਆਂ ਕਦੀਮ ਆਉਂਦਾ ਵਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਤੇ ਇਕ ਦਮ ਪਿੱਛੇ ਮੁੜ ਪਿਆ, ਜਿਸ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਸ ਕੋਲੋਂ 25 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਵਿਆਹ ਗਿਆਂ ਦੇ ਪਿੱਛੋਂ ਘਰ 'ਚ ਚੋਰੀ, ਮਾਮਲਾ ਦਰਜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ)**-ਵਿਆਹ ਪ੍ਰੋਗਰਾਮ ਵਿੱਚ ਗਏ ਪਰਿਵਾਰ ਦੇ ਘਰ ਅਣਪਛਾਤੇ ਵਿਅਕਤੀ ਨੇ ਦਾਖਲ ਹੋ ਕੇ ਚੋਰੀ ਕਰ ਲਈ, ਜਿਸ 'ਤੇ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ ਅਣਪਛਾਤੇ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਇਸ ਸੰਬੰਧੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਅਮਨਪ੍ਰੀਤ ਸਿੰਘ ਵਾਸੀ ਫਤਣ ਇੰਨਕਲੇਵ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਉਹ ਤੇ ਉਸ ਦਾ ਪਰਿਵਾਰ 11 ਨਵੰਬਰ ਨੂੰ ਵਿਆਹ ਦੇ ਪ੍ਰੋਗਰਾਮ ਲਈ ਚੰਡੀਗੜ੍ਹ ਗਏ ਹੋਏ ਸੀ ਤੇ ਪਿੱਛੋਂ ਕਿਸੇ ਅਣਪਛਾਤੇ ਵਿਅਕਤੀ ਨੇ ਘਰ ਅੰਦਰ ਦਾਖਲ ਹੋ ਕੇ ਚੋਰੀ ਕਰ ਲਈ। ਉਨ੍ਹਾਂ ਦੱਸਿਆ ਕਿ ਚੋਰੀ ਹੋਏ ਸਾਮਾਨ ਦੀ ਕੁੱਲ ਕੀਮਤ ਕਰੀਬ 28 ਲੱਖ ਰੁਪਏ ਬਣਦੀ ਹੈ। ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ਤੋਂ ਬਾਅਦ ਅਣਪਛਾਤੇ ਵਿਅਕਤੀ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਅੱਜ ਬਿਜਲੀ ਬੰਦ ਰਹੇਗੀ

**ਮੂਨਕ (ਰਾਜਪਾਲ ਸਿੰਗਲਾ)**-ਪਾਵਰਕਾਮ ਬਿਜਲੀ ਗਰਿਡ ਮੂਨਕ ਦੇ ਐੱਸ ਡੀ ਓ ਦਵਿੰਦਰ ਕੁਮਾਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ 14 ਨਵੰਬਰ 2022 ਦਿਨ ਸੋਮਵਾਰ ਨੂੰ 66 ਕੇ ਵੀ ਲਾਈਨ ਦੀ ਮੈਂਟੀਨੈਂਸ ਕਰਨ ਕਰਕੇ ਸ਼ਹਿਰ ਦੇ ਨਾਲ ਨਾਲ ਇਲਾਕੇ ਦੇ ਗਰਿਡ ਮੂਨਕ, ਬਲਰਾ, ਮੰਡਵੀਂ, ਮਕੋਰੜ ਸਾਹਿਬ ਤੇ ਘਮੂਰਘਾਟ ਅਧੀਨ ਆਉਂਦੇ ਪਿੰਡਾਂ ਦੀ ਬਿਜਲੀ ਸਪਲਾਈ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਬੰਦ ਰਹੇਗੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਬਿਜਲੀ ਬੰਦ ਦਾ ਸਮਾਂ ਮੌਕੇ ਦੇ ਹਾਲਾਤ ਨੂੰ ਦੇਖਦਿਆਂ ਸਮੇਂ ਵਿੱਚ ਵਾਧਾ ਘਾਟਾ ਵੀ ਹੋ ਸਕਦਾ ਹੈ।

### ਘਰ 'ਚੋਂ ਚਾਂਦੀ ਦੇ ਬਰਤਨ ਚੋਰੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ)**-ਘਰ ਵਿੱਚ ਵੜ ਕੇ ਚਾਂਦੀ ਦੇ ਬਰਤਨ ਚੋਰੀ ਕਰਨ ਵਾਲੇ ਵਿਅਕਤੀ ਵਿਰੁੱਧ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ। ਇਸ ਸੰਬੰਧੀ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਸੁਖਮਨੀ ਲਾਂਬਾ ਵਾਸੀ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਉਹ ਕਿਸੇ ਕੰਮਕਾਰ ਦੇ ਸੰਬੰਧ ਵਿੱਚ ਦਿੱਲੀ ਗਈ ਹੋਈ ਸੀ ਜਿਸਦੇ ਜਾਣ ਪਿੱਛੋਂ ਵੀਰ ਸਹਾਏ ਵਾਸੀ ਸ੍ਰੀ ਮੁਕਤਸਰ ਸਾਹਿਬ ਨੇ ਉਸਦੇ ਘਰੋਂ ਚਾਂਦੀ ਦੇ ਕੁਝ ਬਰਤਨ ਚੋਰੀ ਕਰ ਲਏ ਅਤੇ ਵਾਪਸ ਨਹੀਂ ਕੀਤੇ। ਜਿਸਤੇ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ਦੇ ਅਧਾਰ ਤੇ ਵੀਰ ਸਹਾਏ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੋਸ਼ੀ ਦੀ ਗ੍ਰਿਫਤਾਰੀ ਫਿਲਹਾਲ ਬਾਕੀ ਹੈ।

### ਇੰਸ. ਗੁਰਜੰਟ ਸਿੰਘ ਨੇ ਥਾਣਾ ਕੁੱਲਗੜ੍ਹੀ ਦਾ ਅਹੁਦਾ ਸੰਭਾਲਿਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਇੰਸਪੈਕਟਰ ਗੁਰਜੰਟ ਸਿੰਘ ਨੇ ਥਾਣਾ ਕੁੱਲਗੜ੍ਹੀ ਦਾ ਬਤੌਰ ਐੱਸ ਐੱਚ ਓ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਸਖਤੀ ਨਾਲ ਨਿਜੱਠਿਆ ਜਾਵੇਗਾ। ਕਿਸੇ ਨੂੰ ਵੀ ਕਾਨੂੰਨ ਤੋੜਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਆਮ ਜਨਤਾ ਦੇ ਮਨਾਂ ਵਿੱਚੋਂ ਅਸੁਰੱਖਿਆ ਦੀ ਭਾਵਨਾ ਖਤਮ ਕਰਨ ਲਈ ਅਮਨ ਸ਼ਾਂਤੀ ਨੂੰ ਬਰਕਾਰ ਰੱਖਣ ਲਈ ਸੇਵਾ ਵਿੱਚ ਹਾਜ਼ਰ ਹੈ। ਉਨ੍ਹਾਂ ਦੱਸਿਆ ਕਿ ਕੋਈ ਵੀ ਵਿਅਕਤੀ ਬੇਝਿਜਕ ਹੋ ਕੇ ਥਾਣੇ ਵਿੱਚ ਆ ਕੇ ਮਿਲ ਸਕਦਾ ਹੈ ਤੇ ਆਪਣੇ ਮਸਲੇ ਹੱਲ ਕਰਵਾ ਸਕਦਾ ਹੈ। ਉਨ੍ਹਾਂ ਨੇ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਚੇਤਾਵਨੀ ਦਿੱਤੀ ਕਿ ਉਹ ਆਪਣੇ ਕੰਮ ਤੋਂ ਬਾਜ਼ ਆ ਜਾਣ ਨਹੀਂ ਤਾਂ ਉਨ੍ਹਾਂ ਨਾਲ ਸਖਤੀ ਨਾਲ ਵਰਤਿਆ ਜਾਵੇਗਾ।

# ਕਾਮਰੇਡ ਕੁਲਵੰਤ ਸਿੰਘ ਮੌਲਵੀਵਾਲਾ ਨੂੰ ਸਦਮਾ, ਮਾਤਾ ਦਾ ਦੇਹਾਂਤ

## ਮਾਤਾ ਚਰਨ ਕੌਰ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ



**ਪਾਤੜਾਂ (ਪੱਤਰ ਪ੍ਰੇਰਕ)**-ਸੰਯੁਕਤ ਕਿਸਾਨ ਮੋਰਚੇ ਦੇ ਆਗੂ ਤੇ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਅਤੇ ਸੀ ਪੀ ਆਈ ਦੇ ਸੂਬਾ ਕੌਂਸਲ ਮੈਂਬਰ ਕਾਮਰੇਡ ਕੁਲਵੰਤ ਸਿੰਘ ਮੌਲਵੀਵਾਲਾ ਤੇ ਪਰਿਵਾਰ ਨੂੰ ਉਸ ਵੇਲੇ ਗਹਿਰਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੀ ਮਾਤਾ ਚਰਨ ਕੌਰ ਅਕਾਲ ਚਲਾਣਾ ਕਰ ਗਏ। ਉਹ 103 ਵਰ੍ਹਿਆਂ ਦੇ ਸਨ। ਮਾਤਾ ਚਰਨ ਕੌਰ ਨਵਾਂ ਜ਼ਮਾਨਾ ਤੇ ਪੰਜਾਬੀ ਜਾਗਰਣ ਦੇ ਪਾਤੜਾਂ ਤੋਂ ਪੱਤਰਕਾਰ ਭੁਪਿੰਦਰਜੀਤ ਮੌਲਵੀਵਾਲਾ ਤੇ ਦੋਹਾਂ ਬਾਂਹਾਂ ਤੋਂ ਸੱਖਣੇ ਅੰਤਰਰਾਸ਼ਟਰੀ ਪੈਰਾ ਸਾਈਕਲਿਸਟ ਜਗਵਿੰਦਰ ਸਿੰਘ ਦੇ ਦਾਦੀ ਜੀ ਸਨ। ਮਾਤਾ ਚਰਨ ਕੌਰ ਨੂੰ ਅੱਜ ਹਜ਼ਾਰਾਂ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਰਾਜਨੀਤਕ, ਧਾਰਮਿਕ ਤੇ ਸਮਾਜਿਕ ਸ਼ਖ਼ਸੀਅਤਾਂ ਨੇ ਪਹੁੰਚ ਕੇ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕਰਦਿਆਂ ਦੁੱਖ ਦਾ ਪ੍ਰਗਟਾਵਾ ਕੀਤਾ। ਅੰਤਮ ਸੰਸਕਾਰ ਸਮੇਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਸਮੇਤ ਸਮੁੱਚੇ ਪੱਤਰਕਾਰ ਭਾਈਚਾਰੇ ਨੇ ਮਾਤਾ ਦੇ ਅੰਤਿਮ ਸੰਸਕਾਰ ਸਮੇਂ ਸ਼ਮੂਲੀਅਤ ਕੀਤੀ। ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨੇ ਮਾਤਾ ਚਰਨ ਕੌਰ ਦੇ ਸਪੁੱਤਰ ਕਾਮਰੇਡ ਕੁਲਵੰਤ ਸਿੰਘ ਮੌਲਵੀਵਾਲਾ, ਗਿਆਨ ਸਿੰਘ, ਮਨਜੀਤ ਸਿੰਘ, ਗੁਰਦੀਪ ਸਿੰਘ, ਹਰਦੇਵ ਸਿੰਘ, ਸੁਖਦੇਵ ਸਿੰਘ ਤੇ ਪੋਤਰੇ ਪੱਤਰਕਾਰ ਭੁਪਿੰਦਰਜੀਤ ਸਿੰਘ ਮੌਲਵੀਵਾਲਾ, ਪੈਰਾ-ਸਾਇਕਲਿਸਟ ਜਗਵਿੰਦਰ ਸਿੰਘ ਤੇ ਸ਼ਹੀਦ ਉਧਮ ਸਿੰਘ ਯੂਥ ਕਲੱਬ ਪਾਤੜਾਂ ਦੇ ਪ੍ਰਧਾਨ ਅਮਨਜੀਤ ਸਿੰਘ ਸਮੇਤ ਪਰਿਵਾਰ ਨਾਲ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਮਾਤਾ ਚਰਨ ਕੌਰ ਪ੍ਰਮਾਤਮਾ ਦੇ ਨਾਮ ਜਪਣ ਵਾਲੇ ਤੇ ਮਿਹਨਤੀ ਸਨ ਅਤੇ ਉਨ੍ਹਾਂ ਦੀ ਦਿੱਤੀ ਗਈ ਸਿੱਖਿਆ ਦੀ ਬਦੌਲਤ ਉਨ੍ਹਾਂ ਦੇ ਪਰਿਵਾਰ ਦੇ ਸਾਰੇ ਮੈਂਬਰ ਇਲਾਕੇ ਵਿੱਚ ਚੰਗੀ ਪਹਿਚਾਣ ਰੱਖਦੇ ਹਨ। ਇਸ ਮੌਕੇ ਮੀਡੀਆ ਕਲੱਬ ਦੇ ਪ੍ਰਧਾਨ ਗੁਰਨਾਮ ਸਿੰਘ ਚੌਹਾਨ, ਨਗਰ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਸੋਨੀ ਜਲੂਰ, ਸੀਨੀਅਰ ਆਪ ਆਗੂ ਸਰਪੰਚ ਗੁਲਾਬ ਸਿੰਘ ਹਰਿਆਊ, ਕੌਂਸਲਰ ਰਾਣਾ ਪ੍ਰਤਾਪ ਸਿੰਘ ਹਰਿਆਊ, ਸੁਰਜੀਤ ਸਿੰਘ ਫੌਜੀ, ਸੁਲੱਖਣ ਸਿੰਘ ਖਾਨੇਵਾਲ ਸਮੇਤ ਪੱਤਰਕਾਰ ਭਾਈਚਾਰੇ ਨਾਲ ਸਬੰਧਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਸੁਚੇਤ ਵੋਟਰ ਰਾਹੀਂ ਲੋਕਤੰਤਰਕ ਪਰੰਪਰਾਵਾਂ ਦਾ ਮਾਣ ਕਾਇਮ ਕਰਨ ਲਈ ਨੌਜਵਾਨਾਂ ਦੀ ਸਹਿਭਾਗਤਾ ਲਾਜ਼ਮੀ : ਪ੍ਰਿੰ. ਵਿਰਕ

## ਚੋਣ ਲਿਟਰੇਸੀ ਕਲੱਬਾਂ ਤੇ ਚਣਾਓ ਪਾਠਸ਼ਾਲਾ ਰਾਹੀਂ 360 ਡਿਗਰੀ ਵੋਟਰ ਜਾਗਰੂਕਤਾ ਅਭਿਆਨ ਦੀ ਆਰੰਭਤਾ



**ਗੁਰੂ ਹਰਸਹਾਏ (ਫਕੀਰ ਚੰਦ ਸੀਕਰੀ)**-ਭਾਰਤ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਮੁੱਖ ਚੋਣ ਦਫਤਰ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਮੈਡਮ ਅੰਮ੍ਰਿਤ ਸਿੰਘ, ਗਗਨਦੀਪ ਸਿੰਘ ਚੋਣਕਾਰ ਰਜਿਸਟ੍ਰੇਸ਼ਨ ਅਫਸਰ-ਕਮ-ਐੱਸ. ਡੀ. ਐੱਮ. ਗੁਰੂ ਹਰਸਹਾਏ ਇਲੈਕਸ਼ਨ ਤਹਿਸੀਲਦਾਰ ਸ੍ਰੀ ਚਾਂਦ ਪ੍ਰਕਾਸ਼, ਤਹਿਸੀਲਦਾਰ ਮਨਜੀਤ ਸਿੰਘ, ਜ਼ਿਲ੍ਹਾ ਸਵੀਪ ਕੋਆਰਡੀਨੇਟਰ, ਡਾ. ਸਤਿੰਦਰ ਸਿੰਘ, ਕੇਵਲ ਕ੍ਰਿਸ਼ਨ ਸੁਪਰਡੈਂਟ ਐੱਸ ਡੀ ਐੱਮ ਆਫਿਸ ਦੀ ਅਗਵਾਈ ਹੇਠ ਹਲਕਾ ਗੁਰੂ ਹਰਸਹਾਏ ਵਿੱਚ ਚੋਣ ਲਿਟਰੇਸੀ ਕਲੱਬਾਂ ਤੇ ਚਣਾਓ ਪਾਠਸ਼ਾਲਾ ਰਾਹੀਂ 360 ਡਿਗਰੀ ਵੋਟਰ ਜਾਗਰੂਕਤਾ ਅਭਿਆਨ ਦੀ ਆਰੰਭਤਾ ਕਰਕੇ ਦਿੱਤੀ ਗਈ ਹੈ।

ਜੀ. ਟੀ. ਬੀ. ਪਬਲਿਕ ਸਕੂਲ ਦੇ ਪ੍ਰਿੰਸੀਪਲ ਸ੍ਰ. ਪ੍ਰਤਾਪ ਸਿੰਘ ਵਿਰਕ ਸਮੂਹ ਸਟਾਫ ਦੀ ਰਹਿਨੁਮਾਈ ਹੇਠ ਸਾਰੇ ਵਿਦਿਆਰੀਆਂ ਦੁਆਰਾ ਲੋਕਤੰਤਰੀ ਪ੍ਰੰਪਰਾਵਾਂ ਕਾਇਮ ਰੱਖਣ ਤੇ ਸੁਤੰਤਰ ਨਿਰਪੱਖ ਸ਼ਾਂਤਮਈ ਚੋਣਾਂ ਨੂੰ ਬਰਕਰਾਰ ਰੱਖਣ ਲਈ ਪ੍ਰਣ ਕੀਤਾ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਹਲਕੇ ਦੀਆਂ ਸਮੂਹ ਵਿੱਦਿਅਕ ਸੰਸਥਾਵਾਂ 'ਚ ਵੋਟਰ ਜਾਗਰੂਕਤਾ ਮੁਹਿੰਮ ਤਹਿਤ ਨੁੱਕੜ ਨਾਟਕ, ਮਹਿੰਦੀ ਲਗਾਉਣ, ਰੰਗੋਲੀ ਸਜਾਉਣ ਤੇ ਹੋਰਨਾਂ ਮੁਕਾਬਲਿਆਂ ਵਿੱਚ ਵਧ ਚੜ੍ਹ ਕੇ ਸ਼ਮੂਲੀਅਤ ਕਰਨ ਲਈ ਕਿਹਾ। ਇਸ ਮੌਕੇ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਨੇ ਲੋਕਤੰਤਰ ਦੀ ਮਜ਼ਬੂਤੀ ਲਈ ਆਜ਼ਾਦਾਨਾ ਤੇ ਨਿਰਪੱਖ ਵੋਟਰ ਵਜੋਂ ਨਿੱਡਰ ਹੋ ਕੇ ਮੱਤਦਾਨ ਦੇਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਵੱਖ ਵੱਖ ਮਿਸਾਲਾਂ ਦੇ ਕੇ ਭਾਰਤ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਕਿਰਿਆਸ਼ੀਲ ਚੇਤੰਨ ਵੋਟਰ ਵਜੋਂ ਉਭਰਨ ਦੀ ਤਾਇਦ ਕੀਤੀ।

ਸਵੀਪ ਕੋਆਰਡੀਨੇਟਰ ਪਰਵਿੰਦਰ ਸਿੰਘ ਲਾਲਚੀਆਂ ਦੁਆਰਾ ਨੌਜਵਾਨ ਨੂੰ ਤਰਕਮਈ ਢੰਗ ਨਾਲ ਆਮ ਨਾਗਰਿਕਾਂ ਤੱਕ ਸਵੀਪ ਗਤੀਵਿਧੀਆ ਰਾਹੀਂ ਪਹੁੰਚ ਕਰਕੇ ਵੋਟਰ ਸੂਚੀਆਂ ਵਿੱਚ ਸੁਧਾਈ ਕਰਵਾਉਣ ਇਤਰਾਜ਼ ਦੇ ਦਾਅਵੇ ਪੇਸ਼ ਕਰਨ, ਆਧਾਰ ਕਾਰਡ ਦੀ ਵੋਟਰ ਕਾਰਡ ਨਾਲ ਲਿੰਕਿੰਗ ਕਰਵਾਉਣ ਲਈ ਕਿਹਾ। ਪ੍ਰੋਗਰਾਮ ਦੀ ਸਫਲਤਾ ਵਿੱਚ ਸਕੂਲ ਪ੍ਰਿੰਸੀਪਲ ਤੇ ਸਮੂਹ ਸਟਾਫ, ਇਲੈਕਸ਼ਨ ਕਾਨੂੰਗੋ ਮੈਡਮ ਹਰਪ੍ਰੀਤ ਕੌਰ, ਚੋਣ ਸੈੱਲ ਇੰਚਾਰਜ ਲੱਕੀ ਕੁਮਾਰ ਨੇ ਭਰਪੂਰ ਸਹਿਯੋਗ ਦਿੱਤਾ।

## ਗ੍ਰੀਨ ਪੰਜਾਬ ਮਿਸ਼ਨ ਵੱਲੋਂ ਬ੍ਰਾਂਡ ਅੰਬੈਸਡਰ ਕੈਪਟਨ ਨਰੇਸ਼ ਵਰਮਾ ਸਨਮਾਨਤ




**ਜਗਰਾਉਂ (ਅਮਿਤ ਖੰਨਾ)**-ਗ੍ਰੀਨ ਪੰਜਾਬ ਮਿਸ਼ਨ ਜਗਰਾਓਂ ਦੇ ਨਾਲ ਸ਼ੁਰੂ ਤੋਂ ਹੀ ਜੁੜ ਕੇ ਜਗਰਾਓਂ ਸ਼ਹਿਰ ਨੂੰ ਹਰਿਆ ਭਰਿਆ ਬਣਾਉਣ 'ਚ ਯੋਗਦਾਨ ਪਾਉਣ ਲਈ ਅਤੇ ਸਵੱਛ ਭਾਰਤ ਅਭਿਆਨ ਤਹਿਤ ਜਗਰਾਓਂ ਦੇ ਬ੍ਰਾਂਡ ਅੰਬੈਸਡਰ ਦੇ ਤੌਰ 'ਤੇ ਸਵੱਛ ਮੁਹਿੰਮ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਕੈਪਟਨ ਨਰੇਸ਼ ਵਰਮਾ ਨੂੰ ਗ੍ਰੀਨ ਪੰਜਾਬ ਮਿਸ਼ਨ ਟੀਮ ਵੱਲੋਂ ਸਨਮਾਨਤ ਕੀਤਾ ਗਿਆ। ਇਹ ਸਨਮਾਨ ਕੈਪਟਨ ਵਰਮਾ ਨੂੰ ਮੁੱਖ ਮਹਿਮਾਨ ਸਰਬਜੀਤ ਕੌਰ ਮਾਣੂਕੇ (ਐੱਮ ਐੱਲ ਏ ਜਗਰਾਓਂ), ਡਾ: ਸਤੀਸ਼ ਸ਼ਰਮਾ, ਜਤਿੰਦਰ ਰਾਣਾ (ਪ੍ਰਧਾਨ), ਮਨੋਹਰ ਸਿੰਘ (ਈ ਓ), ਬੁਬਣ ਗੋਇਲ, ਰਜਿੰਦਰ ਜੈਨ, ਰਾਜ ਕੁਮਾਰ ਭੱਲਾ, ਸਤਪਾਲ ਦੇਹੜਕਾ, ਕੰਚਨ ਗੁਪਤਾ, ਕੇਵਲ ਮਲਹੋਤਰਾ, ਮੇਜਰ ਸਿੰਘ ਛੀਨਾ, ਸੀਮਾ ਸ਼ਰਮਾ ਤੇ ਐਡਵੋਕੇਟ ਨਵੀਨ ਗੁਪਤਾ ਨੇ ਦਿੱਤਾ। ਇਥੇ ਵਰਨਣਯੋਗ ਹੈ ਕਿ ਇਸ ਮੌਕੇ ਗ੍ਰੀਨ ਪੰਜਾਬ ਮਿਸ਼ਨ ਵੱਲੋਂ ਹੋਰ ਵੀ 15 ਕੈਟਾਗਰੀਜ਼ ਵਿੱਚ ਵੱਖ ਵੱਖ ਸਕੂਲ, ਕਾਲਜਾਂ ਤੇ ਸੰਸਥਾਵਾਂ ਨੂੰ ਗ੍ਰੀਨ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਮੰਚ ਸੰਚਾਲਨ ਕੈਪਟਨ ਨਰੇਸ਼ ਵਰਮਾ ਨੇ ਹਰ ਵਾਰ ਦੀ ਤਰ੍ਹਾਂ ਵਿਲੱਖਣ ਢੰਗ ਨਾਲ ਕੀਤਾ।

# ਪੈਨਸ਼ਨਰ 16 ਨੂੰ ਕਰਨਗੇ ਡੀ ਸੀ ਕੰਪਲੈਕਸ ਸਾਹਮਣੇ ਜ਼ੋਨਲ ਰੈਲੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਪੰਜਾਬ ਦੇ ਫੈਸਲੇ ਤਹਿਤ ਪੈਨਸ਼ਨਰਜ਼ ਐਸੋਸੀਏਸ਼ਨ ਫਿਰੋਜ਼ਪੁਰ, ਫਰੀਦਕੋਟ, ਫਾਜ਼ਿਲਕਾ ਵੱਲੋਂ ਸਾਂਝੇ ਤੌਰ 'ਤੇ ਜ਼ੋਨਲ ਰੈਲੀ 16 ਨਵੰਬਰ 2022 ਨੂੰ ਫਿਰੋਜ਼ਪੁਰ ਡੀ ਸੀ ਕੰਪਲੈਕਸ ਸਾਹਮਣੇ ਕੀਤੀ ਜਾਵੇਗੀ। ਅਜੀਤ ਸਿੰਘ ਸੋਢੀ ਤੇ ਸੁਬੇਗ ਸਿੰਘ ਜਨਰਲ ਸਕੱਤਰ ਨੇ ਦੱਸਿਆ ਕਿ ਇੰਦਰਜੀਤ ਸਿੰਘ ਖੀਵਾ ਪ੍ਰਧਾਨ ਜ਼ਿਲ੍ਹਾ ਫਰੀਦਕੋਟ, ਖ਼ਜ਼ਾਨ ਸਿੰਘ ਪ੍ਰਧਾਨ ਜ਼ਿਲ੍ਹਾ ਫਿਰੋਜ਼ਪੁਰ ਤੇ ਕੇ ਕੇ ਸੇਠੀ ਪ੍ਰਧਾਨ ਜ਼ਿਲ੍ਹਾ ਫਾਜ਼ਿਲਕਾ, ਦੇਸ ਰਾਜ ਗਾਂਧੀ ਕੰਨਵੀਨਰ ਜਲਾਲਾਬਾਦ ਨੇ ਰੋਸ ਪ੍ਰਗਟ ਕੀਤਾ ਹੈ ਕਿ ਪੰਜਾਬ ਸਰਕਾਰ ਨੇ 6ਵੇਂ ਪੇ ਕਮਿਸ਼ਨ ਦੀ ਰਿਪੋਰਟ ਅਧੂਰੀ ਦੇ ਕੇ ਪੈਨਸ਼ਨਰਾਂ ਨਾਲ ਧੋਖਾ ਕੀਤਾ ਹੈ। ਇਸ ਕਰਕੇ 16 ਨਵੰਬਰ 2022 ਨੂੰ ਤਿੰਨ ਜ਼ਿਲ੍ਹਿਆਂ ਦੇ ਪੈਨਸ਼ਨਰਜ਼ ਜ਼ੋਨਲ ਰੈਲੀ ਫਿਰੋਜ਼ਪੁਰ ਵਿੱਚ ਕਰਨਗੇ। 6ਵੇਂ ਪੇ ਕਮਿਸ਼ਨ ਤੇ ਪਿਛਲੀ ਕੈਬਨਿਟ ਮੀਟਿੰਗ ਵਿੱਚ 2.59 ਫੈਕਟਰ ਨਾਲ ਪੈਨਸ਼ਨਾਂ ਸੋਧਣ ਨੂੰ ਮਨਜ਼ੂਰੀ ਦਿੱਤੀ ਸੀ, ਪਰ ਨਖਿਦ ਬਿਊਰੋਕਰੇਸੀ ਹੈ। ਮੈਡੀਕਲ ਭੱਤਾ 1000 ਤੋਂ 2000 ਰੁਪਏ ਪ੍ਰਤੀ ਮਹੀਨਾ ਨਹੀਂ ਦਿੱਤਾ ਜਾ ਰਿਹਾ, ਜੁਲਾਈ 2015 ਤੋਂ ਡੀ ਏ ਦਾ ਪੁਰਾਣਾ 140 ਮਹੀਨਿਆਂ ਦਾ ਬਕਾਇਆ ਨਹੀਂ ਦਿੱਤਾ ਜਾ ਰਿਹਾ। 1 ਜਨਵਰੀ 2016 ਤੋਂ 30 ਸਤੰਬਰ 2022 ਤੱਕ ਡੀ ਏ ਦਾ ਬਕਾਇਆ ਨਹੀਂ ਦਿੱਤਾ ਜਾ ਰਿਹਾ।

1 ਜਨਵਰੀ 2004 ਤੋਂ ਬਾਅਦ ਪੁਰਾਣੀ ਪੈਨਸ਼ਨ ਬਹਾਲ ਨਹੀਂ ਕੀਤੀ ਜਾ ਰਹੀ, ਸੋਧ ਕੇ ਕੈਸ਼ਲੈਸ ਸਹਿਤ ਸਕੀਮ ਲਾਗੂ ਨਹੀਂ ਕੀਤੀ ਜਾ ਰਹੀ। ਸਰਕਾਰ ਦੀ ਇਸ ਬੇਰੁਖੀ, ਲਾਰੇ-ਲੱਪੇ ਦੀ ਨੀਤੀ ਵਿਰੁੱਧ ਤਹਿਸੀਲਾਂ ਤੋਂ ਵੀ ਪੈਨਸ਼ਨਰਾਂ ਦੇ ਵੱਡੇ ਜਥੇ, ਕਿੱਕਰ ਸਿੰਘ ਪ੍ਰਧਾਨ ਜ਼ੀਰਾ, ਬੂਟਾ ਸਿੰਘ ਪ੍ਰਧਾਨ ਤਲਵੰਡੀ ਭਾਈ, ਰਵਿੰਦਰ ਸ਼ਰਮਾ ਪ੍ਰਧਾਨ ਗੁਰੂ ਹਰਸਹਾਏ, ਦੇਸ ਰਾਜ ਗਾਂਧੀ ਪ੍ਰਧਾਨ ਤੇ ਕੰਨਵੀਨਰ ਜਲਾਲਾਬਾਦ, ਅਜੀਤ ਸਿੰਘ ਸੋਢੀ ਫਿਰੋਜ਼ਪੁਰ ਲਿਆਉਣਗੇ ਤੇ ਸਰਕਾਰ ਵਿਰੁੱਧ ਜ਼ੋਰਦਾਰ ਮੁਜ਼ਾਹਰਾ ਕੀਤਾ ਜਾਵੇਗਾ। 16 ਨਵੰਬਰ ਦੀ ਇਸ ਰੈਲੀ ਵਿੱਚ ਜਸਪਾਲ ਸਿੰਘ ਪ੍ਰਧਾਨ ਪੁਲਸ ਮਹਿਕਮਾ, ਗੁਰਦੇਵ ਸਿੰਘ ਪ੍ਰਧਾਨ ਪੀਐੱਸਐੱਸਐੱਫ ਜ਼ੀਰਾ, ਰਾਮ ਪ੍ਰਸਾਦ ਪ੍ਰਧਾਨ ਪੀਐੱਸਐੱਸਐੱਫ ਤੇ ਰਾਕੇਸ਼ ਸੈਣੀ ਬਿਜਲੀ ਵਿਭਾਗ ਵੀ ਵੱਧ ਚੜ੍ਹ ਕੇ ਸ਼ਮੂਲੀਅਤ ਕਰਨਗੇ।

# ਐੱਸ ਜੀ ਜੀ ਐੱਸ ਵਰਲਡ ਯੂਨੀਵਰਸਿਟੀ ਵੱਲੋਂ ਆਈ ਓ ਟੀ 'ਤੇ ਵਰਕਸ਼ਾਪ




**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਦੇ ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ ਨੇ ਸਬੁਧ ਫਾਊਂਡੇਸ਼ਨ ਮੋਹਾਲੀ ਦੇ ਸਹਿਯੋਗ ਨਾਲ ਇੰਟਰਨੈੱਟ ਆਫ ਥਿੰਗਜ਼ (ਆਈ ਓ ਟੀ) 'ਤੇ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ।

ਵਰਕਸ਼ਾਪ ਦਾ ਆਯੋਜਨ 2020 ਵਿੱਚ ਯੂਨੀਵਰਸਿਟੀ ਤੇ ਸਬੁਧ ਫਾਊਂਡੇਸ਼ਨ ਦੁਆਰਾ ਹਸਤਾਖਰ ਕੀਤੇ ਗਏ ਸਮਝੌਤਾ ਪੱਤਰ ਦੇ ਅਨੁਸਾਰ ਕੀਤਾ ਗਿਆ, ਜਿਸ ਦਾ ਉਦੇਸ਼ ਵਿਦਿਆਰਥੀਆਂ ਵਿੱਚ ਛੁਪੀ ਤੇ ਅਣਵਰਤੀ ਪ੍ਰਤਿਭਾ ਦਾ ਉਪਯੋਗ ਕਰਨਾ ਸੀ। ਇਸ ਵਰਕਸ਼ਾਪ ਲਈ ਯੂਨੀਵਰਸਿਟੀ ਤੇ ਨੇੜਲੇ ਕਾਲਜਾਂ ਦੇ ਕੰਪਿਊਟਰ ਸਾਇੰਸ ਦੇ 40 ਵਿਦਿਆਰਥੀਆਂ ਦੇ ਬੈਚ ਦੀ ਚੋਣ ਕੀਤੀ ਗਈ ਸੀ। ਵਰਕਸ਼ਾਪ ਸਬੁਧ ਦੁਆਰਾ ਆਈ ਓ ਟੀ ਫੈਲੋਸ਼ਿਪ ਪ੍ਰੋਗਰਾਮ ਦੀ ਭਰਤੀ ਦੇ ਹਿੱਸੇ ਵਜੋਂ ਕੀਤੀ ਗਈ। ਵਿਭਾਗ ਦੇ ਮੁਖੀ ਡਾ: ਨਵਦੀਪ ਕੌਰ ਨੇ ਸਰੋਤਿਆਂ ਤੇ ਪ੍ਰਤੀਭਾਗੀਆਂ ਦਾ ਸਵਾਗਤ ਕੀਤਾ। ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ: ਅਜਾਇਬ ਸਿੰਘ ਬਰਾੜ ਨੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਉਦਯੋਗਿਕ ਪੇਸ਼ੇਵਰ ਵਜੋਂ ਨਿਖਾਰਨ ਲਈ ਵਿਭਾਗ ਦੀ ਵਚਨਬੱਧਤਾ ਸ਼ਲਾਘਾਯੋਗ ਹੈ। ਪ੍ਰੋਗਰਾਮ ਦੇ ਕੋ-ਆਰਡੀਨੇਟਰ ਡਾ: ਅਮਨਦੀਪ ਕੌਰ ਵਿਰਕ, ਡੀਨ ਅਲੂਮਨੀ ਨੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪ੍ਰਿਤਪਾਲ ਸਿੰਘ, ਆਏ ਹੋਏ ਸਾਰੇ ਪਤਵੰਤਿਆਂ ਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਲਈ ਧੰਨਵਾਦ ਮਤਾ ਪੇਸ਼ ਕੀਤਾ।

# ਰਾਸ਼ਟਰੀ ਪ੍ਰੈੱਸ ਡੇਅ ਮਨਾਉਣ ਸੰਬੰਧੀ ਮੀਡੀਆ ਕਲੱਬ ਦੀ ਮੀਟਿੰਗ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਪੱਤਰਕਾਰਾਂ ਦੀ ਜਥੇਬੰਦੀ ਮੀਡੀਆ ਕਲੱਬ ਫ਼ਤਹਿਗੜ੍ਹ ਸਾਹਿਬ ਦੀ ਇੱਕ ਮੀਟਿੰਗ ਕਲੱਬ ਦੇ ਪ੍ਰਧਾਨ ਅਜੈ ਮਲਹੋਤਰਾ ਦੀ ਪ੍ਰਧਾਨਗੀ ਹੇਠ ਸਰਹਿੰਦ ਵਿਖੇ ਹੋਈ। ਮੀਟਿੰਗ 'ਚ ਹੋਰਨਾਂ ਜ਼ਿਲ੍ਹਿਆਂ 'ਚ ਪੱਤਰਕਾਰ ਭਾਈਚਾਰੇ ਨਾਲ ਬੀਤੇ ਦਿਨੀਂ ਵਾਪਰੀਆਂ ਕੁਝ ਘਟਨਾਵਾਂ 'ਤੇ ਵਿਚਾਰ ਚਰਚਾ ਕੀਤੇ ਜਾਣ ਤੋਂ ਇਲਾਵਾ ਸਥਾਨਕ ਪੱਤਰਕਾਰਾਂ ਨੂੰ ਆ ਰਹੀਆਂ ਕੁਝ ਸਮੱਸਿਆਵਾਂ ਦੇ ਹੱਲ ਲਈ ਇੱਕ ਪੰਜ ਮੈਂਬਰੀ ਵਫਦ ਦਾ ਗਠਨ ਕੀਤਾ ਗਿਆ।

ਕਲੱਬ ਦੇ ਪ੍ਰਧਾਨ ਅਜੈ ਮਲਹੋਤਰਾ ਨੇ ਸਾਰੇ ਮੈਂਬਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਪ੍ਰਸ਼ਾਸਨਕ ਅਧਿਕਾਰੀਆਂ ਨਾਲ ਰਾਬਤਾ ਕਰਕੇ ਪੱਤਰਕਾਰ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਇਆ ਜਾਵੇਗਾ। ਮੀਟਿੰਗ ਦੌਰਾਨ 16 ਨਵੰਬਰ ਨੂੰ ਮਨਾਏ ਜਾ ਰਹੇ ਰਾਸ਼ਟਰੀ ਪ੍ਰੈੱਸ ਡੇਅ ਦੀਆਂ ਤਿਆਰੀਆਂ ਸਬੰਧੀ ਵੀ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਗੁਰਪ੍ਰੀਤ ਸਿੰਘ ਮਹਿਕ, ਪ੍ਰਮੋਦ ਭਾਰਦਵਾਜ, ਅਮਰਬੀਰ ਸਿੰਘ ਚੀਮਾ, ਦੀਪਕ ਸੂਦ, ਕਰਨ ਸ਼ਰਮਾ, ਸੁਰੇਸ਼ ਕਾਮਰਾ, ਪਰਮਿੰਦਰ ਬਖਸ਼ੀ, ਰੂਪ ਨਰੇਸ਼, ਰਵਿੰਦਰ ਕੌਰ, ਲਖਵੀਰ ਸਿੰਘ ਲੱਕੀ, ਹਰਜਿੰਦਰ ਧੀਮਾਨ ਤੇ ਰਾਜੀਵ ਸੂਦ ਆਦਿ ਕਲੱਬ ਦੇ ਮੈਂਬਰ ਤੇ ਅਹੁਦੇਦਾਰ ਹਾਜ਼ਰ ਸਨ।



## ਜ਼ਿਲ੍ਹਾ ਪੱਧਰੀ ਮੁਕਾਬਲੇ 'ਚ ਯਾਰੇ ਸ਼ਾਹ ਸਕੂਲ ਦੀ ਗਿੱਧਾ ਟੀਮ ਦੂਜੇ ਸਥਾਨ 'ਤੇ ਰਹੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡਾਂ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ 'ਚ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਈਆਂ। ਉਦਘਾਟਨੀ ਸਮਾਰੋਹ ਤੇ ਕੈਬਨਿਟ ਫੌਜਾ ਸਿੰਘ ਸਰਾਰੀ ਤੇ ਹਲਕਾ ਸ਼ਹਿਰੀ ਤੋਂ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਸ਼ਿਰਕਤ ਕੀਤੀ।ਇਨ੍ਹਾਂ ਖੇਡਾਂ ਵਿੱਚ ਗਿੱਧੇ ਭੰਗੜੇ ਦੇ ਮੁਕਾਬਲੇ ਵੀ ਕਰਵਾਏ ਗਏ।ਗਿੱਧੇ ਦੇ ਮੁਕਾਬਲਿਆਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਯਾਰੇ ਸ਼ਾਹ ਦੀ ਟੀਮ ਨੇ ਜ਼ਿਲ੍ਹੇ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕੀਤਾ।ਨਿੱਕੀਆਂ ਨਿੱਕੀਆਂ ਬੱਚੀਆਂ ਨੇ ਗਿੱਧਾ ਪਾ ਕੇ ਸਭ ਦਾ ਮਨ ਮੋਹ ਲਿਆ।ਸਕੂਲ ਮੁਖੀ ਬਲਕਾਰ ਸਿੰਘ ਗਿੱਲ ਨੇ ਦੱਸਿਆ ਕਿ ਇਨ੍ਹਾਂ ਬੱਚੀਆਂ ਨੂੰ ਹਰਦੀਪ ਕੌਰ, ਗਗਨਦੀਪ ਕੌਰ ਤੇ ਅਧਿਆਪਕ ਗੌਰਵ ਸ਼ਰਮਾ ਨੇ ਤਿਆਰੀ ਕਰਵਾਈ। ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਰਾਜੀਵ ਛਾਬੜਾ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸੁਖਵਿੰਦਰ ਸਿੰਘ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸਤੀਏਵਾਲਾ ਨੇ ਵਧਾਈ ਦਿੱਤੀ।ਇਸ ਮੌਕੇ ਰਾਜਿੰਦਰ ਕੌਰ, ਹਰਭਜਨ ਕੌਰ, ਗੌਰਵ ਸ਼ਰਮਾ, ਬਲਕਾਰ ਸਿੰਘ ਆਦਿ ਅਧਿਆਪਕ ਹਾਜ਼ਰ ਸਨ।

# 'ਬਹੁਤ ਸ਼ੋਰ ਸੁਨਤੇ ਥੇ ਪਹਿਲੂ ਮੇਂ ਦਿਲ ਕਾ...!'




**ਸਮਰਾਲਾ (ਸੁਰਜੀਤ ਸਿੰਘ)**

"ਬਹੁਤ ਸ਼ੋਰ ਸੁਨਤੇ ਥੇ ਪਹਿਲੂ ਮੇਂ ਦਿਲ ਕਾ, ਕਾਟਾ ਤੋ ਕਤਰਾ ਖੂੰ ਨਾ ਨਿਕਲਾ" ਗਾਲਿਬ ਸਾਹਿਬ ਦਾ ਇਹ ਸ਼ਿਅਰ ਉਨ੍ਹਾਂ ਕਥਿਤ 'ਜਾਂਬਾਜ਼' ਲੋਕਲ ਲੀਡਰਾਂ 'ਤੇ ਪੂਰੀ ਤਰ੍ਹਾਂ ਢੁੱਕਦਾ ਹੈ, ਜੋ ਆਪਣੀ ਸਿਆਸੀ ਹੋਂਦ ਨੂੰ ਬਚਾਉਣ ਲਈ ਜਾਂ ਫਿਰ ਚੋਣਾਂ ਵੇਲੇ ਸਟੇਜਾਂ 'ਤੇ ਚੜ੍ਹ ਕੇ ਲੋਕ ਹਿੱਤਾਂ ਦੀਆਂ ਹੁੱਬ-ਹੁੱਬ ਕੇ ਗੱਲਾਂ ਕਰਦੇ ਹਨ ਤੇ ਲੋਕਾਂ ਨੂੰ ਮਗਰ ਲਾਉਣ ਲਈ ਹਮੇਸ਼ਾ ਭੜਕਾਊ ਭਾਸ਼ਣ ਦਿੰਦੇ ਹਨ, ਪਰ ਜਦੋਂ ਸਹੀ ਮਾਇਨੇ ਵਿੱਚ ਲੋਕ ਹਿੱਤਾਂ ਦੀ ਗੱਲ ਅਮਲੀ ਰੂਪ ਵਿੱਚ ਸਾਹਮਣੇ ਆਉਂਦੀ ਹੈ ਤਾਂ ਉਹ ਜਾਂ ਤਾਂ ਦ੍ਰਿਸ਼ ਤੋਂ ਨਦਾਰਦ ਹੁੰਦੇ ਹਨ ਜਾਂ ਫੇਰ ਕੋਈ ਨਾ ਕੋਈ ਬਹਾਨਾ ਲਾ ਕੇ ਖਿਸਕਣ ਦੀ ਕੋਸ਼ਿਸ਼ ਕਰਦੇ ਹਨ। ਇਹ ਮਾਮਲਾ ਹੈ ਸਮਰਾਲਾ ਵਿਧਾਨ ਸਭਾ ਹਲਕੇ ਦੀਆਂ ਟੁੱਟੀਆਂ ਸੜਕਾਂ ਦੀ ਮੁੜ ਉਸਾਰੀ ਤੇ ਉਨ੍ਹਾਂ ਦੀ ਮੁਰੰਮਤ ਦਾ। ਪਿਛਲੇ 15-20 ਸਾਲਾਂ ਤੋਂ ਟੁੱਟੀਆਂ ਪਈਆਂ ਸੜਕਾਂ ਤੋਂ ਔਖੇ ਤੇ ਸਮੇਂ ਦੀਆਂ ਸਰਕਾਰਾਂ ਦੇ ਲਾਰਿਆਂ ਤੋਂ ਨਿਰਾਸ਼ ਇਲਾਕੇ ਦੇ ਕੁੱਝ ਨੌਜਵਾਨਾਂ ਨੇ ਪੱਤਰਕਾਰ ਤੇ ਉੱਘੇ ਸਮਾਜ ਸੇਵੀ ਅਮ੍ਰਿਤਪਾਲ ਦੀ ਅਗਵਾਈ ਹੇਠ ਸੜਕਾਂ ਦੀ ਉਸਾਰੀ ਤੇ ਮੁਰੰਮਤ ਲਈ ਮੌਜੂਦਾ ਸਰਕਾਰ ਨੂੰ ਜਗਾਉਣ ਲਈ 'ਸੜਕ ਸੁਧਾਰ ਸੰਘਰਸ਼ ਕਮੇਟੀ' ਦੇ ਬੈਨਰ ਹੇਠ ਸੰਘਰਸ਼ ਦਾ ਬੀੜਾ ਚੁੱਕਿਆ ਹੈ। ਇਸ ਸੰਘਰਸ਼ ਕਮੇਟੀ ਵੱਲੋਂ ਹਲਕੇ ਦੇ ਆਮ ਲੋਕਾਂ ਤੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਅਪੀਲ ਕੀਤੀ ਸੀ ਕਿ ਉਹ 12 ਤਰੀਕ ਨੂੰ ਰੱਖੇ ਗਏ ਰੋਸ ਪ੍ਰਦਰਸ਼ਨ ਵਿੱਚ ਹਿੱਸਾ ਲੈਣ। ਭਾਰੀ ਗਿਣਤੀ ਵਿੱਚ ਉਹ ਲੋਕ ਇਸ ਰੋਸ ਪ੍ਰਦਰਸ਼ਨ ਵਿੱਚ ਸ਼ਾਮਲ ਹੋਏ, ਜਿਹੜੇ ਟੁੱਟੀਆਂ ਸੜਕਾਂ ਤੋਂ ਬਹੁਤ ਅੱਕੇ ਹੋਏ ਸਨ। ਪਰ ਸਿਤਮਜ਼ਰੀਫੀ ਦੇਖੋ ਕਿ ਸਿਆਸੀ ਪਾਰਟੀਆਂ ਤੇ ਕਿਸਾਨ ਯੂਨੀਅਨਾਂ ਦੇ ਉਹ ਆਗੂ ਜਿਹੜੇ ਚੋਣਾਂ ਵੇਲੇ ਲੋਕਾਂ ਲਈ ਜਾਨ ਕੁਰਬਾਨ ਕਰਨ ਦੀਆਂ ਗੱਲਾਂ ਕਰਦੇ ਸਨ, ਉਹ ਸਰਕਾਰ ਜਗਾਊ ਪ੍ਰਦਰਸ਼ਨ ਵਿੱਚ ਸ਼ਾਮਲ ਨਹੀਂ ਹੋਏ। ਪੱਤਰਕਾਰ ਤੇ ਸਮਾਜ ਸੇਵੀ ਅਮ੍ਰਿਤਪਾਲ ਨੇ ਕਿਹਾ ਕਿ ਸੱਤਾਧਾਰੀ ਧਿਰ ਇਸ ਲਈ ਆਪਣੀ ਮਨਮਾਈ ਕਰਦੀ ਹੈ ਕਿ ਵਿਰੋਧੀ ਧਿਰਾਂ ਆਪਣਾ ਰੋਲ ਜ਼ਿੰਮੇਵਾਰਾਨਾ ਢੰਗ ਨਾਲ ਨਹੀਂ ਨਿਭਾ ਰਹੀਆਂ ਹੁੰਦੀਆਂ। ਉਨ੍ਹਾ ਕਿਹਾ ਕਿ ਇਲਾਕੇ ਦੀਆਂ ਸੜਕਾਂ ਦੀ ਤਰਸਯੋਗ ਹਾਲਤ ਦੇ ਵਿਰੋਧ ਵਿੱਚ 'ਸੜਕ ਸੁਧਾਰ ਸੰਘਰਸ਼ ਕਮੇਟੀ' ਵੱਲੋਂ ਰੋਸ ਮੁਜ਼ਾਹਰਾ ਕੀਤਾ ਗਿਆ, ਜਿਸ ਵਿੱਚ ਹਲਕਾ ਸਮਰਾਲਾ 'ਚ 2022 ਦੀਆਂ ਚੋਣਾਂ ਲੜਨ ਵਾਲੇ ਪ੍ਰਮੁੱਖ ਲੀਡਰ ਜਿਨ੍ਹਾਂ ਵਿੱਚ ਕਾਂਗਰਸ ਦੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ, ਕਾਂਗਰਸ ਤੋਂ ਭਾਜਪਾ ਵਿੱਚ ਗਏ ਤੇ ਸਾਬਕਾ ਕਾਂਗਰਸ ਵਿਧਾਇਕ ਅਮਰੀਕ ਸਿੰਘ ਢਿੱਲੋਂ, ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਕੌਮੀ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਤੇ ਅਕਾਲੀ ਦਲ ਅੰਮ੍ਰਿਤਸਰ (ਮਾਨ) ਦੇ ਯੂਥ ਆਗੂ ਵਰਿੰਦਰ ਸਿੰਘ ਸੇਖੋਂ ਨਜ਼ਰ ਨਹੀਂ ਆਏ। ਉਨ੍ਹਾਂ ਕਿਹਾ ਕਿ ਪਤਾ ਨਹੀਂ ਕਿਉਂ ਇਨ੍ਹਾਂ ਲੀਡਰਾਂ ਨੂੰ ਚੋਣਾਂ ਨੇੜੇ ਆ ਕੇ ਹੀ ਲੋਕ ਮੁੱਦੇ ਨਜ਼ਰ ਆਉਂਦੇ ਹਨ। ਜ਼ਿਕਰਯੋਗ ਹੈ ਕਿ ਵੈਸੇ ਤਾਂ ਹਲਕੇ ਦੀਆਂ ਲਿੰਕ ਸੜਕਾਂ ਦੀ ਹਾਲਤ ਕੋਈ ਬਹੁਤ ਚੰਗੀ ਨਹੀਂ ਹੈ, ਪਰ ਗੜ੍ਹੀ ਪੁਲ ਤੋਂ ਸਤਲੁਜ ਪੁਲ ਤੱਕ, ਮਾਛੀਵਾੜਾ ਤੋਂ ਪਵਾਤ ਤੱਕ ਤੇ ਸਮਰਾਲਾ ਤੋਂ ਝਾੜ ਸਾਹਿਬ ਤੱਕ ਦੀਆਂ ਮੁੱਖ ਸੜਕਾਂ ਦੀ ਹਾਲਤ ਇਹ ਹੈ ਕਿ ਉਹ ਵਾਹਨ ਚਾਲਕਾਂ ਲਈ ਜਾਨ ਦਾ ਖੌਅ ਬਣੀਆਂ ਹੋਈਆਂ ਹਨ। ਇਨ੍ਹਾਂ ਸੜਕਾਂ ਦੀ ਮੁਰੰਮਤ ਕਿੰਨੇ ਕੁ ਸਾਲ ਪਹਿਲਾਂ ਹੋਈ ਹੋਵੇਗੀ, ਇਹ ਹੁਣ ਕਿਸੇ ਨੂੰ ਪਤਾ ਨਹੀਂ ਹੈ। 'ਸੰਘਰਸ਼ ਕਮੇਟੀ' ਆਮ ਲੋਕਾਂ ਦੇ ਨਾਲ ਨਾਲ ਸਥਾਨਕ ਵੱਖ ਵੱਖ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਵੀ ਪੁਰਜ਼ੋਰ ਅਪੀਲ ਕਰਦੀ ਹੈ ਕਿ ਉਹ ਲੋਕ ਹਿੱਤ ਵਿੱਚ ਇਸ ਸੰਘਰਸ਼ ਦਾ ਹਿੱਸਾ ਬਣਨ ਤਾਂ ਜੋ ਸੁੱਤੀ ਸਰਕਾਰ ਨੂੰ ਜਗਾ ਕੇ ਟੁੱਟੀਆਂ ਸੜਕਾਂ ਦੀ ਮੁੜ ਉਸਾਰੀ ਕਰਾਈ ਜਾ ਸਕੇ ਤੇ ਸੜਕਾਂ 'ਤੇ ਚੱਲਣ ਵਾਲੇ ਲੋਕਾਂ ਦੀ ਸੜਕ ਹਾਦਸਿਆਂ ਤੋਂ ਜਾਨ ਬਚਾਈ ਜਾ ਸਕੇ।

# ਬਾਬਾ ਨਾਮਦੇਵ ਜੀ ਦਾ ਜਨਮ ਦਿਹਾੜਾ ਮਨਾਇਆ

**ਧਨੌਲਾ (ਕਰਮਜੀਤ ਸਿੰਘ ਸਾਗਰ)**-ਬਾਬਾ ਨਾਮਦੇਵ ਕਮੇਟੀ ਧਨੌਲਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦਿਆਂ ਬਾਬਾ ਨਾਮਦੇਵ ਜੀ ਦਾ 752ਵਾਂ ਜਨਮ ਦਿਹਾੜਾ ਮਨਾਉਂਦਿਆਂ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ। ਜਥੇਦਾਰ ਸੁਖਵੰਤ ਸਿੰਘ ਧਨੌਲਾ ਨੇ ਆਪਣੀ ਹਾਜ਼ਰੀ ਲਗਾਉਂਦਿਆਂ ਕਿਹਾ ਕਿ ਬਾਬਾ ਨਾਮਦੇਵ ਜੀ ਸ਼ਿਵ ਮੰਦਿਰ ਨਾਗ ਨਾਥ ਜੋ ਕਿ ਮਹਾਰਾਸ਼ਟਰ 'ਚ ਹੈ, ਉਥੇ ਬਾਬਾ ਜੀ ਬੈਠ ਕੇ ਭਗਤੀ ਕਰਿਆ ਕਰਦੇ ਸੀ। ਇੱਕ ਦਿਨ ਉਥੋਂ ਦੇ ਨਰਸੀ ਬਾਮਣੀ ਪੁਜਾਰੀ ਨੇ ਬਾਬਾ ਜੀ ਨੂੰ ਮੰਦਿਰ ਦੇ ਅੰਦਰ ਆਉਣ ਲਈ ਮਨ੍ਹਾਂ ਕਰ ਦਿੱਤਾ। ਬਾਬਾ ਜੀ ਆਪਣੀ ਭਗਤੀ 'ਤੇ ਦ੍ਰਿੜ ਰਹਿੰਦਿਆਂ ਮੰਦਿਰ ਦੇ ਪਿਛਲੇ ਪਾਸੇ ਬੈਠ ਕੇ ਆਪਣੀ ਭਗਤੀ ਕਰਨ ਲੱਗ ਪਏ। ਸ਼ਿਵ ਸ਼ੰਕਰ ਜੀ ਨੇ ਬਾਬਾ ਜੀ ਦੀ ਭਗਤੀ 'ਤੇ ਖੁਸ਼ ਹੁੰਦਿਆਂ ਮੰਦਿਰ ਦਾ ਮੁੱਖ ਦੁਆਰ ਉਨ੍ਹਾਂ ਵੱਲ ਕਰ ਦਿੱਤਾ, ਜਿਸ ਕਰਕੇ ਮੰਦਰ ਦੇ ਪੁਜਾਰੀਆਂ ਨੂੰ ਬਾਬਾ ਨਾਮ ਦੇਵ ਜੀ ਦੇ ਪੈਰੀਂ ਪੈਣਾ ਪਿਆ। ਇਸ ਮੌਕੇ ਗੁਰਦੁਆਰਾ ਸ਼ਹੀਦ ਬਾਬਾ ਨੱਥਾ ਸਿੰਘ ਜੀ ਦੇ ਮੁੱਖ ਸੇਵਾਦਾਰ ਗੁਰਨਾਮ ਸਿੰਘ, ਵਾਹਿਗੁਰੂ ਗਊਸ਼ਾਲਾ ਕਮੇਟੀ ਧਨੌਲਾ ਦੇ ਪ੍ਰਧਾਨ, ਮਾਰਕਿਟ ਕਮੇਟੀ ਧਨੌਲਾ ਦੇ ਸਾਬਕਾ ਚੇਅਰਮੈਨ ਜੀਵਨ ਕੁਮਾਰ ਬਾਸਲ, ਅਗਰਵਾਲ ਸਭਾ ਧਨੌਲਾ ਦੇ ਪ੍ਰਧਾਨ ਅਰੁਨ ਕੁਮਾਰ ਬਾਂਸਲ, ਐਡਵੋਕੇਟ ਚੰਦਰ ਬਾਂਸਲ, ਨਗਰ ਕੌਂਸਲ ਧਨੌਲਾ ਦੀ ਪ੍ਰਧਾਨ ਬੀਬੀ ਰਣਜੀਤ ਕੌਰ, ਪ੍ਰਧਾਨ ਹਰਦੀਪ ਸਿੰਘ ਸੋਢੀ, ਮੀਤ ਪ੍ਰਧਾਨ ਰਜਨੀਸ਼ ਕੁਮਾਰ ਆਲੂ, ਪ੍ਰਿੰਸੀਪਲ ਬਰਜਿੰਦਰਪਾਲ ਸਿੰਘ ਬਰਨ, ਗੁਰਦੁਆਰਾ ਸ੍ਰੀ ਰਾਮਸਰ ਕਮੇਟੀ ਧਨੌਲਾ, ਗੁਰਦੁਆਰਾ ਰਵਿਦਾਸ ਕਮੇਟੀ ਧਨੌਲਾ, ਬਾਬਾ ਨਾਮਦੇਵ ਕਮੇਟੀ ਬਰਨਾਲਾ, ਟਰੱਕ ਯੂਨੀਅਨ ਧਨੌਲਾ ਦੇ ਪ੍ਰਧਾਨ ਬੂਟਾ ਸਿੰਘ, ਸਮਾਜ ਸੇਵੀ ਸੁਖਬੀਰ ਕੌਰ ਆਦਿ ਨੂੰ ਬਾਬਾ ਨਾਮਦੇਵ ਕਮੇਟੀ ਧਨੌਲਾ ਵੱਲੋਂ ਸਿਰਪਾਉ ਦੇ ਨਾਲ ਸਨਮਾਨਤ ਕੀਤਾ ਗਿਆ। ਕਮੇਟੀ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਸਿਹਤ ਤੇ ਸਿੱਖਿਆ ਨੂੰ ਦਿੱਤੀ ਜਾ ਰਹੀ ਹੈ ਮੁੱਖ ਤਰਜੀਹ : ਕੁਲਤਾਰ ਸੰਧਵਾਂ

## ਸੁਪਰੀਮ ਡਾਇਗਨੋਸਟਿਕ ਤੇ ਇਮੇਜਿੰਗ ਸੈਂਟਰ ਦਾ ਉਦਘਾਟਨ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਇੱਥੇ ਸਥਿਤ ਡੱਬਵਾਲੀ ਰੋਡ ਨੇੜੇ ਏਮਜ਼ ਹਸਪਤਾਲ ਬਠਿੰਡਾ ਵਿਖੇ ਸੁਪਰੀਮ ਡਾਇਗਨੋਸਟਿਕ ਤੇ ਇਮੇਜਿੰਗ ਸੈਂਟਰ ਦਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਰਿਬਨ ਕੱਟ ਕੇ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾ ਨਾਲ ਵਿਧਾਇਕ ਬਠਿੰਡਾ ਸ਼ਹਿਰੀ ਸ੍ਰ. ਜਗਰੂਪ ਸਿੰਘ ਗਿੱਲ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸ਼੍ਰੀ ਅੰਮ੍ਰਿਤ ਲਾਲ ਅਗਰਵਾਲ ਆਦਿ ਹਾਜ਼ਰ ਸਨ। ਇਸ ਮੌਕੇ ਸਪੀਕਰ ਸ੍ਰ. ਸੰਧਵਾਂ ਨੇ ਸੁਪਰੀਮ ਡਾਇਗਨੋਸਟਿਕ ਤੇ ਇਮੇਜਿੰਗ ਸੈਂਟਰ ਦਾ ਜਾਇਜ਼ਾ ਲੈਣ ਉਪਰੰਤ ਕਿਹਾ ਕਿ ਸੁਪਰੀਮ ਡਾਇਗਨੋਸਟਿਕ ਤੇ ਇਮੇਜਿੰਗ ਸੈਂਟਰ ਵਿੱਚ ਆਧੁਨਿਕ ਮਸ਼ੀਨਾਂ ਤੇ ਹਰ ਤਰ੍ਹਾਂ ਦੀ ਸੁੱਖ ਸਹੂਲਤ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਿਹਤ ਤੇ ਸਿੱਖਿਆ ਨੂੰ ਮੁੱਖ ਤਰਜੀਹ ਦਿੱਤੀ ਜਾ ਰਹੀ ਹੈ।

ਸ੍ਰ. ਸੰਧਵਾਂ ਨੇ ਕਿਹਾ ਕਿ ਸੂਬਾ ਸਰਕਾਰ ਆਮ ਲੋਕਾਂ ਨੂੰ ਮੁੱਢਲੀਆਂ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਹਰ ਤਰ੍ਹਾਂ ਦੇ ਉਪਰਾਲੇ ਕਰ ਰਹੀ ਹੈ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਦਾ ਮੁੱਖ ਟੀਚਾ ਹੈ ਕਿ ਹਰ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਪੰਜਾਬ 'ਚ ਹੋਣ ਤੇ ਹਰ ਤਰ੍ਹਾਂ ਦਾ ਇਲਾਜ ਇੱਥੇ ਹੋਵੇ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਤੇ ਐੱਸਐੱਸਪੀ ਸ੍ਰੀ ਜੇ. ਇਲਨਚੇਲੀਅਨ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

page-6-14-Nov-2022-G-Final-2222.qxd 11/13/2022 10:32 PM Page 1



# ਪਨਬੱਸ/ਪੀ ਆਰ ਟੀ ਸੀ ਕਾਮਿਆਂ ਦੀ ਹੜਤਾਲ ਚੌਥੇ ਦਿਨ 'ਚ ਸ਼ਾਮਲ, ਨੌਂ ਡਿਪੂਆਂ ਦੀਆਂ ਬੱਸਾਂ ਦਾ ਚੱਕਾ ਜਾਮ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਪੰਜਾਬ ਰੋਡਵੇਜ਼ ਪਨਬੱਸ/ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਵਲੋਂ ਚੱਲ ਰਹੀ ਹੜਤਾਲ ਚੌਥੇ ਦਿਨ ਵਿੱਚ ਸ਼ਾਮਿਲ ਹੋ ਗਈ ਹੜਤਾਲ ਨੂੰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ ਜਦੋਂ ਸਵੇਰੇ ਪਹਿਲੇ ਟਾਈਮ ਤੋਂ ਹੀ ਪੀਆਰਟੀਸੀ ਦੇ 9 ਡਿੱਪੂਆਂ ਦੀਆਂ ਬੱਸਾਂ ਦਾ ਚੱਕਾ ਜਾਮ ਹੋ ਗਿਆ ਅਤੇ ਪੀਆਰਟੀਸੀ ਦੇ ਕੱਚੇ ਮੁਲਾਜ਼ਮ ਹਮਾਇਤ ਵਿੱਚ ਹੜਤਾਲ 'ਤੇ ਚਲੇ ਗਏ। ਇਸ ਸਬੰਧੀ ਯੂਨੀਅਨ ਵਲੋਂ ਪੰਜਾਬ ਦੇ ਦੋ ਨੈਸ਼ਨਲ ਹਾਈਵੇ ਜਾਮ ਕਰਨ ਜਿਵੇਂ ਖਰੜ ਵਿਖੇ ਅਤੇ ਜਲੰਧਰ ਵਿਖੇ ਪੀਏਪੀ ਚੌਕ ਬੰਦ ਕਰਨ ਦੇ ਨਾਲ-ਨਾਲ ਟਰਾਂਸਪੋਰਟ ਮੰਤਰੀ ਪੰਜਾਬ ਦੇ ਹਲਕੇ ਪੱਟੀ ਵਿੱਚ ਰੋਸ ਪ੍ਰਦਰਸ਼ਨ ਕਰਕੇ ਮੰਤਰੀ ਦੇ ਘਰ ਅੱਗੇ ਧਰਨਾ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ ਜਿਸ ਵਿੱਚ ਯੂਨੀਅਨ ਵਲੋਂ ਪੱਟੀ ਵਿਖੇ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਦੀ ਅਗਵਾਈ ਹੇਠ ਦੁਸਹਿਰਾ ਗਰਾਊਂਡ ਵਿਖੇ ਰੋਸ ਰੈਲੀ ਕੀਤੀ ਗਈ ਜਿਸ ਨੂੰ ਸੰਬੋਧਨ ਕਰਦੇ ਹੋਏ ਸੂਬਾ ਸਰਪ੍ਰਸਤ ਕਮਲ ਕੁਮਾਰ, ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ, ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਰੰਧਾਵਾ, ਮੀਤ ਪ੍ਰਧਾਨ ਹਰਜਿੰਦਰ ਸਿੰਘ, ਮੀਤ ਪ੍ਰਧਾਨ ਜੋਧ ਸਿੰਘ, ਅਮ੍ਰਿਤਪਾਲ ਸਿੰਘ, ਸਲਵਿੰਦਰ ਸਿੰਘ ਨੇ ਬੋਲਦਿਆਂ ਕਿਹਾ ਕਿ ਬਟਾਲਾ ਡਿੱਪੂ ਦੇ ਮਸਲੇ ਅਤੇ ਫਿਰੋਜ਼ਪੁਰ ਡਿਪੂ ਦੇ ਮਸਲੇ ਤੇ ਪਨਬੱਸ ਅਤੇ ਪੀਆਰਟੀਸੀ ਦੇ ਸਾਰੇ ਡਿਪੂ ਅੱਜ ਚੌਥੇ ਦਿਨ ਬੰਦ ਰਹੇ। ਅੱਜ ਸੁੱਤੀ ਸਰਕਾਰ ਨੂੰ ਜਗਾਉਣ ਲਈ ਕੁੱਝ ਡਿਪੂਆਂ ਦੇ ਵਰਕਰ ਪੱਟੀ ਵਿਖੇ ਪਹੁੰਚੇ ਹਨ। ਬਟਾਲਾ ਡਿੱਪੂ ਵਿਖੇ ਕੰਡਕਟਰ ਦੀ ਨਜਾਇਜ਼ ਰਿਪੋਰਟ ਕੀਤੀ ਗਈ ਸੀ ਜਿਸ ਸਬੰਧੀ ਯੂਨੀਅਨ ਵਲੋਂ ਇੱਕ ਹਫਤੇ ਤੋਂ ਪਹਿਲਾਂ ਮੌਕੇ ਤੇ ਸਵਾਰੀਆਂ ਡਿਪੂ ਮੈਨੇਜਰ ਸਾਹਮਣੇ ਪੇਸ਼ ਕੀਤੀ। ਫੇਰ ਮੰਗ ਪੱਤਰ ਦਿੱਤੇ ਗਏ ਪ੍ਰੰਤੂ ਕੰਡਕਟਰ ਨੂੰ ਬਿਨਾਂ ਕਸੂਰ ਡਿਊਟੀ ਤੋਂ ਫਾਰਗ ਕਰ ਦਿੱਤਾ ਗਿਆ। ਹੁਣ ਉਸ ਕੰਡਕਟਰ ਦੇ ਹੱਕ ਵਿੱਚ ਲੱਗਭੱਗ 5-7 ਵੀਡੀਓ ਵੀ ਆ ਚੁੱਕੀਆਂ ਹਨ ਪ੍ਰੰਤੂ ਮੈਨੇਜਮੈਂਟ ਵਲੋਂ ਕਿਸੇ ਵੀ ਤਰਾਂ ਨਾਲ ਬਟਾਲਾ ਡਿਪੂ ਅਤੇ ਦੂਜੇ ਪਾਸੇ ਫਿਰੋਜ਼ਪੁਰ ਡਿਪੂ ਵਿੱਚ 23 ਕੰਡਕਟਰ ਘੱਟ ਹਨ ਪ੍ਰੰਤੂ ਫੇਰ ਵੀ 15 ਕੰਡਕਟਰਾ ਦੀਆ ਫਿਰੋਜ਼ਪੁਰ ਤੋਂ ਪੱਟੀ ਬਦਲੀਆ ਕੀਤੀਆਂ ਜਿਸ ਨਾਲ ਫਿਰੋਜ਼ਪੁਰ ਡਿਪੂ ਦੀਆਂ ਬੱਸਾਂ ਖੜ ਜਾਣਗੀਆਂ। ਇਸ ਦੇ ਰੋਸ ਵਜੋਂ ਫਿਰੋਜ਼ਪੁਰ ਡਿੱਪੂ ਅਤੇ ਫੇਰ ਪੂਰਾ ਪੰਜਾਬ ਕੱਲ ਤੋਂ ਬੰਦ ਕੀਤਾ



ਗਿਆ। ਮਹਿਕਮੇ ਦੇ ਉੱਚ ਅਧਿਕਾਰੀਆਂ ਦਾ ਮਹਿਕਮੇ ਨੂੰ ਚਲਾਉਣ ਲਈ ਕੋਈ ਧਿਆਨ ਨਹੀਂ। ਪੱਟੀ ਡਿੱਪੂ ਵਿੱਚ ਜਿਹੜੇ ਡਰਾਈਵਰ/ਕੰਡਕਟਰ ਨਿੱਕੀਆਂ ਨਿੱਕੀਆਂ ਰਿਪੋਰਟਾਂ ਵਾਲੇ ਜਾਂ ਜਿਨ੍ਹਾਂ ਦੀਆਂ ਇਨਕੁਆਰੀਆਂ ਹੱਕ ਵਿੱਚ ਹਨ ਜਾਂ ਕੰਡੀਸ਼ਨਾਂ ਵਾਲੇ ਵਾਲੇ ਮੁਲਾਜ਼ਮ ਹਨ ਉਨ੍ਹਾਂ ਨੂੰ ਬਹਾਲ ਕਰਕੇ ਇਕ ਮੌਕਾ ਦਿੱਤਾ ਜਾ ਸਕਦਾ ਹੈ। ਬੱਸਾ ਚਲਾਈਆਂ ਜਾ ਸਕਦੀਆਂ ਹਨ ਅਤੇ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ ਪ੍ਰੰਤੂ ਡਾਇਰੈਕਟਰ ਸਟੇਟ ਟਰਾਂਸਪੋਰਟ ਵੱਲੋਂ ਟਰਾਂਸਪੋਰਟ ਵਿਭਾਗ ਨੂੰ ਚਲਾਉਣ ਵਿੱਚ ਬਿਲਕੁਲ ਧਿਆਨ ਨਹੀਂ ਹੈ। ਡਿਕਟੇਟਰਸ਼ਿਪ ਵਾਲੇ ਰਵੱਈਏ ਨਾਲ ਧੱਕੇਸ਼ਾਹੀ ਕਰਕੇ ਡਾਇਰੈਕਟਰ ਸਟੇਟ ਟਰਾਂਸਪੋਰਟ ਦੇ ਕਾਰਨ ਨਵੀਂ ਸਰਕਾਰ ਆਉਣ ਤੋਂ ਬਾਅਦ ਹੁਣ ਤੱਕ ਲੱਗਭੱਗ 25-30 ਵਾਰ ਵੱਖ-ਵੱਖ ਡਿਪੂ ਬੰਦ ਹੋ ਚੁੱਕੇ ਹਨ ਅਤੇ ਡਾਇਰੈਕਟਰ ਸਟੇਟ ਟਰਾਂਸਪੋਰਟ ਵਲੋਂ ਮਹਿਕਮੇ ਦਾ ਲਗਾਤਾਰ ਨੁਕਸਾਨ ਕਰਵਾਇਆ ਜਾ ਰਿਹਾ ਹੈ। ਧੱਕੇਸ਼ਾਹੀ ਨੂੰ ਰੋਕਣ ਲਈ ਜਦੋਂ ਕੋਈ ਸੁਣਵਾਈ ਨਹੀਂ ਤਾਂ ਯੂਨੀਅਨ ਵਲੋਂ ਮਜਬੂਰਨ ਬੰਦ ਵਰਗੇ ਫੈਸਲੇ ਲੈਣੇ ਪੈਂਦੇ ਹਨ। ਦੂਜੇ ਪਾਸੇ ਅਧਿਕਾਰੀਆਂ ਵਲੋਂ ਸਰਕਾਰ ਨੂੰ ਵੀ ਗੁੰਮਰਾਹ ਕਰਕੇ ਟ੍ਰਾਂਸਪੋਰਟ ਮੰਤਰੀ ਅਤੇ ਮੁੱਖ ਮੰਤਰੀ ਪੰਜਾਬ ਬਿਆਨ ਦਿੰਦੇ ਹਨ ਕੇ ਮਹਿਕਮਾ ਇੰਨੇ ਕਰੋੜ ਵਾਧੇ 'ਚ ਹੈ ਪਰ ਪੰਜਾਬ ਦੇ ਲੋਕਾਂ ਨੂੰ ਝੂਠ ਬੋਲ ਕੇ ਗੁੰਮਰਾਹ ਕੀਤਾ ਜਾ ਰਿਹਾ ਹੈ। ਗੱਲ ਏਥੇ ਹੀ ਨਹੀਂ ਰੁਕਦੀ, ਆਊਟਸੋਰਸਿੰਗ ਤੇ ਕੁਰੱਪਸ਼ਨ ਕਰਕੇ ਭਰਤੀ ਕਰਨਾ, ਕੱਢੇ ਮੁਲਾਜ਼ਮਾਂ ਨੂੰ ਬਹਾਲ ਨਾ ਕਰਨਾ, ਪਿਛਲੀ ਸਰਕਾਰ ਸਮੇਂ ਹੋਏ ਫੈਸਲੇ ਮੁਤਾਬਿਕ ਤਨਖਾਹ ਵਾਧਾ ਕੁੱਝ ਮੁਲਾਜ਼ਮਾਂ ਤੇ ਲਾਗੂ ਨਹੀਂ ਕੀਤਾ ਗਿਆ ਅਤੇ 5% ਤਨਖਾਹ ਵਾਧਾ ਵੀ ਰੋਕਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਨਿੱਕੀਆਂ ਨਿੱਕੀਆਂ ਮੰਗਾਂ ਜੋ ਡਾਇਰੈਕਟਰ ਸਟੇਟ ਟਰਾਂਸਪੋਰਟ ਪੰਜਾਬ ਦੇ ਪੱਧਰ ਦੀਆਂ ਹਨ, ਨੂੰ ਵੀ ਲਮਕਾਇਆ ਜਾ ਰਿਹਾ। ਕੰਡਕਟਰ ਤੇ ਡਰਾਈਵਰ ਸਟਾਫ ਨੂੰ ਬਹਾਲ ਕਰਨ ਸਮੇਤ ਛੋਟੇ-ਛੋਟੇ ਕੰਮ ਵੀ ਨਹੀਂ ਕੀਤੇ ਜਾ ਰਹੇ ਜਿਸ ਕਾਰਨ ਵਰਕਰਾਂ ਵਿੱਚ ਨਿੱਤ ਰੋਸ ਵੱਧ ਰਿਹਾ ਹੈ। ਪੰਜਾਬ ਦੇ ਲੋਕਾਂ ਨੂੰ ਬਹੁਤ ਉਮੀਦਾਂ ਸਨ। ਲੋਕਾਂ ਨਾਲ ਕੀਤੇ ਵਾਅਦਿਆਂ ਮੁਤਾਬਿਕ ਆਮ ਆਦਮੀ ਦੀ ਸਰਕਾਰ ਖਰਾ ਨਹੀਂ ਉਤਰ ਰਹੀ। ਉਲਟਾ ਹਰ ਪੱਖ ਤੋਂ ਫੇਲ ਸਾਬਤ ਹੋ ਰਹੀ ਹੈ ਅਤੇ ਭਗਤ ਸਿੰਘ ਦੀ ਪੱਗ ਬੰਨ੍ਹ ਕੇ ਇਨਕਲਾਬ ਲਿਆਉਣ ਵਾਲੀ ਸਰਕਾਰ ਅਫਸਰਸ਼ਾਹੀ ਦੀ ਗੁਲਾਮ ਸਾਬਿਤ ਹੋ ਰਹੀ ਹੈ। ਇਸ ਮੌਕੇ ਗੁਰਪ੍ਰੀਤ ਸਿੰਘ, ਜਤਿੰਦਰ ਸਿੰਘ, ਸਤਨਾਮ ਸਿੰਘ, ਜਸਵੀਰ ਸਿੰਘ, ਬੂਟਾ ਸਿੰਘ ਨੇ ਸਬੋਧਨ ਕਰਦੇ ਹੋਏ ਦੱਸਿਆ ਕਿ ਉੱਚ ਅਧਿਕਾਰੀ ਜਾਣਬੁੱਝ ਕੇ ਜਨਤਾ ਨੂੰ ਖੱਜਲ-ਖੁਆਰ ਕਰ ਰਹੇ ਹਨ। ਜੇਕਰ ਉੱਚ ਅਧਿਕਾਰੀ ਚਾਹੁੰਣ ਤਾਂ ਬਟਾਲੇ ਜਿਹੜੇ ਕੰਡਕਟਰ ਦੀ ਨਜ਼ਾਇਜ ਰਿਪੋਰਟ ਕੀਤੀ ਉਸ ਰਿਪੋਰਟ ਨੂੰ ਖਾਰਿਜ ਕਰਕੇ ਇੱਕ ਘੰਟੇ ਵਿੱਚ ਖਜਲ ਖੁਆਰ ਹੋਣੋਂ ਬਚਾਇਆ ਜਾ ਸਕਦਾ ਸੀ ਪਰ ਉੱਚ ਅਧਿਕਾਰੀਆ ਦਾ ਕੋਈ ਧਿਆਨ ਨਹੀਂ ਪਰ ਪਤਾ ਨਹੀਂ ਕਿਉਂ ਡਿੱਪੂ ਬੰਦ ਕਰਵਾ ਕੇ ਜਾਣਬੁਝ ਕੇ ਖ਼ਰਾਬ ਕੀਤਾ ਜਾ ਰਿਹਾ ਹੈ। ਇਥੋਂ ਇਹ ਪਤਾ ਲਗਦਾ ਹੈ ਕਿ ਟਰਾਂਸਪੋਰਟ ਮੰਤਰੀ ਅਤੇ ਟ੍ਰਾਂਸਪੋਰਟ ਸੈਕਟਰੀ , ਡਾਇਰੈਕਟਰ ਸਟੇਟ ਦੇ ਟਰਾਂਸਪੋਰਟ ਆਪਸ ਵਿੱਚ ਤਾਲਮੇਲ ਨਹੀਂ ਹੈ। ਅਫਸਰਸ਼ਾਹੀ ਆਪਣੇ ਅੜੀਅਲ ਰਵੱਈਏ ਨਾਲ ਲਗਾਤਾਰ ਹਰ ਵਿਭਾਗ ਦੇ ਮੁਲਾਜ਼ਮਾਂ ਨੂੰ ਤੰਗ ਪ੍ਰੇਸ਼ਾਨ ਕਰ ਰਹੀ ਹੈ। ਬਟਾਲਾ ਡਿੱਪੂ 9-11-22 ਦਾ ਬੰਦ ਹੈ। ਕੰਡਕਟਰ ਦੀ ਨਜ਼ਾਇਜ ਰਿਪੋਰਟ ਕੀਤੀ ਹੈ। ਉਸਦੀ ਹਮਾਇਤ ਵਿਚ 6 ਡਿੱਪੂ ਬੰਦ ਸੀ। ਪੰਜਾਬ ਟਰਾਂਸਪੋਰਟ ਦਾ ਇੰਨਾ ਨੁਕਸਾਨ ਹੋ ਰਿਹਾ। ਜਨਤਾ ਖੱਜਲ-ਖੁਆਰ ਹੋ ਰਹੀ ਹੈ।

ਉੱਚ ਅਧਿਕਾਰੀਆਂ ਦੇ ਖਿਲਾਫ ਮੰਗਾਂ ਸੰਬਧੀ ਪੱਟੀ ਵਿਖੇ ਟਰਾਂਸਪੋਰਟ ਮੰਤਰੀ ਪੰਜਾਬ ਦੇ ਘਰ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ। ਜੇਕਰ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ ਮੁਕੰਮਲ ਚੱਕਾ ਜਾਮ ਕਰਕੇ ਅਗਲਾ ਐਕਸ਼ਨ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਜਾਂ ਕੋਈ ਤਿੱਖਾ ਗੁਪਤ ਐਕਸ਼ਨ ਉਲੀਕਿਆ ਜਾਵੇਗਾ। ਯੂਨੀਅਨ ਵਲੋਂ ਕਲੀਅਰ ਕੀਤਾ ਗਿਆ ਕਿ 14 ਨੂੰ ਵਧੀਕ ਪ੍ਰਮੁੱਖ ਸਕੱਤਰ ਹਿਮਾਂਸ਼ੂ ਨਾਲ, 24 ਨੂੰ ਮਾਨਯੋਗ ਟਰਾਂਸਪੋਰਟ ਮੰਤਰੀ ਪੰਜਾਬ ਨਾਲ ਮੀਟਿੰਗ ਤਹਿ ਹੋਈ ਹੈ ਪ੍ਰੰਤੂ ਯੂਨੀਅਨ ਵੱਲੋਂ ਬਟਾਲਾ ਡਿਪੂ ਦੇ ਕੰਡਕਟਰ ਦੀ ਨਜਾਇਜ ਰਿਪੋਰਟ ਰੱਦ ਕਰਨ ਅਤੇ ਫਿਰੋਜ਼ਪੁਰ ਡਿੱਪੂ ਦੀਆਂ ਕੀਤੀਆਂ 15 ਕੰਡਕਟਰਾਂ ਦੀਆਂ ਬਦਲੀਆਂ ਰੱਦ ਕਰਨ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ।

## ਸਰਾਭੇ ਦੀ ਯਾਦ 'ਚ ਨਾਟਕ ਤੇ ਕਾਨਫਰੰਸ 16 ਨੂੰ

ਮੋਗਾ (ਅਮਰਜੀਤ ਬੱਬਰੀ)-ਕਰਾਂਤੀਕਾਰੀ ਪੇਂਡੂ ਮਜਦੂਰ ਯੂਨੀਅਨ ਪੰਜਾਬ ਦੀ ਜਿਲ੍ਹਾਂ ਪੱਧਰੀ ਮੀਟਿੰਗ ਸੂਬਾ ਸਿੰਘ ਨੱਥੂਵਾਲਾ ਜਿਲਾ ਪ੍ਰਧਾਨ ਦੀ ਪ੍ਰਧਾਨਗੀ ਵਿੱਚ ਸਿੰਘਾਂਵਾਲਾ ਵਿਖੇ ਹੋਈ। ਮੀਟਿੰਗ ਵਿੱਚ ਤਹਿ ਕੀਤਾ ਕਿ ਗਦਰੀ ਸ਼ਹੀਦ ਕਰਤਾਰ ਸਿੰਘ ਦਾ ਸ਼ਹੀਦੀ ਸਮਾਗਮ 16 ਨਵੰਬਰ ਨੂੰ ਪਿੰਡ ਸਾਫੂਵਾਲਾ ਵਿਖੇ ਮਨਾਇਆ ਜਾਵੇਗਾ। ਸਮਾਗਮ ਮੌਕੇ ਮੁਲਾਂਪੁਰ ਦੀ ਨਾਟਕ ਟੀਮ ਨਾਟਕ ਪੇਸ ਕਰੇਗੀ ਅਤੇ ਮੌਜੂਦਾ ਹਾਲਤਾਂ ਤੇ ਵਿਚਾਰਾਂ ਹੋਣਗੀਆਂ।



ਸੂਬਾ ਕਮੇਟੀ ਮੈਂਬਰ ਲਖਵੀਰ ਸਿੰਘ ਲੱਖਾ ਨੇ ਮੀਟਿੰਗ ਨੂੰ ਸੰਬਧੋਨ ਹੁੰਦਿਆਂ ਦੱਸਿਆ ਕਿ ਸਰਾਭਾ ਬਸਤੀਵਾਦੀ ਬਰਤਾਨਵੀ ਸਾਮਰਾਜ ਤੋਂ ਸਾਡੇ ਪਿਆਰੇ ਦੇਸ ਨੂੰ ਮੁਕਤ ਕਰਾਉਣ ਲਈ ਗਦਰ ਪਾਰਟੀ ਵੱਲੋਂ ਖੜੀ ਕੀਤੀ ਮੁਕਤੀ ਲਹਿਰ ਵਿੱਚ ਬਚਪਨ ਵਿੱਚ ਹੀ ਕੁਦਿਆ ਅਤੇ ਲੋਕਾਂ ਅਤੇ ਫੌਜੀ ਛਾਉਣੀਆਂ ਵਿੱਚ ਬਗਾਵਤ ਦਾ ਪ੍ਰਚਾਰ ਕਰਕੇ ਜੋਰਦਾਰ ਤਿਆਰੀ ਕੀਤੀ। ਗਦਾਰ ਕਿਰਪਾਲ ਸਿੰਘ ਵੱਲੋ ਬਗਾਵਤ ਦੀ ਰੱਖੀ ਤਰੀਕ ਅੰਗਰੇਜੀ ਸਾਮਰਾਜ ਕੋਲ ਲੀਕ ਕਰਨ ਕਰਕੇ ਗਦਰ ਪਾਰਟੀ ਦੇ ਯਤਨ ਨੂੰ ਬੂਰ ਨਹੀ ਪਿਆ। ਗਦਰ ਪਾਰਟੀ ਦੇ ਇਤਿਹਾਸ ਅਤੇ ਨੌਜਵਾਨ ਕਰਤਾਰ ਸਿੰਘ ਦੀ ਲਾਸਾਨੀ ਕੁਰਬਾਨੀ ਨੇ ਨੌਜਵਾਨਾਂ ਵਿੱਚ ਜੋਸ ਭਰ ਦਿੱਤਾ। ਸ਼ਹੀਦ ਭਗਤ ਸਿੰਘ ਆਪਣੀ ਜੇਬ ਵਿੱਚ ਕਰਤਾਰ ਸਿੰਘ ਸਰਾਭੇ ਦੀ ਫੋਟੋ ਹਮੇਸ਼ਾ ਰੱਖਦਾ ਸੀ। ਉਸਨੇ ਵੀ ਕਰਤਾਰ ਸਿੰਘ ਸਰਾਭਾ ਤੋਂ ਪ੍ਰੇਰਤ ਹੋਕੇ ਅੰਗਰੇਜੀ ਸਾਮਰਾਜ ਵਿਰੁੱਧ ਮੁਕਤੀ ਲਹਿਰ ਉਠਾਈ ਅਤੇ ਸਰਾਭੇ ਵਾਂਗ ਹਸਦੇ ਹਸਦੇ ਜਿੰਦਗੀ ਭਾਰਤ ਮਾਤਾ ਦੀ ਮੁਕਤੀ ਲਈ ਕੁਰਬਾਨ ਕਰ ਦਿੱਤੀ। ਅੱਜ ਵੀ ਭਾਰਤ ਮਾਤਾ ਦੇਸੀ ਵਿਦੇਸੀ ਲੁਟੇਰਿਆਂ ਤੋ ਮੁਕਤੀ ਚਾਹੁੰਦੀ ਹੈ, ਸ਼ਹੀਦਾਂ ਦੇ ਰਾਹ ਤੇ ਚੱਲਦਿਆਂ, ਉਨਾਂ ਦੇ ਅਧੂਰੇ ਸੁਪਨੇ ਪੂਰੇ ਕਰਨ ਲਈ ਕਰਾਂਤੀਕਾਰੀ ਲਹਿਰ ਜੱਦੋਜਹਿਦ ਕਰ ਰਹੀ ਹੈ, ਜੋ ਮੋਦੀ ਦੇ ਫਾਸੀਵਾਦੀ ਹਮਲੇ ਦਾ ਟਾਕਰਾ ਕਰਕੇ ਲੋਕਾਂ ਦੀ ਪ੍ਰਗਤ ਵਾਲਾ ਲੋਕਾਸ਼ਾਹੀ ਰਾਜ ਲਿਆ ਕੇ ਸਰਾਭੇ ਦਾ ਸੁਪਨਾ ਪੂਰਾ ਕਰੇਗੀ। ਮਜਦੂਰ ਲਹਿਰ ਆਪਣੀਆ ਮੰਗਾਂ ਤੇ ਲੜਦਿਆਂ,ਅਜਿਹੀਆਂ ਮੁਕਤੀ ਲਹਿਰਾਂ ਦੀ ਮੱਦਦ ਲਈ ਹਮਾਇਤ ਜੁਟਾਂਦੀ ਰਹੇਗੀ ।

ਇਸ ਮੌਕੇ ਬੱਗਾ ਸਿੰਘ ਨੇ 27 ਨਵੰਬਰ ਨੂੰ 10 ਵਜੇ ਸਾਫੂਵਾਲਾ ਵਿਖੇ ਨਾਟਕ ਦੇਖਣ ਅਤੇ ਵਿਚਾਰਾਂ ਸੁਣਨ ਲਈ ਵੱਧ ਤੋਂ ਵੱਧ ਗਿਣਤੀ ਵਿੱਚ ਪੁੱਜਣ ਦਾ ਸੱਦਾ ਦਿੱਤਾ ।

## ਕਿਸਾਨ ਦੇ ਪੁੱਤਰ ਦੀ ਜ਼ਹਿਰੀਲੀ ਦਵਾਈ ਪੀਣ ਨਾਲ ਮੌਤ



ਧਨੌਲਾ (ਕਰਮਜੀਤ ਸਿੰਘ ਸਾਗਰ)-ਨੇੜਲੇ ਪਿੰਡ ਕੱਟੂ ਵਿਖੇ ਇਕ ਕਿਸਾਨ ਦੇ ਪੁੱਤਰ ਦੀ ਜ਼ਹਿਰੀਲੀ ਦਵਾਈ ਪੀਣ ਨਾਲ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਥਾਣਾ ਧਨੌਲਾ ਦੇ ਥਾਣੇਦਾਰ ਅਵਤਾਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਰਵਿੰਦਰ ਸਿੰਘ 21 ਪੁੱਤਰ ਰਾਮ ਸਿੰਘ ਵਾਸੀ ਕੱਟੂ ਦੀ ਕੁਝ ਦਵਾਈ ਚੱਲ ਰਹੀ ਸੀ ਜਿਸ ਨੇ ਸ਼ੁੱਕਰਵਾਰ ਨੂੰ ਭੁਲੇਖੇ ਨਾਲ ਜਹਿਰੀਲੀ ਦਵਾਈ ਪੀ ਲਈ ਪਤਾ ਲੱਗਣ ਤੇ ਪਰਿਵਾਰ ਵਾਲਿਆਂ ਨੇ ਬਰਨਾਲਾ ਹਸਪਤਾਲ ਵਿਖੇ ਭਰਤੀ ਕਰਵਾਇਆ ਗਿਆ ਬਰਨਾਲਾ ਤੋਂ ਲੁਧਿਆਣਾ ਵਿਖੇ ਰੈਫਰ ਕਰ ਦਿੱਤਾ ਗਿਆ ਜਿੱਥੇ ਕਿ ਸ਼ਨੀਵਾਰ ਦੀ ਰਾਤ ਕਰੀਬ ਬਾਰਾਂ ਵਜੇ ਉਸ ਦੀ ਮੌਤ ਹੋ ਗਈ ਥਾਣੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਪਰਵਿੰਦਰ ਸਿੰਘ ਦੇ ਪਿਤਾ ਰਾਮ ਸਿੰਘ ਪੁੱਤਰ ਬੁੱਧ ਸਿੰਘ ਬਾਸੀ ਕੱਟੂ ਦੇ ਬਿਆਨਾਂ ਦੇ ਆਧਾਰ ਤੇ174 ਕਾਰਵਾਈ ਕਰਦਿਆਂ ਲਾਸ਼ ਨੂੰ ਵਾਰਸਾਂ ਦੇ ਹਵਾਲੇ ਕਰ ਦਿੱਤਾ ਗਿਆ ਉਨ੍ਹਾਂ ਨੇ ਦੱਸਿਆ ਕਿ ਇਹ ਜਹਿਰੀਲੀ ਦਵਾਈ ਪੀਣ ਦੀ ਅਜੇ ਵਜ੍ਹਾ ਦਾ ਕੋਈ ਪਤਾ ਨਹੀਂ ਲੱਗ ਸਕਿਆ

## ਰਿੰਕਾ ਕੁਤਬਾ ਵੱਲੋਂ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਗੁਰਪ੍ਰੀਤ ਅਣਖੀ)**-ਰਾਸ਼ਟਰੀ ਵਾਲਮੀਕੀ ਧਰਮ ਸਮਾਜ (ਰਾਵਾਧਸ) ਭਾਰਤ ਵੱਲੋਂ ਰਾਸ਼ਟਰੀ ਉੱਪ ਪ੍ਰਧਾਨ ਬਣਾਏ ਜਾਣ ਤੋਂ ਬਾਅਦ ਰਿੰਕਾ ਕੁਤਬਾ ਬਾਹਮਣੀਆਂ ਦੀ ਅਗਵਾਈ ਹੇਠ ਇੱਕ ਵਫਦ ਦੇਸ਼ ਦੇ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਨਾਲ ਰਾਸ਼ਟਰਪਤੀ ਭਵਨ ਨਵੀਂ ਦਿੱਲੀ ਵਿਖੇ ਵਿਸ਼ੇਸ਼ ਮੁਲਾਕਾਤ ਕੀਤੀ।



ਇਸ ਮੌਕੇ ਉਨ੍ਹਾਂ ਦੇਸ਼ ਦੇ ਵੱਖ-ਵੱਖ ਵਿਭਾਗਾਂ 'ਚ ਠੇਕੇ 'ਤੇ ਕੰਮ ਕਰਦੇ ਸਫਾਈ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਪੱਕਾ ਕਰਨ ਤੇ ਠੇਕੇਦਾਰੀ ਸਿਸਟਮ ਨੂੰ ਖਤਮ ਕਰਨ ਦੀ ਮੰਗ ਤੋਂ ਇਲਾਵਾ 8 ਨੁਕਾਤੀ ਪ੍ਰੋਗਰਾਮ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਅੱਗੇ ਰੱਖਿਆ ਗਿਆ, ਜਿਨ੍ਹਾਂ 'ਤੇ ਗੌਰ ਕਰਦਿਆਂ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਨੇ ਵਾਲਮੀਕ ਭਾਈਚਾਰੇ ਨੂੰ ਆਪਣੇ ਵੱਲੋਂ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ। ਰਿੰਕਾ ਕੁਤਬਾ ਨੇ ਕਿਹਾ ਕਿ ਬਹੁਜਨ ਸਮਾਜ ਦਾ ਦੇਸ਼ ਦੀ ਤਰੱਕੀ ਵਿੱਚ ਵੱਡਾ ਯੋਗਦਾਨ ਹੈ, ਪਰ ਆਜ਼ਾਦੀ ਦੇ 75 ਸਾਲ ਬੀਤ ਜਾਣ 'ਤੇ ਵੀ ਬਹੁਜਨ ਸਮਾਜ ਅਨੇਕਾਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਉਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਵਿਸ਼ੇਸ਼ ਨੀਤੀਆਂ ਲਿਆਉਣ ਦੀ ਲੋੜ ਹੈ।

ਇਸ ਮੌਕੇ ਵਫਦ 'ਚ ਰਾਸ਼ਟਰੀ ਮੁੱਖ ਸੰਚਾਲਕ ਵੀਰ ਦਿਲਬਾਗ ਸਿੰਘ ਟਾਕ, ਵੀਰ ਆਰ ਕੇ ਸਫਰੀ, ਰਾਸ਼ਟਰੀ ਸਚਿਵ ਮੰਤਰੀ ਵੈਦ ਉਤਰਾਖੰਡ, ਆਦਰਸ਼ ਵੀਰ ਅਸ਼ੋਕ ਚੌਹਾਨ ਗੁਜਰਾਤ, ਰਾਸ਼ਟਰੀ ਭਰਵਾਰੀ ਪ੍ਰਦੀਪ ਹੰਸ ਤੇ ਦਿਨੇਸ਼ ਸੁਲੰਕੀ ਗੁਜਰਾਤ ਹਾਜ਼ਰ ਸਨ।

## ਕੰਧਾਲੀ ਨਰੰਗਪੁਰ 'ਚ ਪ੍ਰਕਾਸ਼ ਦਿਹਾੜੇ 'ਤੇ ਸਜਾਇਆ ਗਿਆ ਨਗਰ ਕੀਰਤਨ

ਅੱਡਾ ਸਰਾਂ (ਕਾਜਲ )- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਨਗਰ ਦੀਆਂ ਸੰਗਤਾਂ ਵੱਲੋਂ ਪਿੰਡ ਕੰਧਾਲੀ ਨਰੰਗਪੁਰ ਵਿਚ ਸਾਲਾਨਾ ਮਹਾਨ ਨਗਰ ਕੀਰਤਨ ਸਜਾਇਆ ਗਿਆ । ਪੰਜ ਪਿਆਰਿਆਂ ਦੀ ਅਗਵਾਈ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਵਿਚ ਗੁਰਦੁਆਰਾ ਤੋਂ ਸਜਾਏ ਗਏ ਇਸ ਨਗਰ ਕੀਰਤਨ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਲੁਆਈ । ਨਗਰ ਕੀਰਤਨ ਦਾ ਵੱਖ ਵੱਖ ਥਾਵਾਂ 'ਤੇ ਸੰਗਤਾਂ ਨੇ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ । ਨਗਰ ਕੀਰਤਨ ਦੌਰਾਨ ਸੰਗਤਾਂ ਅਤੇ ਰਾਗੀ ਜਥਾ ਅਤੇ ਢਾਡੀ ਬਲਵੀਰ ਸਿੰਘ ਵੱਲੋਂ ਗੁਰਬਾਣੀ ਦਾ ਜਾਪੁ ਕੀਤਾ । ਦੌਰਾਨ ਰਾਗੀ ਜਥੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਜੀਵਨ ਜਾਚ ਬਣਾਉਣ ਦੀ ਪ੍ਰੇਰਨਾ ਦਿੱਤੀ । ਇਸ ਮੌਕੇ ਹੈੱਡ ਗ੍ਰੰਥੀ ਵਰਿੰਦਰ ਸਿੰਘ, ਅਵਤਾਰ ਸਿੰਘ, ਰਮਨਜੀਤ ਸਿੰਘ, ਪਰਮਿੰਦਰ ਸਿੰਘ, ਸੂਬੇਦਾਰ ਅਜੀਤ ਸਿੰਘ, ਮੋਹਨ ਸਿੰਘ, ਕਿਰਨਦੀਪ ਸਿੰਘ, ਗਗਨਦੀਪ ਸਿੰਘ, ਇੰਸਪੈਕਟਰ ਸਤਵਿੰਦਰ ਸਿੰਘ ਹੇਅਰ, ਥਾਣੇਦਾਰ ਸਤਨਾਮ ਸਿੰਘ, ਸਰਪੰਚ ਸੁਖਵਿੰਦਰ ਸਿੰਘ, ਕੈਪਟਨ ਹਰਬੰਸ ਸਿੰਘ, ਰਾਮ ਆਸਰਾ, ਮਲਕੀਤ ਸਿੰਘ, ਰਾਮ ਬਲੀ, ਸਿਮਰਜੀਤ ਸਿੰਘ, ਦਰਸ਼ਪ੍ਰੀਤ ਸਿੰਘ, ਪ੍ਰੀਤ, ਅਮਨਪ੍ਰੀਤ ਸਿੰਘ, ਸਤਨਾਮ ਸਿੰਘ, ਬਲਜਿੰਦਰ ਸਿੰਘ, ਹਰਸ਼ਰਨ ਜੀਤ ਸਿੰਘ, ਲਖਵਿੰਦਰ ਸਿੰਘ, ਗੁਰਦੀਪ ਸਿੰਘ, ਜਸਵੀਰ ਸਿੰਘ ਕਾਜਲ ਆਦਿ ਨੇ ਹਾਜ਼ਰੀ ਲੁਆਈ ।

## ਮੇਲਿਆਂ, ਮੁਕਾਬਲਿਆਂ ਤੇ ਪੇਪਰਾਂ ਦੀ ਭੇਟ ਚੜ੍ਹੀ ਸਰਕਾਰੀ ਸਿੱਖਿਆ

**ਜਲੰਧਰ (ਕੇਸਰ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਅਤੇ ਜਨਰਲ ਸਕੱਤਰ ਸਰਵਨ ਸਿੰਘ ਔਜਲਾ ਨੇ ਪ੍ਰੈਸ ਬਿਆਨ ਜਾਰੀ ਕਰਦੇ ਕਿਹਾ ਕਿ ਇਸ ਵਿੱਦਿਅਕ ਵਰ੍ਹੇ ਦੇ 7 ਮਹੀਨਿਆਂ ਵਿਚ ਬੇਲੋੜੇ ਮੇਲੇ, ਮੁਕਾਬਲੇ ਅਤੇ ਤਿੰਨ ਵਾਰ ਪੇਪਰ ਲੈ ਕੇ ਸਰਕਾਰੀ ਸਕੂਲਾਂ ਵਿਚੋਂ ਪੜ੍ਹਾਈ ਦਾ ਮਾਹੌਲ ਹੀ ਗਾਇਬ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਰੋਜ਼ਾਨਾ ਹੀ ਉੱਚ ਅਧਿਕਾਰੀਆਂ ਵੱਲੋਂ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਉਣ,ਮੇਲੇ ਲਗਵਾਉਣ,ਪੁਸਤਕਾਂ ਦੇ ਲੰਗਰ ਲਗਾਉਣ ਅਤੇ ਅਨੇਕਾਂ ਪ੍ਰਕਾਰ ਦੀਆਂ ਹੋਰ ਗੈਰ ਲੋੜੀਦੀਆਂ ਕਾਰਵਾਈਆਂ ਕਰਵਾਉਣ ਦੇ ਪੱਤਰ ਜਾਰੀ ਹੁੰਦੇ ਰਹਿੰਦੇ ਹਨ। ਇਸੇ ਦੌਰਾਨ ਸਕੂਲੀ ਖੇਡਾਂ ਦੌਰਾਨ ਹੀ ਸਰਕਾਰ ਵੱਲੋਂ ਆਯੋਜਿਤ ਖੇਡਾਂ ਵਿਚ ਵੀ ਅਧਿਆਪਕਾਂ ਦੀ ਸ਼ਮੂਲੀਅਤ ਕਰਵਾਉਣ ਨਾਲ ਸਕੂਲਾਂ ਵਿਚੋਂ ਪੜ੍ਹਾਈ ਦਾ ਮਾਹੌਲ ਛੂ ਮੰਤਰ ਹੋ ਗਿਆ।



ਅਗਸਤ ਤੇ ਸਤੰਬਰ ਵਿਚ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਲੈਣ ਉਪਰੰਤ ਵਿਭਾਗ ਨੇ ਹੁਣ 26 ਨਵੰਬਰ ਤੋਂ 9 ਦਸੰਬਰ ਤੱਕ ਪ੍ਰੀਖਿਆ ਲੈਣ ਦੇ ਫੁਰਮਾਨ ਚਾੜ੍ਹ ਦਿੱਤੇ। ਇੰਨੀਆਂ ਪ੍ਰੀਖਿਆਵਾਂ ਲੈਣ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਲਈ ਕੋਈ ਫੰਡ ਮੁਹੱਈਆ ਨਹੀ ਕਰਵਾਇਆ ਜਾ ਰਿਹਾ, ਜਿਸ ਕਾਰਨ ਗਰੀਬ ਵਿਦਿਆਰਥੀਆਂ ਦਾ ਭਾਰੀ ਆਰਥਿਕ ਨੁਕਸਾਨ ਵੀ ਹੋ ਰਿਹਾ। ਸੂਬਾ ਮੀਤ ਪ੍ਰਧਾਨ ਕਰਨੈਲ ਸਿੰਘ ਚਿੱਟੀ, ਸਹਾਇਕ ਸਕੱਤਰ ਗੁਰਮੀਤ ਸਿੰਘ ਕੋਟਲੀ, ਵਿੱਤ ਸਕੱਤਰ ਜਸਵਿੰਦਰ ਸਿੰਘ ਬਠਿੰਡਾ ਅਤੇ ਬਲਬੀਰ ਚੰਦ ਲੌਂਗੋਵਾਲ ਨੇ ਮੰਗ ਕੀਤੀ ਕਿ ਸਰਕਾਰੀ ਸਕੂਲਾਂ ਵਿਚ ਪੜ੍ਹਾਈ ਦਾ ਮਾਹੌਲ ਪੈਦਾ ਕਰਨ ਲਈ ਬੇਲੋੜੀਆ ਗਤੀਵਿਧੀਆਂ 'ਤੇ ਰੋਕ ਲਗਾਈ ਜਾਵੇ, ਦਫਤਰਾਂ ਵਿਚ ਲਗਾਏ ਹੋਏ ਅਧਿਆਪਕਾਂ, ਡੀ.ਐਮ ਅਤੇ ਬੀ.ਐਮ ਨੂੰ ਉਨ੍ਹਾਂ ਦੇ ਪਿਤਰੀ ਸਕੂਲਾਂ ਵਿਚ ਭੇਜਿਆ ਜਾਵੇ, ਬਦਲੀਆਂ ਉੱਪਰ ਲਗਾਈਆਂ ਬੇਲੋੜੀਆਂ ਸ਼ਰਤਾਂ ਹਟਾ ਕੇ ਲੋੜਵੰਦਾਂ ਦੀਆਂ ਬਦਲੀਆਂ ਤੁਰੰਤ ਕੀਤੀਆਂ ਜਾਣ, ਕੰਪਿਊਟਰ ਅਧਿਆਪਕਾਂ ਨੂੰ ਵਿਭਾਗ ਵਿਚ ਸ਼ਾਮਲ ਕਰਕੇ ਉਨ੍ਹਾਂ ਨੂੰ ਸਾਰੀਆਂ ਸਰਕਾਰੀ ਸਹੂਲਤਾਂ ਦਿੱਤੀਆਂ ਜਾਣ ਅਤੇ ਅਧਿਆਪਕਾਂ ਦੀਆਂ ਆਰਥਿਕ ਮੰਗਾਂ ਦਾ ਜਲਦ ਨਿਪਟਾਰਾ ਕੀਤਾ ਜਾਵੇ।

## ਖੇਡ-ਖੇਡ 'ਚ ਛੋਟੇ-ਛੋਟੇ ਬੱਚੇ ਪੰਜਾਬੀ 'ਚ ਸਿੱਖਣਗੇ ਅੰਗਰੇਜ਼ੀ ਬੋਲਣਾ

ਮੁਹਾਲੀ ;: (ਗੁਰਜੀਤ ਬਿੱਲਾ ) ਖੇਡ-ਖੇਡ ਵਿਚ ਛੋਟੇ-ਛੋਟੇ ਬੱਚਿਆਂ ਨੂੰ ਅੰਗਰੇਜ਼ੀ ਬੋਲਣਾ ਸਿਖਾਉਣ ਵਾਲੀ ਭਾਰਤ ਦੀ ਪਹਿਲੀ ਐਪ ਆਕੀ-ਪਾਕੀ ਦਾ ਪੰਜਾਬੀ ਵਰਜਨ ਐਪ ਅੱਜ ਲਾਂਚ ਕੀਤਾ ਗਿਆ ।



ਲਾਂਚ ਦੇ ਮੌਕੇ ਫਾਊਂਡਰ ਅਤੇ ਸੀ ਈ ਓ ਅਮਿਤ ਅਗਰਵਾਲ ਅਤੇ ਉਨ੍ਹਾਂ ਦੀ ਟੀਮ ਨੇ ਸਾਇੰਟੀਫਿਕ ਉਦਾਹਰਨਾਂ ਨਾਲ ਦੱਸਿਆ ਕਿ ਕਿਸ ਤਰ੍ਹਾਂ ਨਾਲ ਉਨ੍ਹਾਂ ਦੀ ਇਹ ਮੋਬਾਈਲ ਐਪ ਲੇਟੇਸਟ ਆਰਟੀਫੀਸ਼ੀਅਲ ਇੰਟੈਲੀਜੈਂਸ ਤਕਨੀਕ ਦੀ ਵਰਤੋਂ ਕਰਕੇ 4 ਤੋਂ 12 ਸਾਲ ਤੱਕ ਦੇ ਬੱਚਿਆਂ ਨੂੰ ਅਸਾਨੀ ਨਾਲ ਅੰਗਰੇਜ਼ੀ ਬੋਲਣਾ ਸਿਖਾਉਂਦੀ ਹੈ ।ਅਮਿਤ ਨੇ ਅੱਗੇ ਦੱਸਿਆ ਕਿ ਭਾਰਤ ਦੇ 1200 ਨਾਲੋਂ ਵੀ ਜ਼ਿਆਦਾ ਸ਼ਹਿਰਾਂ 'ਚ ਇਸਤੇਮਾਲ ਕੀਤੀ ਜਾ ਰਹੀ ਇਸ ਐਪ 'ਤੇ ਹੁਣ ਤੱਕ ਸਿਰਫ ਮਰਾਠੀ ਅਤੇ ਹਿੰਦੀ ਤੋਂ ਅੰਗਰੇਜ਼ੀ 'ਚ ਬੋਲਣਾ ਸਿਖਾਇਆ ਜਾਂਦਾ ਸੀ ਪਰ ਹੁਣ ਪੰਜਾਬੀ ਅਤੇ ਰਾਜਸਥਾਨੀ ਨੂੰ ਵੀ ਇਸ 'ਚ ਜੋੜ ਦਿੱਤਾ ਗਿਆ ਹੈ । ਆਉਣ ਵਾਲੇ ਸਮੇਂ 'ਚ ਹੋਰ ਭਾਰਤੀ ਭਾਸ਼ਾਵਾਂ ਨੂੰ ਵੀ ਇਸ 'ਚ ਜੋੜਿਆ ਜਾਵੇਗਾ । ਅਮਿਤ ਨੇ ਦੱਸਿਆ ਕਿ ਪੰਜਾਬ ਦੇ ਜ਼ਿਆਦਾਤਰ ਬੱਚਿਆਂ ਲਈ ਅੰਗਰੇਜ਼ੀ ਸਿੱਖਣਾ ਦੋਹਰੀ ਚੁਣੌਤੀ ਜਿਹਾ ਹੁੰਦਾ ਹੈ । 'ਉਹ ਇਸ ਲਈ ਕਿਉਂਕਿ ਜ਼ਿਆਦਾ ਅੰਗਰੇਜ਼ੀ ਸਿਖਾਉਣ ਵਾਲੇ ਆਨਲਾਈਨ ਜਾਂ ਆਫਲਾਈਨ ਕੋਰਸ ਹਿੰਦੀ ਤੋਂ ਅੰਗਰੇਜ਼ੀ ਬੋਲਣਾ ਸਿਖਾਉਂਦੇ ਹਨ ।ਅਜਿਹੇ 'ਚ ਪੰਜਾਬ ਦੇ ਬੱਚਿਆਂ ਨੂੰ ਪਹਿਲਾਂ ਹਿੰਦੀ ਸਿੱਖਣ 'ਚ ਸਮਾਂ ਅਤੇ ਊਰਜਾ ਖਰਚ ਕਰਨੀ ਪੈਂਦੀ ਸੀ ਅਤੇ ਫਿਰ ਅੰਗਰੇਜ਼ੀ ਤੇ ਹੋਰ ਵਿਸ਼ਿਆਂ ਦੀ ਪੜ੍ਹਾਈ ਦੇ ਨਾਲ ਨਾਲ ਅਜਿਹਾ ਕਰ ਪਾਉਣਾ ਜ਼ਿਆਦਾਤਰ ਬੱਚਿਆਂ ਦੇ ਲਈ ਸੰਭਵ ਨਹੀਂ ਹੋ ਪਾਉਂਦਾ । ਉਨ੍ਹਾਂ ਨੇ ਅੱਗੇ ਕਿਹਾ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਅੱਜ ਦੇ ਸਮੇਂ 'ਚ ਕਿਸੇ ਵੀ ਖੇਤਰ 'ਚ ਸਫਲ ਹੋਣ ਲਈ ਵਧੀਆ ਅੰਗਰੇਜ਼ੀ ਬੋਲਣੀ ਆਉਣਾ ਕਿੰਨਾ ਜ਼ਰੂਰੀ ਹੈ । ਇਹੀ ਕਾਰਨ ਹੈ ਕਿ ਅੱਜ ਹਰ ਮਾਤਾ ਪਿਤਾ ਦਾ ਇਹ ਸੁਪਨਾ ਹੈ ਕਿ ਵੱਡਾ ਹੋ ਕੇ ਉਨ੍ਹਾਂ ਦਾ ਬੱਚਾ ਫਰਾਟੇਦਾਰ ਅੰਗਰੇਜ਼ੀ ਬੋਲੇ ਪਰ ਮਹਿੰਗੀ ਅੰਗਰੇਜ਼ੀ ਸਿੱਖਿਆ ਅਤੇ ਘਰ-ਪਰਵਾਰ ਦੇ ਆਮ ਬੋਲ ਚਾਲ 'ਚ ਅੰਗਰੇਜ਼ੀ ਦੀ ਨਾਂਹ ਦੇ ਬਰਾਬਰ ਵਰਤੋਂ ਦੇ ਕਾਰਨ ਹਰ ਕਿਸੇ ਲਈ ਇਸ ਸੁਪਨੇ ਨੂੰ ਸੱਚ ਕਰ ਪਾਉਣਾ ਅਸਾਨ ਨਹੀਂ ਹੈ । ਯੂਟਿਊਬ ਇੰਡੀਆ ਦੇ ਸਾਬਕਾ ਹੈੱਡ ਰਹਿ ਚੁੱਕੇ ਅਮਿਤ ਅਗਰਵਾਲ ਅਤੇ ਉਨ੍ਹਾਂ ਦੀ ਟੀਮ ਨੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ 'ਚ ਰੱਖਦੇ ਹੋਏ ਇਹ ਮੋਬਾਈਲ ਐਪ ਬਣਾਈ ਹੈ । ਪੰਜਾਬੀ 'ਚ ਸਿੱਧਾ ਅੰਗਰੇਜ਼ੀ ਸਿਖਾਉਣਾ ਈ-ਲਰਨਿੰਗ ਦੇ ਖੇਤਰ 'ਚ ਇੱਕ ਵੱਡਾ ਕ੍ਰਾਂਤੀਕਾਰੀ ਬਦਲਾਅ ਹੈ ।ਆਈ.ਆਈ.ਐਮ. ਬੰਗਲੌਰ ਤੋਂ ਮੈਨੇਜਮੈਂਟ ਦੀ ਪੜ੍ਹਾਈ ਕਰਨ ਵਾਲੇ ਅਮਿਤ ਦੱਸਦੇ ਹਨ ਕਿ ਵਿਗਿਆਨ ਦੇ ਅਨੁਸਾਰ 2 ਤੋਂ 8 ਸਾਲ ਦੀ ਉਮਰ 'ਚ ਬੱਚਿਆਂ ਦੀ ਸਿੱਖਣ ਦੀ ਸਮਰੱਥਾ ਬਹੁਤ ਜ਼ਿਆਦਾ ਹੁੰਦੀ ਹੈ । ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਬਚਪਨ 'ਚ ਸਿਨੈਪਟਿਕ ਕੁਨੈਕਸ਼ਨ ਬਹੁਤ ਜਲਦੀ ਅਤੇ ਤੇਜ਼ੀ ਨਾਲ ਬਣਦੇ ਹਨ । ਅਜਿਹੇ 'ਚ ਜੇਕਰ ਜ਼ਰੂਰੀ ਟੂਲਸ ਅਤੇ ਸਹੀ ਤਰੀਕਾ ਅਪਣਾਉਂਦੇ ਹੋਏ ਕੋਸ਼ਿਸ਼ ਕੀਤੀ ਜਾਵੇ ਤਾਂ ਇਸ ਛੋਟੀ ਉਮਰ 'ਚ ਬੱਚੇ 6 ਤੋਂ 8 ਸਾਲ ਤੱਕ ਸਿੱਖ ਸਕਦੇ ਹਨ । ਆਕੀ-ਪਾਕੀ ਮੋਬਾਈਲ ਐਪਲੀਕੇਸ਼ਨ ਇਸੇ ਸਾਇੰਟੀਫਿਕ ਲਰਨਿੰਗ ਅਪ੍ਰੋਚ ਨੂੰ ਫਾਲੋ ਕਰਦੀ ਹੈ । ਬੱਚਿਆਂ ਦੀ ਸਿੱਖਣ ਦੀ ਇਸ ਪੂਰੀ ਪ੍ਰਕ੍ਰਿਆ 'ਚ ਇਕ ਪਰਸਨਲ ਟਿਊਟਰ ਦੀ ਤਰ੍ਹਾਂ ਉਨ੍ਹਾਂ ਦੀ ਮਦਦ ਕਰਦੀ ਹੈ । ਕਦਮ-ਕਦਮ 'ਤੇ ਉਨ੍ਹਾਂ ਨੂੰ ਗਾਈਡ ਕਰਦੀ ਹੈ । ਨਿਰਾਸ਼ ਹੋ ਜਾਣ ਜਾਂ ਧਿਆਨ ਭਟਕਣ 'ਤੇ ਉਨ੍ਹਾਂ ਨੂੰ ਮੋਟੀਵੇਟ ਕਰਦੀ ਹੈ ਅਤੇ ਵਧੀਆ ਕਰਨ 'ਤੇ ਉਨ੍ਹਾਂ ਨੂੰ ਸ਼ਾਬਾਸ਼ੀ ਵੀ ਦਿੰਦੀ ਹੈ ।

## ਚੰਗੀ ਸਿੱਖਿਆ ਹਰ ਸਮਾਜਿਕ ਬੁਰਾਈ ਦਾ ਹੱਲ: ਹਰਜੋਤ ਸਿੰਘ ਬੈਂਸ

ਮੁਹਾਲੀ, (ਗੁਰਜੀਤ ਬਿੱਲਾ) ਜ਼ੀਰਕਪੁਰ 'ਚ ਸਨੀਵਾਰ ਨੂੰ ਇੱਕ ਰੋਜ਼ਾ 'ਐਜੂਕੇਸ਼ਨ ਐਕਸੀਲੈਂਸ ਕਾਨਕਲੇਵ 2022' ਵਿਚ ਸਕੂਲ ਦੇ ਪ੍ਰਿੰਸੀਪਲ, ਚੇਅਰਮੈਨ ਅਤੇ ਡਾਇਰੈਕਟਰ ਸਹਿਤ 500 ਨਾਲੋਂ ਜ਼ਿਆਦਾ ਐਜੂਕੇਸ਼ਨ ਐਕਸਪਰਟ ਨੇ ਭਾਗ ਲਿਆ । ਕਾਨਕਲੇਵ ਦਾ ਆਯੋਜਨ ਇੱਕ ਉਪਦੇਸ਼ ਮੀਡੀਆ ਵੱਲੋਂ ਕੀਤਾ ਗਿਆ ਸੀ । ਇਸ ਮੌਕੇ ਮੁੱਖ ਮਹਿਮਾਨ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਸਨ। ਕਾਨਕਲੇਵ ਨੂੰ ਸੰਬੋਧਨ ਕਰਦੇ ਹੋਏ ਹਰਜੋਤ ਸਿੰਘ ਬੈਂਸ ਨੇ ਸਿੱਖਿਆ ਖੇਤਰ 'ਚ ਸਟਾਰਟ-ਅਪ ਨੂੰ ਪੰਜਾਬ 'ਚ ਆਉਣ ਦੀ ਬੇਨਤੀ ਕੀਤੀ, ਤਾਂ ਕਿ ਉਹ ਰਾਜ ਸਰਕਾਰ ਅਤੇ ਸਕੂਲਾਂ ਦੇ ਨਾਲ ਮਿਲ ਕੇ ਸਿੱਖਿਆ ਖੇਤਰ 'ਚ ਸੁਧਾਰ ਲਿਆ ਸਕਣ ।

ਉਨ੍ਹਾਂ ਕਿਹਾ ਕਿ ਸਿੱਖਿਆ ਦੇ ਮੁਢਲੇ ਢਾਂਚੇ 'ਚ ਸੁਧਾਰ ਕਰਨਾ ਪੰਜਾਬ ਸਰਕਾਰ ਦੀਆਂ ਮੁੱਖ ਪਹਿਲਾਂ 'ਚੋਂ ਇੱਕ ਹੈ ਅਤੇ ਜਿਹੜੇ ਲੋਕ ਇਸ ਕੋਸ਼ਿਸ਼ 'ਚ ਸਰਕਾਰ ਦੀ ਮਦਦ ਕਰ ਸਕਦੇ ਹਨ, ਉਨ੍ਹਾਂ ਦਾ ਸਵਾਗਤ ਹੈ ।

ਉਨ੍ਹਾਂ ਨੇ ਅੱਗੇ ਕਿਹਾ ਕਿ ਅਸੀਂ ਮੰਨਦੇ ਹਾਂ ਕਿ ਚੰਗੀ ਸਿੱਖਿਆ ਹਰ ਸਮਾਜਿਕ ਬੁਰਾਈ ਦਾ ਹੱਲ ਹੈ ਅਤੇ ਸਿੱਖਿਆ 'ਚ ਦੇਸ਼ ਦੇ ਚਰਿੱਤਰ ਨੂੰ ਬਦਲਣ ਦੀ ਤਾਕਤ ਹੁੰਦੀ ਹੈ । ਉਨ੍ਹਾਂ ਨੇ ਪ੍ਰੋਗਰਾਮ ਦੇ ਆਯੋਜਨ ਲਈ ਆਯੋਜਕਾਂ ਦੀ ਵੀ ਸ਼ਲਾਘਾ ਕੀਤੀ ।

ਇਸ ਦੌਰਾਨ ਕਾਨਕਲੇਵ ਦੇ ਦੌਰਾਨ ਐਜੂਕੇਸ਼ਨ ਐਕਸਪਰਟ ਨੇ ਆਉਣ ਵਾਲੇ ਸਮੇਂ 'ਚ ਅਧਿਆਪਕਾਂ ਦੀ ਸਹਾਇਤਾ ਲਈ ਆਪਣੇ ਵਿਚਾਰ ਸ਼ੇਅਰ ਕੀਤੇ । ਇੱਕ ਪੈਨਲ ਚਰਚਾ ਵੀ ਆਯੋਜਿਤ ਕੀਤੀ ਗਈ ਜਿੱਥੇ ਮਾਹਰਾਂ ਨੇ ਸਿੱਖਿਆ ਨੂੰ ਹੋਰ ਬਿਹਤਰ ਬਣਾਉਣ ਦੇ ਲਈ ਵਿਭਿੰਨ ਵਿਸ਼ਿਆਂ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ ।

ਪ੍ਰੋਗਰਾਮ ਦੀ ਸ਼ੁਰੂਆਤ ਜਲੰਧਰ ਇੰਡੀਪੈਂਡੈਂਟ ਸਕੂਲ ਦੀ ਪ੍ਰੈਜ਼ੀਡੈਂਟ ਸੰਦੀਪਾ ਸੂਦ ਦੇ ਉਦਘਾਟਨੀ ਭਾਸ਼ਣ ਨਾਲ ਹੋਈ । ਪਟਿਆਲਾ ਸਹੋਦਯ ਸਕੂਲ ਕੰਪਲੈਕਸ ਦੇ ਪ੍ਰੈਜ਼ੀਡੈਂਟ ਵਿਵੇਕ ਤਿਵਾੜੀ, ਸਹੋਦਯ ਸਕੂਲ ਪਰਿਸਰ, ਪਠਾਨਕੋਟ ਦੀ ਪ੍ਰੈਜ਼ੀਡੈਂਟ ਰਸ਼ਮੀ ਆਹਲੂਵਾਲੀਆ ਅਤੇ ਬਿਆਸ ਸਹੋਦਯ ਸਕੂਲ ਕੰਪਲੈਕਸ, ਗੁਰਦਾਸਪੁਰ ਤੋਂ ਐਸ.ਬੀ. ਨਾਇਰ ਨੇ ਵੀ ਇਸ ਮੌਕੇ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ ।

## ਕੇਂਦਰ ਸਰਕਾਰ ਪੰਜਾਬ 'ਚ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ 'ਚ : ਲਖਵਿੰਦਰ ਸਿੰਘ ਫੌਜੀ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਲਖਵਿੰਦਰ ਸਿੰਘ ਫੌਜੀ ਜ਼ਿਲ੍ਹਾ ਕੈਸ਼ੀਅਰ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਵਿਚ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਜਿਸ ਤਰ੍ਹਾਂ ਡੇਰਾ ਪ੍ਰੇਮੀ ਦਾ ਕਤਲ ਹੋਇਆ ਪੰਜਾਬ 'ਚ ਅਤੇ ਦਿੱਲੀ ਪੁਲਸ ਨੂੰ ਪਟਿਆਲੇ ਦੇ ਨਿੱਕੇ ਜਿਹੇ ਪਿੰਡ ਵਿੱਚੋਂ ਕਾਤਲ ਮਿਲ ਜਾਣ, ਕੀ ਸਾਡੀ ਪੰਜਾਬ ਪੁਲਸ ਨੂੰ ਕੋਈ ਤਨਾਅ ਨਹੀਂ ਸੀ ? ਸਿਰਫ਼ ਇਹ ਜਾਣਬੁੱਝ ਕੇ ਕੇਂਦਰ ਸਰਕਾਰ ਕਰਦੀ ਹੈ ਤਾਂ ਕਿ ਮੁੜ ਪੰਜਾਬ ਦਾ ਮਾਹੌਲ ਖ਼ਰਾਬ ਕੀਤਾ ਜਾਵੇ।

ਇਸੇ ਤਰ੍ਹਾਂ ਹੀ ਸਿੱਧੂ ਮੂਸੇਵਾਲ ਦੇ ਕਤਲ ਬਾਬਤ ਵੀ ਜਿੰਨੇ ਵੀ ਮੁਲਜ਼ਮ ਫੜੇ ਗਏ ਸਨ ਉਹ ਵੀ ਦਿੱਲੀ ਪੁਲਸ ਨੇ ਫੜੇ। ਕੀ ਸਾਡੀ ਪੰਜਾਬ ਪੁਲਸ ਬੇਖਬਰ ਸੌਂ ਰਹੀ ਸੀ। ਮੇਰੀ ਸਾਰੇ ਪੰਜਾਬ ਵਾਸੀਆਂ ਨੂੰ ਬੇਨਤੀ ਹੈ ਕਿ ਮਾਹੌਲ ਨੂੰ ਖ਼ਰਾਬ ਨਾ ਕੀਤਾ ਜਾਵੇ। ਕੇਂਦਰ ਸਰਕਾਰ ਪੰਜਾਬ ਵਿੱਚ ਮੁੜ ਤੋਂ ਰਾਸ਼ਟਰਪਤੀ ਸ਼ਾਸਨ ਚਲਾਉਣਾ ਚਾਹੁੰਦੀ ਹੈ। ਸੋ ਸਾਰੇ ਵੀਰਾਂ ਨੂੰ ਬੇਨਤੀ ਹੈ ਕਿ ਭਾਈਚਾਰਾ ਆਪਸ 'ਚ ਬਣਾਈ ਰੱਖਣ। ਸਿੱਖ, ਇਸਾਈ, ਹਿੰਦੂ, ਮੁਸਲਿਮ ਸਾਰੇ ਭਾਈ- ਭਾਈ ਹਨ। ਇਸ ਮੌਕੇ ਵਪਾਰ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਗੁਰਜੀਤ ਸਿੰਘ ਸੋਨੀ ਬਾਬਾ ਝਬਾਲ, ਜਸਵੰਤ ਸਿੰਘ ਜੱਸਾ ਪੰਜਵੜ, ਬਾਬਾ ਚਰਨਜੀਤ ਸਿੰਘ ਸੋਢੀ, ਮਨਜੀਤ ਸਿੰਘ ਕਸੇਲ, ਰਣਜੀਤ ਸਿੰਘ ਰਾਣਾ ਝਬਾਲ, ਮਾਣਕ ਸਿੰਘ ਝਬਾਲ, ਕੈਪਟਨ ਗੁਰਮੀਤ ਸਿੰਘ ਕਸੇਲ, ਬਲਵਿੰਦਰ ਸਿੰਘ ਕਸੇਲ, ਭੁਪਿੰਦਰ ਸਿੰਘ ਢੰਡ, ਬਾਬਾ ਬਲਜਿੰਦਰ ਸਿੰਘ ਕਾਲਾ, ਬਾਬਾ ਲੰਗਾਹ ਝਬਾਲ, ਗੁਰਪਿੰਦਰ ਸਿੰਘ ਨਾਥੂ, ਬਾਬਾ ਲੰਗਾਹ ਝਬਾਲ ਅਤੇ ਕੁਲਦੀਪ ਸਿੰਘ ਬਘੇਲ ਸਿੰਘ ਵਾਲਾ ਹਾਜ਼ਰ ਸਨ।

## ਬਾਬਾ ਗਾਜੀਦਾਸ ਖੇਡ ਸਟੇਡੀਅਮ 'ਚ ਕਰਵਾਏ 10 ਸਮੂਹਿਕ ਵਿਆਹ

ਚਮਕੌਰ ਸਾਹਿਬ, (ਕੁਲਵਿੰਦਰ ਕਾਲਾ) ਬਾਬਾ ਗਾਜੀਦਾਸ ਕਲੱਬ ਰੋਡਮਾਜਰਾ ਚੱਕਲਾਂ ਵਲੋਂ ਗ੍ਰਾਮ ਪੰਚਾਇਤ ਅਤੇ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਲੋੜਵੰਦ ਪਰਿਵਾਰਾਂ ਦੇ ਜੋੜਿਆਂ ਲਈ ਸਲਾਨਾ ਸਮੂਹਿਕ ਵਿਆਹ ਸਮਾਗਮ ਸਟੇਡੀਅਮ ਵਿਖੇ ਕਰਵਾਏ ਗਏ। ਇਸ ਮੌਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਨਵ ਵਿਆਹੇ ਜੋੜਿਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਸਿਰੋਪਾਓ ਦੇ ਕੇ ਸਨਮਾਨ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਗੁਰਪ੍ਰੀਤ ਕੌਰ ਨੇ ਕਿਹਾ ਕਿ ਬਾਬਾ ਗਾਜੀਦਾਸ ਕਲੱਬ ਵੱਲੋਂ ਕਰਵਾਏ ਜਾਂਦੇ ਸਮਾਜ ਭਲਾਈ ਦੇ ਕੰਮ ਵਿਸ਼ੇਸ਼ ਤੌਰ ਉੱਤੇ ਸਮੂਹਿਕ ਵਿਆਹ ਕਰਵਾਉਣੇ ਸ਼ਲਾਘਾਯੋਗ ਹਨ। ਉਨ੍ਹਾਂ ਕਿਹਾ ਕਿ ਇਨਸਾਨ ਨੂੰ ਆਪਣੇ ਜੀਵਨ ਵਿੱਚ ਹਮੇਸ਼ਾ ਸਮਾਜ ਸੇਵਾ ਵਿਚ ਯੋਗਦਾਨ ਪਾਉਂਦੇ ਰਹਿਣਾ ਚਾਹੀਦਾ ਹੈ। ਇਨਸਾਨੀਅਤ ਦੀ ਸੇਵਾ ਤੋਂ ਵੱਡਾ ਹੋਰ ਕੋਈ ਕਰਮ ਧਰਮ ਨਹੀਂ, ਕੰਨਿਆਦਾਨ ਕਰਨਾ ਇੱਕ ਬਹੁਤ ਵੱਡਾ ਕਾਰਜ ਹੈ। ਉਨ੍ਹਾਂ ਬਾਬਾ ਗਾਜੀਦਾਸ ਕਲੱਬ ਨੂੰ ਅੱਗੇ ਵੀ ਇਸ ਤਰ੍ਹਾਂ ਦੇ ਕਾਰਜ ਜਾਰੀ ਰੱਖ ਕੇ ਸਮਾਜ ਭਲਾਈ ਦੇ ਕੰਮਾਂ ਵਿੱਚ ਆਪਣਾ ਯੋਗਦਾਨ ਪਾਉਣ ਲਈ ਵੀ ਆਖਿਆ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਿੱਖਿਆ, ਖੇਡਾਂ ਅਤੇ ਸਿਹਤ ਸੰਬੰਧੀ ਕਾਰਜ ਨਿਰੰਤਰ ਜਾਰੀ ਹਨ। ਇਸ ਮੌਕੇ ਗੱਲਬਾਤ ਕਰਦਿਆਂ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਚੰਨੀ ਨੇ ਦੱਸਿਆ ਕੀ ਬਾਬਾ ਗਾਜੀਦਾਸ ਕਲੱਬ ਵਲੋਂ ਬਹੁਤ ਵੱਡਾ ਉਪਰਾਲਾ ਕੀਤਾ ਜਾ ਰਿਹਾ ਹੈ। ਅਜਿਹੇ ਸਮਾਜ ਭਲਾਈ ਦੇ ਕਾਰਜਾਂ ਜਿਵੇਂ ਖੇਡਾਂ, ਖੂਨਦਾਨ ਕੈਂਪ ਅਤੇ ਸਿਹਤ ਸੇਵਾਵਾਂ ਆਦਿ ਲਈ ਸਮਾਜ ਸੇਵੀ ਸੰਸਥਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਤੇ ਵੱਧ ਚੜ੍ਹ ਕੇ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।




ਇਸ ਸਮਾਗਮ ਵਿੱਚ ਮਾਣਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਧਰਮ ਪਤਨੀ ਦੇ ਆਉਣ 'ਤੇ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਸਮਾਗਮ ਦੇ ਬਾਰੇ ਕਲੱਬ ਦੇ ਪ੍ਰਧਾਨ ਦਵਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਇਸ ਸਾਲ ਕਲੱਬ ਵਲੋਂ ਜੋੜਿਆਂ ਨੂੰ 31-31 ਹਜ਼ਾਰ ਰੁਪਏ ਦਾ ਸ਼ਗਨ ਦਿੱਤਾ ਗਿਆ ਜਦਕਿ ਅਗਲੇ ਸਾਲ ਜੋੜਿਆਂ ਨੂੰ 51-51 ਹਜ਼ਾਰ ਰੁਪਏ ਸ਼ਗਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੋੜਿਆਂ ਦੇ ਗੁਰਦੁਆਰਾ ਬਾਬਾ ਗਾਜੀਦਾਸ ਵਿਖੇ ਆਨੰਦ ਕਾਰਜ ਕਰਵਾਏ ਗਏ ਹਨ ਅਤੇ ਬਾਕੀ ਦੀਆਂ ਰਸਮਾਂ ਕਿਸਾਨੀ ਸੰਘਰਸ਼ ਦੇ ਸ਼ਹੀਦ ਕਿਸਾਨਾਂ ਦੀ ਯਾਦ ਵਿਚ ਬਣਾਏ ਨਵੇਂ ਖੇਡ ਸਟੇਡੀਅਮ ਵਿਚ ਕੀਤੀਆਂ ਗਈਆਂ।

ਇਸ ਸਮਾਗਮ ਵਿੱਚ ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ, ਐਸ ਐਸ ਪੀ ਡਾ. ਸੰਦੀਪ ਗਰਗ, ਮਿਲਕਫੈੱਡ ਦੇ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ, ਬੱਬੀ ਬਾਦਲ, ਪ੍ਰੋਫੈਸਰ ਵਰਿੰਦਰ ਵਾਲਾ, ਡਾ. ਹਰਜਿੰਦਰ ਕੌਰ, ਜ਼ੈਲਦਾਰ ਸਤਵਿੰਦਰ ਸਿੰਘ, ਸੁਖਵਿੰਦਰ ਸਿੰਘ ਗਿੱਲ, ਰਵਿੰਦਰ ਸਿੰਘ ਭੰਗੂ, ਤਰਲੋਚਨ ਸਿੰਘ ਮਾਨ, ਬਲਵਿੰਦਰ ਸਿੰਘ ਚੱਕਲਾ ਸਰਪੰਚ, ਬਿੱਟੂ ਬਾਜਵਾ ਸਰਪੰਚ, ਦਰਬਾਰਾ ਸਿੰਘ ਚੱਕਲ, ਕੁਲਵੰਤ ਸਿੰਘ ਤਿਰਪੜੀ, ਹਰਬੰਸ ਸਿੰਘ ਕੰਧੋਲਾ, ਪ੍ਰਿੰਸੀਪਲ ਕੁਲਵਿੰਦਰ ਸਿੰਘ, ਨੰਬਰਦਾਰ ਉਮਰਾਓ ਸਿੰਘ, ਮਨਮੋਹਨ ਸਿੰਘ ਚੀਮਾ, ਦਿਲਸ਼ੇਰ ਸਿੰਘ, ਗੁਰਦੀਪ ਸਿੰਘ ਮਾਹਲ, ਮੇਜਰ ਸਿੰਘ ਮਾਹਲ, ਮੋਹਰ ਸਿੰਘ ਖਾਬੜਾ, ਬਲਦੇਵ ਸਿੰਘ ਚੱਕਲ, ਨਰਿੰਦਰ ਸਿੰਘ ਮਾਵੀ ਆਦਿ ਮੌਜੂਦ ਸਨ।

## ਵਰਲਡ ਕੈਂਸਰ ਕੇਅਰ ਚੈਰੀਟੇਬਲ ਸੋਸਾਇਟੀ ਵੱਲੋਂ ਦੂਸਰਾ ਕੈਂਸਰ ਚੈੱਕਅੱਪ ਕੈਂਪ




ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ) ਸਵਰਗਵਾਸੀ ਸਰਦਾਰ ਰਘੁਵੀਰ ਸਿੰਘ ਰਤੋਂ ਵਾਲੇ ਦੀ ਯਾਦ ਵਿੱਚ ਸ੍ਰੀ ਚਮਕੌਰ ਸਾਹਿਬ ਵਿਖੇ ਵਰਲਡ ਕੈਂਸਰ ਕੇਅਰ ਚੈਰੀਟੇਬਲ ਸੋਸਾਇਟੀ ਵੱਲੋਂ ਦੂਸਰਾ ਕੈਂਸਰ ਚੈਕਅੱਪ ਕੈਂਪ ਲਗਾਇਆ ਗਿਆ ਜਿਸ ਵਿੱਚ 400 ਦੇ ਕਰੀਬ ਮਰੀਜ਼ਾਂ ਨੇ ਆਪਣਾ ਚੈਕਅੱਪ ਕਰਵਾਇਆ ਅਤੇ ਦਵਾਈਆਂ ਵੀ ਲਈਆਂ।

ਇਹ ਕੈਂਪ ਗੁਰਪਿੰਦਰ ਸਿੰਘ ਰੂਪੀ ਰਤੋਂ, ਕਮਲਜੀਤ ਸਿੰਘ ਕਾਕਾ, ਦਵਿੰਦਰਪਾਲ ਸਿੰਘ ਆਹਲੂਵਾਲੀਆ ਦੇ ਸਹਿਯੋਗ ਨਾਲ ਲਗਾਇਆ ਗਿਆ, ਜਿਸ ਵਿੱਚ ਰੋਪੜ ਮੰਡਲ ਭਾਜਪਾ ਦੇ ਪ੍ਰਧਾਨ ਹਰਮਿੰਦਰ ਪਾਲ ਸਿੰਘ ਆਹਲੂਵਾਲੀਆ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਕੈਂਸਰ ਬਾਰੇ ਜਾਗਰੂਕ ਕੀਤਾ ਗਿਆ ਕਿ ਜੇਕਰ ਕਿਸੇ ਨੂੰ ਕੈਂਸਰ ਦੀ ਬਿਮਾਰੀ ਸ਼ੁਰੂ ਵਿੱਚ ਹੀ ਪਤਾ ਲੱਗ ਜਾਵੇ ਤਾਂ ਸਹੀ ਇਲਾਜ ਸ਼ੁਰੂ ਕਰਕੇ ਮਰੀਜ਼ ਦੀ ਜਾਨ ਬਚਾਈ ਜਾ ਸਕਦੀ ਹੈ। ਇਹ ਸਮੁੱਚਾ ਚੈਕਅੱਪ ਡਾ. ਧਰਮਿੰਦਰ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਵਿਕਾਸ ਆਹਲੂਵਾਲੀਆ , ਜਸਵਿੰਦਰ ਸਿੰਘ, ਨਾਜਰ ਸਿੰਘ ਜਸਪਾਲ ਨੇ ਕੀਤਾ। ਇਸ ਮੌਕੇ ਸਿੰਘ ਕੁਲਵੰਤ ਸਿੰਘ ਭੰਗੂ, ਪੰਕਜ ਸਰਮਾ, ਰੋਹਿਤ ਸੁਲਤਾਨ, ਚੇਤਨ, ਕਰਨ ਹਾਜ਼ਰ ਸਨ।

## ਲਹਿਰਾ ਮੁਹੱਬਤ ਵਿਖੇ ਐੱਨ ਐੱਚ ਅਧਿਕਾਰੀਆਂ ਨੂੰ ਜ਼ਮੀਨ ਪ੍ਰਭਾਵਤ ਕਿਸਾਨਾਂ ਨੇ ਵਿਰੋਧ ਕਰਕੇ ਵਾਪਸ ਮੋੜਿਆ

### ਟਿਊਬਵੈੱਲ ਬੋਰਾਂ, ਕੋਠਿਆਂ ਤੇ ਦਰੱਖਤਾਂ ਦੇ ਮੁਆਵਜ਼ੇ ਸਮੇਤ ਕੁਝ ਕਿਸਾਨਾਂ ਦਾ ਖੜ੍ਹਾ ਬਕਾਇਆ ਦਿੱਤੇ ਜਾਣ ਦੀ ਮੰਗ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਭਾਰਤ ਮਾਲਾ ਅਮ੍ਰਿਤਸਰ ਤੋਂ ਜਾਮਨਗਰ (ਗੁਜਰਾਤ) ਗਰੀਨ ਐਕਸਪ੍ਰੈਸ ਮਾਰਗ ਲਈ ਐਕਵਾਇਰ ਜ਼ਮੀਨ 'ਤੇ ਕਬਜ਼ੇ ਲਈ ਪਹੁੰਚੀ ਨੈਸ਼ਨਲ ਹਾਈਵੇਅ ਅਥਾਰਟੀ ਦੇ ਅਧਿਕਾਰੀਆਂ ਨੂੰ ਲਹਿਰਾ ਮੁਹੱਬਤ ਵਾਸੀ ਕਿਸਾਨ ਸੁਖਚਰਨ ਸਿੰਘ ਸਾਬਕਾ ਪੰਚ ਦੇ ਖੇਤ 'ਚੋਂ ਲਹਿਰਾ ਮੁਹੱਬਤ ਅਤੇ ਪੱਤੀ ਕਰਮਚੰਦ ਮਹਿਰਾਜ ਦੇ ਇਕੱਠੇ ਹੋਏ ਜ਼ਮੀਨ ਪ੍ਰਭਾਵਿਤ ਕਿਸਾਨਾਂ ਦੇ ਵਿਰੋਧ ਕਰਨ ਵਾਪਸ ਪਰਤਣਾ ਪਿਆ। ਕਿਸਾਨਾਂ ਦਾ ਅਧਿਕਾਰੀਆਂ ਨੂੰ ਕਹਿਣਾ ਸੀ ਕਿ ਜਦੋਂ ਤੱਕ ਟਿਊਬਵੈੱਲ ਬੋਰਾਂ, ਦਰੱਖਤਾਂ ਅਤੇ ਕੋਠਿਆਂ ਦਾ ਪੂਰਾ ਮੁਆਵਜ਼ਾ ਨਹੀਂ ਮਿਲ ਜਾਂਦਾ, ਉਹ ਜ਼ਮੀਨ ਉੱਪਰ ਕਬਜ਼ਾ ਨਹੀਂ ਕਰਨ ਦੇਣਗੇ। ਇਸ ਮੌਕੇ ਦਲਜੀਤ ਸਿੰਘ, ਰੂੜ ਸਿੰਘ, ਡਾ. ਬਲਦੇਵ ਸਿੰਘ ਸੇਖੋਂ, ਜਸਵੀਰ ਸਿੰਘ, ਰਣਜੀਤ ਸਿੰਘ, ਵਿੰਦਰ ਸਿੰਘ, ਜਗਤਾਰ ਸਿੰਘ, ਭੋਲਾ ਸਿੰਘ, ਗੁਰਮੇਲ ਸਿੰਘ ਮਹਿਰਾਜ, ਰਜਿੰਦਰ ਸਿੰਘ ਮਹਿਰਾਜ, ਭਾਕਿਯੂ ਡਕੌਂਦਾ ਦੇ



ਪਿੰਡ ਇਕਾਈ ਪ੍ਰਧਾਨ ਸੁਖਚਰਨ ਸਿੰਘ ਅਤੇ ਬਲਾਕ ਖਜ਼ਾਨਚੀ ਜਗਦੇਵ ਸਿੰਘ ਆਦਿ ਕਿਸਾਨਾਂ ਨੇ ਦੱਸਿਆ ਕਿ ਕਰੀਬ ਤਿੰਨ ਮਹੀਨੇ ਪਹਿਲਾਂ ਡਿਪਟੀ ਕਮਿਸ਼ਨਰ ਬਠਿੰਡਾ ਵੱਲੋਂ ਨੈਸ਼ਨਲ ਹਾਈਵੇ ਅਥਾਰਟੀ, ਪਾਵਰਕਾਮ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ ਨਾਲ ਕਿਸਾਨਾਂ ਦੀ ਸਾਂਝੀ ਮੀਟਿੰਗ ਕਰਵਾਈ ਸੀ, ਜਿਸ ਵਿੱਚ ਐਨ. ਐਚ. ਅਧਿਕਾਰੀਆਂ ਨੇ ਲਿਖਤੀ ਤੌਰ 'ਤੇ ਮੰਨਿਆ ਸੀ ਕਿ ਮੁਆਵਜੇ ਦੇ ਸਾਰੇ ਪੈਸੇ ਦੇ ਕੇ ਹੀ ਜ਼ਮੀਨ ਦਾ ਕਬਜ਼ਾ ਲਿਆ ਜਾਵੇਗਾ। ਜਿਸ ਟਿਊਬਵੈੱਲ ਦਾ ਪਾਣੀ ਸੜਕ ਦੇ ਦੂਜੇ ਪਾਸੇ ਲੱਗਦਾ ਹੋਵੇਗਾ ਤਾਂ ਆਪਣੇ ਖਰਚੇ 'ਤੇ ਪਾਈਪਾਂ ਪਾਈਆਂ ਜਾਣਗੀਆਂ, ਨਾਲ ਹੀ ਕੱਚਾ ਰਸਤਾ ਵੀ ਦਿੱਤਾ ਜਾਵੇਗਾ ਅਤੇ 400 ਮੀ: ਦੇ ਘੇਰੇ ਵਿੱਚ ਸੜਕ ਨੂੰ ਕਰਾਸ ਕਰਨ ਲਈ ਪੁਲ ਬਣਾ ਕੇ ਰਸਤਾ ਦਿੱਤਾ ਜਾਵੇਗਾ। ਡਿਪਟੀ ਕਮਿਸ਼ਨਰ ਵੱਲੋਂ ਪਾਵਰਕਾਮ ਅਧਿਕਾਰੀਆਂ ਨੂੰ ਟਿਊਬਵੈੱਲਾਂ ਦਾ ਇੱਕ ਹਫਤੇ ਦੇ ਵਿੱਚ ਅਸਟੀਮੇਟ ਬਣਾ ਕੇ ਦੇਣ ਨੂੰ ਵੀ ਕਿਹਾ ਸੀ ਤਾਂ ਜੋ ਕਿਸਾਨਾਂ ਦੀ ਫਸਲ ਦਾ ਪਾਣੀ ਲੱਗਦਾ ਹੋਵੇ ਅਤੇ ਇਸ ਉਪਰ ਹੋਣ ਵਾਲੇ ਸਾਰੇ ਖਰਚੇ ਦੀ ਭਰਪਾਈ ਨੈਸ਼ਨਲ ਹਾਈਵੇ ਵੱਲੋਂ ਕੀਤੀ ਜਾਵੇਗੀ। ਪ੍ਰੰਤੂ ਅਜੇ ਤੱਕ ਪਾਵਰਕਾਮ ਅਧਿਕਾਰੀਆਂ ਨੇ ਕੋਈ ਅਸਟੀਮੇਟ ਨਹੀਂ ਬਣਾਇਆ, ਨਾ ਹੀ ਬੋਰਾਂ, ਕੋਠਿਆਂ ਅਤੇ ਦਰੱਖਤਾਂ ਦੀ ਮੁਆਵਜ਼ਾ ਰਾਸ਼ੀ ਹੀ ਦਿੱਤੀ ਗਈ ਅਤੇ ਕਾਫੀ ਰਕਬੇ ਦਾ ਕਿਸਾਨਾਂ ਦਾ ਬਕਾਇਆ ਵੀ ਅਜੇ ਬਾਕੀ ਖੜ੍ਹਾ ਹੈ। ਕਿਸਾਨਾਂ ਨੇ ਨੈਸ਼ਨਲ ਹਾਈਵੇ ਅਥਾਰਟੀ ਤੋਂ 15 ਦਿਨਾਂ ਦੇ ਅੰਦਰ ਇਸ ਦਾ ਹੱਲ ਕਰਨ ਦੀ ਮੰਗ ਕਰਦਿਆਂ ਚੇਤਾਵਨੀ ਦਿੱਤੀ ਕਿ ਜਦੋਂ ਤੱਕ ਮੀਟਿੰਗ ਦੇ ਕੇ ਮੰਗਾਂ ਦਾ ਹੱਲ ਨਹੀਂ ਹੁੰਦਾ, ਉਨੀ ਦੇਰ ਤੱਕ ਅਧਿਕਾਰੀਆਂ ਨੂੰ ਜ਼ਮੀਨ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ।

## ਕਲਾਸੀਫਾਈਡ ਇਸ਼ਤਿਹਾਰ


**Public Notice**

I, Mohammed Imran S/o Ameer Khusroo R/o House Number-125, Second Floor, Golden Enclave Lohgarh, Zirakpur, Mohali, S.A.S Nagar (Mohali), Punjab- 140603 do hereby solemnly affirm and declare That I have embraced hindu religion and renounced muslim w.e.f. 23/04/2013. Have changed my name and shall hereafter be Known as Armaan. All Please Note.

**ਆਮ ਸੂਚਨਾ**

ਇਸ ਉਪ ਮੰਡਲ ਅਧੀਨ ਇੱਕ ਮੋਟਰ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ 26/1882, ਜੋ ਕਿ ਗੁਰਚਰਨ ਸਿੰਘ ਪੁੱਤਰ ਉਮਰਾਓ ਸਿੰਘ ਵਾਸੀ ਪਿੰਡ ਮਾਨਖੇੜੀ, ਤਹਿਸੀਲ-ਮੋਰਿੰਡਾ, ਜ਼ਿਲ੍ਹਾ ਰੂਪਨਗਰ ਵਿਖੇ 20 ਬੀ ਐੱਚ ਪੀ ਚੱਲ ਰਿਹਾ ਹੈ। ਗੁਰਚਰਨ ਸਿੰਘ ਦੀ ਮੌਤ ਉਪਰੰਤ ਇਹ ਕੁਨੈਕਸ਼ਨ ਪਰਵਾਰਕ ਵੰਡ ਵਿੱਚ ਉਨ੍ਹਾ ਦੇ ਸਪੁੱਤਰ ਰਵਿੰਦਰ ਸਿੰਘ ਦੇ ਹਿੱਸੇ ਆ ਗਿਆ ਹੈ। ਹੁਣ ਰਵਿੰਦਰ ਸਿੰਘ ਪੁੱਤਰ ਗੁਰਚਰਨ ਸਿੰਘ ਨੇ ਇਸ ਦਫਤਰ ਵਿਖੇ ਮੋਟਰ ਕੁਨੈਕਸ਼ਨ ਆਪਣੇ ਨਾਂਅ ਕਰਵਾਉਣ ਦੀ ਅਰਜ਼ੀ ਦਿੱਤੀ ਹੈ। ਫਰਦ ਵਿੱਚ ਦਰਜ ਵਿਅਕਤੀਆਂ ਵੱਲੋਂ ਐੱਨ ਓ ਸੀ ਦਿੱਤੀ ਗਈ ਹੈ ਅਤੇ ਆਪਣੇ ਹਲਫੀਆ ਬਿਆਨ ਪੇਸ਼ ਕੀਤੇ ਗਏ ਹਨ। ਅਗਰ ਫਿਰ ਵੀ ਕਿਸੇ ਵਿਅਕਤੀ ਨੂੰ ਇਸ ਮੋਟਰ ਦੇ ਨਾਂਅ ਬਦਲੀ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਇਹ ਇਸ਼ਤਿਹਾਰ ਛਪਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿਖੇ ਲਿਖਤੀ ਰੂਪ ਵਿੱਚ ਪੇਸ਼ ਕਰੇ। ਸਮਾਂ ਪੁਗਣ 'ਤੇ ਕੋਈ ਵੀ ਇਤਰਾਜ਼ ਕਬੂਲ ਨਹੀਂ ਕੀਤਾ ਜਾਵੇਗਾ ਅਤੇ ਨਾਂਅ ਬਦਲੀ ਸੰਬੰਧੀ ਅਗਲੇਰੀ ਕਾਰਵਾਈ ਕਰ ਦਿੱਤੀ ਜਾਵੇਗੀ। ਸਹਾਇਕ ਕਾਰਜਕਾਰੀ ਇੰਜੀਨੀਅਰ, ਪੰ. ਰਾ. ਪਾ. ਕਾ. ਲਿਮ: ਸ/ਅ/ਸ/ਡ ਮੋਰਿੰਡਾ

**ਬੇਦਖਲੀ ਨੋਟਿਸ**

ਮੈਂ ਅਮਰੀਕ ਸਿੰਘ ਪੁੱਤਰ ਚਾਨਣ ਸਿੰਘ ਵਾਸੀ ਸ਼ੇਰਗੜ੍ਹ ਤਹਿਸੀਲ ਮੂਨਕ (ਸੰਗਰੂਰ) ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸੋਮਾ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ । ਇਸ ਲਈ ਮੈਂ ਇਸ ਨੂੰ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਸਬੰਧ ਨਹੀਂ। ਸਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

**Change of Name**

I, Rajnish Goyal S/o Sham Lal R/o 41, Bant Ram Colony, Nabha, Patiala, Nabha, Punjab- 147201, have changed my name as Rajneesh Kumar Goyal. All Please Note.

I, Yogesh Bhai S/o Hirji Bhai, R/o Sant Shri Asharam Ji Ashram Tibba, Ludhiana, Punjab- 141120, have changed my name as Yogesh Upadhyay. All Please Note.

I, Pankaj Grover S/o Darshan Lal Grover R/o B-1/4467, Sham Nagar, Ward No-9, Rajpura, Patiala, Punjab-140401 have changed the name of my minor Son Raghav Grover to Mudit Grover.

I, Aryan Kumar S/o Dalvir Chand R/o VPO. Mehliana, Teh.Banga Distt. SBS Nagar Have Changed My Name Aryan Kumar To Kumar Aryan. (Surname as Kumar). All Please Note.

I, Manjit Kaur W/o Amarjeet R/o Anand Nagar Phagwara, Distt.Kapurthala, Punjab have spelling correction in my name from Manjit Kaur to Manjeet Kaur. All Please Note.

I, Amarjit S/o Hans Raj R/o Anand Nagar Phagwara, Distt.Kapurthala, Punjab have spelling correction in my name from Amarjit to Amarjeet. All Please Note.

I, Sannu Singh W/o Balkrishan R/o Ward No.5, VPO. Bathu, Tehsil Haroli, Bathu (475), Una, Himachal Pradesh-174301 have changed my name from Sannu Singh to Sannu Bala. All Please Note.


**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸੁਤੰਤਰ ਭਵਨ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ, ਜੀਵਨ, ਫਲਸਫਾ 'ਤੇ ਸੈਮੀਨਾਰ



**ਸੰਗਰੂਰ (ਪ੍ਰਵੀਨ ਸਿੰਘ)**-ਸੁਤੰਤਰ ਭਵਨ ਸੰਗਰੂਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਗੁਰਪੁਰਬ ਸਬੰਧੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਬਾਣੀ, ਜੀਵਨ, ਫਲਸਫਾ ਦੇ ਸਬੰਧ ਵਿੱਚ ਸੈਮੀਨਾਰ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਸਾਥੀ ਹਰਦੇਵ ਸਿੰਘ ਬਖ਼ਸ਼ੀਵਾਲਾ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਇਸ ਬਾਰੇ ਸੀ.ਪੀ.ਆਈ. ਦੇ ਜ਼ਿਲ੍ਹਾ ਸਕੱਤਰ ਸਾਥੀ ਕਾ. ਸੁਖਦੇਵ ਸ਼ਰਮਾ ਨੇ ਦੱਸਿਆ ਕਿ ਇਸ ਸੈਮੀਨਾਰ ਦੇ ਮੁੱਖ ਬੁਲਾਰੇ ਸਾਥੀ ਕਾ. ਜਗਰੂਪ ਸਿੰਘ ਨੇ ਬੋਲਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦਾ ਫਲਸਫਾ ਤਰਕ ਦੇ ਆਧਾਰ 'ਤੇ ਹੈ ਤੇ ਉਨ੍ਹਾਂ ਨੇ ਹਰ ਗੱਲ ਦਾ ਉੱਤਰ ਤਰਕ ਦੇ ਆਧਾਰ 'ਤੇ ਕੀਤਾ ਹੈ। ਉਨ੍ਹਾਂ ਕਿਸੇ ਵੱਲੋਂ ਵੀ ਕਹੀ ਗਈ ਗੱਲ ਵੀ ਉੱਤਰ ਵਿੱਚ ਹਮੇਸ਼ਾ ਕਿਹਾ ਕਿ ਉੱਤਰ ਦੀਜੀਏ, ਗੁੱਸਾ ਨਾ ਕੀਜੀਏ। ਗੁਰੂ ਨਾਨਕ ਦੇਵ ਜੀ ਨੇ ਜਿੱਥੇ ਖੁਦ ਹੱਥੀਂ ਕਿਰਤ ਕੀਤੀ, ਉਥੇ ਲੁਕਾਈ ਨੂੰ ਆਪਣੇ ਉਪਦੇਸ਼ ਵਿੱਚ ਕਿਹਾ ਕਿ ਕਿਰਤ ਕਰੋ ਤੇ ਵੰਡ ਛੱਕੋ। ਗੁਰੂ ਨਾਨਕ ਦੇਵ ਜੀ ਦੇ ਦੁਨੀਆ ਵਿੱਚ ਘੁੰਮਣ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਇਨ੍ਹਾਂ ਵਿੱਚ ਉਨ੍ਹਾਂ ਨੇ ਕੁਰਾਹੇ ਪਏ ਲੋਕਾਂ ਨੂੰ ਸੱਚ ਦੇ ਮਾਰਗ 'ਤੇ ਚੱਲਦਿਆਂ ਸੱਚੀ ਕਿਰਤ ਕਰਨ ਦਾ ਸੰਦੇਸ਼ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਨੇ ਜਪਜੀ ਸਾਹਿਬ ਵਿੱਚ ਕੁਦਰਤ ਦੀ ਵਿਆਖਿਆ ਕਰਦਿਆਂ ਕਿਹਾ ਕਿ ਧਰਤੀ, ਪਤਾਲ, ਅਕਾਸ਼, ਬ੍ਰਾਹਮੰਡ ਸੱਤ ਯੁੱਗ ਵਿੱਚ ਵੀ ਸੀ, ਅੱਜ ਵੀ ਹੈ ਤੇ ਅੱਗੋਂ ਨੂੰ ਵੀ ਇਹ ਰਹੇਗਾ। ਇਸੇ ਲਈ ਗੁਰੂ ਨਾਨਕ ਦੇਵ ਜੀ ਨੂੰ ਉਸ ਸਮੇਂ ਦਾ ਵੱਡਾ ਫਲਾਸਫਰ ਵੀ ਕਿਹਾ ਜਾਂਦਾ ਹੈ। ਇਨ੍ਹਾਂ ਇਸ ਤਰ੍ਹਾਂ ਦੇ ਗਿਆਨ ਨੂੰ ਆਮ ਲੋਕਾਂ ਦੀ ਬੋਲਚਾਲ ਦੀ ਭਾਸ਼ਾ ਵਿੱਚ ਫਿਰ-ਤੁਰ ਕੇ ਸਮਝਾਇਆ, ਵਹਿਮਾਂ, ਭਰਮਾਂ ਤੇ ਪਾਖੰਡ ਅਡੰਬਰਬਾਦ ਦਾ ਵਿਰੋਧ ਕੀਤਾ।

ਇਸ ਸੈਮੀਨਾਰ ਦੀ ਖਾਸੀਅਤ ਇਹ ਸੀ ਕਿ ਇਸ ਵਿੱਚ ਵੱਡੀ ਗਿਣਤੀ 'ਚ ਨੌਜਵਾਨ ਪਾੜੇ, ਕਿਰਤੀ ਤੇ ਅੱਧਖੜ੍ਹ ਉਮਰ ਦਾ ਨੌਜਵਾਨ ਮੁੰਡੇ ਤੇ ਕੁੜੀਆਂ ਅਤੇ ਔਰਤਾਂ ਸ਼ਾਮਲ ਹਨ, ਜਿਨ੍ਹਾਂ ਨੇ ਬੜੀ ਗੰਭੀਰਤਾ ਨਾਲ ਬੁਲਾਰਿਆਂ ਦੇ ਨਾਲ ਸਵਾਲ ਜਵਾਬ ਵੀ ਕੀਤੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਨਵਜੀਤ ਸਿੰਘ, ਵਰਿੰਦਰ ਖੁਰਾਣਾ ਸੂਬਾ ਸਕੱਤਰ, ਸਰਬ ਭਾਰਤ ਵਿਦਿਆਰਥੀ ਫੈਡਰੇਸ਼ਨ, ਸੰਪੂਰਨ ਸਿੰਘ ਛਾਜਲੀ, ਭਰਪੂਰ ਸਿੰਘ ਬੁਲਾਂਪੁਰ ਨੇ ਵੀ ਸੈਮੀਨਾਰ ਸਮੇਂ ਆਪਣੇ ਵਿਚਾਰ ਪੇਸ਼ ਕੀਤੇ। ਸਵਾਲਾਂ ਦੇ ਸਮੇਂ ਲਾਲਾ ਖਾਂ, ਸੁਖਦੇਵ ਧੂਰੀ, ਨਿਰਮਲ ਬਟਰਿਆਣਾ, ਕਰਮ ਸਿੰਘ ਜ਼ਖਮੀ ਤੇ ਹੋਰਨਾਂ ਨੇ ਆਪਣੇ ਵਿਚਾਰ ਪੇਸ਼ ਕੀਤੇ।

## ਮਾਰਕਫੈੱਡ ਨੂੰ ਲਾਏ ਕਰੋੜਾਂ ਦੇ ਰਗੜੇ ਦੀ ਵਿਜੀਲੈਂਸ ਵੱਲੋਂ ਜਾਂਚ ਸ਼ੁਰੂ

**ਜੈਤੋ (ਸਤੀਸ਼ ਕੁਮਾਰ ਭੀਗੀ)**-ਮਾਰਕਫੈੱਡ ਦੇ ਵੱਖ ਵੱਖ ਗੁਦਾਮਾਂ ਵਿੱਚ ਲੱਗੇ ਅਨਾਜ ਦੀ ਸਾਂਭ ਸੰਭਾਲ ਲਈ ਹਰ ਪ੍ਰਕਾਰ ਦੇ ਖਰਚੇ ਤੇ ਸਹੂਲਤਾਂ ਪ੍ਰਾਪਤ ਕਰਨ ਤੋਂ ਬਾਅਦ ਵੀ ਆਪਣੀ ਡਿਊਟੀ ਪ੍ਰਤੀ ਅਣਗਹਿਲੀ ਤੇ ਲਾਪ੍ਰਵਾਹੀ ਨਾਲ ਮਾਰਕਫੈੱਡ ਦੇ ਸਾਬਕਾ ਮੈਨੇਜਰ ਸੁਰਜੀਤ ਸਿੰਘ ਵੱਲੋਂ ਵਿਭਾਗ ਨੂੰ ਕਰੋੜਾਂ ਰੁਪਏ ਦੇ ਰਗੜੇ ਲਾਏ ਗਏ। ਮਾਰਕਫੈੱਡ ਪੰਜਾਬ ਦੇ ਉੱਚ ਅਧਿਕਾਰੀਆਂ ਵੱਲੋਂ ਕੀਤੀ ਗਈ ਜਾਂਚ ਪੜਤਾਲ ਵਿੱਚ ਸਾਬਕਾ ਮੈਨੇਜਰ ਸੁਰਜੀਤ ਸਿੰਘ ਵੱਲੋਂ ਮਹਿਕਮੇ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਪਹੁੰਚਾਉਣ ਦਾ ਦੋਸ਼ੀ ਗਰਦਾਨਿਆ ਗਿਆ।

ਭਰੋਸੇਯੋਗ ਸੂਤਰਾਂ ਅਨੁਸਾਰ ਸੁਰਜੀਤ ਸਿੰਘ ਦੀ ਰਾਜਨੀਤਕ ਪਹੁੰਚ ਹੋਣ ਕਾਰਨ ਉੱਚ ਅਧਿਕਾਰੀਆਂ ਵੱਲੋਂ ਨਾ ਤਾਂ ਉਸ ਨੂੰ ਸਸਪੈਂਡ ਕੀਤਾ ਗਿਆ ਤੇ ਨਾ ਹੀ ਮਹਿਕਮੇ ਦੀਆਂ ਜ਼ਰੂਰੀ ਡਿਊਟੀਆਂ ਤੋਂ ਲਾਂਭੇ ਹੀ ਕੀਤਾ ਗਿਆ। ਇੱਥੇ ਇਹ ਗੱਲ ਦੱਸਣਯੋਗ ਹੈ ਕਿ ਸ਼ਹਿਰ ਦੇ ਸਮਾਜ ਸੇਵੀ ਅਸ਼ੋਕ ਕੁਮਾਰ ਤੇ ਹੋਰਨਾਂ ਵੱਲੋਂ ਇਸ ਮਹਾਂਘੁਟਾਲੇ ਦੀ ਜਾਂਚ ਲਈ ਵਿਜੀਲੈਂਸ ਬਿਊਰੋ ਪੰਜਾਬ ਨੂੰ ਸਬੂਤਾਂ ਸਮੇਤ ਜਾਣੂੰ ਕਰਵਾਇਆ ਗਿਆ ਸੀ, ਜਿਸ ਦੀ ਕਿ ਵਿਜੀਲੈਂਸ ਬਿਊਰੋ ਵੱਲੋਂ ਜਾਂਚ ਨੂੰ ਆਰੰਭ ਕਰ ਦਿੱਤਾ ਗਿਆ ਹੈ। ਇਸ ਪੂਰੇ ਮਾਮਲੇ ਸਬੰਧੀ ਜੇਕਰ ਕੋਈ ਰਾਜਨੀਤਕ ਦਬਾਅ ਨਾ ਪਾਇਆ ਜਾਵੇ ਤਾਂ ਮਾਰਕਫੈੱਡ ਦਾ ਕਰੋੜਾਂ ਰੁਪਏ ਦਾ ਗਬਨ ਕਰਨ ਤੇ ਰਗੜੇ ਲਾਉਣ ਵਾਲੇ ਸਾਬਕਾ ਮੈਨੇਜਰ ਸੁਰਜੀਤ ਸਿੰਘ ਨੂੰ ਸਲਾਖਾਂ ਪਿੱਛੇ ਭੇਜਣ ਤੇ ਘੁਟਾਲੇ ਦੀ ਰਾਸ਼ੀ ਜਮ੍ਹਾਂ ਕਰਵਾਉਣ ਤੋਂ ਨਹੀਂ ਰੋਕਿਆ ਜਾ ਸਕਦਾ।

# ਰੋਟਰੀ ਕਲੱਬ ਵੱਲੋਂ ਸਾਧੂ ਸਿੰਘ ਤੇ ਈਸਰ ਕੌਰ ਦੀ ਯਾਦ 'ਚ ਅੱਖਾਂ ਦਾ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ

**ਜ਼ਰੂਰਤਮੰਦਾਂ ਦੀ ਮਦਦ ਲਈ ਹਰ ਸੰਸਥਾ ਨੂੰ ਅੱਗੇ ਆਉਣਾ ਚਾਹੀਦਾ ਹੈ : ਵਿਧਾਇਕ ਦੇਵ ਮਾਨ/ਮਲਕੀਤ ਸਿੰਘ**



**ਨਾਭਾ (ਵਰਿੰਦਰ ਵਰਮਾ)**-ਰੋਟਰੀ ਕਲੱਬ ਨਾਭਾ ਪ੍ਰਧਾਨ ਐਡਵੋਕੇਟ ਭਾਰਤ ਭੂਸ਼ਨ ਜੈਨ ਦੀ ਅਗਵਾਈ ਹੇਠ ਰੋਟਰੀ ਭਵਨ ਪਟਿਆਲਾ ਗੇਟ ਵਿਖੇ ਅੱਖਾਂ ਦਾ ਚੈੱਕਅਪ ਤੇ ਅਪ੍ਰੇਸ਼ਨ ਕੈਂਪ ਲਾਇਆ ਗਿਆ। ਇਹ ਕੈਂਪ ਸਵ. ਸ. ਸਾਧੂ ਸਿੰਘ ਤੇ ਮਾਤਾ ਈਸਰ ਕੌਰ ਦੀ ਨਿੱਘੀ ਯਾਦ ਵਿੱਚ ਲਾਇਆ ਗਿਆ। ਕੈਂਪ ਵਿੱਚ ਡਾਕਟਰ ਡਾ. ਅਤੁਲ ਕੱਕੜ (ਅੱਖਾਂ ਦੇ ਮਾਹਰ) ਕੱਕੜ ਆਈ ਹਸਪਤਾਲ ਪਟਿਆਲਾ ਦੀ ਟੀਮ ਵੱਲੋਂ 550 ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕੀਤਾ ਗਿਆ ਤੇ 80 ਦੇ ਕਰੀਬ ਜ਼ਰੂਰਤਮੰਦ ਮਰੀਜ਼ਾਂ ਦੇ ਅਪ੍ਰੇਸ਼ਨ ਕੀਤੇ ਜਾਣਗੇ। ਇਸ ਕੈਂਪ ਦੇ ਮੁੱਖ ਮਹਿਮਾਨ ਹਲਕਾ ਨਾਭਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੇ ਸ੍ਰ. ਮਲਕੀਤ ਸਿੰਘ ਚੇਅਰਮੈਨ ਮਲਕੀਤ ਐਗਰੋ ਟੈਕ ਇੰਡਸਟਰੀਜ਼ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਰੋਟਰੀ ਕਲੱਬ ਵੱਲੋਂ ਕੈਂਪ ਲਗਾਉਣਾ ਬਹੁਤ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਜ਼ਰੂਰਤਮੰਦ ਲੋਕਾਂ ਲਈ ਅੱਗੇ ਆਉਣ ਤੇ ਇਸ ਤਰ੍ਹਾਂ ਦੇ ਕੈਂਪ ਲਗਾਉਣ, ਤਾਂ ਕਿ ਕਿਸੇ ਜ਼ਰੂਰਤਮੰਦ ਵਿਅਕਤੀ ਦੀ ਮਦਦ ਕੀਤੀ ਜਾ ਸਕੇ। ਇਸ ਮੌਕੇ ਕਲੱਬ ਪ੍ਰਧਾਨ ਨਿਤਿਨ ਜੈਨ, ਪ੍ਰੋਜੈਕਟ ਚੇਅਰਮੈਨ ਚਰਨ ਸਿੰਘ, ਜਰਨਲ ਸਕੱਤਰ ਰਵਨੀਸ਼ ਗੋਇਲ ਤੇ ਸਮੂਹ ਮੈਂਬਰਾਂ ਵੱਲੋਂ ਮੁੱਖ ਮਹਿਮਾਨ ਵਿਧਾਇਕ ਦੇਵ ਮਾਨ, ਮਲਕੀਤ ਸਿੰਘ ਤੇ ਆਈਆਂ ਸ਼ਖ਼ਸੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਕਪਿਲ ਮਾਨ, ਆਮ ਆਦਮੀ ਪਾਰਟੀ ਵਪਾਰ ਮੰਡਲ ਪ੍ਰਧਾਨ ਰਮਨ ਜਿੰਦਲ ਭੋਲਾ, ਜਸਵੰਤ ਸਿੰਘ ਕਪੂਰ, ਸਿਮਰਨ ਚੌਹਾਨ, ਭੁਪਿੰਦਰ ਸਿੰਘ ਕਲਰਮਾਜਰੀ, ਅਮਨਦੀਪ ਸਿੰਘ, ਤੋਂ ਇਲਾਵਾ ਕਲੱਬ ਮੈਂਬਰ ਦਲਜੀਤ ਸਿੰਘ ਸੰਧੂ, ਆਈ ਡੀ ਗੋਇਲ, ਜੀਵਨ ਬਾਂਸਲ, ਵੇਦ ਪ੍ਰਕਾਸ਼ ਡੱਲਾ, ਜੇ ਪੀ ਗੁਪਤਾ, ਰਾਜ ਕੁਮਾਰ ਜੈਤਵਾਨੀ, ਮਨਦੀਪ ਸਿੰਘ ਭਾਟੀਆ, ਅਸ਼ੋਕ ਅਰੋੜਾ, ਦਰਸ਼ਨ ਅਰੋੜਾ, ਰਮੇਸ਼ ਗਰਗ, ਕ੍ਰਿਸ਼ਨ ਗੋਇਲ, ਵਿਕਾਸ ਮਿੱਤਲ, ਚਰਨ ਸਿੰਘ, ਰਾਜੇਸ਼ ਅਗਰਵਾਲ, ਅਨਿਲ ਰਾਣਾ, ਸੁਮਿਤ ਗੋਇਲ ਸੰਟੀ, ਹਰਪ੍ਰੀਤ ਸਿੰਘ, ਵਿਵੇਕ ਸਿੰਗਲਾ, ਸ਼ਸ਼ੀ ਜਿੰਦਲ, ਧੀਰ ਸਿੰਘ, ਅਸ਼ੋਕ ਕੁਮਾਰ ਕਾਲਾ, ਪ੍ਰੀਤਮ ਬੱਤਰਾ, ਵਿਕਾਸ ਚੋਪੜਾ ਆਦਿ ਮੈਂਬਰ ਹਾਜ਼ਰ ਸਨ।

## 500 ਗ੍ਰਾਮ ਹੈਰੋਇਨ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਥਾਣਾ ਮਮਦੋਟ ਪੁਲਸ ਨੇ ਗਸ਼ਤ ਤੇ ਛਾਪੇਮਾਰੀ ਦੌਰਾਨ 500 ਗ੍ਰਾਮ ਹੈਰੋਇਨ ਬਰਾਮਦ ਕਰਕੇ ਇੱਕ ਔਰਤ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਮੁੱਖ ਅਫਸਰ ਲੇਖ ਰਾਜ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਬੱਸ ਅੱਡਾ ਹਜ਼ਾਰਾ ਸਿੰਘ ਵਾਲਾ ਪਾਸ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਸੁਖਚੈਨ ਸਿੰਘ ਪੁੱਤਰ ਬਲਵਿੰਦਰ ਸਿੰਘ, ਬਲਵਿੰਦਰ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀਅਨ ਰਾਓ ਕੇ ਹਿਠਾੜ ਜੋ ਕਿ ਕੱਲ੍ਹ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੀ ਪੁਲਸ ਵੱਲੋਂ ਹੈਰੋਇਨ ਨਸ਼ੇ ਵਿੱਚ ਫੜੇ ਗਏ ਹਨ। ਬਲਵਿੰਦਰ ਸਿੰਘ ਦੀ ਘਰ ਵਾਲੀ ਗੁਰਮੀਤ ਕੌਰ ਉਰਫ ਮੀਤੋ ਪਤਨੀ ਬਲਵਿੰਦਰ ਸਿੰਘ ਵਾਸੀ ਢਾਣੀ ਲੂਣੇ ਦਾਖਲੀ ਰਾਓ ਕੇ ਹਿਠਾੜ ਵਿੱਚ ਅੱਜ ਵੀ ਉਸ ਦੀ ਹਰਕਤ ਹੋ ਸਕਦਾ ਹੈ ਕਿ ਇਸ ਨੇ ਹੋਰ ਹੈਰੋਇਨ ਆਪਣੇ ਘਰ ਦੇ ਲਾਗੇ ਤਾਗੇ ਲੁਕਾ ਛੁਪਾ ਕੇ ਰੱਖੀ ਹੋਵੇ।

ਜੇਕਰ ਇਨ੍ਹਾਂ ਦੇ ਘਰ ਵਿਚ ਲੱਗੀ ਮੋਟਰ ਸਬਮਰਸੀਬਲ ਦੇ ਲਾਗੇ ਗੁਰਮੀਤ ਕੌਰ ਨੂੰ ਕਾਬੂ ਕਰਕੇ ਤਲਾਸ਼ੀ ਕੀਤੀ ਜਾਵੇ ਤਾਂ ਭਾਰੀ ਮਾਤਰਾ ਵਿੱਚ ਹੈਰੋਇਨ ਬਰਾਮਦ ਹੋ ਸਕਦੀ ਹੈ। ਪੁਲਸ ਵੱਲੋਂ ਮੌਕੇ 'ਤੇ ਪੁੱਜ ਕੇ ਤਲਾਸ਼ੀ ਕੀਤੀ ਗਈ ਤਾਂ ਤਲਾਸ਼ੀ ਦੌਰਾਨ 500 ਗ੍ਰਾਮ ਹੈਰੋਇਨ ਬਰਮਾਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਔਰਤ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਕਾਤਰਾਂ

### ਬਾਈਕ ਸਵਾਰ 7 ਗ੍ਰਾਮ ਹੈਰੋਇਨ ਸਣੇ ਕਾਬੂ

**ਜਗਰਾਓਂ (ਅਮਿਤ ਖੰਨਾ)**-ਸੀ.ਆਈ.ਏ. ਸਟਾਫ ਪੁਲਸ ਨੇ ਬਾਈਕ ਸਵਾਰ 1 ਵਿਅਕਤੀ ਨੂੰ 7 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਕੇ ਥਾਣਾ ਸਦਰ 'ਚ ਮਾਮਲਾ ਦਰਜ ਕੀਤਾ ਹੈ। ਥਾਣਾ ਸਦਰ ਪੁਲਸ ਅਧੀਨ ਪੈਂਦੀ ਪੁਲਸ ਚੌਕੀ ਚੌਂਕੀਮਾਨ ਦੇ ਇੰਚਾਰਜ ਏ ਐੱਸ ਆਈ ਰਣਧੀਰ ਸਿੰਘ ਨੇ ਦੱਸਿਆ ਕਿ ਸੀ ਆਈ ਏ ਸਟਾਫ ਪੁਲਸ ਦੇ ਏ ਐੱਸ ਆਈ ਰੇਸ਼ਮ ਸਿੰਘ ਸਾਥੀ ਮੁਲਾਜ਼ਮਾਂ ਸਮੇਤ ਗਸ਼ਤ ਦੌਰਾਨ ਬੱਸ ਸਟੈਂਡ ਸਿੱਧਵਾਂ ਖੁਰਦ ਕੋਲ ਮੌਜੂਦ ਸਨ ਤਾਂ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਮਨਜੀਤ ਸਿੰਘ ਨਾਮੀ ਵਿਅਕਤੀ ਹੈਰੋਇਨ ਵੇਚਣ ਦਾ ਧੰਦਾ ਕਰਦਾ ਹੈ ਤੇ ਉਹ ਆਪਣੇ ਮੋਟਰਸਾਈਕਲ ਹੀਰੋ ਸਪਲੈਂਡਰ ਨੰਬਰ ਪੀ ਬੀ 25 ਐੱਚ 8056 'ਤੇ ਸਵਾਰ ਹੋ ਕੇ ਪਿੰਡ ਸਵੱਦੀ ਰਾਹੀਂ ਪਿੰਡ ਚੌਂਕੀਮਾਨ ਵੱਲ ਆ ਰਿਹਾ ਹੈ। ਉਪਰੰਤ ਸੂਆ ਪੁਲ ਚੌਂਕੀਮਾਨ ਨੇੜੇ ਨਾਕਾਬੰਦੀ ਦੌਰਾਨ ਮਨਜੀਤ ਸਿੰਘ ਦੇ ਮੋਟਰਸਾਈਕਲ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ ਕੋਲੋਂ 7 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਸ ਦੇ ਆਧਾਰ 'ਤੇ ਪੁਲਸ ਨੇ ਮਨਜੀਤ ਸਿੰਘ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਉਸ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਆਰਥਿਕ ਤੰਗੀ ਕਾਰਨ ਕਿਸਾਨ ਵੱਲੋਂ ਆਤਮ ਹੱਤਿਆ

**ਬਰੇਟਾ (ਰੀਤਵਾਲ)**-ਆਰਥਿਕ ਤੰਗੀ ਦੇ ਚੱਲਦਿਆਂ ਇੱਕ ਕਿਸਾਨ ਵੱਲੋਂ ਜ਼ਮੀਨ ਨੂੰ ਪਾਣੀ ਨਾ ਮਿਲਣ ਕਾਰਨ ਖੁਦਕੁਸ਼ੀ ਕਰ ਲਏ ਜਾਣ ਦਾ ਸਮਾਚਾਰ ਹੈ।



ਰੇਲਵੇ ਪੁਲਸ ਚੌਕੀ ਦੇ ਜਾਂਚ ਅਧਿਕਾਰੀ ਗੁਰਮੇਲ ਸਿੰਘ ਤੋਂ ਮਿਲੀ ਜਾਣਕਾਰੀ ਅਨੁਸਾਰ ਕਿਸਾਨ ਰਾਮ ਸਿੰਘ (46) ਵਾਸੀ ਸਿਰਸੀਵਾਲਾ ਨੇ ਆਰਥਿਕ ਤੰਗੀ ਦੇ ਕਾਰਨ ਬੀਤੀ ਸ਼ਨੀਵਾਰ ਦੀ ਰਾਤ ਬਠਿੰਡਾ ਤੋਂ ਜਾਖਲ ਵੱਲ ਜਾ ਰਹੀ ਇੱਕ ਰੇਲ ਗੱਡੀ ਹੇਠ ਆ ਕੇ ਸਿਰਸੀਵਾਲਾ ਦੇ ਰੇਲਵੇ ਫਾਟਕ ਨਜ਼ਦੀਕ ਖੁਦਕੁਸ਼ੀ ਕਰ ਲਈ। ਮ੍ਰਿਤਕ ਪੰਜ ਏਕੜ ਦਾ ਮਾਲਕ ਸੀ। ਰੇਲਵੇ ਪੁਲਸ ਵੱਲੋਂ ਮ੍ਰਿਤਕ ਦੇ ਬੇਟੇ ਗੁਰਜੀਤ ਸਿੰਘ ਦੇ ਬਿਆਨਾਂ 'ਤੇ 174 ਦੀ ਕਾਰਵਾਈ ਕਰਦਿਆਂ ਲਾਸ਼ ਦਾ ਪੋਸਟਮਾਰਟਮ ਕਰਾਉਣ ਉਪਰੰਤ ਵਾਰਿਸਾਂ ਨੂੰ ਸੌਂਪ ਦਿੱਤੀ ਹੈ। ਮ੍ਰਿਤਕ ਆਪਣੇ ਪਿੱਛੇ ਮਾਤਾ ਤੇ ਪਤਨੀ ਤੋਂ ਇਲਾਵਾ ਇੱਕ ਲੜਕਾ ਛੱਡ ਗਿਆ ਹੈ।

### ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਮਾਰੀ 2.30 ਲੱਖ ਦੀ ਠੱਗੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਨੌਜਵਾਨ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਦੋ ਵਿਅਕਤੀਆਂ ਵੱਲੋਂ 2 ਲੱਖ 30 ਹਜ਼ਾਰ ਰੁਪਏ ਦੀ ਠੱਗੀ ਮਾਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਮਮਦੋਟ ਪੁਲਸ ਨੇ ਦੋ ਵਿਅਕਤੀਆਂ ਖਿਲਾਫ 420, 120-ਬੀ ਆਈਪੀਸੀ, 13 ਪੰਜਾਬ ਟਰੈਵਲ ਪ੍ਰੋਫੈਸ਼ਨਲ ਐਕਟ 2014 ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਮੁੱਖ ਅਫਸਰ ਲੇਖ ਰਾਜ ਨੇ ਦੱਸਿਆ ਕਿ ਦਰਖਾਸਤ ਨੰਬਰ 4609 ਪੀ ਸੀ ਰਾਹੀਂ ਜਗਰੂਪ ਸਿੰਘ ਪੁੱਤਰ ਰੁਲੀਆ ਸਿੰਘ ਵਾਸੀ ਪਿੰਡ ਫਾਰੂ ਵਾਲਾ ਨੇ ਦੱਸਿਆ ਕਿ ਉਸ ਦੇ ਲੜਕੇ ਕੁਲਵੰਤ ਸਿੰਘ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਦੋਸ਼ੀਆਨ ਸਤਨਾਮ ਸਿੰਘ ਪੁੱਤਰ ਬਲਵੰਤ ਸਿੰਘ ਉਰਫ ਬੰਤਾ ਸਿੰਘ ਵਾਸੀ ਪਿੰਡ ਫੱਤੇਵਾਲਾ ਹਿਠਾੜ, ਗੁਰਪ੍ਰੀਤ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਪਿੰਡ ਬਹਾਦਰਪੁਰ ਜੋਇਆ ਜ਼ਿਲ੍ਹਾ ਬਟਾਲਾ ਨੇ 2 ਲੱਖ 30 ਹਜ਼ਾਰ ਰੁਪਏ ਦੀ ਠੱਗੀ ਮਾਰੀ। ਜਾਂਚਕਰਤਾ ਨੇ ਦੱਸਿਆ ਕਿ ਬਾਅਦ ਪੜਤਾਲ ਉਕਤ ਦੋਸ਼ੀਆਨ ਖਿਲਾਫ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆ ਹੈ।

### ਘਰ 'ਚ ਵੜ ਕੇ ਕੀਤਾ ਹਮਲਾ, ਪੰਜ ਨਾਮਜ਼ਦ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ)**-ਇੱਕ ਘਰ ਵਿੱਚ ਵੜ ਕੇ ਪਰਿਵਾਰਕ ਮੈਂਬਰਾਂ 'ਤੇ ਹਮਲਾ ਕਰਨ ਵਾਲੇ ਪੰਜ ਵਿਅਕਤੀਆਂ ਵਿਰੁੱਧ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ। ਇਸ ਸੰਬੰਧੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਸੁਖਪਾਲ ਸਿੰਘ ਵਾਸੀ ਪਿੰਡ ਸੋਥਾ ਨੇ ਦੱਸਿਆ ਕਿ ਨਵਦੀਪ ਸਿੰਘ, ਨਿਰਮਲ ਸਿੰਘ, ਕੁਲਬੀਰ ਸਿੰਘ ਵਾਸੀ ਪਿੰਡ ਸੋਥਾ, ਕਮਲ ਕੁਮਾਰ, ਵਿਮਲ ਕੁਮਾਰ ਪੁੱਤਰ ਗੁਲਸ਼ਨ ਕੁਮਾਰ ਵਾਸੀ ਸ੍ਰੀ ਮੁਕਤਸਰ ਸਾਹਿਬ ਨੇ ਹਮਮਸ਼ਵਰਾ ਹੋ ਕੇ ਉਸ ਦੇ ਘਰ ਦਾਖਲ ਹੋ ਕੇ ਉਸ ਦੇ ਪਰਿਵਾਰ 'ਤੇ ਹਮਲਾ ਕਰ ਦਿੱਤਾ ਸੀ, ਜਿਨ੍ਹਾਂ ਵੱਲੋਂ ਰੌਲਾ ਪਾਉਣ 'ਤੇ ਉਕਤ ਮੁਲਜ਼ਮ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਮੌਕੇ ਤੋਂ ਭੱਜ ਗਏ। ਰੰਜਿਸ਼ ਇਹ ਹੈ ਕਿ ਉਸ ਦੀ (ਸ਼ਿਕਾਇਤਕਰਤਾ ਦੀ) ਆੜ੍ਹਤ ਗੁਲਸ਼ਨ ਕੁਮਾਰ ਕੋਲ ਚਲਦੀ ਸੀ, ਜਿਸ ਨੇ ਉਸ ਦੇ ਸਿਰ ਜ਼ਿਆਦਾ ਕਰਜ਼ਾ ਦਿਖਾ ਦਿੱਤਾ, ਜਿਸ ਨੂੰ ਲੈ ਕੇ ਉਸ ਨੇ ਉਕਤ (ਗੁਲਸ਼ਨ ਕੁਮਾਰ) 'ਤੇ ਕੋਰਟ ਕੇਸ ਕਰ ਦਿੱਤਾ, ਜਿਸ ਕਰਕੇ ਬਦਲਾ ਲੈਣ ਲਈ ਉਕਤ ਦੋਸ਼ੀਆਂ ਨੇ ਇਹ ਹਮਲਾ ਕੀਤਾ। ਪੁਲਸ ਨੇ ਨਵਦੀਪ ਸਿੰਘ, ਨਿਰਮਲ ਸਿੰਘ, ਕੁਲਬੀਰ ਸਿੰਘ, ਕਮਲ ਕੁਮਾਰ ਤੇ ਵਿਮਲ ਕੁਮਾਰ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।

## ਲਹਿਰਾ-ਮੂਨਕ ਰੋਡ ਦੀ ਖਸਤਾ ਹਾਲਤ ਨੂੰ ਲੈ ਕੇ ਸਰਕਾਰ ਖਿਲਾਫ ਨਾਅਰੇਬਾਜ਼ੀ

**ਮੂਨਕ (ਰਾਜਪਾਲ ਸਿੰਗਲਾ)**-ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੀ ਲਹਿਲ ਖੁਰਦ ਪਿੰਡ ਇਕਾਈ ਦੇ ਮੈਂਬਰਾਂ ਨੇ ਪਿੰਡ ਕੋਲ ਦੀ ਲੰਘਦੀ ਅਠਾਰਾਂ ਫੁੱਟੀ ਮੂਨਕ ਨੂੰ ਜਾਂਦੀ ਮੇਨ ਰੋਡ ਦੇ ਨਾਲ ਹੀ ਮੂਨਕ ਤੋਂ ਪਾਤੜਾਂ ਜਾਣ ਵਾਲਾ ਮੇਨ ਰੋਡ ਵੀ ਟੁੱਟਣਾ ਸ਼ੁਰੂ ਹੋ ਗਿਆ ਹੈ, ਜਿਨ੍ਹਾਂ ਦੀ ਬਹੁਤ ਖਸਤਾ ਹਾਲਤ ਨੂੰ ਲੈ ਕੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਇਕਾਈ ਦੇ ਪ੍ਰਧਾਨ ਜਗਦੀਪ ਸਿੰਘ, ਸੋਮੀ ਸਿੰਘ, ਕਾਲਾ ਸਿੰਘ, ਅੰਮੂ ਸਿੰਘ, ਦੀਪਾ ਸਿੰਘ, ਮਨਦੀਪ ਸਿੰਘ, ਸੰਦੀਪ ਸਿੰਘ, ਭੀਮ ਸਿੰਘ, ਜਗਦੇਵ ਸਿੰਘ ਤੇ ਪਿੰਡ ਵਾਸੀਆਂ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸੜਕ ਮੇਨ ਹੋਣ ਕਰਕੇ ਆਵਾਜਾਈ ਹਰ ਸਮੇਂ ਰਹਿੰਦੀ ਹੈ। ਭਾਰੀ ਵਾਹਨ ਇਸ ਰੋਡ ਉੱਤੇ ਚੱਲਣ ਕਾਰਨ ਇਹ ਰੋਡ ਬਿਲਕੁਲ ਟੁੱਟ ਚੁੱਕੀ ਹੈ। ਵੱਡੇ-ਵੱਡੇ ਟੋਏ ਪਏ ਹੋਏ ਹਨ। ਕਈ ਵਾਰ ਐਕਸੀਡੈਂਟ ਹੋ ਚੁੱਕੇ ਹਨ ਅਤੇ ਮੁਸਾਫਰਾਂ ਨੂੰ ਭਾਰੀ ਨੁਕਸਾਨ ਝੱਲਣਾ ਪੈਂਦਾ ਹੈ। ਇਸ ਰੋਡ ਉੱਤੇ ਕਾਲਜ, ਸਕੂਲ, ਮੈਰਿਜ ਪੈਲਸ, ਸੈਲਰ, ਭੱਠੇ ਤੇ ਕਈ ਪਿੰਡ ਲਗਦੇ ਹਨ। ਨਿੱਤ ਆਪਣੀਆਂ ਜੇਬਾਂ 'ਚੋਂ ਸਰਕਾਰ ਨੂੰ ਟੈਕਸ ਅਦਾ ਕਰਨ ਵਾਲੇ ਆਮ ਲੋਕਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਰੋਡ ਨੂੰ ਤੁਰੰਤ ਬਣਾਇਆ ਜਾਵੇ। ਜੇਕਰ ਸਰਕਾਰ ਇਸ ਵੱਲ ਕੋਈ ਗੌਰ ਨਹੀਂ ਕਰਦੀ ਤਾਂ ਆਉਣ ਵਾਲੇ ਦਿਨਾਂ ਵਿੱਚ ਪਿੰਡ ਵਾਸੀਆਂ ਵੱਲੋਂ ਸਰਕਾਰ ਖਿਲਾਫ ਵੱਡਾ ਸੰਘਰਸ਼ ਵਿੱਢਿਆ ਜਾਵੇਗਾ।

# ਸੀ ਪੀ ਐੱਮ ਦੇ ਉੱਘੇ ਆਗੂ ਐਡਵੋਕੇਟ ਬਖਸ਼ੀਸ਼ ਹੀਰਕੇ ਦਾ ਦੇਹਾਂਤ

**ਮਾਨਸਾ (ਆਤਮਾ ਸਿੰਘ ਪਮਾਰ)**

ਸੀ ਪੀ ਆਈ (ਐੱਮ) ਦੇ ਉੱਘੇ ਆਗੂ ਕਾਮਰੇਡ ਬਖ਼ਸ਼ੀਸ਼ ਸਿੰਘ ਹੀਰਕੇ ਦਾ ਪਿਛਲੀ ਰਾਤ ਦੇਹਾਂਤ ਹੋ ਗਿਆ। ਉਹ ਕਾਫੀ ਲੰਮੇ ਸਮੇਂ ਤੋਂ ਬਿਮਾਰ ਚੱਲੇ ਆ ਰਹੇ ਸਨ। ਜ਼ਿਕਰਯੋਗ ਹੈ ਕਿ ਕਾਮਰੇਡ ਬਖ਼ਸ਼ੀਸ਼ ਸਿੰਘ ਹੀਰਕੇ ਚੜ੍ਹਦੀ ਜਵਾਨੀ ਵਿੱਚ ਹੀ ਕਮਿਊਨਿਸਟ ਸਫਾਂ ਵਿੱਚ ਸ਼ਾਮਲ ਹੋ ਗਏ ਸਨ। ਉਨ੍ਹਾ ਤਾ ਉਮਰ ਕਿਰਤੀ ਤੇ ਦੱਬੇ-ਕੁਚਲੇ ਲੋਕਾਂ ਦੇ ਹੱਕਾਂ/ਹਿੱਤਾਂ ਲਈ ਸੰਘਰਸ਼ ਕਰਦਿਆਂ ਬਤੀਤ ਕੀਤੀ। ਉਨ੍ਹਾਂ 1992 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸੀ ਪੀ ਆਈ (ਐੱਮ) ਦੇ ਉਮੀਦਵਾਰ ਵਜੋਂ ਚੋਣ ਵੀ ਲੜੀ ਤੇ ਬਹੁਤ ਘੱਟ ਅੰਤਰ ਨਾਲ ਕਾਂਗਰਸੀ ਉਮੀਦਵਾਰ ਕ੍ਰਿਪਾਲ ਸਿੰਘ ਮਾਖਾ ਤੋਂ ਚੋਣ ਹਾਰੀ। ਉਨ੍ਹਾ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਅੱਜ ਉਨ੍ਹਾ ਦੇ ਜੱਦੀ ਪਿੰਡ ਹੀਰਕੇ ਵਿਖੇ ਕੀਤਾ ਗਿਆ ਤੇ ਮ੍ਰਿਤਕ ਦੇਹ 'ਤੇ ਪਾਰਟੀ ਦਾ ਲਾਲ ਝੰਡਾ ਪਾਉਣ ਦੀ ਰਸਮ ਸੀ ਪੀ ਆਈ (ਐੱਮ) ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ, ਜ਼ਿਲ੍ਹਾ ਸਕੱਤਰ ਕਾਮਰੇਡ ਬਲਦੇਵ ਸਿੰਘ ਬਾਜੇਵਾਲਾ, ਤਹਿਸੀਲ ਸਕੱਤਰ ਕਾਮਰੇਡ ਗੁਰਪਿਆਰ ਸਿੰਘ ਫੱਤਾ, ਸੀ ਪੀ ਆਈ ਦੇ ਤਹਿਸੀਲ ਸਕੱਤਰ ਕਾਮਰੇਡ ਜੁਗਰਾਜ ਸਿੰਘ ਹੀਰਕੇ, ਆਰ.ਐੱਮ.ਪੀ.ਆਈ. ਦੇ ਜ਼ਿਲ੍ਹਾ ਸਕੱਤਰ ਕਾਮਰੇਡ ਲਾਲ ਚੰਦ ਸਰਦੂਲਗੜ੍ਹ, ਖੇਤ ਮਜ਼ਦੂਰ ਆਗੂ ਕਾਮਰੇਡ ਸੰਕਰ ਜਟਾਣਾ, ਸੀਟੂ ਆਗੂ ਕਾਮਰੇਡ ਤੇਜਾ ਸਿੰਘ ਹੀਰਕੇ ਨੇ ਸਾਂਝੇ ਤੌਰ 'ਤੇ ਅਦਾ ਕੀਤੀ।



ਆਗੂਆਂ ਨੇ ਕਿਹਾ ਕਿ ਕਾਮਰੇਡ ਬਖ਼ਸ਼ੀਸ਼ ਸਿੰਘ ਹੀਰਕੇ ਦੀ ਮੌਤ ਨਾਲ ਜਿੱਥੇ ਪਾਰਟੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਉੱਥੇ ਹੀ ਸਮਾਜ ਨੇ ਇੱਕ ਲੋਕ ਹਿਤੂ ਹੀਰੇ ਨੂੰ ਵੀ ਖੋਹ ਲਿਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲਖਵਿੰਦਰ ਸਿੰਘ ਸੰਧੂ ਸਰਪੰਚ ਹੀਰਕੇ, ਨਿਰੰਜਣ ਸਿੰਘ ਹੀਰਕੇ ਸਾਬਕਾ ਸਰਪੰਚ, ਗੁਰਦੇਵ ਸਿੰਘ ਝੰਡੂਕੇ ਸਾਬਕਾ ਸਰਪੰਚ, ਕਾਮਰੇਡ ਕੁੰਦਨ ਹੀਰਕੇ, ਕਾਮਰੇਡ ਆਤਮਾ ਸਿੰਘ ਸਰਦੂਲਗੜ੍ਹ, ਸੀ ਪੀ ਆਈ (ਐੱਮ) ਦੇ ਜਸਵੰਤ ਸਿੰਘ ਬੀਰੋਕੇ, ਸਿਮਰੂ ਬਰਨ, ਗੁਰਪ੍ਰੀਤ ਸਿੰਘ ਬਰਨ, ਕਰਨੈਲ ਸਿੰਘ ਮਾਖਾ ਸਮੇਤ ਉਨ੍ਹਾਂ ਦੇ ਰਿਸ਼ਤੇਦਾਰ ਤੇ ਆਮ ਲੋਕ ਵੀ ਵੱਡੀ ਗਿਣਤੀ 'ਚ ਮੌਜੂਦ ਸਨ।

## ਸਵੱਛ ਭਾਰਤ ਮਿਸ਼ਨ ਤਹਿਤ ਸਫਾਈ ਕਰਮਚਾਰੀਆਂ ਨੂੰ ਦਿੱਤੀ ਟ੍ਰੇਨਿੰਗ



**ਧੂਰੀ (ਸੁਖਦੇਵ ਧੂਰੀ, ਬਿੰਨੀ ਗਰਗ)**-ਸਵੱਛ ਭਾਰਤ ਮਿਸ਼ਨ ਤਹਿਤ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਗਰ ਕੌਂਸਲ ਧੂਰੀ ਵੱਲੋਂ ਸਫਾਈ ਦੇ ਕੰਮ ਵਿੱਚ ਹੋਰ ਸੁਧਾਰ ਲੈ ਕੇ ਆਉਣ ਲਈ ਸਾਰੇ ਸਫਾਈ ਕਰਮਚਾਰੀਆਂ ਨੂੰ ਟ੍ਰੇਨਿੰਗ ਤੇ ਦੁਪਹਿਰ ਦਾ ਖਾਣਾ ਦਿੱਤਾ ਗਿਆ। ਇਸ ਮੌਕੇ ਕਾਰਜ ਸਾਧਕ ਅਫਸਰ ਨਗਰ ਕੌਂਸਲ ਧੂਰੀ ਅਸ਼ਵਨੀ ਕੁਮਾਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸ਼ਹਿਰ ਵਿੱਚ ਸਫਾਈ ਦੇ ਹੋਰ ਵਧੀਆ ਪ੍ਰਬੰਧਾਂ ਨੂੰ ਪੁਖਤਾ ਕਰਨ ਲਈ ਸਫਾਈ ਕ੍ਰਮਚਾਰੀਆਂ ਨੂੰ ਟ੍ਰੇਨਿੰਗ ਦਿੱਤੀ ਗਈ ਅਤੇ ਇਸ ਮੌਕੇ ਸਫਾਈ ਦੇ ਕੰਮ ਵਿੱਚ ਸ਼ਲਾਘਾਯੋਗ ਕੰਮ ਕਰਨ ਵਾਲੇ ਸਫਾਈ ਕਰਮਚਾਰੀਆਂ ਨੂੰ ਨਗਦ ਪੁਰਸਕਾਰ ਵੀ ਦਿੱਤਾ ਗਿਆ। ਇਸ ਮੌਕੇ ਕਾਰਜ ਸਾਧਕ ਅਫਸਰ ਅਸ਼ਵਨੀ ਕੁਮਾਰ, ਸੈਨੇਟਰੀ ਇੰਸਪੈਕਟਰ ਰਾਜੇਸ਼ ਕੁਮਾਰ, ਸੈਨੇਟਰੀ ਇੰਸਪੈਕਟਰ ਰੋਬਿਨ ਕੁਮਾਰ, ਰੋਹਿਤ ਸ਼ਰਮਾ, ਮੋਟੀਵੇਟਰ ਮਨਪ੍ਰੀਤ ਕੌਰ, ਜਸਪ੍ਰੀਤ ਕੌਰ, ਕਿਰਨਪਾਲ ਕੌਰ, ਸਿਮਰਨਜੀਤ ਸਿੰਘ ਤੇ ਨਗਰ ਕੌਂਸਲ ਧੂਰੀ ਦਾ ਸਮੂਹ ਸਟਾਫ ਤੋਂ ਇਲਾਵਾ ਸਫਾਈ ਕਰਮਚਾਰੀਆਂ ਨੂੰ ਟ੍ਰੇਨਿੰਗ ਦੇਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਮੁਹੰਮਦ ਤਾਹਿਰ ਸੈਨੇਟਰੀ ਇੰਸਪੈਕਟਰ, ਰੋਹਿਤ ਕੁਮਾਰ ਸੀ ਐੱਫ, ਅਸ਼ਵਨੀ ਕੁਮਾਰ ਸੀ ਐੱਫ ਆਦਿ ਹਾਜ਼ਰ ਸਨ।

## ਸਿਹਤ ਮੰਤਰੀ ਵੱਲੋਂ ਪਾਰਟੀ ਵਰਕਰਾਂ ਦਾ ਨਿੱਘਾ ਸਵਾਗਤ



**ਸਮਾਣਾ (ਇਕਬਾਲ ਸਿੰਘ ਬੱਲ)**-ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸਾਬਕਾ ਕੌਂਸਲਰ ਮਦਨ ਮਿੱਤਲ ਦੀ ਅਗਵਾਈ 'ਚ ਇੱਕ ਵਫਦ ਸਿਹਤ ਮੰਤਰੀ ਪੰਜਾਬ ਚੇਤਨ ਸਿੰਘ ਜੌੜਾਮਾਜਰਾ ਨੂੰ ਉਨ੍ਹਾਂ ਦੀ ਚੰਡੀਗੜ੍ਹ ਸਥਿਤ ਰਿਹਾਇਸ਼ 'ਤੇ ਮਿਲਿਆ। ਸਿਹਤ ਮੰਤਰੀ ਨੇ ਸਮਾਣਾ ਤੋਂ ਗਏ ਸਾਰੇ ਮਿੱਤਰਾਂ ਦਾ ਨਿੱਘਾ ਸਵਾਗਤ ਕੀਤਾ। ਡਾ: ਮਦਨ ਮਿੱਤਲ ਨੇ ਦੱਸਿਆ ਕਿ ਸਿਹਤ ਮੰਤਰੀ ਨੇ ਅਪਣੀ ਗੱਡੀ ਵਿੱਚ ਬੈਠਾ ਕੇ ਸਾਨੂੰ ਵਿਧਾਨ ਸਭਾ ਦਾ ਦੌਰਾ ਕਰਵਾਇਆ। ਉਨ੍ਹਾਂ ਹਰਿਆਣਾ ਵਿਧਾਨ ਸਭਾ ਹਾਲ ਤੇ ਵਿਧਾਨ ਸਭਾ ਲਾਇਬ੍ਰੇਰੀ ਦਿਖਾਈ ਅਤੇ ਫਿਰ ਸੈਕਟਰੀਏਟ ਚੰਡੀਗੜ੍ਹ ਵਿੱਚ ਅਪਣੇ ਦਫਤਰ 'ਚ ਲੈ ਕੇ ਗਏ। ਇਹ 40 ਸਾਲ ਦੀ ਜ਼ਿੰਦਗੀ ਵਿੱਚ ਇਹ ਪਹਿਲਾ ਮੌਕਾ ਹੈ, ਜਦ ਕਿਸੇ ਮੰਤਰੀ ਸਾਹਿਬ ਨੇ ਅਪਣੇ ਵਰਕਰਾਂ ਨੂੰ ਇੰਨਾ ਮਾਣ ਸਤਿਕਾਰ ਦਿੱਤਾ ਹੋਵੇ। ਅਸੀਂ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੇ ਬਹੁਤ ਧੰਨਵਾਦੀ ਹਾਂ। ਇਸ ਮੌਕੇ ਪ੍ਰਧਾਨ ਮਦਨ ਮਿੱਤਲ ਨਾਲ ਅੰਕੁਸ਼ ਗੋਇਲ, ਸੰਦੀਪ ਗੋਇਲ, ਲੱਕੀ, ਰਮਨ, ਸੋਨੂੰ ਬਾਂਸਲ, ਨੋਨਾ ਤੇ ਰਾਜਿੰਦਰ ਕਾਂਸਲ ਸਨ।

## ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਸੰਬੰਧੀ ਨਗਰ ਕੀਰਤਨ ਸਜਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਹਾੜੇ ਦੇ ਸਬੰਧ 'ਚ ਪ੍ਰਬੰਧਕੀ ਕਮੇਟੀ ਗੁਰਦੁਆਰਾ ਭਾਈ ਹਾਕਮ ਸਿੰਘ ਮੱਖੂ ਗੇਟ ਫਿਰੋਜ਼ਪੁਰ ਸ਼ਹਿਰ ਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਇਕ ਵਿਸ਼ਾਲ ਨਗਰ ਕੀਰਤਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਇਆ ਗਿਆ। ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਸਵੇਰੇ ਸਾਢੇ 10 ਵਜੇ ਰਵਾਨਾ ਹੋਇਆ, ਜੋ ਬਾਂਸੀ ਗੇਟ, ਅੰਮ੍ਰਿਤਸਰੀ ਗੇਟ, ਕਸੂਰੀ ਗੇਟ, ਗੁਰਦੁਆਰਾ ਅਨੰਦਸਰ ਸਾਹਿਬ, ਮੁਲਤਾਨੀ ਗੇਟ, ਮੋਦੀ ਮਿੱਲ ਰੋਡ, ਚੌਂਕ ਸ਼ਹੀਦ ਊਧਮ ਸਿੰਘ, ਮੱਲਵਾਲ ਰੋਡ, ਬੱਸ ਸਟੈਂਡ ਸ਼ਹਿਰ, ਅੱਛੇਵਾਲਾ ਰੋਡ, ਗੋਲਡਨ ਇਨਕਲੇਵ, ਦਾਣਾ ਮੰਡੀ, ਜ਼ੀਰਾ ਗੇਟ ਤੋਂ ਹੁੰਦਾ ਹੋਇਆ ਸ਼ਾਮ ਨੂੰ ਵਾਪਸ ਗੁਰਦੁਆਰਾ ਮੱਖੂ ਗੇਟ ਵਿਖੇ ਪਹੁੰਚਿਆ। ਰਸਤੇ ਵਿੱਚ ਇਸ ਨਗਰ ਕੀਰਤਨ ਦੀ ਥਾਂ ਥਾਂ 'ਤੇ ਸੰਗਤਾਂ ਵੱਲੋਂ ਤਰ੍ਹਾਂ ਤਰ੍ਹਾਂ ਦੇ ਲੰਗਰ ਲਗਾ ਕੇ ਤੇ ਸਜਾਵਟ ਕਰਕੇ ਸੁਆਗਤ ਕੀਤਾ ਗਿਆ।

ਇਸ ਮੌਕੇ ਪ੍ਰਬੰਧਕ ਬਾਬਾ ਮੁਖਤਿਆਰ ਸਿੰਘ, ਕਿੱਕਰ ਸਿੰਘ ਸੰਧੂ, ਭਾਈ ਜਸਪਾਲ ਸਿੰਘ ਤੇ ਸੁਖਬੀਰ ਸਿੰਘ ਸੰਧੂ ਨੇ ਦੱਸਿਆ ਕਿ ਇਸ ਸ਼ਹੀਦੀ ਦਿਹਾੜੇ ਦਾ ਮੁੱਖ ਸਮਾਗਮ 15 ਨਵੰਬਰ ਨੂੰ ਹੋਵੇਗਾ, ਜਿਸ ਵਿੱਚ ਪੰਥ ਪ੍ਰਸਿੱਧ ਰਾਗੀ, ਢਾਡੀ ਤੇ ਕਥਾਵਾਚਕ ਪਹੁੰਚ ਰਹੇ ਹਨ, ਜੋ ਗੁਰੂ ਜਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

ਇਸ ਮੌਕੇ ਹੋਰਨਾਂ ਆਗੂਆਂ ਤੋਂ ਇਲਾਵਾ ਸੁਰਜੀਤ ਸਿੰਘ, ਗੁਰਚਰਨ ਸਿੰਘ, ਨਿਰਮਲ ਸਿੰਘ, ਅਨੂਪ ਸਿੰਘ ਭੁੱਲਰ, ਬਲਦੇਵ ਸਿੰਘ ਕੋਟੀਆ, ਗੁਰਚਰਨ ਸਿੰਘ, ਸੁਖਦੇਵ ਸਿੰਘ, ਦਰਸ਼ਨ ਸਿੰਘ ਬੱਬੂ, ਵਿੱਕੀ, ਡਾ. ਬਲਵਿੰਦਰ ਸਿੰਘ ਰਾਜੂ, ਪ੍ਰਗਟ ਸਿੰਘ, ਰਾਮ ਲੁਭਾਇਆ, ਜਗਦੀਸ਼ ਲਾਲ ਬਜਾਜ, ਰਾਹੁਲ ਨਰੂਲਾ ਨੰਨੂ, ਚੇਤਨ ਬਜਾਜ, ਜਸਬੀਰ ਸਿੰਘ, ਰਾਜਬੀਰ ਸਿੰਘ ਸਮੇਤ ਹੋਰ ਵੀ ਕਈ ਆਗੂ ਹਾਜ਼ਰ ਸਨ।

## ਸਰਵਹਿੱਤਕਾਰੀ ਸਕੂਲ ਦੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ

**ਜਗਰਾਓਂ (ਅਮਿਤ ਖੰਨਾ)**-ਬੱਚਿਆਂ ਦੇ ਗਿਆਨ ਵਿੱਚ ਵਾਧਾ ਕਰਨ ਲਈ ਸ੍ਰੀਮਤੀ ਸਤੀਸ਼ ਗੁਪਤਾ ਸਰਵਹਿੱਤਕਾਰੀ ਵਿੱਦਿਆ ਮੰਦਿਰ ਸੀ. ਸੈ. ਸਕੂਲ ਜਗਰਾਓਂ ਵੱਲੋਂ ਪ੍ਰਿੰ. ਸ੍ਰੀਮਤੀ ਨੀਲੂ ਨਰੂਲਾ ਦੀ ਅਗਵਾਈ ਅਧੀਨ ਜਮਾਤ ਚੌਥੀ ਤੋਂ ਬਾਰਵੀਂ ਤੱਕ ਦਾ ਵਿੱਦਿਅਕ ਟੂਰ ਦਾ ਆਯੋਜਨ ਕੀਤਾ ਗਿਆ। ਇਹ ਟੂਰ ਚੰਡੀਗੜ੍ਹ ਸ਼ਹਿਰ ਦਾ ਨਿਰਧਾਰਤ ਕੀਤਾ ਗਿਆ। ਸਭ ਤੋਂ ਪਹਿਲਾਂ ਬੱਚਿਆਂ ਨੇ ਛੱਤਬੀੜ ਚਿੜੀਆਂ ਘਰ ਜਾ ਕੇ ਵੱਖ ਵੱਖ ਜਾਤੀਆਂ ਦੇ ਜਾਨਵਰ ਤੇ ਪੰਛੀ ਦੇਖੇ। ਫਿਰ ਬੱਚਿਆਂ ਨੂੰ ਗੁਰਦੁਆਰਾ ਨਾਢਾ ਸਾਹਿਬ ਲਿਜਾਇਆ ਗਿਆ, ਜੋ ਦਸਮਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿੱਚ ਬਣਾਇਆ ਗਿਆ, ਜਿੱਥੇ ਬੱਚਿਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਮੱਥਾ ਟੇਕਿਆ ਤੇ ਲੰਗਰ ਛਕਿਆ।



ਫਿਰ ਬੱਚਿਆਂ ਨੂੰ 'ਰੌਕ ਗਾਰਡਨ' ਲਿਜਾਇਆ ਗਿਆ, ਜਿਸ ਦਾ ਨਿਰਮਾਣ ਸ੍ਰੀ ਨੇਕ ਚੰਦ ਜੀ ਨੇ ਕੀਤਾ ਸੀ। ਉਪਰੰਤ ਬੱਚਿਆਂ ਨੂੰ 'ਸੁਖਨਾ ਝੀਲ' ਦਿਖਾਉਣ ਲਈ ਲਿਜਾਇਆ ਗਿਆ। ਪੂਰੇ ਟਰਿੱਪ ਦੌਰਾਨ ਬੱਚਿਆਂ ਨੇ ਖੂਬ ਆਨੰਦ ਮਾਣਿਆ। ਅੰਤ ਵਿੱਚ ਬੱਚਿਆਂ ਨੂੰ ਰਿਫਰੈਸ਼ਮੈਂਟ ਦੇ ਕੇ ਘਰ ਵਾਪਸੀ ਕੀਤੀ। ਪ੍ਰਿੰ. ਸ੍ਰੀਮਤੀ ਨੀਲੂ ਨਰੂਲਾ ਨੇ ਦੱਸਿਆ ਕਿ ਸਮੇਂ ਸਮੇਂ 'ਤੇ ਟੂਰ ਦਾ ਆਯੋਜਨ ਕਰਨ ਦਾ ਮੰਤਵ ਬੱਚਿਆਂ ਦੇ ਗਿਆਨ ਵਿੱਚ ਵਾਧਾ ਕਰਨ ਦੇ ਨਾਲ ਨਾਲ ਮਨੋਰੰਜਨ ਕਰਨਾ ਵੀ ਹੈ।

## 'ਆਪ' ਵਰਕਰਾਂ ਗੁਜਰਾਤ 'ਚ ਕੀਤਾ ਚੋਣ ਪ੍ਰਚਾਰ




**ਜਗਰਾਓਂ (ਅਮਿਤ ਖੰਨਾ)**-ਗੁਜਰਾਤ ਦੇ ਸੁਰਿੰਦਰ ਨਗਰ ਦੇ ਵਿਧਾਨ ਸਭਾ ਹਲਕਾ ਵਦਵਨ ਦੇ ਆਪ ਉਮੀਦਵਾਰ ਹਿਤੇਸ਼ ਬਜਰੰਗ ਦੇ ਨਾਲ ਡੋਰ ਟੂ ਡੋਰ ਪ੍ਰਚਾਰ ਕੀਤਾ। ਲੋਕ ਇਹ ਸਮਝ ਚੁੱਕੇ ਹਨ ਕਿ ਲੋਕਤੰਤਰ ਨੂੰ ਬਚਾਉਣ ਤੇ ਭ੍ਰਿਸ਼ਟਾਚਾਰ ਨੂੰ ਮਿਟਾਉਣ ਲਈ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਗੁਜਰਾਤ ਵਿੱਚ ਬਣਾਉਣੀ ਬਹੁਤ ਜ਼ਰੂਰੀ ਹੈ। ਇਸ ਮੌਕੇ ਅਮਨਦੀਪ ਸਿੰਘ ਮੋਹੀ ਚੇਅਰਮੈਨ ਮਾਰਕਫੈੱਡ ਪੰਜਾਬ, ਸ਼ਰਨਪਾਲ ਸਿੰਘ ਮੱਕੜ ਜ਼ਿਲ੍ਹਾ ਪ੍ਰਧਾਨ ਲੁਧਿਆਣਾ, ਗੋਪੀ ਸ਼ਰਮਾ ਜੁਆਇੰਟ ਸਕੱਤਰ ਪੰਜਾਬ, ਗੁਰਪ੍ਰੀਤ ਸਿੰਘ ਭਜੀ, ਜਸਵੀਰ ਸਿੰਘ ਜੱਸਲ, ਜਸਰਾਜ ਗਰੇਵਾਲ, ਚਰਨਪ੍ਰੀਤ ਸਿੰਘ ਲਾਂਬਾ, ਸ. ਮੱਖਣ ਸਿੰਘ, ਇਸ਼ਰ ਮੋਹੀ ਅਤੇ ਗੁਜਰਾਤ ਦੇ ਪਾਰਟੀ ਵਰਕਰ ਹਾਜ਼ਰ ਸਨ।

# ਗ੍ਰਾਮ ਪੰਚਾਇਤ ਜਲ ਸਪਲਾਈ ਕਮੇਟੀਆਂ ਦੇ ਵਰਕਰ, ਟੈਕਨੀਸ਼ੀਅਨ ਤੇ ਦਰਜਾ-4 ਮੁਲਾਜ਼ਮ ਯੂਨੀਅਨ 'ਚ ਹੋਏ ਸ਼ਾਮਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੀ ਡਬਲਿਊ ਡੀ ਟੈਕਨੀਸ਼ੀਅਨ ਤੇ ਦਰਜਾ-4 ਮੁਲਾਜ਼ਮ ਯੂਨੀਅਨ ਪੰਜਾਬ ਬ੍ਰਾਂਚ ਸ੍ਰੀ ਮੁਕਤਸਰ ਸਾਹਿਬ ਦੀ ਮੀਟਿੰਗ ਸਥਾਨਕ ਮੁੱਖ ਜਲ ਘਰ ਵਿਖੇ ਬ੍ਰਾਂਚ ਪ੍ਰਧਾਨ ਰਣਜੀਤ ਸਿੰਘ ਖਾਲਸਾ ਦੀ ਮੀਟਿੰਗ ਹੋਈ। ਇਸ ਮੌਕੇ ਸੂਬਾ ਜਨਰਲ ਸਕੱਤਰ ਜਸਵੀਰ ਸਿੰਘ ਤੱਖੀ ਵੀ ਹਾਜ਼ਰ ਸਨ। ਮੀਟਿੰਗ ਦੌਰਾਨ ਅਮਰਿੰਦਰ ਸਿੰਘ ਭੰਗੇਵਾਲਾ ਤੇ ਜੈ ਰਾਮ ਦੀ ਅਗਵਾਈ ਹੇਠ ਗ੍ਰਾਮ ਪੰਚਾਇਤ ਵਾਟਰ ਸਪਲਾਈ ਕਮੇਟੀਆਂ ਪਿੰਡ ਭੰਗੇਵਾਲਾ, ਜਗਤ ਸਿੰਘ ਵਾਲਾ, ਰਾਮਗੜ੍ਹ ਚੁੰਘਾ, ਭਾਗਸਰ, ਸੋਥਾ, ਸੀਰਵਾਲੀ, ਲੁਬਾਣਿਆਂ ਵਾਲੀ, ਸੁਖਨਾ ਅਬਰੂ ਗੂੜੀ ਸੰਘਰ, ਸੂਰੇਵਾਲਾ, ਖਿੜਕੀਆਂ ਵਾਲਾ, ਲੰਡੇ ਰੋਡੇ, ਬਧਾਈ ਅਧੀਨ ਕੰਮ ਕਰਦੇ ਵਰਕਰ ਪੀ ਡਬਲਿਊ ਡੀ ਟੈਕਨੀਸ਼ੀਅਨ ਤੇ ਦਰਜਾ-4 ਮੁਲਾਜ਼ਮ ਯੂਨੀਅਨ ਪੰਜਾਬ ਵਿੱਚ ਸ਼ਾਮਲ ਹੋਏ। ਇਸ ਮੌਕੇ ਸੂਬਾ ਜਨਰਲ ਸਕੱਤਰ ਜਸਵੀਰ ਸਿੰਘ ਤੱਖੀ ਨੇ ਸ਼ਾਮਲ ਹੋਏ ਵਰਕਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਜਥੇਬੰਦੀ ਜੀ ਪੀ ਡਬਲਿਊ ਐੱਸ ਸੀ ਅਧੀਨ ਕੰਮ ਕਰਦੇ ਵਰਕਰਾਂ ਨੂੰ ਪੰਜਾਬ ਪੱਧਰ 'ਤੇ ਲਾਮਬੰਦ ਕਰਕੇ ਵਰਕਰਾਂ ਦੇ ਹੋ ਰਹੇ ਸ਼ੋਸ਼ਣ, ਕੰਮ ਦੇ ਹਾਲਾਤਾਂ ਸਬੰਧੀ ਤੇ ਉਨ੍ਹਾਂ ਦੇ ਬਣਦੇ ਹੱਕਾਂ ਲਈ ਸਾਰੇ ਮਾਮਲੇ ਨੂੰ ਮੁੱਖ ਮੰਤਰੀ ਪੰਜਾਬ ਸਰਕਾਰ, ਪੰਚਾਇਤੀ ਰਾਜ ਮੰਤਰੀ ਪੰਜਾਬ ਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਪੰਜਾਬ ਦੇ ਧਿਆਨ ਵਿੱਚ ਲਿਆਵੇਗੀ ਤਾਂ ਕਿ ਵਰਕਰਾਂ ਦੇ ਤਨਖਾਹਾਂ ਤੇ ਕੰਮ ਦੇ ਹਾਲਾਤਾਂ ਵਿੱਚ ਸੁਧਾਰ ਹੋ ਸਕੇ। ਇਸ ਮੌਕੇ ਬੁਲਾਰਿਆਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਜਲ ਘਰਾਂ ਨੂੰ ਸਰਕਾਰ ਅਧੀਨ ਲੈ ਕੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਫਤ ਦਿੱਤੀਆਂ ਜਾਣ।



ਮੀਟਿੰਗ ਦੌਰਾਨ ਇਕੱਤਰ ਹੋਏ ਯੂਨੀਅਨ ਆਗੂ।

ਇਸ ਮੌਕੇ ਬ੍ਰਾਂਚ ਪ੍ਰਧਾਨ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਰਬਾਂ ਖਰਬਾਂ ਰੁਪਏ ਜਲ ਘਰਾਂ 'ਤੇ ਖਰਚਣ ਦੇ ਬਾਵਜੂਦ ਜਲ ਘਰ ਸਚਾਰੂ ਢੰਗ ਨਾਲ ਨਾ ਚੱਲਣ ਦਾ ਵੱਡਾ ਕਾਰਨ ਮੈਨਪਾਵਰ ਦੀ ਜਿੱਥੇ ਵੱਡੀ ਘਾਟ ਹੈ, ਉਥੇ ਹੀ ਪੰਜਾਬ ਸਰਕਾਰ ਵੱਲੋਂ ਰੱਖ ਰਖਾਵ ਲਈ ਫੰਡ ਜਾਰੀ ਨਾ ਹੋਣਾ ਵੀ ਹੈ, ਜਿਸ ਵੱਲ ਪੰਜਾਬ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਸ ਮੌਕੇ ਬ੍ਰਾਂਚ ਚੇਅਰਮੈਨ ਸੁਖਵੀਰ ਸਿੰਘ ਧਾਲੀਵਾਲ, ਕੁਲਵੰਤ ਸਿੰਘ ਸਰੋਤਾ, ਰਾਮ ਨਰਾਇਣ ਕਠੇਰੀਆ, ਕੈਲਾਸ਼ ਸਿੰਘ ਠਾਕੁਰ, ਕਰਮ ਰਾਜ ਹਾਜ਼ਰ ਸਨ।

## ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਚੋਣ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਫਿਰੋਜ਼ਪੁਰ ਦੀ ਚੋਣ ਅਜਮੇਰ ਸਿੰਘ ਚੇਅਰਮੈਨ ਤੇ ਕੇ ਐੱਲ ਗਾਬਾ ਦੀ ਪ੍ਰਧਾਨਗੀ ਵਿੱਚ ਹੋਈ। ਇਸ ਮੌਕੇ ਅਜੀਤ ਸਿੰਘ ਸੋਢੀ ਨੇ ਦੱਸਿਆ ਕਿ ਪੈਨਸ਼ਨਰਾਂ ਦੀ ਵੱਡੀ ਹਾਜ਼ਰੀ ਵਿੱਚ ਸਰਬਸੰਮਤੀ ਨਾਲ ਖਜ਼ਾਨ ਸਿੰਘ ਪ੍ਰਧਾਨ, ਅਜੀਤ ਸਿੰਘ ਜਨਰਲ ਸਕੱਤਰ, ਸੁਬੇਗ ਸਿੰਘ ਏਟੀਓ ਐਡਿਸ਼ਨਲ ਸਕੱਤਰ ਤੇ ਸੁਰਿੰਦਰ ਕੁਮਾਰ ਜੋਸਨ ਕੈਸ਼ੀਅਰ ਚੁਣ ਗਏ। ਨਵੇਂ ਚੁਣੇ ਗਏ ਅਹੁਦੇਦਾਰਾਂ ਨੇ ਪੈਨਸ਼ਨਰਾਂ ਦੇ ਇਕੱਠ ਨੂੰ ਭਰੋਸਾ ਦਿਵਾਇਆ ਕਿ ਉਹ ਜਥੇਬੰਦੀ ਵਾਸਤੇ ਪੂਰੀ ਤਨਦੇਹੀ ਨਾਲ ਸੇਵਾ ਕਰਨਗੇ। ਇਸ ਮੌਕੇ ਅਜਮੇਰ ਸਿੰਘ ਚੇਅਰਮੈਨ, ਕੇ ਐੱਲ ਗਾਬਾ, ਖਜ਼ਾਨ ਸਿੰਘ ਪ੍ਰਧਾਨ, ਸੁਰਿੰਦਰ ਜੋਸਨ, ਸ਼ਬੇਗ ਸਿੰਘ, ਨਛੱਤਰ ਸਿੰਘ ਮਾਸਟਰ, ਬੂਟਾ ਸਿੰਘ ਡੀ ਐੱਫ ਐੱਸ ਓ, ਸੁਰਿੰਦਰ ਕੁਮਾਰ ਸ਼ਰਮਾ ਤੇ ਹੋਰ ਆਗੂਆਂ ਨੇ ਸਰਕਾਰ ਦੀ ਪੈਨਸ਼ਨਰਾਂ ਪ੍ਰਤੀ ਬੇਰੁਖੀ ਤੇ ਲਾਰੇ-ਲੱਪੇ ਦੀ ਨੀਤੀ ਦੀ ਜ਼ੋਰਦਾਰ ਨਿਖੇਧੀ ਕੀਤੀ ਤੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਮੰਗਾਂ ਨਾ ਮੰਨੀਆਂ ਤਾਂ 16 ਨਵੰਬਰ 2022 ਨੂੰ ਫਿਰੋਜ਼ਪੁਰ ਵਿੱਚ ਜ਼ੋਨਲ ਰੈਲੀ ਕੀਤੀ ਜਾਵੇਗੀ। ਜੇਕਰ ਫਿਰ ਵੀ ਸਰਕਾਰ ਦੇ ਕੰਨਾਂ 'ਤੇ ਜੂੰ ਨਾ ਸਰਕੀ ਤਾਂ 29 ਨਵੰਬਰ 2022 ਨੂੰ ਮੋਹਾਲੀ 'ਚ ਮਹਾਂਰੈਲੀ ਕੀਤੀ ਜਾਵੇਗੀ।

## ਗਜਿੰਦਰ ਸਿੰਘ ਸਮੇਤ ਦਰਜਨਾਂ ਵਰਕਰਾਂ ਨੇ ਫੜਿਆ ਭਾਜਪਾ ਦਾ ਦਾਮਨ



**ਨਾਭਾ (ਵਰਿੰਦਰ ਵਰਮਾ)**-ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਦਾ ਪੰਜਾਬ ਵਿੱਚ ਅਧਾਰ ਖਤਮ ਹੋ ਚੁੱਕਿਆ ਹੈ। ਸੂਬਾ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੇ 7 ਮਹੀਨੇ ਦੇ ਕਰੀਬ ਹੋ ਚੁੱਕੇ ਹਨ। ਇਸ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਨਾਭਾ ਪਹੁੰਚੇ ਭਾਜਪਾ ਪਾਰਟੀ ਦੇ ਸੀਨੀਅਰ ਆਗੂ ਤੇ ਕਿਸਾਨ ਮੋਰਚਾ ਸੂਬਾ ਦੇ ਪ੍ਰਧਾਨ ਬਿਕਰਮਜੀਤ ਸਿੰਘ ਚੀਮਾ ਨੇ ਹਲਕਾ ਨਾਭਾ ਵਿਖੇ ਪਹੁੰਚਣ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਇਸ ਮੌਕੇ ਵਿਧਾਨ ਸਭਾ ਦੇ ਭਾਜਪਾ ਦੇ ਹਲਕਾ ਆਗੂ ਗੁਰਪ੍ਰੀਤ ਸਿੰਘ ਸ਼ਾਹਪੁਰ ਦੀ ਅਗਵਾਈ 'ਚ ਵਰਕਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਰੱਖੇ ਪ੍ਰੋਗਰਾਮ 'ਚ ਸੂਬਾਈ ਆਗੂ ਬਿਕਰਮਜੀਤ ਸਿੰਘ ਚੀਮਾ ਦੀ ਹਾਜ਼ਰੀ ਵਿੱਚ ਗਜਿੰਦਰ ਸਿੰਘ ਗੱਗੂ ਸਮੇਤ ਦਰਜਨਾਂ ਵਰਕਰਾਂ ਨੇ ਭਾਜਪਾ ਪਾਰਟੀ ਦਾ ਦਾਮਨ ਫੜਿਆ। ਇਸ ਮੌਕੇ ਭਾਜਪਾ ਪਾਰਟੀ ਇੰਚਾਰਜ ਗੁਰਪ੍ਰੀਤ ਸਿੰਘ ਸ਼ਾਹਪੁਰ, ਮੰਡਲ ਜਨਰਲ ਸਕੱਤਰ ਅਮਰ ਚੰਦ ਕਥੂਰੀਆ, ਜ਼ਿਲ੍ਹਾ ਪ੍ਰਧਾਨ ਕਿਸਾਨ ਮੋਰਚਾ ਜਸਵਿੰਦਰ ਸਿੰਘ ਖਨੌੜਾ, ਯੁਵਾ ਮੋਰਚਾ ਸੂਬਾ ਜਨਰਲ ਸਕੱਤਰ ਵਿਸਾਲ ਸ਼ਰਮਾ, ਯੁਵਾ ਮੋਰਚਾ ਜ਼ਿਲ੍ਹਾ ਪ੍ਰਧਾਨ ਰਿਸ਼ੂ ਵਰਮਾ ਆਦਿ ਨੇ ਸੰਬੋਧਨ ਕੀਤਾ। ਪਾਰਟੀ ਵਿੱਚ ਸ਼ਾਮਲ ਹੋਣ ਉਪਰੰਤ ਗਜਿੰਦਰ ਸਿੰਘ ਗੱਗੂ ਨੇ ਬੀ ਜੇ ਪੀ ਦੀ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਇਆ ਜਾਵੇਗਾ ਅਤੇ ਪਾਰਟੀ ਦੀ ਮਜ਼ਬੂਤੀ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ। ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਪਾਰਟੀ ਹੋਰ ਮਜ਼ਬੂਤ ਹੋ ਕੇ ਅੱਗੇ ਆਵੇਗੀ। ਇਸ ਮੌਕੇ ਵੱਡੀ ਗਿਣਤੀ 'ਚ ਸ਼ਹਿਰਵਾਸੀ ਤੇ ਆਗੂ ਹਾਜ਼ਰ ਸਨ।

# ਗੁਰੂ ਤੇਗ ਬਹਾਦਰ ਪਬਲਿਕ ਸਕੂਲ ਦਾ ਸਲਾਨਾ ਸਮਾਗਮ ਸ਼ਾਨੋ-ਸ਼ੌਕਤ ਨਾਲ ਸਮਾਪਤ




**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸਥਾਨਕ ਦੇਸ਼ ਭਗਤ ਕਾਲਜ ਟਰੱਸਟ ਦੇ ਸੰਸਥਾਪਕ ਸੇਵਾ ਮੁਕਤ ਡੀ ਆਈ ਜੀ ਪਰਮਜੀਤ ਸਿੰਘ ਗਿੱਲ ਦੀ ਅਗਵਾਈ ਹੇਠ ਚੱਲ ਰਹੇ ਸਥਾਨਕ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਦਾ 'ਕਿਡਜ਼ ਫਿਸਟਾ' ਦੇ ਬੈਨਰ ਹੇਠ ਕਰਵਾਇਆ ਗਿਆ ਸਾਲਾਨਾ ਸਮਾਗਮ ਅਮਿੱਟ ਯਾਦਾਂ ਛੱਡਦਾ ਹੋਇਆ ਸ਼ਾਨੋ ਸ਼ੌਕਤ ਨਾਲ ਸਮਾਪਤ ਹੋ ਗਿਆ। ਕਾਲਜ ਦੇ ਵਿਸ਼ਾਲ ਮੈਦਾਨ ਵਿੱਚ ਕਰਵਾਏ ਗਏ ਇਸ ਸਮਾਗਮ ਵਿੱਚ ਨਾਮਵਰ ਫ਼ਿਲਮੀ ਅਦਾਕਾਰ ਦੇਵ ਖਰੌੜ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਉਨ੍ਹਾਂ ਨਾਲ ਟਰੱਸਟੀ ਐਡਵੋਕੇਟ ਜਤਿੰਦਰ ਸਿੰਘ ਸੋਨੀ ਮੰਡੇਰ, ਪ੍ਰਦੀਪ ਸਿੰਗਲਾ, ਡਾ. ਸੁਖਵਿੰਦਰ ਸਿੰਘ ਧਾਂਦਰਾ, ਕਰਨੈਲ ਸਿੰਘ ਬਰੜ੍ਹਵਾਲ ਆਦਿ ਨੇ ਵੀ ਸ਼ਿਰਕਤ ਕੀਤੀ।

ਧਾਰਮਿਕ ਸ਼ਬਦ ਗਾਇਨ ਨਾਲ ਸਮਾਗਮ ਦੀ ਸ਼ੁਰੂਆਤ ਕਰਦਿਆਂ ਨੰਨ੍ਹੇ-ਮੁੰਨੇ ਬੱਚਿਆਂ ਨੇ ਸਮਾਗਮ ਵਿੱਚ ਇੰਟਰਨੈਸ਼ਨਲ ਡਾਂਸ, ਪਾਣੀ ਨੂੰ ਬਚਾਉਣ ਸਬੰਧੀ ਵੰਨਗੀ, ਰਾਜਸਥਾਨੀ ਡਾਂਸ, ਬੱਚੇ ਮਨ ਦੇ ਸੱਚੇ, ਮਲਵੱਈ ਗਿੱਧਾ, ਭੰਗੜਾ, ਮੋਬਾਇਲ ਡਾਂਸ, ਜ਼ਿੰਦਗੀ, ਪੰਜਾਬੀ ਡਾਂਸ, ਕਰਾਟੇ, ਭੰਗੜਾ ਆਦਿ ਪੇਸ਼ ਕੀਤੇ, ਜਦਕਿ ਕਲਾਸੀਕਲ ਡਾਂਸ, ਸਿੱਖ ਇਤਿਹਾਸ ਬਾਰੇ ਵੰਨਗੀ, ਕੱਵਾਲੀ ਆਦਿ ਪ੍ਰੋਗਰਾਮ ਦਾ ਸਿਖਰ ਹੋ ਨਿੱਬੜੀਆਂ। ਮੁੱਖ ਮਹਿਮਾਨ ਫ਼ਿਲਮੀ ਅਦਾਕਾਰ ਦੇਵ ਖਰੌੜ ਨੇ ਸੰਸਥਾ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਸੰਸਥਾਵਾਂ ਦਾ ਸਿੱਖਿਆ ਦੇ ਖੇਤਰ ਵਿੱਚ ਵੱਡਾ ਯੋਗਦਾਨ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਕੈਪਟਨ ਰੋਹਿਤ ਦਿਵੇਦੀ, ਉੱਪ ਪ੍ਰਿੰਸੀਪਲ ਪੀ ਕੇ ਬਿਨੋਏ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ। ਸਮਾਗਮ ਵਿੱਚ ਇਲਾਕੇ ਦੇ ਪੰਚਾਂ-ਸਰਪੰਚਾਂ, ਮਾਪਿਆਂ ਤੇ ਕੋਆਰਡੀਨੇਟਰ ਮਨਦੀਪ ਕੌਰ, ਰਾਜਿੰਦਰਪਾਲ ਕੌਰ, ਰਸ਼ਮੀ ਭਾਰਦਵਾਜ ਸਮੇਤ ਹੋਰਨਾਂ ਨੇ ਵੀ ਸ਼ਿਰਕਤ ਕੀਤੀ।

# ਐੱਸ ਜੀ ਪੀ ਸੀ ਦੇ ਜੂਨੀਅਰ ਮੀਤ ਪ੍ਰਧਾਨ ਰਿਆ ਦਾ ਬਾਲਿਓਂ 'ਚ ਸਨਮਾਨ



**ਸਮਰਾਲਾ (ਸੁਰਜੀਤ ਸਿੰਘ)**-ਪਿੰਡ ਬਾਲਿਓਂ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਗੁਰਦੁਆਰਾ ਕਮੇਟੀ ਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਦੇ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੀਨੀਅਰ ਅਕਾਲੀ ਆਗੂ ਹਰਪ੍ਰੀਤ ਸਿੰਘ ਬਾਲਿਓਂ ਨੇ ਦੱਸਿਆ ਕਿ ਸਮੂਹ ਨਗਰ ਨਿਵਾਸੀਆਂ ਨੇ ਅਵਤਾਰ ਸਿੰਘ ਰਿਆ ਨੂੰ ਐੱਸ. ਜੀ. ਪੀ. ਸੀ. ਦੇ ਜੂਨੀਅਰ ਮੀਤ ਪ੍ਰਧਾਨ ਚੁਣੇ ਜਾਣ ਦੀ ਵਧਾਈ ਦਿੱਤੀ ਤੇ ਸਿਰਪਾਓ ਪਾ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਅਵਤਾਰ ਸਿੰਘ ਰਿਆ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਮਕਸਦ ਆਪਣੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਕਰਕੇ ਸਿੱਖੀ ਨਾਲ ਜੋੜਨਾ ਹੈ। ਇਸ ਮਕਸਦ ਲਈ ਆਪਣੇ ਗੁਰੂ ਘਰਾਂ ਵਿੱਚ ਬੱਚਿਆਂ ਨੂੰ ਸਿੱਖੀ ਇਤਿਹਾਸ ਨਾਲ ਜਾਣੂ ਕਰਵਾਇਆ ਜਾਵੇਗਾ ਤੇ ਸਿੱਖੀ ਨਾਲ ਸਬੰਧਤ ਵੱਧ ਤੋਂ ਵੱਧ ਲਿਟਰੇਚਰ ਵੰਡਿਆ ਜਾਵੇਗਾ ਅਤੇ ਆਮ ਲੋਕਾਂ ਨੂੰ ਸਿੱਖ ਇਤਿਹਾਸ ਨਾਲ ਜਾਣੂ ਕਰਵਾਉਣ ਲਈ ਪਿੰਡ ਪਿੰਡ ਲਾਇਬ੍ਰੇਰੀਆਂ ਖੋਲ੍ਹੀਆਂ ਜਾਣਗੀਆਂ। ਇਸ ਮੌਕੇ ਹਰਪ੍ਰੀਤ ਸਿੰਘ ਬਾਲਿਓਂ ਨੇ ਉਨ੍ਹਾਂ ਦਾ ਧੰਨਵਾਦ ਕਰਦੇ ਹੋਏ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ ਤੇ ਪਿੰਡ ਤੋਂ ਇਲਾਵਾ ਇਲਾਕੇ ਵਿੱਚ ਸਿੱਖੀ ਪ੍ਰਚਾਰ ਕਰਨ ਤੇ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਨ ਦਾ ਉਪਰਾਲਾ ਵੀ ਕੀਤਾ ਜਾਵੇਗਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਕੱਤਰ ਸਿੰਘ, ਬੇਅੰਤ ਸਿੰਘ ਕੁੱਬੇ, ਅਵਤਾਰ ਸਿੰਘ ਐੱਮ. ਸੀ., ਹਰਮਿੰਦਰ ਸਿੰਘ ਘੁਲਾਲ ਸਾਬਕਾ ਬਲਾਕ ਸੰਮਤੀ ਮੈਂਬਰ, ਚਰਨ ਸਿੰਘ ਘੁਲਾਲ, ਬਲਵਿੰਦਰ ਸਿੰਘ ਪੂੰਨੀਆਂ, ਕਾਕਾ ਟਮਕੌਦੀ, ਨੌਰੰਗ ਸਿੰਘ ਬਾਲਿਓਂ, ਗਗਨ ਬਾਲਿਓਂ, ਮਨਦੀਪ ਸਿੰਘ ਬਾਲਿਓਂ, ਗੁਰਦੀਪ ਸਿੰਘ ਬਾਲਿਓਂ, ਰਣਜੀਤ ਸਿੰਘ, ਲਾਡੀ ਬਾਲਿਓਂ, ਹਰਨੇਕ ਸਿੰਘ ਬਾਲਿਓਂ, ਬਖਤੌਰ ਸਿੰਘ ਬਾਲਿਓਂ, ਸੋਨੀ ਬਾਬਾ, ਬਿੰਦਾ ਬਾਲਿਓਂ, ਘੱਲਾ ਸਿੰਘ ਸੰਧਰ, ਮਾਸਟਰ ਪਰਮਜੀਤ ਟੇਲਰ ਆਦਿ ਹਾਜ਼ਰ ਸਨ।

# ਡਿਪਟੀ ਮੈਡੀਕਲ ਕਮਿਸ਼ਨਰ ਵੱਲੋਂ ਆਮ ਆਦਮੀ ਕਲੀਨਕਾਂ ਦਾ ਦੌਰਾ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਰਕਾਰ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾ. ਰਣਜੀਤ ਸਿੰਘ ਰਾਏ ਡਿਪਟੀ ਮੈਡੀਕਲ ਕਮਿਸ਼ਨਰ ਵੱਲੋਂ ਜ਼ਿਲ੍ਹਾ ਮਾਨਸਾ ਵਿਖੇ ਚੱਲ ਰਹੇ 2 ਆਮ ਆਦਮੀ ਕਲੀਨਕਾਂ ਦਾ ਦੌਰਾ ਕੀਤਾ ਗਿਆ। ਉਨ੍ਹਾਂ ਦੁਆਰਾ ਆਮ ਆਦਮੀ ਕਲੀਨਕ ਬੁਰਜ ਹਰੀ ਵਿਖੇ ਡਾ. ਨਿਤਾਸ਼ਾ, ਸ਼ਿਮਲ ਕੌਰ ਏ ਐੱਨ ਐੱਮ ਤੇ ਸਮੂਹ ਸਟਾਫ ਦੀ ਅਚਨਚੇਤ ਚੈਕਿੰਗ ਕੀਤੀ ਗਈ ਅਤੇ ਹਾਜ਼ਰ ਮਰੀਜ਼ਾਂ ਨਾਲ ਗੱਲਬਾਤ ਕਰਦਿਆਂ ਮਿਲ ਰਹੀਆਂ ਦਵਾਈਆਂ ਬਾਰੇ ਪੁੱਛਿਆ।

ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਨੂੰ ਸਹਿਯੋਗ ਦੀ ਅਪੀਲ ਕੀਤੀ ਤੇ ਕਿਹਾ ਕਿ ਸਿਹਤ ਸੇਵਾਵਾਂ ਲੈਣ ਲਈ ਆਮ ਆਦਮੀ ਕਲੀਨਕ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ। ਡਾ. ਰਣਜੀਤ ਸਿੰਘ ਰਾਏ ਡੀ.ਐੱਮ.ਸੀ. ਵੱਲੋਂ ਆਮ ਆਦਮੀ ਕਲੀਨਕ ਰੜ੍ਹ ਦਾ ਵੀ ਦੌਰਾ ਕੀਤਾ ਗਿਆ, ਇੱਥੇ ਹਾਜ਼ਰ ਡਾ. ਰੂਬਲ ਸ਼ਰਮਾ, ਬਲਵਿੰਦਰ ਕੌਰ ਕਲੀਨਕ ਸਹਾਇਕ, ਵੀਰਪਾਲ ਕੌਰ ਏ ਐੱਨ ਐੱਮ, ਕੰਵਲਪ੍ਰੀਤ ਰਿਸ਼ੀ ਤੇ ਹੋਰ ਸਟਾਫ ਹਾਜ਼ਰ ਸੀ। ਹਾਜ਼ਰ ਪਤਵੰਤਿਆਂ ਨੂੰ ਜਾਣਕਾਰੀ ਦਿੰਦੇ ਹੋਏ ਡਾ. ਰਾਏ ਨੇ ਦੱਸਿਆ ਕਿ ਆਮ ਆਦਮੀ ਕਲੀਨਕ ਵਿੱਚ 70 ਕਿਸਮ ਦੀਆਂ ਦਵਾਈਆਂ ਦਾ ਭੰਡਾਰ ਹੈ। ਇਸੇ ਦੌਰਾਨ ਡਾ. ਰਾਏ ਵੱਲੋਂ ਕ੍ਰਸ਼ਨਾ ਡਾਇਗਨੌਸਟਿਕ ਲੈਬ ਦਾ ਦੌਰਾ ਕੀਤਾ ਗਿਆ।

ਸਿਵਲ ਸਰਜਨ ਮਾਨਸਾ ਡਾ. ਹਰਿੰਦਰ ਕੁਮਾਰ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹਾ ਮਾਨਸਾ ਵਿਖੇ ਦੋ ਆਮ ਆਦਮੀ ਕਲੀਨਕ ਬਹੁਤ ਵਧੀਆ ਚੱਲ ਰਹੇ ਹਨ, ਜਿਨ੍ਹਾਂ ਦੀ ਰੋਜ਼ਾਨਾ ਦੀ ਓ ਪੀ ਡੀ ਲਗਪਗ ਇਕ ਸੌ ਦੇ ਕਰੀਬ ਹੈ। ਹੁਣ ਤੱਕ (10/11/22) ਇਨ੍ਹਾਂ ਕਲੀਨਕਾਂ ਵਿੱਚ ਲਗਪਗ 9921 ਮਰੀਜ਼ ਤੇ 1701 ਸੈਂਪਲ ਲਏ ਜਾ ਚੁੱਕੇ ਹਨ। ਉਨ੍ਹਾ ਦੱਸਿਆ ਕਿ ਪੰਜਾਬ ਸਰਕਾਰ ਸਿਹਤ ਸੇਵਾਵਾਂ ਦੇਣ ਲਈ ਵਚਨਬੱਧ ਹੈ।

# ਪੰਜਾਬ ’ਚ ਮੁੜ ਕਾਲਾ ਦੌਰ ਪਰਤ ਰਿਹਾ : ਸੇਖੋਂ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** 1991 ਨੂੰ ਸ਼ਹੀਦ ਹੋਏ ਕਾਮਰੇਡ ਸਰਵਨ ਸਿੰਘ ਚੀਮਾ ਅਤੇ ਉਸ ਦੇ ਸਾਥੀਆਂ ਦੀ 31ਵੀਂ ਬਰਸੀ ਤੇ ਪਿੰਡ ਚੀਮਾ ਕਲਾਂ ਵਿਖੇ ਉਹਨਾਂ ਦੀ ਸਮਾਰਕ ’ਤੇ ਝੰਡਾ ਝੁਲਾਉਣ ਦੀ ਰਸਮ ਸੂਬਾ ਸਕੱਤਰ ਸੀ ਪੀ ਆਈ ਐਮ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਨਿਭਾਈ ,ਉਪਰੰਤ ਸ਼ਰਧਾਂਜਲੀ ਅਰਪਿਤ ਕੀਤੀ ਗਈ । ਇਕ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਕਾਮਰੇਡ ਸੇਖੋਂ ਨੇ ਕਿਹਾ ਅੱਤਵਾਦ ਦੇ ਦੌਰ ਵਿੱਚ ਸਾਡੀ ਪਾਰਟੀ ਨੇ 300 ਤੋਂ ਵੱਧ ਲੀਡਰ ਸਹੀਦ ਕਰਵਾ ਲਏ ਤੇ ਦੇਸ਼ ਨੂੰ ਵੰਡਣ ਦੀਆਂ ਚਾਲਾਂ ਨੂੰ ਸਫਲ ਨਹੀਂ ਹੋਣ ਦਿੱਤਾ । ਉਹਨਾਂ ਕਿਹਾ ਕਿ ਪੰਜਾਬ ਵਿੱਚ ਅੱਜ ਮਾਹੌਲ ਫਿਰ ਵਿਗੜ ਰਿਹਾ ਹੈ ਜਿਸ ਦੀ ਜ਼ਿੰਮੇਵਾਰ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਹੈ ।

ਉਹਨਾਂ ਭਾਜਪਾ ਸਰਕਾਰ ’ਤੇ ਤਨਜ਼ ਕੱਸਦਿਆਂ ਕਿਹਾ ਕਿ ਮੋਦੀ ਕਾਰਪੋਰੇਟ ਘਰਾਣਿਆਂ ਤੋਂ ਚੋਣਾਂ ਵੇਲੇ ਫੰਡ ਲੈ ਰਿਹਾ ਹੈ ਅਤੇ ਦੇਸ਼ ਵਿੱਚ ਕਾਰਪੋਰੇਟ ਘਰਾਣਿਆਂ ਦੀ ਸਰਕਾਰ ਹੈ ਅਤੇ ਇਹ ਸਰਕਾਰ ਆਰ ਐਸ ਐਸ ਦੇ ਇਸ਼ਾਰਿਆਂ ’ਤੇ ਚੱਲ ਰਹੀ ਹੈ । ਕਾਮਰੇਡ ਸੇਖੋਂ ਨੇ ਮੌਜੂਦਾ ਐਮ ਪੀ ਸਿਮਰਨਜੀਤ ਸਿੰਘ ਮਾਨ ’ਤੇ ਟਿੱਪਣੀ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੂੰ ਅੱਤਵਾਦੀ ਕਹਿਣ ਵਾਲੇ ਮਾਨ ਦੇ ਨਾਨਕੇ ਅਤੇ ਦਾਦਕੇ ਅੰਗਰੇਜ਼ਾਂ ਦੇ ਦਲਾਲ ਰਹੇ ਸਨ ਤੇ ਮਾਨ ਦੇ ਨਾਨਾ ਰੂੜ ਸਿੰਘ ਨੇ ਜਲ੍ਹਿਆਂਵਾਲੇ ਬਾਗ ਦੇ ਪੰਜਾਬੀਆਂ ਦੇ ਕਾਤਲ ਨੂੰ ਸਿਰੋਪਾ ਦੇ ਕੇ ਨਿਵਾਜਿਆ ਸੀ। ਸੇਖੋਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੇਸ਼ ਵਿਚ ਫਿਰਕੂ ਅੱਗ ਲਗਾ ਕੇ ਫਿਰ 2024 ਦੀਆਂ ਚੋਣਾਂ ਜਿੱਤਣਾ ਚਾਹੁੰਦਾ ਹੈ ਜਿਸ ਨੂੰ ਖੱਬੀਆਂ ਪਾਰਟੀਆਂ ਸਫਲ ਨਹੀਂ ਹੋਣ ਦੇਣਗੀਆਂ। ਇਸਤਰੀ ਮੁਲਾਜ਼ਮ ਆਗੂ ਕ੍ਰਿਸ਼ਨਾ ਕੁਮਾਰੀ ਪੁਆਦੜਾ ਤੇ ਸੁਖਪ੍ਰੀਤ ਸਿੰਘ ਜੌਹਲ ਨੇ ਕਾਮਰੇਡ ਚੀਮਾ ਤੇ ਸਾਥੀਆਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਸਕੂਲਾਂ ਲਈ ਦਿੱਲੀ ਮਾਡਲ ਲਿਆਉਣਾ ਚਾਹੁੰਦੀ ਹੈ ਜਦ ਕਿ ਦਿੱਲੀ ਮਾਡਲ ਨਾਲੋ ਪੰਜਾਬ ਦੇ ਸਕੂਲਾਂ ਦਾ ਮਾਡਲ ਚੰਗਾ ਹੈ ।

ਉਹਨਾਂ ਕਿਹਾ ਕਿ ਕੇਜਰੀਵਾਲ ਦੇ ਨਸ਼ਿਆਂ ਤੇ ਖੁਦਕੁਸ਼ੀਆਂ ਰੋਕਣ ਦੇ ਦਾਅਵੇ ਝੂਠੇ ਸਿੱਧ ਹੋ ਰਹੇ ਹਨ ਅਤੇ ਭ੍ਰਿਸ਼ਟਾਚਾਰ ਵਿੱਚ ਵਾਧਾ ਹੋ ਰਿਹਾ ਹੈ ਅਤੇ ਆਪ ਦੀ ਸਰਕਾਰ ਵਿਚ ਤਾਂ ਕੁੜੀਆਂ ਵੀ ਚਿੱਟੇ ਨਾਲ ਮਰ ਰਹੀਆਂ ਹਨ ।

ਇਸ ਸਮੇਂ ਮਾਸਟਰ ਮੂਲ ਚੰਦ , ਮਾਸਟਰ ਪਰਸ਼ੋਤਮ ਬਿਲਗਾ ਅਤੇ ਕਾਮਰੇਡ ਗੁਰਮੇਲ ਸਿੰਘ ਨਾਹਲ ਨੇ ਵੀ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ । ਇਸ ਸਮੇਂ ਮੱਖਣ ਸਿੰਘ ਚੀਮਾ ,ਰਣਧੀਰ ਸਿੰਘ ਚੀਮਾ , ਬੂਟਾ ਰਾਮ ਨੰਬਰਦਾਰ, ਜੋਗਾ ਸਿੰਘ, ਬਾਬਾ ਭਗਤ ਸਿੰਘ ਬਿਲਗਾ ਦੇ ਸਪੁੱਤਰ ਅਤੇ ਇਲਾਕਾ ਨਿਵਾਸੀ ਤੇ ਪਾਰਟੀ ਵਰਕਰ ਹਾਜ਼ਰ ਸਨ ।

# ਅੰਗਰੇਜ਼ੀ ਕਵਿਤਾ ਪਾਠ ਦੇ ਬਲਾਕ ਪੱਧਰੀ ਮੁਕਾਬਲੇ ਸੰਪੰਨ

**ਐੱਸ ਏ ਐੱਸ ਨਗਰ ( ਗੁਰਜੀਤ ਬਿੱਲਾ )** ਸਕੂਲ ਸਿੱਖਿਆ ਵਿਭਾਗ ਪੰਜਾਬ ਅਤੇ ਐੱਸ ਸੀ ਈ ਆਰ ਟੀ ਪੰਜਾਬ ਦੇ ਨਿਰਦੇਸ਼ਾ ਅਨੁਸਾਰ ‘ਅੰਗਰੇਜ਼ੀ ਕਵਿਤਾ ਪਾਠ’ ਦੇ ਬਲਾਕ ਪੱਧਰੀ ਮੁਕਾਬਲੇ ਕਰਵਾਏ ਗਏ। ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫਸਰ ਸੈ ਸਿ ਬਲਜਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਦਿਨੀਂ ਇਹ ਮੁਕਾਬਲੇ ਜ਼ਿਲ੍ਹੇ ਦੇ ਅੱਠ ਬਲਾਕ ਪੱਧਰੀ ਸਥਾਨਾਂ ’ਤੇ ਕਰਵਾਏ ਗਏ। ਬਲਾਕ ਬਨੂੜ ਵਿੱਚ ਸ ਸ ਸ ਸ ਬੂਟਾ ਸਿੰਘ ਵਾਲਾ ਦੀ ਗੁਰਲੀਨ ਕੌਰ, ਡੇਰਾਬੱਸੀ-1 ਵਿੱਚ ਸਹਿਜਵੀਰ ਸਿੰਘ ਸ ਸ ਸ ਸ ਰਾਮਗੜ੍ਹ ਭੁੱਡਾ, ਡੇਰਾਬੱਸੀ-2 ਵਿੱਚ ਕਾਰਤਿਕ ਸ ਸ ਸ ਸ ਲਾਲੜੂ ਮੰਡੀ, ਕੁਰਾਲੀ ਵਿੱਚ ਪਲਕ ਕਪਿਲ ਸ ਸ ਸ ਸ ਖਿਜਰਾਬਾਦ ਅਤੇ ਅਮਨਪ੍ਰੀਤ ਬੱਧਣ ਸ ਮ ਸ ਸ ਕੁਰਾਲੀ,ਖਰੜ-1 ਵਿੱਚ ਆਲੀਆ ਜੌਹਨ ਸ ਸ ਸ ਸ ਨਾਡਾ,ਖਰੜ-2 ਵਿੱਚ ਵੰਸਦੀਪ ਸਿੰਘ ਸ ਮ ਸ ਸ ਸ ਖਰੜ,ਖਰੜ-3 ਵਿੱਚ ਕਮਲਦੀਪ ਕੌਰ ਸਸਸਸ(ਕ) ਸੋਹਾਣਾ ਅਤੇ ਬਲਾਕ ਮਾਜਰੀ ਵਿੱਚ ਅਨਮੋਲਪ੍ਰੀਤ ਕੌਰ ਸ ਸ ਸ ਸ ਸਿਆਲਬਾ ਨੇ ਪਹਿਲੇ ਸਥਾਨ ਪ੍ਰਾਪਤ ਕੀਤੇ। ਜ਼ਿਲ੍ਹਾ ਪੱਧਰੀ ਮੁਕਾਬਲੇ 15 ਨਵੰਬਰ ਨੂੰ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਫੇਜ਼ 3 ਬੀ 1 ਮੁਹਾਲੀ ਵਿਖੇ ਹੋਣਗੇ।



# ਪਿੰਡ ਦਿਹਾਣਾ ’ਚ ਪ੍ਰਕਾਸ਼ ਪੁਰਬ ਮੌਕੇ ਗੁਰਮਤਿ ਸਮਾਗਮ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਦਿਹਾਣਾ ਵਿਖੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ ’ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਜਗਤ ਗੁਰੂ, ਨਿਰੰਕਾਰੀ ਜੋਤਿ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਮਹਾਨ ਗੁਰਮਤਿ ਸਮਾਗਮ ਕਰਵਾਏ ਗਏ।

ਇਸ ਮੌਕੇ ਪ੍ਰਧਾਨ ਬਰਿੰਦਰ ਸਿੰਘ ਜਸਵਾਲ ਨੇ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਭਾਈ ਰਣਜੀਤ ਸਿੰਘ ਹੈੱਡ ਗ੍ਰੰਥੀ, ਭਾਈ ਕੁਲਜੀਤ ਸਿੰਘ ਖਲਿਆਣ ਨੇ ਗੁਰਬਾਣੀ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਸਹਿਯੋਗੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਵਰਿੰਦਰ ਸਿੰਘ ਜਸਵਾਲ, ਲੰਬਰਦਾਰ ਸਰਜਿੰਦਰ ਸਿੰਘ ਕਿੰਗ, ਅਮਰੀਕ ਸਿੰਘ ਕਲਸੀ, ਜਸਵੀਰ ਸਿੰਘ ਸ਼ਿੰਦਾ, ਜਸਵਿੰਦਰ ਸਿੰਘ ਜੱਸਾ, ਸਰਪੰਚ ਕਰਮਜੀਤ ਕੌਰ ਜਸਵਾਲ, ਬੀਬੀ ਸੁਰਜੀਤ ਕੌਰ ਜਸਵਾਲ, ਅਮਨਦੀਪ ਸਿੰਘ, ਸਿਮਰਨਜੀਤ ਸਿੰਘ, ਸੰਦੀਪ ਸਿੰਘ ਜੰਜੂਆ, ਸੁਖਪਾਲ ਸਿੰਘ, ਦਿਲਪ੍ਰੀਤ ਸਿੰਘ, ਬਲਵੀਰ ਸਿੰਘ, ਗੁਰਜੀਤ ਸਿੰਘ ਗੋਲਡੀ, ਕਰਨਵੀਰ ਸਿੰਘ, ਅਮਰਿੰਦਰ ਸਿੰਘ, ਦੀਪੂ, ਗੁਰਨਾਮ ਸਿੰਘ ਗਾਮਾ, ਹੁਕਮਵੀਰ ਸਿੰਘ ਆਦਿ ਹਾਜ਼ਰ ਸਨ।

# ਸਕੱਤਰ ਡੀ ਐੱਲ ਐੱਸ ਏ ਵੱਲੋਂ ਕਪੂਰਥਲਾ ਜੇਲ੍ਹ ਦਾ ਦੌਰਾ ਤੇ ਕੈਂਪ ਕੋਰਟ

**ਜਲੰਧਰ (ਨ ਜ ਸ)** 12 ਨਵੰਬਰ ਨੂੰ ਸੀ ਜੇ ਐਮ-ਕਮ-ਸਕੱਤਰ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ , ਡਾ. ਗਗਨਦੀਪ ਕੌਰ ਨੇ ਮਾਣਯੋਗ ਚੇਅਰਮੈਨ ਡੀ.ਐਲ.ਐਸ.ਏ. ਮੈਡਮ ਰੁਪਿੰਦਰਜੀਤ ਚਹਿਲ ਦੀਆਂ ਹਦਾਇਤਾਂ ਮੁਤਾਬਕ, ਕਪੂਰਥਲਾ ਜੇਲ੍ਹ ਦਾ ਦੌਰਾ ਕੀਤਾ ਅਤੇ ਜਲੰਧਰ ਜ਼ਿਲ੍ਹੇ ਨਾਲ ਸੰਬੰਧਤ ਕੈਦੀਆਂ ਦੀਆਂ ਸਮੱਸਿਆਵਾਂ ਦੀ ਸੁਣਵਾਈ ਕੀਤੀ । ਇਥੇ ਇਹ ਵਰਣਨਯੋਗ ਹੈ ਕਿ ਜਲੰਧਰ ਜ਼ਿਲ੍ਹੇ ਦੇ ਫੌਜਦਾਰੀ ਕੇਸਾਂ ਵਿੱਚ ਹਿਰਾਸਤ ਵਿੱਚ ਲਏ ਗਏ ਦੋਸ਼ੀ ਅਤੇ ਸਜ਼ਾ ਜ਼ਾਬਤਾ ਕੈਦੀਆਂ ਨੂੰ ਕਪੂਰਥਲਾ ਸੈਂਟਰਲ ਜੇਲ੍ਹ ਵਿੱਚ ਰੱਖਿਆ ਜਾਂਦਾ ਹੈ। ਹਿਰਾਸਤ ਵਿੱਚ ਬੰਦ ਹਰ ਵਿਅਕਤੀ ਦਾ ਹੱਕ ਹੈ ਕਿ ਉਹ ਆਪਣੇ ਕੇਸ ਦੀ ਪੈਰਵੀ ਲਈ ਕਾਨੂੰਨੀ ਸੇਵਾਵਾਂ ਅਥਾਰਟੀਆਂ ਪਾਸੋਂ ਵਕੀਲ ਦੀਆਂ ਸੇਵਾਵਾਂ ਬਿਨਾਂ ਕਿਸੇ ਖਰਚੇ ਤੋਂ ਲੈ ਸਕਦਾ ਹੈ । ਅਜਿਹੇ ਨਿਯੁਕਤ ਕੀਤੇ ਵਕੀਲਾਂ ਨੂੰ ਫੀਸ ਦੀ ਅਦਾਇਗੀ ਸਰਕਾਰ ਦੇ ਕਾਨੂੰਨੀ ਸੇਵਾਵਾਂ ਮਹਿਕਮੇ ਵੱਲੋਂ ਕੀਤੀ ਜਾਂਦੀ ਹੈ। ਕੈਦੀਆਂ ਦੀਆਂ ਸਮੱਸਿਆਵਾਂ ਅਤੇ ਬੇਨਤੀਆਂ ਸੁਣਨ ਤੋਂ ਇਲਾਵਾ ਸੀ ਜੇ.ਐਮ-ਕਮ-ਸਕੱਤਰ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ , ਡਾ. ਗਗਨਦੀਪ ਕੌਰ ਨੇ ਮੌਕੇ ’ਤੇ ਹੀ ਕੈਂਪ ਕੋਰਟ ਦੀ ਕਾਰਵਾਈ ਕੀਤੀ , ਜਿੱਥੇ 12 ਅਜਿਹੇ ਕੈਦੀਆਂ ਦੇ ਕੇਸਾਂ ਦਾ ਨਿਪਟਾਰਾ ਕੀਤਾ ਗਿਆ, ਜਿਨ੍ਹਾਂ ਖਿਲਾਫ ਦੋਸ਼ ਜ਼ਿਆਦਾ ਸੰਗੀਨ ਨਹੀਂ ਸਨ ਅਤੇ ਉਨ੍ਹਾਂ ਨੇ ਹਿਰਾਸਤ ਵਿੱਚ ਕਾਫੀ ਸਮਾਂ ਬਤੀਤ ਕਰ ਲਿਆ ਸੀ। ਕਾਨੂੰਨੀ ਸੇਵਾਵਾਂ ਅਥਾਰਟੀਆਂ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਜਾਣਕਾਰੀ ਲੈਣ ਲਈ ਟੋਲ ਫ੍ਰੀ ਨੰਬਰ 1968 ’ਤੇ ਰਾਬਤਾ ਕੀਤਾ ਜਾ ਸਕਦਾ ਹੈ। ਇਸ ਮੌਕੇ ਹਿੰਮਤ ਸ਼ਰਮਾ ਅਡੀਸ਼ਨਲ ਸੁਪਰਡੈਂਟ ਜੇਲ੍ਹ ਕਪੂਰਥਲਾ, ਆਦਰਸ਼ਪਾਲ ਸਿੰਘ ਡਿਪਟੀ ਸੁਪਰਡੈਂਟ ਜੇਲ੍ਹ ਅਤੇ ਜਗਨਨਾਥ, ਸੀਨੀਅਰ ਅਸਿਸਟੈਂਟ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਅਤੇ ਜੇਲ੍ਹ ਪ੍ਰਸ਼ਾਸਨ ਹਾਜ਼ਰ ਸਨ।



**ਧੰਨ-ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਪਿੰਡ ਕੋਟਲੀ ਅਰਾਈਆਂ ਤੋਂ ਸਜਾਏ ਗਏ ਨਗਰ ਕੀਰਤਨ ਦਾ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਸਲਾਲਾ ਪਹੁੰਚਣ ’ਤੇ ਸਵਾਗਤ ਕਰਦੇ ਪ੍ਰਬੰਧਕ ਤੇ ਨਗਰ ਨਿਵਾਸੀ।**

( ਪਰਮਜੀਤ ਸਿੰਘ ਆਦਮਪੁਰ )

# ਸ਼ਿਵ ਸ਼ਕਤੀ ਯੂਥ ਕਲੱਬ ਦੇ ਸਾਬਕਾ ਪ੍ਰਧਾਨ ਅਦਰਸ਼ ਕੁਮਾਰ ਨੂੰ ਸਦਮਾ, ਭਰਾ ਦਾ ਦੇਹਾਂਤ



**ਭਲਾਣ ( ਢਿੱਲੋਂ)** ਪਿੰਡ ਛੋਟੇਵਾਲ ਦੇ ਸ਼ਿਵ ਸ਼ਕਤੀ ਯੂਥ ਕਲੱਬ ਦੇ ਸਾਬਕਾ ਪ੍ਰਧਾਨ ਅਦਰਸ਼ ਕੁਮਾਰ ਨੂੰ ਉਦੋਂ ਗਹਿਰਾ ਸਦਮਾ ਲੱਗਿਆ ਜਦੋਂ ਉਹਨਾਂ ਦੇ ਵੱਡੇ ਭਰਾ ਰਕੇਸ਼ ਕੁਮਾਰ (64) ਦੀ ਦਿਲ ਦੀ ਧੜਕਣ ਰੁਕਣ ਕਾਰਨ ਮੌਤ ਹੋ ਗਈ। ਉਹਨਾਂ ਦਾ ਸੰਸਕਾਰ ਪਿੰਡ ਛੋਟੇਵਾਲ ਦੇ ਸ਼ਮਸ਼ਾਨਘਾਟ ’ਤੇ ਸੈਕੜੇ ਸੇਜਲ ਅੱਖਾਂ ਨਾਲ ਕਰ ਦਿੱਤਾ ਗਿਆ। ਰਕੇਸ਼ ਕੁਮਾਰ ਆਪਣੇ ਪਿੱਛੇ 2 ਬੇਟੇ ਅਤੇ ਧਰਮ ਪਤਨੀ ਛੱਡ ਗਏ ਹਨ। ਇਸ ਮੌਕੇ ਸਰਪੰਚ ਦੀਪਕ ਕੁਮਾਰ ਹੈਪੀ, ਸੂਬੇਦਾਰ ਕ੍ਰਿਸ਼ਨ ਸਿੰਘ, ਸਰਪੰਚ ਰਾਮ ਕੁਮਾਰ ਉਪਰਲਾ ਬੇਲਾ, ਅਮਰੀਕ ਦਿਆਲ, ਹਰਭਜਨ ਸਿੰਘ, ਪੰਚ ਪ੍ਰਦੀਪ ਕੁਮਾਰ, ਰਾਣਾ ਤਿਲਕ ਰਾਜ, ਰਾਣਾ ਰਣਜੀਤ ,ਕਰਮ ਚੰਦ, ਰਾਮ ਸਰੂਪ, ਸਰਪੰਚ ਨਾਜਰ ਸਿੰਘ ਗੋਹਲਣੀ ਅਤੇ ਰਿਸ਼ਤੇਦਾਰ ਮਿੱਤਰਾਂ ਦੋਸਤਾਂ ਨੇ ਇਸ ਦੁੱਖ ਦੀ ਘੜੀ ਵਿੱਚ ਪਰਵਾਰ ਨਾਲ ਦੁੱਖ ਸਾਂਝਾ ਕੀਤਾ ।

# ਆਪ ਸਰਕਾਰ ਦੀ ਨਲਾਇਕੀ ਕਾਰਨ ਪੰਜਾਬ ਦੀ ਕਾਨੂੰਨ ਵਿਵਸਥਾ ਦੇ ਹਲਾਤ ਅਣਸੁਖਾਵੇਂ ਬਣੇ : ਰੰਧਾਵਾ



**ਟਾਂਡਾ ਉੜਮੁੜ, (. ਉਕਾਰ ਸਿੰਘ, ਜਸਵਿੰਦਰ ਸੰਧੂ )** ਸੂਬੇ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਨਲਾਇਕੀ ਦੇ ਚਲਦਿਆਂ ਪੰਜਾਬ ਵਿਚ ਕਾਨੂੰਨ ਵਿਵਸਥਾ ਦੇ ਹਲਾਤ ਬੇਹੱਦ ਅਣਸੁਖਾਵੇਂ ਬਣੇ ਹੋਏ ਹਨ , ਜਿਸ ਕਾਰਨ ਲੋਕਾਂ ਵਿਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਡਿਪਟੀ ਸੀ.ਐੱਮ. ਅਤੇ ਮੌਜੂਦਾ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਟਾਂਡਾ ਵਿਚ ਕੀਤਾ । ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ ਦੀ ਰਿਹਾਇਸ਼ ’ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਰੰਧਾਵਾ ਨੇ ਆਖਿਆ ਕਿ ਪੰਜਾਬ ਵਿਚ ਨਿੱਤ ਕਤਲ, ਲੁੱਟ ਅਤੇ ਗੁੰਡਾਗਰਦੀ ਦੀਆਂ ਵਾਪਰ ਰਹੀਆਂ ਵਾਰਦਾਤਾਂ ਨੂੰ ਅੰਜਾਮ ਰਹੇ ਬੇਖੌਫ ਹੋਏ ਗੁੰਡਿਆਂ ਨੂੰ ਪੁਲਸ ਤੇ ਸਰਕਾਰ ਦਾ ਕੋਈ ਡਰ ਨਹੀਂ ਹੈ , ਜਿਸ ਦੇ ਚਲਦਿਆਂ ਦਿਨ ਬਦਿਨ ਹਲਾਤ ਖਰਾਬ ਹੁੰਦੇ ਜਾ ਰਹੇ ਹਨ । ਉਨ੍ਹਾਂ ਆਖਿਆ ਕਿ ਪੰਜਾਬ ਦੀ ਬਦਕਿਸਮਤੀ ਹੈ ਕਿ ਰੋਜ਼ ਕਤਲ ਅਤੇ ਕਾਨੂੰਨ ਵਿਵਸਥਾ ਦੇ ਘਟੀਆ ਹਲਾਤਾਂ ਦੇ ਬਾਵਜੂਦ ਸੂਬੇ ਦੇ ਮੁੱਖ ਮੰਤਰੀ ਦਾ ਕੋਈ ਬਿਆਨ ਨਹੀਂ ਆਇਆ। ਉਲਟੇ ਉਹ ਆਪਣੇ ਮੰਤਰੀ ਤੇ ਵਿਧਾਇਕਾਂ ਨੂੰ ਨਾਲ ਲੈ ਕੇ ਆਪਣੇ ਆਕਾ ਦੀਆਂ ਸਿਆਸੀ ਖੁਆਹਿਸ਼ਾਂ ਨੂੰ ਪੂਰਾ ਕਰਨ ਲਈ ਗੁਜਰਾਤ ਅਤੇ ਹਿਮਾਚਲ ਦੀਆਂ ਚੋਣਾਂ ਵਿਚ ਜੁਟੇ ਹੋਏ ਹਨ , ਜਦਕਿ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਲਈ ਵਿਸ਼ਵਾਸ ਪੈਦਾ ਕਰਨਾ ਅਤੇ ਕਾਨੂੰਨ ਵਿਵਸਥਾ ਨੂੰ ਸੁਧਾਰਨ ਦੇ ਸੰਜੀਦਾ ਉੱਦਮ ਕਰਨੇ ਸਨ , ਜੋ ਨਹੀਂ ਹੋਇਆ ਹੈ । ਰੰਧਾਵਾ ਨੇ ਇਸ ਮੌਕੇ ਪੰਜਾਬ ਦੇ ਹਲਾਤ ’ਤੇ ਚਿੰਤਾ ਪ੍ਰਗਟ ਕਰਦੇ ਹੋਏ ਪੰਜਾਬ ਦੇ ਲੋਕਾਂ ਨੂੰ ਭਾਈਚਾਰਕ ਸਾਂਝ ਬਣਾਏ ਰੱਖਣ ਦੀ ਅਪੀਲ ਕੀਤੀ । ਐਕਸਾਈਜ਼ ਡਿਪਾਰਟਮੈਂਟ ਵਿਚ ਆਈ.ਏ.ਐੱਸ. ਅਫਸਰਾਂ ਤੇ ਸੀ.ਬੀ.ਆਈ.ਅਤੇ ਈ.ਡੀ. ਦੀਆਂ ਹੋਈਆਂ ਰੇਡਾਂ ਦਾ ਹਵਾਲਾ ਦਿੰਦੇ ਹੋਏ ਰੰਧਾਵਾ ਨੇ ਆਖਿਆ ਕਿ ਇਸ ਮੁੱਦੇ ’ਤੇ ਪੰਜਾਬ ਸਰਕਾਰ ਦੇ ਨਾ ਬੋਲਣ ਅਤੇ ਨਾ ਸਟੈਂਡ ਲੈਣ ਨਾਲ ਵੀ ਪੰਜਾਬ ਪੁਲਸ ਦਾ ਮਨੋਬਲ ਡਿੱਗਿਆ ਹੈ । ਇਸ ਮੌਕੇ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ, ਸਾਬਕਾ ਵਿਧਾਇਕ ਇੰਦੂ ਬਾਲਾ, ਮਾਸਟਰ ਰਮੇਸ਼ ਕੁਮਾਰ, ਪ੍ਰਿੰਸੀਪਲ ਗੁਰਦਿਆਲ ਸਿੰਘ, ਕੰਵਲਜੀਤ ਸਿੰਘ ਆਦਿ ਮੌਜੂਦ ਸਨ

# ਨਗਰ ਕੌਂਸਲ ਅਲਾਵਲਪੁਰ ਨੇ ਸ਼ਹਿਰ ’ਚ ਫੌਗਿੰਗ ਕਰਵਾਈ




**ਕਿਸ਼ਨਗੜ੍ਹ (ਜਸਪ੍ਰੀਤ ਕੁਮਾਰ)** ਸਰਕਾਰੀ ਹਦਾਇਤਾਂ ਅਨੁਸਾਰ ਨਗਰ ਕੌਂਸਲ ਅਲਾਵਲਪੁਰ ਵੱਲੋਂ ਕਸਬਾ ਅਲਾਵਲਪੁਰ ਦੇ ਵੱਖ ਵੱਖ ਵਾਰਡਾਂ, ਮੁਹੱਲਿਆਂ ਅਤੇ ਸਰਕਾਰੀ ਇਮਾਰਤਾਂ ਵਿੱਚ ਫੌਗਿੰਗ ਦਾ ਕੰਮ ਸ਼ੁਰੂ ਕੀਤਾ ਗਿਆ।

ਨਗਰ ਕੌਂਸਲ ਦੇ ਕਾਰਜਸਾਧਕ ਅਧਿਕਾਰੀ ਰਾਮਜੀਤ ਦੀ ਦੇਖ ਰੇਖ ਹੇਠ ਨਗਰ ਕੌਂਸਲ ਅਲਾਵਲਪੁਰ ਦੇ ਕਰਮਚਾਰੀਆਂ ਵੱਲੋਂ ਫੌਗਿੰਗ ਸ਼ੁਰੂ ਕੀਤੀ ਗਈ ਤਾਂ ਜੋ ਡੇਂਗੂ ਦੇ ਮੱਛਰ ਨੂੰ ਫੈਲਣ ਤੋਂ ਰੋਕਿਆ ਜਾ ਸਕੇ । ਡੇਂਗੂ ਫੈਲਾਉਣ ਵਾਲਾ ਮੱਛਰ ਖੜ੍ਹੇ ਸਾਫ਼ ਪਾਣੀ ਵਿੱਚ ਪਲਦਾ ਹੈ, ਇਸ ਲਈ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ ਸਫ਼ਾਈ ਰੱਖਣ ਅਤੇ ਗਮਲਿਆਂ ਵਿੱਚ ਪਾਣੀ ਇਕੱਠਾ ਨਾ ਹੋਣ ਦੇਣ, ਪਾਣੀ ਭਰੇ ਭਾਂਡਿਆਂ ਅਤੇ ਟੈਂਕੀਆਂ ਨੂੰ ਚੰਗੀ ਤਰਾਂ ਢਕ ਕੇ ਰੱਖਣ, ਹਫ਼ਤੇ ਵਿੱਚ ਗਮਲਿਆਂ ਨੂੰ ਇੱਕ ਵਾਰੀ ਖ਼ਾਲੀ ਕਰ ਕੇ ਸੁਕਾਇਆ ਜਾਵੇ, ਕੱਪੜੇ ਅਜਿਹੇ ਪਹਿਨੋ ਜਿਸ ਵਿੱਚ ਸਰੀਰ ਪੂਰੀ ਤਰਾਂ ਢਕਿਆ ਰਹੇ, ਮੱਛਰ ਮਾਰਨ ਵਾਲੇ ਯੰਤਰਾਂ ਅਤੇ ਮੱਛਰਦਾਨੀਆਂ ਦੀ ਵਰਤੋਂ ਕੀਤੀ ਜਾਵੇ। ਇਸ ਮੌਕੇ ਕਾਰਜ ਸਾਧਕ ਅਧਿਕਾਰੀ ਰਾਮਜੀਤ ,ਓਮ ਪ੍ਰਕਾਸ਼ ਰਾਣਾ, ਪਾਰੁਲ , ਨਵੀਨ ਰਾਣਾ ਅਤੇ ਹੋਰ ਸਟਾਫ ਹਾਜ਼ਰ ਸੀ।

# ਪੰਜਾਬ ਦੇ ਸਮੁੱਚੇ ਪੈਨਸ਼ਨਰਾਂ ਨੂੰ ਸਾਂਝੇ ਫਰੰਟ ਦੇ ਸਾਰੇ ਐਕਸ਼ਨਾਂ ’ਚ ਸ਼ਮੂਲੀਅਤ ਕਰਨ ਦੀ ਕੀਤੀ ਅਪੀਲ : ਕਨਫੈਡਰੇਸ਼ਨ

**ਹੁਸ਼ਿਆਰਪੁਰ, ( ਬਲਬੀਰ ਸਿੰਘ )** ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ (ਰਜਿ:) ਦੇ ਸੂਬਾਈ ਪ੍ਰਧਾਨ ਕਰਮ ਸਿੰਘ ਧਨੋਆ, ਜਨਰਲ ਸਕੱਤਰ ਕੁਲਵਰਨ ਸਿੰਘ, ਵਿੱਤ ਸਕੱਤਰ ਪ੍ਰੇਮ ਚੰਦ ਅਗਰਵਾਲ, ਸੂਬਾ ਪ੍ਰੈਸ ਸਕੱਤਰ ਬਲਵੀਰ ਸਿੰਘ ਸੈਨੀ ਨੇ ਸਾਂਝੇ ਤੌਰ ’ਤੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਮੌਜੂਦਾ ਪ੍ਰਸ਼ਾਸਨਿਕ ਅਧਿਕਾਰੀ ਅਤੇ ਸਰਕਾਰ ਦਾ ਵਤੀਰਾ ਤੇ ਮਨਸ਼ਾ ਪੈਨਸ਼ਨਰਾਂ ਪ੍ਰਤੀ ਠੀਕ ਨਹੀਂ ਜਾਪਦਾ। ਜਿਸ ਕਰਕੇ ਸਮੁੱਚੇ ਪੈਨਸ਼ਨਰਾਂ ਨੂੰ ਇੱਕ ਮੰਚ ’ਤੇ ਇਕੱਠੇ ਹੋ ਕੇ ਤਿੱਖਾ ਸੰਘਰਸ਼ ਕਰਨਾ ਸਮੇਂ ਦੀ ਤੀਬਰ ਲੋੜ ਹੈ। ਸਰਕਾਰ ਅਤੇ ਵਿੱਤ ਮੰਤਰੀ ਵਲੋਂ ਵਾਰ ਵਾਰ ਜਥੇਬੰਦੀ ਨੂੰ ਮੀਟਿੰਗਾਂ ਦੇ ਕੇ ਕੋਈ ਸਾਰਥਕ ਇਨਸਾਫ ਨਾ ਦੇਣਾ ਵੀ ਪੈਨਸ਼ਨਰਾਂ ਨਾਲ ਧੋਖਾ ਅਤੇ ਸਰਕਾਰ ਦੀ ਨੀਅਤ ’ਤੇ ਸ਼ੱਕ ਪੈਦਾ ਕਰਦਾ ਹੈ। ਆਗੂਆਂ ਨੇ ਕਿਹਾ ਕਿ 6ਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਅਨੁਸਾਰ ਪੈਨਸ਼ਨਰਾਂ ਦੀ ਪੈਨਸ਼ਨ ਵਿੱਚ ਸਨਮਾਨਜਨਕ ਵਾਧਾ ਨਾ ਕਰਨਾ ਗੈਰ ਸੰਵਿਧਾਨਕ ਹੈ। ਉਨ੍ਹਾਂ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਨੈਸ਼ਨਲ ਪੈਨਸ਼ਨ ਸੋਧ ਵਿਧੀ ਅਨੁਸਾਰ ਵਿੱਤ ਸਕੱਤਰ ਦੀ ਹਦਾਇਤ ਮੁਤਾਬਕ ਜਥੇਬੰਦੀ ਦੀ ਤਿੰਨ ਮੈਂਬਰੀ ਕਮੇਟੀ ਬਣਾ ਕੇ ਦਿੱਤੀਆਂ ਉਦਾਹਰਨਾਂ ਦੇਣ ਤੋਂ ਬਾਅਦ ਤਿੰਨ ਮਹੀਨੇ ਬੀਤ ਜਾਣ ’ਤੇ ਵੀ ਸਰਕਾਰ ਵੱਲੋਂ ਕੋਈ ਵੀ ਫੈਸਲਾ ਨਹੀਂ ਲਿਆ ਜਾ ਰਿਹਾ ਅਤੇ ਨਾ ਹੀ ਬਾਕੀ ਰਹਿਦੀਆਂ ਲਟਕਦੀਆਂ ਮੰਗਾਂ ਜਿਨ੍ਹਾਂ ਵਿੱਚ ਪੈਨਸ਼ਨ ਸੋਧ ਦਾ 2.59 ਗੁਣਾਂਕ ਵੀ ਸ਼ਾਮਲ ਹੈ, ਨੂੰ ਵੀ ਲਾਗੂ ਨਹੀਂ ਨਹੀ ਕੀਤਾ ਜਾ ਰਿਹਾ। ਉਨ੍ਹਾਂ ਸਰਕਾਰ ’ਤੇ ਦੋਸ਼ ਲਾਇਆ ਕਿ ਪੰਜਾਬ ਦੀ ਸਰਕਾਰ ਲਾਰੇ ਲੱਪੇ ਵਾਲੀ ਨੀਤੀ ’ਤੇ ਚੱਲ ਕੇ ਬਜ਼ੁਰਗ ਪੈਨਸ਼ਨਰਾਂ ਦਾ ਨੁਕਸਾਨ ਕਰ ਰਹੀ ਹੈ ਅਤੇ ਇਸ ਪੈਨਸ਼ਨਰ ਮਾਰੂ ਨੀਤੀ ਕਰਕੇ ਸਮੁੱਚਾ ਪੈਨਸ਼ਨਰ ਵਰਗ ਪੰਜਾਬ ਦੀ ਸਰਕਾਰ ਨਾਲ ਨਰਾਜ਼ ਦਿਖਾਈ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਜਨਵਰੀ 2016 ਤੋਂ 30 ਜੂਨ 2021 ਤੱਕ ਬਣਦਾ ਪੇ ਕਮਿਸ਼ਨ ਦਾ ਬਕਾਇਆ ਪੈਨਸ਼ਨਰਾਂ ਨੂੰ ਯੱਕਮੁਸ਼ਤ ਜਾਰੀ ਕੀਤਾ ਜਾਵੇ, ਪੈਨਸ਼ਨਰਾਂ ਦੇ ਇਲਾਜ ਲਈ ਮੈਡੀਕਲ ਸਹੂਲਤ ਵਾਸਤੇ ਕੈਸ਼ਲੈੱਸ ਹੈਲਥ ਪ੍ਰਣਾਲੀ ਲਾਗੂ ਕੀਤੀ ਜਾਵੇ। ਜਨਵਰੀ 2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ। ਪੰਜਾਬ ਸਰਕਾਰ ਦੀ ਪੈਨਸ਼ਨਰਜ਼ ਪ੍ਰਤੀ ਮਾੜੀ ਨੀਤੀ ਤੋਂ ਅੱਕ ਕੇ ਪੈਨਸ਼ਨਰ ਜੁਆਇੰਟ ਫਰੰਟ ਨੇ ਆਪਣੀਆਂ ਲਟਕਦੀਆਂ ਮੰਗਾਂ ਲਈ 16 ਨਵੰਬਰ ਨੂੰ ਸਾਰੇ ਜ਼ੋਨਾਂ ਵਿੱਚ ਰੋਹ ਭਰਪੂਰ ਧਰਨੇ ਤੇ ਰੈਲੀਆਂ ਕਰਨ ਉਪਰੰਤ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਸੌਂਪੇ ਜਾਣ ਅਤੇ ਪਟਿਆਲਾ ਜ਼ੋਨ ਦੀ ਰੈਲੀ ਧੂਰੀ ਵਿਖੇ ਮੁੱਖ ਮੰਤਰੀ ਦੇ ਹਲਕੇ ਵਿੱਚ ਕਰਨ ਦਾ ਫ਼ੈਸਲਾ ਲਿਆ ਗਿਆ। ਆਗੂਆਂ ਨੇ ਸਾਰੇ ਪੰਜਾਬ ਦੇ ਪੈਨਸ਼ਨਰਾਂ ਨੂੰ ਸਾਂਝੇ ਫਰੰਟ ਦੇ ਸਾਰੇ ਹੀ ਐਕਸ਼ਨਾਂ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ ਪੰਜਾਬ ਦੇ ਸਮੂਹ ਪੈਨਸ਼ਨਰਜ਼ ਮੁਹਾਲੀ ਵਿਖੇ 29 ਨਵੰਬਰ ਨੂੰ ਵਾਈ.ਪੀ.ਐਸ. ਚੌਕ, ਫੇਜ਼ 8 ਮੁਹਾਲੀ ਵਿਖੇ ਵੱਡੇ ਪੱਧਰ ’ਤੇ ਰੈਲੀ ਕਰਕੇ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਰੋਸ ਪ੍ਰਗਟ ਕਰਨਗੇ।

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ



**ਆਦਮਪੁਰ ( ਪਰਮਜੀਤ ਸਿੰਘ )**-ਆਦਮਪੁਰ ਦੇ ਨਜ਼ਦੀਕੀ ਪਿੰਡ ਸਲਾਲਾ ਵਿਖੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਸਮੂਹ ਨਗਰ ਨਿਵਾਸੀ ਸੰਗਤਾਂ ਅਤੇ ਐਨ .ਆਰ ਆਈ ਵੀਰਾਂ ਦੇ ਸਹਿਯੋਗ ਸਦਕਾ ਧੰਨ -ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਬਹੁਤ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ , ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਉਪਰੰਤ ਨਗਰ ਕੀਰਤਨ ਅਤੇ ਸ਼ਾਮ 6 ਤੋਂ 9 ਵਜੇ ਤੱਕ ਕੀਰਤਨ ਦਰਬਾਰ ਸਜਾਇਆ ਗਿਆ । ਜਿਸ ਵਿੱਚ ਨਿਰਵੈਰ ਕਵੀਸ਼ਰੀ ਜਥਾ ਅਤੇ ਢਾਡੀ ਜਥਾ ਭਾਈ ਜਸਵੀਰ ਸਿੰਘ ਮਾਨ ਦੇ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ । ਗੁਰੂ ਕਾ ਅਟੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਸੇਵਾਦਾਰ ਅਮਨਦੀਪ ਸਿੰਘ ਨੰਬਰਦਾਰ, ਦਲਵੀਰ ਸਿੰਘ ਖੋਜਕੀਪੁਰ, ਬਿੰਦਰ ਸਲਾਲਾ, ਮੇਜਰ ਸਿੰਘ ਹਰੀਪੁਰ, ਸਰਬਜੀਤ ਸਿੰਘ, ਗੁਰਦਿਆਲ ਸਿੰਘ ਨਿੱਝਰ, ਕੁਲਵਿੰਦਰ ਸਿੰਘ ਟੋਨੀ, ਗੁਰਵਿੰਦਰ ਸਿੰਘ, ਰਾਜਿੰਦਰ ਸਿੰਘ ਮੰਗੀ, ਕੁਲਵੰਤ ਸਿੰਘ ਦੂਹੜੇ, ਗੁਰਮੇਲ ਸਿੰਘ ਆਦਿ ਹਾਜ਼ਰ ਰਹੇ।

# ਪਿੰਡ ਮੂਨਕਾਂ ’ਚ ਕੀਰਤਨ ਦਰਬਾਰ 18 ਨੂੰ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ )**-ਸ੍ਰੀ ਗੁਰੂ ਰਵਿਦਾਸ ਜੀ ਪ੍ਰਬੰਧਕ ਕਮੇਟੀ ਪਿੰਡ ਮੂਨਕ ਖੁਰਦ ਵੱਲੋਂ ਤੀਸਰਾ ਮਹਾਨ ਕੀਰਤਨ ਦਰਬਾਰ 18 ਨਵੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਕਰਵਾਇਆ ਜਾ ਰਿਹਾ ਹੈ ਪਰਵਾਸੀ ਭਾਰਤੀਆਂ, ਨਗਰ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਕੀਰਤਨ ਦਰਬਾਰ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਪ੍ਰਧਾਨ ਸਾਬਕਾ ਸਰਪੰਚ ਤੀਰਥ ਸਿੰਘ ਮੂਨਕਾਂ, ਮੀਤ ਪ੍ਰਧਾਨ ਮਿਸਤਰੀ ਅਮਰਜੀਤ ਸਿੰਘ, ਕੈਸ਼ੀਅਰ ਪਰਮਜੀਤ ਸਿੰਘ ਪੰਮੀ, ਪ੍ਰਬੰਧਕ ਸੇਵਾਦਾਰ ਸੁਖਵਿੰਦਰ ਸਿੰਘ ਮੂਨਕ, ਸਰਬਜੀਤ ਮੋਮੀ ਨੇ ਦੱਸਿਆ ਕਿ ਸਮਾਗਮ ਦੌਰਾਨ ਸਿੱਖ ਪੰਥ ਦੇ ਮਹਾਨ ਪ੍ਰਚਾਰਕ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਲੁਧਿਆਣੇ ਵਾਲੇ, ਭਾਈ ਲਖਵਿੰਦਰ ਸਿੰਘ, ਭਾਈ ਦਵਿੰਦਰ ਸਿੰਘ (ਦੋਨੋਂ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ) ਪੰਥ ਪ੍ਰਸਿੱਧ ਕੀਰਤਨੀ ਜਥਾ ਭਾਈ ਮਹਿਤਾਬ ਸਿੰਘ ਜਲੰਧਰ ਵਾਲੇ, ਹੈੱਡ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਮੂਨਕਾਂ, ਢਾਡੀ ਜਥਾ ਭਾਈ ਸੁਖਵੀਰ ਸਿੰਘ ਚੌਹਾਨ ਅਤੇ ਜਥੇਦਾਰ ਮਨਜੀਤ ਸਿੰਘ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕਰਨਗੇ ,ਉੱਥੇ ਹੀ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਅਸਥਾਨ ਗੁਰਦੁਆਰਾ ਟਾਹਲੀ ਸਾਹਿਬ ਮੂਨਕਾਂ ਦੇ ਸੇਵਾਦਾਰ ਭਾਈ ਹਰਪ੍ਰੀਤ ਸਿੰਘ , ਬਾਬਾ ਕੁਲਦੀਪ ਸਿੰਘ ਟਾਹਲੀ ਸਾਹਿਬ ਤੋਂ ਇਲਾਵਾ ਇਲਾਕੇ ਭਰ ਦੇ ਸੰਤ ਮਹਾਂਪੁਰਸ਼ ਵੀ ਇਸ ਸਮਾਗਮ ਵਿੱਚ ਪਹੁੰਚ ਕੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕਰਨਗੇ। ਪ੍ਰਬੰਧਕਾਂ ਨੇ ਹੋਰ ਦੱਸਿਆ ਕਿ ਸਾਲਾਨਾ ਕੀਰਤਨ ਦਰਬਾਰ ਸੰਬੰਧੀ ਪ੍ਰਬੰਧਕ ਸੇਵਾਦਾਰਾਂ ਦੀਆਂ ਡਿਊਟੀਆਂ ਤੈਅ ਕਰ ਦਿੱਤੀਆਂ ਗਈਆਂ ਹਨ ਅਤੇ ਇਲਾਕੇ ਭਰ ਵਿੱਚ ਸਮਾਗਮ ਸੰਬੰਧੀ ਸੰਗਤ ਵਿਚ ਉਤਸ਼ਾਹ ਪਾਇਆ ਜਾ ਰਿਹਾ ਹੈ।

# ਮੁਫਤ ਕਾਨੂੰਨੀ ਸਹਾਇਤਾ ਤੇ ਹੋਰ ਸਕੀਮਾਂ ਬਾਰੇ ਕੈਂਪ

**ਜਲੰਧਰ (ਨ ਜ ਸ)** ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਮੁਤਾਬਕ ਮੈਡਮ ਰੁਪਿੰਦਰਜੀਤ ਚਹਿਲ ਮਾਣਯੋਗ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਦੀ ਯੋਗ ਰਹਿਨੁਮਾਈ ਹੇਠ ਅਜ਼ਾਦੀ ਦੀ 75ਵੇਂ ਸਾਲ ਨੂੰ ਸਮਰਪਤ ਦੋ ਕੰਪੇਨਾਂ ਹਰ ਨਾਗਰਿਕ ਤੱਕ ਕਾਨੂੰਨੀ ਸਹਾਇਤਾ ਦੀ ਜਾਣਕਾਰੀ ਅਤੇ ਜੇਲ੍ਹ ਵਿੱਚ ਬੰਦ ਬੰਦੀਆਂ ਨੂੰ ਕਾਨੂੰਨੀ ਸਹਾਇਤਾ ਉੱਪਲਬਧ ਕਰਵਾਉਣ ਦੇ ਮੱਦੇਨਜ਼ਰ ਪੈਨ ਇੰਡੀਆ ਅਵੇਅਰਨੈਸ ਅਤੇ ਆਊਟਰੀਚ ਪ੍ਰੋਗਰਾਮਾਂ ਦਾ ਆਯੋਜਨ ਜ਼ਿਲ੍ਹਾ ਜਲੰਧਰ ਦੇ ਹਰ ਪਿੰਡ ਅਤੇ ਵਿੱਦਿਅਕ ਸੰਸਥਾਵਾਂ ਵਿੱਚ ਮਿਤੀ 31.10.2022 ਤੋਂ 13.11.2022 ਤੱਕ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆ ਡਾ. ਗਗਨਦੀਪ ਕੌਰ ਸੀ.ਜੇ.ਐਮ.-ਕਮ-ਸਕੱਤਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਨੇ ਦੱਸਿਆ ਕਿ ਇਨ੍ਹਾਂ ਪ੍ਰੋਗਰਾਮਾਂ ਦੇ ਅਖੀਰਲੇ ਦਿਨ ਇੱਕ ਵਿਸ਼ਾਲ ਜਾਗਰੂਕਤਾ ਰੈਲੀ ਏ.ਡੀ.ਆਰ. ਸੈਂਟਰ ਜ਼ਿਲ੍ਹਾ ਕਚਹਿਰੀਆਂ ਜਲੰਧਰ ਤੋਂ ਲਾਡੋਵਾਲੀ ਰੋਡ ਜਲੰਧਰ ਤੱਕ ਕੱਢੀ ਗਈ। ਇਸ ਰੈਲੀ ਵਿੱਚ ਜ਼ਿਲ੍ਹਾ ਜਲੰਧਰ ਦੇ ਪੈਨਲ ਦੇ ਵਕੀਲਾਂ, ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਾ ਸਟਾਫ ਅਤੇ ਐਸ.ਡੀ. ਫੁੱਲਰਵਾਨ ਸਕੂਲ ਲਾਡੋਵਾਲੀ ਰੋਡ ਜਲੰਧਰ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਜਿਸ ਵਿੱਚ ਆਮ ਲੋਕਾਂ ਨੂੰ ਬੈਨਰਾਂ ਅਤੇ ਪੋਸਟਰਾਂ ਰਾਹੀ ਕਾਨੂੰਨੀ ਸਹਾਇਤਾ ਸਕੀਮਾਂ ਅਤੇ ਸਮਾਜਿਕ ਕੁਰੀਤੀਆਂ ਪ੍ਰਤੀ ਜਾਗਰੂਕ ਕੀਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਜਲੰਧਰ ਜ਼ਿਲ੍ਹੇ ਦੇ ਲੱਗਭਗ ਸਾਰੇ ਪਿੰਡਾਂ/ਸਕੂਲਾਂ ਵਿੱਚ ਮਿਤੀ 31.10.2022 ਤੋਂ 12.11.2022 ਤੱਕ ਜਾਗਰੂਕਤਾ ਕੈਂਪ/ਸੈਮੀਨਾਰ ਲਗਾਏ ਗਏ। ਇਨ੍ਹਾਂ ਪ੍ਰੋਗਰਾਮਾਂ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਦੇ ਪੈਨਲ ਦੇ ਵਕੀਲਾਂ ਦੇ ਨਾਲ, ਕਾਨੂੰਨ ਦੇ ਵਿਦਿਆਰਥੀ ਵੀ ਹਾਜ਼ਰ ਹੋ ਕੇ ਪੰਚਾਇਤਾਂ ਨੂੰ ਕਾਨੂੰਨੀ ਸਹਾਇਤਾ ਸਕੀਮਾਂ, ਲੋਕ ਅਦਾਲਤਾਂ, ਸਥਾਈ ਲੋਕ ਅਦਾਲਤਾਂ, ਬੱਚਿਆਂ ਦੇ ਅਧਿਕਾਰਾਂ, ਔਰਤਾਂ ਦੇ ਅਧਿਕਾਰਾਂ, ਮੀਡੀਏਸ਼ਨ, ਪੀੜਤ ਮੁਆਵਜ਼ਾ ਸਕੀਮ ਦੇ ਨਾਲ ਨਾਲ ਲੋਕਾਂ ਦੇ ਸਮਾਜ ਪ੍ਰਤੀ ਫਰਜ਼ਾਂ ਸੰਬੰਧੀ ਜਾਗਰੂਕ ਕੀਤਾ। ਉਨ੍ਹਾਂ ਦੱਸਿਆ ਕਿ ਮੁਫਤ ਕਾਨੂੰਨੀ ਸਹਾਇਤਾ ਤੇ ਮਹਿਕਮੇ ਦੀਆਂ ਹੋਰ ਸਕੀਮਾਂ ਦਾ ਲਾਭ ਲੈਣ ਲਈ ਮਹਿਕਮੇ ਦੇ ਟੋਲ ਫ੍ਰੀ ਨੰਬਰ 1968 ’ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ’ਤੇ ਏ.ਡੀ.ਆਰ ਸੈਂਟਰ ਜਲੰਧਰ ਵਿੱਚ ਇੱਕ ਸੈਮੀਨਾਰ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਨੂੰ ਟੋਲ ਫ੍ਰੀ ਨੰਬਰ 1968 ਬਾਰੇ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਸਹੁੰ ਵੀ ਚੁਕਾਈ ਗਈ। ਇਸ ਮੌਕੇ ਜਗਨ ਨਾਥ, ਸੀਨੀਅਰ ਅਸਿਸਟੈਂਟ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ, ਵਿਨੇ ਸ਼ਰਮਾ, ਨਵੀਤ ਢੱਲ, ਆਰ.ਕੇ. ਮਹਿਮੀ (ਵਕੀਲ ਸਾਹਿਬਾਨ) ਅਤੇ ਫੁੱਲਰਵਾਨ ਸਕੂਲ ਦੇ ਟੀਜਰਜ਼ ਮੈਡਮ ਅੰਜੂ ਅਤੇ ਮੈਡਮ ਏਕਤਾ ਵੀ ਹਾਜ਼ਰ ਸਨ।



# ਕੁਰਾਲੀ ਰੋਪੜ ਰੋਡ ’ਤੇ ਗੰਦੇ ਨਾਲੇ ’ਚ ਪਾਈਪ ਪਾਉਣ ਦਾ ਕੰਮ ਸ਼ੁਰੂ : ਜੀਤੀ ਪਡਿਆਲਾ



**ਕੁਰਾਲੀ, (ਮੋਹਨ ਅੱਗਰਵਾਲ ਜੋਗਾ)**- ਸਥਾਨਕ ਸ਼ਹਿਰ ਦੇ ਵਾਸੀਆਂ ਦੀ ਪੁਰਾਣੀ ਮੰਗ ਨੂੰ ਦੇਖਦਿਆਂ ਅੱਜ ਕੌਂਸਲ ਪ੍ਰਧਾਨ ਰਣਜੀਤ ਸਿੰਘ ਜੀਤੀ ਪਡਿਆਲਾ ਅਤੇ ਕੌਂਸਲਰਾਂ ਨੇ ਚੰਡੀਗੜ੍ਹ ਰੋਪੜ ਮਾਰਗ ਤੇ ਸਰਕਾਰੀ ਹਸਪਤਾਲ ਤੋਂ ਲੈ ਕੇ ਬੱਸ ਸਟੈਂਡ ਤੱਕ ਬੰਦ ਪਏ ਗੰਦੇ ਨਾਲੇ ਦੇ ਪਾਣੀ ਦੀ ਨਿਕਾਸੀ ਲਈ ਨਾਲੇ ਵਿੱਚ ਪਾਈਪ ਪਾਉਣ ਦੀ ਸ਼ੁਰੂਆਤ ਕਰਵਾਈ। ਕੌਂਸਲ ਪ੍ਰਧਾਨ ਰਣਜੀਤ ਸਿੰਘ ਜੀਤੀ ਨੇ ਦੱਸਿਆ ਕਿ ਸ਼ਹਿਰ ਵਾਸੀਆਂ ਦੀ ਬਹੁਤ ਪੁਰਾਣੀ ਮੰਗ ਸੀ ਕਿ ਬੰਦ ਪਏ ਨਾਲੇ ਕਾਰਨ ਸਰਕਾਰੀ ਹਸਪਤਾਲ ਅਤੇ ਲੜਕੀਆਂ ਦੇ ਸਕੂਲ ਅੱਗੇ ਗੰਦ ਦੀ ਸਮੱਸਿਆ ਰਹਿੰਦੀ ਹੈ। ਉਨਾਂ ਦੱਸਿਆ ਕਿ ਗੰਦੇ ਨਾਲੇ ਵਿੱਚ ਪਾਈਪ ਪਾਉਣ ਨਾਲ ਅਤੇ ਬਰਸਾਤ ਵਿੱਚ ਚੰਡੀਗੜ੍ਹ ਰੋਡ ’ਤੇ ਪਾਣੀ ਖੜ੍ਹਨ ਅਤੇ ਸਰਕਾਰੀ ਸਕੂਲ ਤੇ ਹਸਪਤਾਲ ਅੱਗੇ ਨਾਲੇ ਵਿੱਚ ਖੜ੍ਹੇ ਗੰਦੇ ਪਾਣੀ ਦੀ ਸਮੱਸਿਆ ਦੂਰ ਹੋ ਜਾਵੇਗੀ ।

ਪ੍ਰਧਾਨ ਰਣਜੀਤ ਸਿੰਘ ਪਡਿਆਲਾ ਨੇ ਦੱਸਿਆ ਕਿ ਸ਼ਹਿਰ ਵਾਸੀਆਂ ਦੀ ਇਸ ਮੰਗ ਨੂੰ ਪੂਰਾ ਕਰਦਿਆਂ ਨਗਰ ਕੌਂਸਲ ਵੱਲੋਂ ਕਰੀਬ 24 ਲੱਖ ਰੁਪਏ ਦੀ ਲਾਗਤ ਨਾਲ ਨਾਲੇ ਵਿੱਚ ਪਾਈਪਾਂ ਪਾਉਣ ਦੇ ਨਾਲ ਨਾਲ ਪੇਵਰ ਬਲਾਕ ਲਗਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ ਗਈ ਹੈ। ਪਡਿਆਲਾ ਨੇ ਕਿਹਾ ਕਿ ਉਹ ਸ਼ਹਿਰ ਵਾਸੀਆਂ ਨਾਲ ਕੀਤੇ ਵਾਅਦਿਆਂ ਨੂੰ ਇੱਕ ਇੱਕ ਪੂਰਾ ਕਰ ਰਹੇ ਹਨ ਅਤੇ ਸ਼ਹਿਰ ਦੇ ਕਰੀਬ ਹਰੇਕ ਵਾਰਡ ਵਿੱਚ ਬਿਨਾਂ ਵਿਤਕਰੇ ਅਤੇ ਬਿਨਾਂ ਭੇਦਭਾਵ ਤੋਂ ਵਿਕਾਸ ਕਾਰਜਾਂ ਦੀ ਲੜੀ ਲਗਾਤਾਰ ਜਾਰੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੌਂਸਲਰ ਜਸਵਿੰਦਰ ਗੋਲਡੀ, ਰਮਾਕਾਂਤ ਕਾਲੀਆ ਕੌਂਸਲਰ, ਹੈਪੀ ਧੀਮਾਨ ਸੀਨੀਅਰ ਯੂਥ ਕਾਂਗਰਸੀ ਆਗੂ, ਲੱਕੀ ਕੌਂਸਲਰ, ਜੀਤਾ ਕੌਂਸਲਰ, ਅਮਰੀਕ ਸਿੰਘ ਮਾਵੀ ਠੇਕੇਦਾਰ, ਮਨਜਿੰਦਰ ਸਿੰਘ ਸਾਬੀ, ਜੱਗੀ ਗੌਤਮ, ਪਰਮਜੀਤ ਸਿੰਘ ਪੰਮੀ, ਦਿਨੇਸ਼ ਗੌਤਮ, ਕੌਂਸਲ ਅਧਿਕਾਰੀ ਸਮੇਤ ਸ਼ਹਿਰ ਦੇ ਮੁਹਤਬਰ ਹਾਜ਼ਰ ਸਨ।

# ਰੋਟਰੀ ਕਲੱਬ ਵੱਲੋਂ ਜ਼ਿਲ੍ਹਾ ਗਵਰਨਰ ਦੇ ਅਧਿਕਾਰਤ ਦੌਰੇ ਮੌਕੇ ਕੀਤਾ ਸਮਾਰੋਹ

**ਹੁਸ਼ਿਆਰਪੁਰ, ( ਬਲਬੀਰ ਸਿੰਘ ਸੈਣੀ )** ਰੋਟਰੀ ਕਲੱਬ ਹੁਸ਼ਿਆਰਪੁਰ ਵੱਲੋਂ ਇੱਕ ਵਿਸ਼ਾਲ ਸਮਾਰੋਹ ਭਾਗਿਆਧਾਰਾ ਭਵਨ ਹਰਿਆਣਾ ਰੋਡ ਹੁਸ਼ਿਆਰਪੁਰ ਵਿਖੇ ਪ੍ਰਧਾਨ ਯੋਗੇਸ਼ ਚੰਦਰ ਦੀ ਅਗਵਾਈ ਵਿੱਚ ਆਯੋਜਿਤ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ’ਤੇ ਡਾਕਟਰ ਦੁਸ਼ਯੰਤ ਚੌਧਰੀ, ਜ਼ਿਲ੍ਹਾ ਗਵਰਨਰ, ਜ਼ਿਲ੍ਹਾ 3070 ਅਤੇ ਕਲੱਬ ਦੀ ਪਹਿਲੀ ਮਹਿਲਾ ਡਾ. ਸ਼ਿਵਾਨੀ ਚੌਧਰੀ ਅਤੇ ਵਿਸ਼ੇਸ਼ ਰੂਪ ਵਿੱਚ ਪੀ ਡੀ ਜੀ ਜੀ ਐਸ ਬਾਵਾ, ਸੁਰਿੰਦਰ ਵਿਜ, ਅਰੁਣ ਜੈਨ ਅਤੇ ਸਹਾਇਕ ਗਵਰਨਰ ਰਾਜਿੰਦਰ ਕੁਮਾਰ ਮੋਦਗਿੱਲ ਹਾਜ਼ਰ ਹੋਏ। ਕਾਲਰ ਸੈਰੀਮਨੀ, ਰਾਸ਼ਟਰੀ ਗੀਤ ਤੋਂ ਬਾਅਦ ਆਏ ਹੋਏ ਮਹਿਮਾਨਾਂ ਦਾ ਜੀ ਐਸ ਬਾਬਾ ਵੱਲੋਂ ਸਵਾਗਤ ਕੀਤਾ ਗਿਆ। ਇਸ ਦੌਰਾਨ ਮਹਿਮਾਨਾਂ ਨੂੰ ਫੁੱਲਾਂ ਦੇ ਗੁਲਦਸਤੇ ਅਤੇ ਸ਼ਾਲ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਗਵਰਨਰ ਨੂੰ ਕਲੱਬ ਦੇ ਉਪ ਸਕੱਤਰ ਵਿਸ਼ਾਲ ਸੈਣੀ ਨੇ ਸਕੱਤਰ ਰਿਪੋਰਟ ਪੜ੍ਹ ਕੇ ਸੁਣਾਈ ਅਤੇ ਆਉਣ ਵਾਲੇ ਪ੍ਰੋਜੈਕਟਾਂ ਦੀ ਜਾਣਕਾਰੀ ਦਿੱਤੀ। ਰੋਟਰੀ ਕਲੱਬ ਦੇ ਮੈਂਬਰਾਂ ਨੇ 1500 ਅਮਰੀਕਨ ਡਾਲਰ ਦਾ ਯੋਗਦਾਨ ਜ਼ਿਲ੍ਹਾ ਗਵਰਨਰ ਰੋਟਰੀ ਫਾਊਡੇਸ਼ਨ ਲਈ ਦਿੱਤਾ ਤਾਂ ਕਿ ਰੋਟਰੀ ਇੰਟਰਨੈਸ਼ਨਲ ਦੇਸ਼ ਦੇ ਵੱਖ-ਵੱਖ ਪ੍ਰੋਜੈਕਟਾਂ ਵਿੱਚ ਇਸ ਦੀ ਵਰਤੋਂ ਕਰ ਸਕੇ। ਮੁੱਖ ਮਹਿਮਾਨ ਡਾ. ਦੁਸ਼ਯੰਤ ਚੌਧਰੀ ਨੇ ਆਪਣੇ ਸੰਬੋਧਨ ਵਿੱਚ ਕਲੱਬ ਦੀ ਕਾਰਗੁਜ਼ਾਰੀ ਦੀ ਤਾਰੀਫ ਕੀਤੀ ਅਤੇ ਕਲੱਬ ਦੀ ਮੰਗ ਤੇ ਆਈ ਕੈਂਪ ਵਿੱਚ ਆਪਰੇਸ਼ਨਾਂ ਲਈ 1 ਲੱਖ ਦੀ ਸਹਾਇਤਾ ਰਾਸ਼ੀ ਦੇਣ ਦਾ ਵਚਨ ਦਿੱਤਾ। ਇਸ ਮੌਕੇ ਜ਼ੋਨਲ ਚੇਅਰਮੈਨ ਰਾਜਨ ਅਰੋੜਾ, ਸਹਾਇਕ ਗਵਰਨਰ ਰਾਜਿੰਦਰ ਮੋਦਗਿਲ, ਪ੍ਰਧਾਨ ਯੋਗੇਸ਼ ਚੰਦਰ, ਪੀ ਡੀ ਜੀ ਅਰੁਣ ਜੈਨ ਨੇ ਵੀ ਆਪਣੇ-ਆਪਣੇ ਵਿਚਾਰ ਰੱਖੇ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਲੈਂਪੀ ਆਹਲੂਵਾਲੀਆ ਨੇ ਬਾਖੂਬੀ ਨਿਭਾਈ।

ਇਸ ਮੌਕੇ ਪ੍ਰਧਾਨ ਯੋਗੇਸ਼ ਚੰਦਰ, ਪੀ ਡੀ ਜੀ ਜੀ ਐਸ ਬਾਵਾ, ਅਰੁਣ ਜੈਨ, ਸੁਰਿੰਦਰ ਵਿਜ, ਸਹਾਇਕ ਗਵਰਨਰ ਰਾਜਿੰਦਰ ਮੋਦਗਿਲ, ਅਸ਼ੋਕ ਜੈਨ, ਰਵੀ ਜੈਨ, ਓਮਕਾਂਤਾ, ਨਰੇਸ਼ ਜੈਨ, ਸਨੇਹ ਜੈਨ, ਚਤੁਰਭੁਜ ਜੋਸ਼ੀ, ਸੰਜੀਵ ਅਰੋੜਾ, ਜੇਵੀ ਬਹਿਲ, ਡਾ. ਨਰੇਸ਼ ਸੂਦ, ਡਾ. ਰਣਜੀਤ, ਡਾ. ਬਲਵਿੰਦਰ ਸਿੰਘ, ਐਸ ਐਮ ਓਡਾ. ਸ਼ਵਾਤੀ ਸੈਣੀ, ਪ੍ਰਿੰਸੀਪਲ ਲਲਿਤਾ ਅਰੋੜਾ, ਮੀਨਾ ਜੈਨ, ਚੰਦਰ ਸੂਰੀਨ, ਸੰਜੀਵ ਕੁਮਾਰ, ਅਸ਼ੋਕ ਮਲਹੋਤਰਾ, ਪ੍ਰਸ਼ਾਂਤ ਸੇਠੀ, ਮੀਨੂੰ ਸੇਠੀ, ਕਰਣ ਸ਼ਰਮਾ, ਦਿਨੇਸ਼ ਨਾਗਪਾਲ।

# ਨਜਾਇਜ਼ ਕਬਜ਼ਿਆਂ ਖਿਲਾਫ ਕਾਰਵਾਈ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** ਨਜਾਇਜ਼ ਕਬਜ਼ਿਆਂ ਦਾ ਗੜ੍ਹ ਮੰਨਿਆ ਜਾਣ ਵਾਲਾ ਨਕੋਦਰ ਸ਼ਹਿਰ ਵਿਖੇ ਸਮਾਜ ਸੇਵੀ ਜੋਤੀ ਅਰੋੜਾ ਵੱਲੋਂ ਨਜਾਇਜ਼ ਉਸਾਰੀ ਖਿਲਾਫ ਦਿੱਤੀ ਇਕ ਦਰਖਾਸਤ ਉਪਰ ਕਾਰਵਾਈ ਕਰਦੇ ਹੋਏ ਨਗਰ ਕੌਂਸਲ ਨਕੋਦਰ ਵੱਲੋਂ ਨਜਾਇਜ਼ ਉਸਾਰੀ ’ਤੇ ਪੀਲਾ ਪੰਜਾ ਚਲਾ ਦਿੱਤਾ ਗਿਆ। ਦੱਸਣਯੋਗ ਹੈ ਕੀ ਸਮਾਜ ਸੇਵਿਕਾ ਵੱਲੋਂ ਜਦੋਂ ਇਹ ਉਸਾਰੀ ਸੁਰੂ ਹੋਈ ਹੈ ਉਸ ਮੌਕੇ ਤੋਂ ਹੀ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਸਮੇਂ-ਸਮੇਂ ਸਿਰ ਸੂਚਿਤ ਕੀਤਾ ਗਿਆ ਪਰ ਅਧਿਕਾਰੀਆਂ ਵੱਲੋਂ ਅਣਗਹਿਲੀ ਵਰਤੀ ਗਈ ਦੇਖਦੇ ਕਾਬਜ਼ਕਾਰ ਵਲੋਂ ਇਸ ਜਗ੍ਹਾ ’ਤੇ ਨਵੀ ਨੀਂਹ ਤੋ ਲੈ ਕੇ ਛੱਤ ਦਾ ਲੈਂਟਰ ਤੱਕ ਪਵਾ ਲਿਆ ਗਿਆ ਪਰ ਨਗਰ ਕੌਂਸਲ ਅਧਿਕਾਰੀਆਂ ਵਲੋਂ ਕੋਈ ਵੀ ਕਾਰਵਾਈ ਅਮਲ ’ਚ ਨਹੀਂ ਲਿਆਂਦੀ ਗਈ ਨਾ ਹੀ ਬਿਲਡਿੰਗ ’ਤੇ ਕੋਈ ਕਾਰਵਾਈ ਕੀਤੀ ਗਈ। ਮਾਮਲਾ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ। ਇਕ ਸ਼ਿਕਾਇਤ ਪੱਤਰ ਏ ਡੀ ਸੀ ਡਿਵੈਲਪਮੈਂਟ ਜਲੰਧਰ ਨੂੰ ਦਿੱਤਾ ਗਿਆ। ਨਕੋਦਰ ਸ਼ਹਿਰ ਪੁਰਾਣੇ ਸਮੇਂ ਦੇ ਕਾਰਜ ਸਾਧਕ ਅਫਸਰ ਥੋੜ੍ਹਾ ਜਿਹਾ ਪੀਲਾ ਪੰਜਾ ਚਲਾ ਕੇ ਕੰਮ ਰੋਕ ਦਿੱਤਾ ਗਿਆ ਤੇ ਇਹ ਨਜਾਇਜ਼ ਉਸਾਰੀ ਨੂੰ ਪੂਰਨ ਤਰੀਕੇ ਨਾਲ ਰੋਕਣ ਤੇ ਇਸ ਕੰਮ ਨੇਪਰੇ ਚਾੜ੍ਹਨ ਦਾ ਕੰਮ ਨਵ ਨਿਯੁਕਤ ਅਤੇ ਸਿੰਘਮ ਨਾਮ ਤੋਂ ਜਾਣੇ ਜਾਂਦੇ ਕਾਰਜ ਸਾਧਕ ਅਫਸਰ ਰਣਧੀਰ ਕੁਮਾਰ ਨੇ ਅਫਸਰਾਂ ਦੁਆਰਾ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਰਵਾਈ ਕਰਦੇ ਹੋਏ ਨਾਜਾਇਜ਼ ਉਸਾਰੀ ਵਾਲੀ ਜਗ੍ਹਾ ’ਤੇ ਨਗਰ ਕੌਂਸਲ ਵੱਲੋਂ ਆਪਣੇ ਕਬਜ਼ੇ ’ਚ ਲੈ ਲਿਆ ਗਿਆ । ਜਦੋਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸਮਾਜ ਸੇਵੀ ਜੋਤੀ ਅਰੋੜਾ ਨੇ ਦੱਸਿਆ ਕਿ ਸ਼ਹਿਰ ਵਿੱਚ ਹੋ ਰਹੀਆਂ ਧੜੱਲੇ ਨਾਲ ਨਜਾਇਜ ਉਸਾਰੀਆਂ ਅਤੇ ਕਬਜ਼ਿਆਂ ਖਿਲਾਫ ਜੋ ਕਿ ਸਰਕਾਰ ਨੂੰ ਵੀ ਲੱਖਾਂ ਦਾ ਚੂਨਾ ਲਾਉਂਦੇ ਹਨ ਉਨ੍ਹਾਂ ਖਿਲਾਫ ਇਸੇ ਤਰਾਂ ਡਟ ਕੇ ਖੜ੍ਹੇ ਰਹਿਣਗੇ। ਉਹਨਾਂ ਦੁਆਰਾ ਇਹ ਵੀ ਜਾਣਕਾਰੀ ਦਿੱਤੀ ਗਈ ਜਲਦ ਹੀ ਨਕੋਦਰ ਸ਼ਹਿਰ ’ਚ ਬਣ ਰਹੀਆਂ ਨਜਾਇਜ਼ ਕਲੋਨੀਆਂ ਅਤੇ ਹੋਰ ਨਜਾਇਜ਼ ਕਬਜ਼ਿਆਂ ਖਿਲਾਫ ਜਲਦ ਹੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਵਣ ਰੇਂਜ ਅਫਸਰ ਅਤੇ ਉਪ ਵਣ ਰੇਂਜ ਅਫਸਰ ਐਸੋਸੀਏਸ਼ਨ ਪੰਜਾਬ ਦੀ ਚੋਣ ਫਿਲੌਰ ਵਿਖੇ ਕੀਤੀ ਗਈ ਜਿਸ ਵਿਚ ਪ੍ਰਧਾਨ ਇਕਬਾਲ ਸਿੰਘ ਧੂਰੀ, ਜਨਰਲ ਸਕੱਤਰ ਮਹਿੰਦਰਪਾਲ ਸਿੰਘ, ਵਿੱਤ ਸਕੱਤਰ ਸੰਜੀਵ ਕੁਮਾਰ, ਸੀਨੀਅਰ ਮੀਤ ਪ੍ਰਧਾਨ ਮਨਦੀਪ ਸਿੰਘ ਢਿੱਲੋਂ, ਉਪ ਪ੍ਰਧਾਨ ਭੁਪਿੰਦਰ ਸਿੰਘ, ਸਹਾਇਕ ਸਕੱਤਰ ਮੋਹਨ ਸਿੰਘ, ਕੋਆਰਡੀਨੇਟਰ ਰਘਬੀਰ ਸਿੰਘ, ਪ੍ਰੈੱਸ ਸਕੱਤਰ ਅਸ਼ੋਕ ਕੁਮਾਰ ਜੋ ਕਿ ਸਰਬਸੰਮਤੀ ਨਾਲ ਚੁਣੇ ਗਏ ।

# ਮੀਜ਼ਲ ਰੂਬੇਲਾ ਦੇ 2023 ਤੱਕ ਖਾਤਮੇ ਦਾ ਟੀਚਾ, 2025 ਤੱਕ ਹੋਵੇਗਾ ਟੀ ਬੀ ਮੁਕਤ ਪੰਜਾਬ : ਸਿਵਲ ਸਰਜਨ

**ਜਲੰਧਰ, (ਸੁਰਿੰਦਰ ਕੁਮਾਰ, ਸ਼ੈਲੀ ਅਲਬਰਟ)** ਸਥਾਨਕ ਜਲੰਧਰ ਵਿੱਚ ਕੰਮ ਕਰਦੀਆਂ ਸਿਹਤ ਵਿਭਾਗ ਦੀਆਂ ਵੱਖ-ਵੱਖ ਸੇਵਾਵਾਂ ਦੀ ਸਮੀਖਿਆ ਕਰਦਿਆਂ ਕਿਹਾ ਕਿ ਮੀਜ਼ਲ ਰੂਬੇਲਾ ਦੇ 2023 ਤੱਕ ਖਾਤਮੇ ਦੇ ਟੀਚੇ ਨੂੰ ਹਰ ਹਾਲ ਸਰ ਕੀਤੇ ਜਾਣ ਦੇ ਨਾਲ-ਨਾਲ 2025 ਤੱਕ ਟੀ.ਬੀ.ਮੁਕਤ ਪੰਜਾਬ ਤਹਿਤ ਜ਼ਿਲ੍ਹੇ ਵਿੱਚ ਮਿਥਿਆ ਟੀਚਾ ਵੀ ਪੂਰਾ ਕੀਤਾ ਜਾਵੇ। ਇਸ ਸਬੰਧ ਵਿੱਚ ਜਲੰਧਰ ਦੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੇਜਰ ਅਮਿਤ ਮਹਾਜਨ ਸਿਵਲ ਸਰਜਨ ਡਾ.ਰਮਨ ਸ਼ਰਮਾ ਅਤੇ ਸਿਹਤ ਵਿਭਾਗ ਦੇ ਹੋਰਨਾਂ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਵਧੀਕ ਡਿਪਟੀ ਕਮਿਸ਼ਨਰ ਨੇ ਡੇਂਗੂ ਦੇ ਮੱਦੇਨਜ਼ਰ ਵੱਖ-ਵੱਖ ਗਤੀਵਿਧੀਆਂ ਨੂੰ ਜ਼ਮੀਨੀ ਪੱਧਰ ਤੱਕ ਅਸਰਦਾਰ ਢੰਗ ਨਾਲ ਲਿਜਾਣ ਦੀ ਤਾਕੀਦ ਕਰਦਿਆਂ ਕਿਹਾ ਕਿ ਇਨ੍ਹਾਂ ਰਾਹੀਂ ਡੇਂਗੂ ਦੇ ਫੈਲਾਅ ਨੂੰ ਰੋਕਿਆ ਜਾ ਸਕਦਾ ਹੈ। ਮੇਜਰ ਅਮਿਤ ਮਹਾਜਨ ਨੇ ਕੋਵਿਡ-19 ਟੀਕਾਕਰਨ ਦੀ ਮੌਜੂਦਾ ਪ੍ਰਗਤੀ ਅਤੇ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਵੀ ਜਾਇਜ਼ਾ ਲਿਆ । ਉਨ੍ਹਾਂ ਨੇ ਦਿਵਿਆਂਗ ਵਿਅਕਤੀਆਂ ਨੂੰ ਵਿਲੱਖਣ ਪਹਿਚਾਣ ਪੱਤਰ (ਯੂ.ਡੀ.ਆਈ.ਡੀ.) ਮੁਹੱਈਆ ਕਰਵਾਉਣ ਅਤੇ ਆਰ.ਬੀ.ਐਸ.ਕੇ.ਪ੍ਰੋਗਰਾਮ ਤਹਿਤ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਬੱਚਿਆਂ ਅਤੇ ਆਂਗਨਵਾੜੀ ਸੈਂਟਰਾਂ ਦੇ ਬੱਚਿਆਂ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਿਹਤ ਸਹੂਲਤਾਂ ਦਾ ਵੀ ਜਾਇਜ਼ਾ ਲਿਆ। ਮੇਜਰ ਅਮਿਤ ਸਰੀਨ ਨੇ ਜ਼ਿਲ੍ਹੇ ਅੰਦਰ ਚੱਲ ਰਹੇ 6 ਆਮ ਆਦਮੀ ਕਲੀਨਿਕ ਰਾਹੀਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦੀ ਵੀ ਸਮੀਖਿਆ ਕੀਤੀ ਜਿਸ ’ਤੇ ਸਿਵਲ ਸਰਜਨ ਡਾ.ਰਮਨ ਸ਼ਰਮਾ ਵਲੋਂ ਦੱਸਿਆ ਗਿਆ ਕਿ ਅਕਤੂਬਰ ਮਹੀਨੇ ਵਿੱਚ ਓ.ਪੀ.ਡੀ.ਦੀ ਗਿਣਤੀ 9029 ਅਤੇ 553 ਟੈਸਟ ਕਰਵਾਏ ਗਏ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਲੀਨਿਕਾਂ ਵਿੱਚ ਹੁਣ ਤੱਕ ਓ.ਪੀ.ਡੀ. ਦੀ ਗਿਣਤੀ 22015 ਹੈ ਅਤੇ 1230 ਲੈਬ ਟੈਸਟ ਕਰਵਾਏ ਜਾ ਚੁੱਕੇ ਹਨ। ਟੀ.ਬੀ. ਦੇ ਕੇਸਾਂ ਸੰਬਧੀ ਸਿਵਲ ਸਰਜਨ ਵਲੋਂ ਦਸਿਆ ਗਿਆ ਹੈ ਕਿ ਜ਼ਿਲ੍ਹੇ ਵਿੱਚ ਜਨਵਰੀ-2022 ਤੋਂ ਹੁਣ ਤੱਕ 3396 ਟੀ.ਬੀ. ਦੇ ਮਰੀਜ਼ਾਂ ਸ਼ਨਾਖਤ ਕੀਤੀ ਜਾ ਚੁੱਕੀ ਹੈ ਜਿਨ੍ਹਾਂ ਵਿਚੋਂ 2240 ਦਾ ਇਲਾਜ ਜਾਰੀ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਜਾਗਰੂਕਤਾ ਰਾਹੀਂ ਵੱਧ ਤੋਂ ਵੱਧ ਟੀ.ਬੀ. ਦੇ ਮਰੀਜ਼ਾਂ ਦਾ ਪਤਾ ਲਗਾ ਰਹੀਆਂ ਹਨ ਤਾਂ ਜੋ ਉਨ੍ਹਾਂ ਦਾ ਸਮੇਂ ਸਿਰ ਢੁਕਵਾਂ ਇਲਾਜ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਮੀਜ਼ਲ ਰੂਬੇਲਾ ਦਾ ਟੀਕਾਕਰਨ 100 ਫੀਸਦੀ ਤੋਂ ਪਾਰ ਹੋ ਚੁੱਕਾ ਹੈ ਜੇਕਰ ਫਿਰ ਵੀ ਕੋਈ ਬੱਚਾ ਇਸ ਟੀਕਾਕਰਨ ਤੋਂ ਵਾਂਝਾ ਰਹਿ ਗਿਆ ਹੋਵੇ ਤਾਂ ਉਹ ਆਂਗਨਵਾੜੀ ਵਰਕਰਾਂ ਰਾਹੀਂ ਨੇੜਲੇ ਸੈਂਟਰਾਂ ਤੋਂ ਟੀਕਾਕਰਨ ਕਰਵਾ ਸਕਦਾ ਹੈ। ਮੀਟਿੰਗ ਦੌਰਾਨ ਨਗਰ ਨਿਗਮ ਅਧਿਕਾਰੀਆਂ ਨੂੰ ਵੀ ਨਿਰਦੇਸ਼ ਦਿੱਤੇ ਗਏ ਕਿ ਉਹ ਡੇਂਗੂ ਸਰਵੇ ਦੌਰਾਨ ਲਾਰਵਾ ਪਾਏ ਜਾਣ ਵਾਲੇ ਸਥਾਨਾਂ ਦੇ ਚਲਾਨ ਜਾਰੀ ਕਰਨ ਤਾਂ ਜੋ ਡੇਂਗੂ ਪ੍ਰਭਾਵੀ ਢੰਗ ਨਾਲ ਰੋਕਿਆ ਜਾ ਸਕੇ।

14-NOV-PAGE-9.qxd 11/13/2022 10:33 PM Page 1



# ਕਰੈਸ਼ਰ ਮਾਲਕਾਂ ਤੋਂ ਮਹੀਨਾਵਾਰ ਉਗਰਾਹੀ ਕਰਨ ਦੀ ਆਡੀਓ ਵਾਇਰਲ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)** ਪੰਜਾਬ ਦੇ ਮਾਈਨਿੰਗ ਮੰਤਰੀ ਦੇ ਆਪਣੇ ਹਲਕੇ ਸ੍ਰੀ ਆਨੰਦਪੁਰ ਸਾਹਿਬ 'ਚ ਪਿਛਲੇ ਦਿਨੀਂ ਡੀ ਸਿਲਟਿੰਗ ਦਾ ਕੰਮ ਬੰਦ ਕਰਵਾਉਣ ਲਈ ਲਗਾਏ ਗਏ ਧਰਨੇ ਤੋਂ ਹੁਣ ਕਰੈਸ਼ਰ ਮਾਲਕਾਂ ਦੇ ਵੱਲੋਂ ਨੂਰਪੁਰਬੇਦੀ ਵਿਖੇ ਇੱਕ ਵਿਸ਼ੇਸ਼ ਪ੍ਰੈੱਸ ਕਾਨਫਰੰਸ ਕਰਕੇ ਉਕਤ ਧਰਨੇ 'ਚ ਸ਼ਾਮਲ ਦੋ ਸੰਘਰਸ਼ ਕਮੇਟੀ ਦੇ ਮੈਂਬਰਾਂ ਜਿਨ੍ਹਾਂ ਦੇ ਵੱਲੋਂ ਉਨ੍ਹਾਂ ਨੂੰ ਬੀਤੇ ਸਮੇਂ 'ਚ ਮਹੀਨਾਵਾਰ ਮਾਈਨਿੰਗ ਕਰਵਾਉਣ ਲਈ ਪੈਸੇ ਲੈ ਜਾਂਦੇ ਸਨ ,ਉਨ੍ਹਾਂ ਦੀ ਆਡੀਓ ਪੱਤਰਕਾਰਾਂ ਨੂੰ ਸੌਂਪਦਿਆਂ ਹੋਇਆਂ ਉਕਤ ਵਿਅਕਤੀਆਂ 'ਤੇ ਗੰਭੀਰ ਦੋਸ਼ ਲਗਾਏ ਹਨ। ਉੱਥੇ ਹੀ ਇਸ ਪ੍ਰੈੱਸ ਕਾਨਫਰੰਸ ਦੌਰਾਨ ਕਰੈਸ਼ਰ ਮਾਲਕਾਂ ਨੇ ਸੰਘਰਸ਼ ਕਮੇਟੀ ਦੇ ਕੁਝ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਬੀਤੇ ਸਮੇਂ ਵਿੱਚ ਪੈਸੇ ਲੈਣ ਲਈ ਤੰਗ ਪਰੇਸ਼ਾਨ ਕਰਨ ਦੇ ਦੋਸ਼ ਲਗਾਏ। ਉਨ੍ਹਾਂ ਕਿਹਾ ਕਿ ਇਲਾਕੇ ਦੇ ਸਮੁੱਚੇ ਕਰੈਸ਼ਰਾਂ ਤੋਂ ਉਕਤ ਵਿਅਕਤੀਆਂ ਵੱਲੋਂ ਮਹੀਨਾਵਾਰ ਪੈਸੇ ਲੈ ਜਾਂਦੇ ਰਹੇ ਹਨ ਅਤੇ ਇਹ ਵਿਅਕਤੀ ਇਲਾਕੇ ਦੇ ਭੋਲੇ ਭਾਲੇ ਲੋਕਾਂ ਨੂੰ ਗੁਮਰਾਹ ਕਰਕੇ ਧਰਨਾ ਪ੍ਰਦਰਸ਼ਨ ਕਰਵਾਉਂਦੇ ਹਨ ਅਤੇ ਬਾਅਦ ਵਿੱਚ ਮਾਈਨਿੰਗ ਚਲਾਉਣ ਲਈ ਪੈਸੇ ਦੇ ਲੈਣ ਦੇਣ ਕਰਕੇ ਕਰੈਸ਼ਰ ਮਾਲਕਾਂ ਨਾਲ ਸੈਟਿੰਗ ਕਰਦੇ ਹਨ। ਉੱਥੇ ਹੀ ਇਨ੍ਹਾਂ ਕਰੈਸ਼ਰ ਮਾਲਕਾਂ ਨੇ ਪੰਜਾਬ ਦੇ ਮਾਈਨਿੰਗ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਬਣਾਈ ਗਈ ਮਾਈਨਿੰਗ ਪਾਲਸੀ ਦੀ ਵੀ ਸ਼ਲਾਘਾ ਕੀਤੀ ਅਤੇ ਕਿਹਾ ਹੈ ਕਿ ਉਕਤ ਵਿਅਕਤੀ ਸਮੇਂ ਸਮੇਂ ਸਿਰ ਹਰਜੋਤ ਸਿੰਘ ਬੈਂਸ ਨੂੰ ਬਦਨਾਮ ਕਰਨ ਦੀ ਸਕੀਮਾਂ ਘੜੀ ਬੈਠੇ ਸਨ ਜੋ ਕਿ ਸਾਫ ਸਾਫ ਉਕਤ ਆਡੀਓ ਵਿੱਚ ਸੁਣਿਆ ਜਾ ਸਕਦਾ ਹੈ। ਇਸ ਮੌਕੇ ਸਮੁੱਚੇ ਕਰੈਸ਼ਰ ਮਾਲਕਾਂ ਨੇ ਦੱਸਿਆ ਕਿ ਉਨ੍ਹਾਂ ਦੇ ਪੈਸੇ ਨੂੰ ਲੈਣ ਦੇਣ ਦੇ ਸਾਰੇ ਸਬੂਤ ਵ੍ਹੱਟਸਐਪ ਦਾ ਰਿਕਾਰਡ ਅਤੇ ਗੱਲਬਾਤ ਦੀ ਆਡੀਓ ਪ੍ਰਸ਼ਾਸਨਕ ਅਧਿਕਾਰੀਆਂ ਤੇ ਮਾਈਨਿੰਗ ਮੰਤਰੀ ਹਰਜੋਤ ਬੈਂਸ ਨੂੰ ਨੂੰ ਸੌਂਪਣ ਦੀ ਗੱਲ ਆਖੀ ਤੇ ਉਨ੍ਹਾਂ ਨੇ ਉਕਤ ਮਾਮਲੇ ਦੀ ਸੀ ਬੀ ਆਈ ਜਾਂਚ ਦੀ ਮੰਗ ਕੀਤੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਦੀਪ ਸਿੰਘ ਸੰਘਾ, ਦਲਵੀਰ ਸਿੰਘ, ਨਸੀਬ ਸਰਪੰਚ, ਵਿੱਕੀ ਪਲਾਟਾ, ਮਨਪ੍ਰੀਤ ਗਿੱਲ, ਮਨਜਿੰਦਰ ਸਿੰਘ, ਬਲਵੀਰ ਸ਼ਿੰਘ, ਪ੍ਰਦੀਪ ਕੁਮਾਰ, ਸੁਖਬੀਰ ਸਿੰਘ , ਕਾਲਾ ਲੰਬਰ , ਗੁਰਦਿਆਲ ਸਿੰਘ ਪਲਾਟਾ , ਗੁਰਵਿੰਦਰ ਸਿੰਘ, ਫਤਿਹ ਸਿੰਘ, ਬਲਜਿੰਦਰ ਸਿੰਘ, ਸੁਖਬੀਰ ਸਿੰਘ ਆਦਿ ਕਰੈਸ਼ਰ ਮਾਲਕ ਮੌਕੇ 'ਤੇ ਮੌਜੂਦ ਸਨ

## ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮਹੀਨਾਵਾਰ ਮੀਟਿੰਗ

**ਹੁਸ਼ਿਆਰਪੁਰ, ( ਬਲਬੀਰ ਸਿੰਘ ਸੈਣੀ )** ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਹੁਸ਼ਿਆਰਪੁਰ ਦੀ ਮਹੀਨਾਵਾਰ ਮੀਟਿੰਗ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਉਂਕਾਰ ਸਿੰਘ ਪ੍ਰਧਾਨ, ਅਮਰੀਕ ਸਿੰਘ ਜਨਰਲ ਸਕੱਤਰ, ਜਗਜੀਤ ਸਿੰਘ ਜੱਗੀ ਡਿਪਟੀ ਜਨਰਲ ਸਕੱਤਰ ਅਤੇ ਬਲਦੇਵ ਸਿੰਘ ਵਾਈਸ ਚੇਅਰਮੈਨ ਨੇ ਆਪਣੇ ਸੰਬੋਧਨ ਵਿੱਚ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਲਈ ਡੀ ਏ ਦੀਆਂ ਦੋ ਕਿਸ਼ਤਾਂ 1-10-2022 ਤੋਂ ਨਗਦ ਦੇਣ ਦਾ ਸਵਾਗਤ ਕੀਤਾ ਅਤੇ ਨਾਲ ਹੀ ਰਹਿੰਦੀ ਇੱਕ ਕਿਸ਼ਤ 4 ਪ੍ਰਤੀਸ਼ਤ ਦੀ ਵੀ ਜਲਦੀ ਦੇਣ ਦੀ ਮੰਗ ਕੀਤੀ ਗਈ। ਇਸ ਉਪਰੰਤ ਯੂਨੀਅਨ ਆਗੂਆਂ ਨੇ ਮੁਲਾਜ਼ਮਾਂ ਲਈ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਦੇ ਐਕਸ਼ਨ ਦੇ ਐਲਾਨ ਦਾ ਵੀ ਸੁਆਗਤ ਕੀਤਾ ਅਤੇ ਛੇਤੀ ਤੋਂ ਛੇਤੀ ਨੋਟੀਫਿਕੇਸ਼ਨ ਜਾਰੀ ਕਰਨ ਦੀ ਮੰਗ ਕੀਤੀ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਵੀ ਦਿੱਤੀ ਜੇਕਰ ਪੁਰਾਣੀ ਪੈਨਸ਼ਨ ਬਹਾਲੀ ਦੇ ਨੋਟੀਫਿਕੇਸ਼ਨ ਵਿਚ ਕਿਸੇ ਤਰ੍ਹਾਂ ਦੀ ਸ਼ਰਤ ਜਾਂ ਕਿਸੇ ਤਰ੍ਹਾਂ ਦੀ ਮਿਲਦੀ ਸਹੂਲਤ ਨੂੰ ਬੰਦ ਕੀਤਾ ਗਿਆ ਤਾਂ ਯੂਨੀਅਨ ਉਸ ਦਾ ਸਖ਼ਤ ਵਿਰੋਧ ਕਰੇਗੀ। ਇਸ ਤੋਂ ਇਲਾਵਾ ਪੈਨਸ਼ਨਰਜ਼ ਆਗੂਆਂ ਨੇ ਡੀ ਏ ਦਾ ਪਿਛਲਾ 172 ਮਹੀਨਿਆਂ ਦਾ ਬਕਾਇਆ, ਛੇਵੇਂ ਤਨਖਾਹ ਕਮਿਸ਼ਨ ਦਾ ਬਕਾਇਆ, ਯਕਮੁਸ਼ਤ ਦੇਣ ਤੇ ਪੈਨਸ਼ਨਰਜ਼ ਨੂੰ 2.59 ਦਾ ਗੁਣਾਂਕ ਦੇਣ, ਕੈਸ਼ਲੈੱਸ ਸਕੀਮ ਸੋਧ ਕੇ ਲਾਗੂ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਅਤੇ ਜਿਨ੍ਹਾਂ ਕੈਟਾਗਰੀਆਂ 'ਤੇ ਛੇਵਾਂ ਤਨਖਾਹ ਕਮਿਸ਼ਨ ਲਾਗੂ ਨਹੀਂ ਹੋਇਆ ਉਨ੍ਹਾਂ ਕੈਟਾਗਰੀਆਂ ਨੂੰ ਵੀ ਇਸ ਦਾ ਲਾਭ ਦਿੱਤੇ ਜਾਣ ਦੀ ਮੰਗ ਕੀਤੀ। ਉਪਰੋਕਤ ਤੋਂ ਇਲਾਵਾ ਮੀਟਿੰਗ ਵਿੱਚ ਗੁਲਸ਼ਨ ਰਾਏ ਸਿੰਘ ਐਨ ਆਰ ਆਈ ਅਤੇ ਬਲਵੀਰ ਸਿੰਘ ਐਨ ਆਰ ਆਈ ਵੀ ਮੀਟਿੰਗ ਵਿੱਚ ਸ਼ਾਮਲ ਹੋਏ।

ਇਸ ਤੋਂ ਇਲਾਵਾ ਜੋਗਿੰਦਰ ਸਿੰਘ, ਕੁਲਦੀਪ ਸਿੰਘ ਸੈਣੀ, ਬਿੱਕਰ ਸਿੰਘ, ਗੁਰਦੇਵ ਸਿੰਘ, ਕ੍ਰਿਸ਼ਨ ਲਾਲ, ਹਰਦੇਵ ਲਾਲ, ਮਹਿੰਦਰ ਸਿੰਘ, ਦਲਵਿੰਦਰ ਸਿੰਘ, ਸੁਰਿੰਦਰ ਸਿੰਘ, ਕੇਵਲ ਰਾਮ, ਜਸਵੰਤ ਸਿੰਘ, ਦਵਿੰਦਰ ਸਿੰਘ, ਬਲਵੀਰ ਸਿੰਘ, ਸੁਰਿੰਦਰ ਸਿੰਘ, ਸਰਵਣ ਸਿੰਘ ਐਨ ਆਰ ਆਈ, ਗੁਰਚਰਨ ਸਿੰਘ, ਜਸਵੰਤ ਸਿੰਘ, ਸਤਨਾਮ ਸਿੰਘ, ਗੁਣਵੰਤ ਸਿੰਘ, ਗੁਰਮੇਲ ਸਿੰਘ, ਗੁਰਮੀਤ ਸਿੰਘ, ਸੁਦਰਸ਼ਨ ਕੁਮਾਰ ਆਦਿ ਹਾਜ਼ਰ ਸਨ।

## ਖਾਲਸਾ ਕਾਲਜ 'ਚ ਬੀ ਐੱਸ ਸੀ ਦੇ ਛੇਵੇਂ ਸਮੈਸਟਰ ਦਾ ਨਤੀਜਾ ਸ਼ਾਨਦਾਰ



**ਮਾਹਿਲਪੁਰ, (ਸਫਰੀ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਬੀ ਐੱਸ ਸੀ ਦੇ ਛੇਵੇਂ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਬਾਰੇ ਗੱਲ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ, ਕੈਮਿਸਟਰੀ ਵਿਭਾਗ ਦੇ ਮੁਖੀ ਪ੍ਰੋ. ਵਿਕਰਾਂਤ ਰਾਣਾ, ਫਿਜ਼ਿਕਸ ਵਿਭਾਗ ਦੇ ਮੁਖੀ ਪ੍ਰੋ. ਆਰਤੀ ਸ਼ਰਮਾ ਅਤੇ ਬਾਇਓਲੋਜੀ ਵਿਭਾਗ ਦੇ ਮੁਖੀ ਪ੍ਰੋ. ਨਵਦੀਪ ਕੌਰ ਨੇ ਦੱਸਿਆ ਕਿ ਬੀ ਐੱਸ ਸੀ ਦੇ ਛੇਵੇਂ ਸਮੈਸਟਰ ਦੇ ਨਤੀਜੇ ਵਿੱਚ ਵਿਦਿਆਰਥਣ ਹਰਦੀਪ ਕੌਰ ਨੇ 84.8 ਫੀਸਦੀ ਅੰਕ ਹਾਸਲ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸੇ ਤਰ੍ਹਾਂ ਵਿਦਿਆਰਥਣ ਸੰਜਨਾ ਨੇ 83.1 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਅਤੇ ਨਰਿੰਦਰ ਕੌਰ ਨੇ 82.3 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਮੌਕੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਸਮੇਤ ਸਾਇੰਸ ਵਿਭਾਗ ਦੇ ਸਮੂਹ ਅਧਿਆਪਕਾਂ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ 'ਤੇ ਮੁਬਾਰਕਬਾਦ ਦਿੱਤੀ ਅਤੇ ਹੋਰ ਮਿਹਨਤ ਲਈ ਪ੍ਰੇਰਿਤ ਕੀਤਾ।

## ਫਿੱਟ ਇੰਡੀਆ ਫਰੀਡਮ ਰਨ ਤਹਿਤ ਕੱਢੀ ਰੈਲੀ

**ਐਸ ਏ ਐਸ ਨਗਰ, (ਗੁਰਜੀਤ ਬਿੱਲਾ )** ਸਰਕਾਰੀ ਕਾਲਜ ਡੇਰਾ ਬੱਸੀ ਵਿਖੇ ਅੱਜ ਪ੍ਰਿੰਸੀਪਲ ਕਾਮਨਾ ਗੁਪਤਾ ਦੀ ਸਰਪ੍ਰਸਤੀ ਹੇਠ ਕਾਲਜ ਦੀ ਐੱਨ. ਐੱਸ. ਐੱਸ. ਅਤੇ ਰੈੱਡ ਰਿਬਨ ਕਮੇਟੀ ਵੱਲੋਂ ਅੱਜ 'ਫਿੱਟ ਇੰਡੀਆ ਫਰੀਡਮ ਰਨ 3.0' ਤਹਿਤ ਦੌੜ ਅਤੇ ਇਕ ਰੈਲੀ ਕਰਵਾਈ ਗਈ। ਭਾਰਤ ਸਰਕਾਰ ਦੀ 'ਆਜ਼ਾਦੀ ਕੇ 75 ਸਾਲ, ਫਿਟਨੈੱਸ ਰਹੇ ਬੇਮਿਸਾਲ' ਮੁਹਿੰਮ ਤਹਿਤ ਕਰਵਾਈ ਗਈ ਰੈਲੀ ਵਿਚ ਕੁੱਲ 200 ਵਿਦਿਆਰਥੀਆਂ ਨੇ ਭਾਗ ਲਿਆ। ਰੈਲੀ ਦੀ ਸ਼ੁਰੂਆਤ ਪ੍ਰਿੰਸੀਪਲ ਕਾਮਨਾ ਗੁਪਤਾ ਨੇ ਹਰੀ ਝੰਡੀ ਦੇ ਕੇ ਕੀਤੀ। ਇਸ ਦੇ ਨਾਲ ਹੀ ਇਕ ਦੌੜ ਵੀ ਕਰਵਾਈ ਗਈ ਜਿਸ ਵਿਚ ਕੁੱਲ 50 ਵਿਦਿਆਰਥੀਆਂ ਨੇ ਦੌੜ ਲਗਾਈ। ਇਸ ਮੌਕੇ ਡਾ. ਅਮਰਜੀਤ ਕੌਰ, ਡਾ. ਸੁਜਾਤਾ ਕੌਸ਼ਲ, ਪ੍ਰੋ. ਆਮੀ ਭੱਲਾ, ਪ੍ਰੋ. ਸਵਿਤਾ ਗੁਪਤਾ, ਪ੍ਰੋ. ਸਲੋਨੀ, ਪ੍ਰੋ. ਗੁਰਪ੍ਰੀਤ ਕੌਰ, ਪ੍ਰੋ. ਰਵਿੰਦਰ ਸਿੰਘ, ਡਾ. ਹਰਵਿੰਦਰ ਕੌਰ, ਪ੍ਰੋ. ਨਿਰਮਲ ਸਿੰਘ, ਪ੍ਰੋ. ਬਲਜਿੰਦਰ ਸਿੰਘ, ਪ੍ਰੋ. ਸੁਨੀਲ ਕੁਮਾਰ, ਪ੍ਰੋ. ਕਿਰਨਪ੍ਰੀਤ ਕੌਰ, ਪ੍ਰੋ. ਸ਼ਵੇਤਾ ਖਰਬੰਦਾ ਅਤੇ ਵਿਦਿਆਰਥੀ ਹਾਜ਼ਰ ਸਨ।

## ਭੋਗਪੁਰ 'ਚ ਵੱਖ ਵੱਖ ਵਾਰਡਾਂ ਦੇ ਕੰਮਾਂ ਦਾ ਉਦਘਾਟਨ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਜੀਤ ਲਾਲ ਭੱਟੀ ਹਲਕਾ ਇੰਚਾਰਜ ਆਦਮਪੁਰ ਅਤੇ ਨਗਰ ਕੌਂਸਲ ਪ੍ਰਧਾਨ ਮੰਜੂ ਅਗਰਵਾਲ ਵੱਲੋਂ ਵਾਰਡ ਨੰਬਰ 6 ਤੇ 11 ਵਿਖੇ ਨਵੀਂਆਂ ਗਲੀਆਂ ਅਤੇ ਡਰੇਨ ਨਾਲਿਆਂ ਦਾ ਕੰਮ ਸ਼ੁਰੂ ਕਰਵਾਇਆ ਗਿਆ। ਜੀਤ ਲਾਲ ਭੱਟੀ ਨੇ ਗੱਲਬਾਤ ਦੌਰਾਨ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੂਰੇ ਪੰਜਾਬ ਵਿੱਚ ਵਿਕਾਸ ਦੇ ਕੰਮ ਕੀਤੇ ਜਾ ਰਹੇ ਹਨ ਅਤੇ ਪੰਜਾਬ ਦੇ ਲੋਕ ਸਰਕਾਰ ਤੋਂ ਬਹੁਤ ਖੁਸ਼ ਹਨ ਤੇ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਬਹੁਤ ਸ਼ਲਾਘਾ ਕਰ ਰਹੇ ਹਨ। ਭੋਗਪੁਰ ਵਿੱਚ ਵੀ ਵਿਕਾਸ ਦੇ ਸਾਰੇ ਹੀ ਕੰਮ ਬਹੁਤ ਵਧੀਆ ਢੰਗ ਨਾਲ ਕੀਤੇ ਜਾ ਰਹੇ ਹਨ। ਇਸ ਮੌਕੇ ਸੰਜੀਵ ਅਗਰਵਾਲ ,ਬੀਬੀ ਵਿਦਵੰਤ ਕੌਰ ਕੌਂਸਲਰ, ਰਮੇਸ਼ ਚੰਦਰ , ਰਾਕੇਸ਼ ਮਹਿਤਾ , ਅਮਰਜੀਤ ਨਿੱਝਰ, ਕਮਲਜੀਤ ਸਿੰਘ ਡੱਲੀ , ਸੂਬੇਦਾਰ ਹੰਸ ਰਾਜ, ਡਾ. ਕਮਲ , ਦੀਪਕ ਕੁਮਾਰ , ਸਤਨਾਮ ਸਿੰਘ, ਰਾਕੇਸ਼ ਬੱਗਾ, ਵਿਸ਼ਾਲ ਭੱਟੀ, ਸੁਰਿੰਦਰ ਕੁਮਾਰ, ਸੰਦੀਪ ਸਿੰਘ ਹਾਜ਼ਰ ਸਨ।

## ਪਰਵਾਰ ਵੱਲੋਂ ਵਰਿਆਮ ਸਿੰਘ ਦੇ ਨੇਤਰਦਾਨ

**ਹੁਸ਼ਿਆਰਪੁਰ, ( ਬਲਬੀਰ ਸਿੰਘ ਸੈਣੀ ) :** ਮੁਹੱਲਾ ਕਮਾਲਪੁਰ ਹੁਸ਼ਿਆਰਪੁਰ ਨਿਵਾਸੀ ਸਰਦਾਰ ਵਰਿਆਮ ਸਿੰਘ ਦੇ ਅਕਾਲ ਚਲਾਣਾ ਕਰਨ ਉਪਰੰਤ ਪਰਿਵਾਰਕ ਮੈਂਬਰਾਂ ਵੱਲੋਂ ਉਨ੍ਹਾਂ ਦੇ ਨੇਤਰ ਦਾਨ ਦੇ ਪ੍ਰਣ ਨੂੰ ਪੂਰਾ ਕਰਦੇ ਹੋਏ ਉਨ੍ਹਾਂ ਦੇ ਨੇਤਰ ਨੇਤਰਦਾਨ ਸੰਸਥਾ ਹੁਸ਼ਿਆਰਪੁਰ ਨੂੰ ਦਾਨ ਕੀਤੇ ਗਏ। ਇਸ ਸਮੇਂ ਉਨ੍ਹਾਂ ਦੀ ਧਰਮ ਪਤਨੀ ਮੀਨਾ ਰਾਣੀ, ਪੁੱਤਰੀ ਸੁਖਵਿੰਦਰ ਕੌਰ, ਭਤੀਜਾ ਕੁਲਦੀਪ ਸਿੰਘ ਅਤੇ ਹੋਰ ਪਰਵਾਰਕ ਮੈਂਬਰ ਹਾਜ਼ਰ ਸਨ। ਇਸ ਸਮੇਂ ਸੰਸਥਾ ਦੇ ਪੈਟਰਨ ਪ੍ਰੋ. ਬਹਾਦਰ ਸਿੰਘ ਸੁਨੇਤ ਜਨਰਲ ਸਕੱਤਰ, ਇੰਜਨੀਅਰ ਬਲਜੀਤ ਸਿੰਘ, ਜਸਬੀਰ ਸਿੰਘ, ਮੈਡਮ ਸੰਤੋਸ਼ ਸੈਣੀ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਇਸ ਪਵਿੱਤਰ ਕਾਰਜ ਵਿੱਚ ਹਿੱਸਾ ਪਾਉਣ ਲਈ ਪਰਿਵਾਰ ਦਾ ਧੰਨਵਾਦ ਕੀਤਾ। ਸੰਸਥਾ ਦੇ ਮੈਂਬਰਾਂ ਨੇ ਦੱਸਿਆ ਕਿ ਸਰਦਾਰ ਵਰਿਆਮ ਸਿੰਘ ਦੇ ਨੇਤਰ ਮੈਡੀਕਲ ਕਾਲਜ ਭੇਜੇ ਜਾਣਗੇ ਅਤੇ ਦੋ ਨੇਤਰਹੀਣ ਵਿਅਕਤੀਆਂ ਨੂੰ ਲਗਵਾਏ ਜਾਣਗੇ।

## 15 ਗ੍ਰਾਮ ਹੈਰੋਇਨ ਸਮੇਤ ਕਾਬੂ

**ਫਿਲੌਰ (ਨਿਰਮਲ)**- ਥਾਣਾ ਮੁਖੀ ਫਿਲੌਰ ਇੰਸਪੈਕਟਰ ਸੁਰਿੰਦਰ ਕੁਮਾਰ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕੇ ਫਿਲੌਰ ਪੁਲਸ ਵਲੋਂ ਇਕ ਵਿਅਕਤੀ ਨੂੰ ਸ਼ੱਕੀ ਹਾਲਤ ਵਿਚ ਰੋਕ ਕੇ ਕਾਬੂ ਕੀਤਾ ਤਾਂ ਤਲਾਸ਼ੀ ਲੈਣ 'ਤੇ ਉਸ ਕੋਲੋਂ 15 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਫੜੇ ਗਏ ਵਿਅਕਤੀ ਨੇ ਆਪਣਾ ਨਾਂਅ ਨਿਰਮਲ ਰਾਮ ਉਰਫ ਨਿੰਮਾ ਪੁੱਤਰ ਮਲਕੀਤ ਵਾਸੀ ਸਮਰਾੜੀ (ਫਿਲੌਰ) ਦੱਸਿਆ। ਥਾਣੇਦਾਰ ਦੇਸ ਰਾਜ ਵੱਲੋਂ ਉਕਤ ਵਿਅਕਤੀ ਵਿਰੁੱਧ ਧਾਰਾ ਐੱਨ ਡੀ ਪੀ ਐਸ ਐਕਟ ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ।

# ਭੋਗਪੁਰ ਵਿਖੇ ਵੱਖ ਵੱਖ ਵਾਰਡਾਂ ਵਿਚ ਕੰਮਾਂ ਦਾ ਉਦਘਾਟਨ ਕੀਤਾ ਗਿਆ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਜੀਤ ਲਾਲ ਭੱਟੀ ਹਲਕਾ ਇੰਚਾਰਜ ਆਦਮਪੁਰ ਅਤੇ ਨਗਰ ਕੌਂਸਲ ਪ੍ਰਧਾਨ ਮੰਜੂ ਅਗਰਵਾਲ ਵੱਲੋਂ ਵਾਰਡ ਨੰਬਰ 6 ਤੇ 11 ਵਿਖੇ ਨਵੀਂਆਂ ਗਲੀਆਂ ਅਤੇ ਡਰੇਨ ਨਾਲਿਆਂ ਦਾ ਕੰਮ ਸ਼ੁਰੂ ਕਰਵਾਇਆ ਗਿਆ। ਜੀਤ ਲਾਲ ਭੱਟੀ ਨੇ ਗੱਲਬਾਤ ਦੌਰਾਨ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੂਰੇ ਪੰਜਾਬ ਵਿੱਚ ਵਿਕਾਸ ਦੇ ਕੰਮ ਕੀਤੇ ਜਾ ਰਹੇ ਹਨ ਅਤੇ ਪੰਜਾਬ ਦੇ ਲੋਕ ਸਰਕਾਰ ਤੋਂ ਬਹੁਤ ਖੁਸ਼ ਹਨ ਤੇ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਬਹੁਤ ਸ਼ਲਾਘਾ ਕਰ ਰਹੇ ਹਨ। ਭੋਗਪੁਰ ਵਿੱਚ ਵੀ ਵਿਕਾਸ ਦੇ ਸਾਰੇ ਹੀ ਕੰਮ ਬਹੁਤ ਵਧੀਆ ਢੰਗ ਨਾਲ ਕੀਤੇ ਜਾ ਰਹੇ ਹਨ। ਇਸ ਮੌਕੇ ਸੰਜੀਵ ਅਗਰਵਾਲ ,ਬੀਬੀ ਵਿਦਵੰਤ ਕੌਰ ਕੌਂਸਲਰ,ਰਮੇਸ਼ ਚੰਦਰ ,ਰਾਕੇਸ਼ ਮਹਿਤਾ ,ਅਮਰਜੀਤ ਨਿੱਝਰ, ਕਮਲਜੀਤ ਸਿੰਘ ਡੱਲੀ ,ਸੂਬੇਦਾਰ ਹੰਸ ਰਾਜ,ਡਾ ਕਮਲ ,ਦੀਪਕ ਕੁਮਾਰ ,ਸਤਨਾਮ ਸਿੰਘ,ਰਾਕੇਸ਼ ਬੱਗਾ, ਵਿਸ਼ਾਲ ਭੱਟੀ,ਸੁਰਿੰਦਰ ਕੁਮਾਰ, ਸੰਦੀਪ ਸਿੰਘ ਹਾਜ਼ਰ ਸਨ।

## ਸੈਕਟਰ 117 ਮੁਹਾਲੀ ਵਿੱਚ 32 ਨੌਜਵਾਨਾਂ ਨੇ ਖ਼ੂਨਦਾਨ ਕੀਤਾ

**ਮੁਹਾਲੀ (ਗੁਰਜੀਤ ਬਿੱਲਾ )** ਡੇਂਗੂ ਕਾਰਨ ਹਸਪਤਾਲਾਂ ਵਿੱਚ ਖ਼ੂਨ ਅਤੇ ਖ਼ੂਨ ਦੇ ਤੱਤਾਂ ਦੀ ਕਮੀ ਨੂੰ ਪੂਰਾ ਕਰਨ ਲਈ ਵਿਸ਼ਵਾਸ ਫਾਊਂਡੇਸ਼ਨ ਪੰਚਕੂਲਾ, ਇੰਡੀਅਨ ਰੈੱਡ ਕਰਾਸ ਸੁਸਾਇਟੀ, ਜ਼ਿਲ੍ਹਾ ਸ਼ਾਖਾ ਮੁਹਾਲੀ ਅਤੇ ਐਚ ਡੀ ਐਫ ਸੀ ਬੈਂਕ ਵੱਲੋਂ ਭੱਠਲ ਰਸੋਈ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਇਹ ਖ਼ੂਨਦਾਨ ਕੈਂਪ ਸੈਕਟਰ 117 ਮੁਹਾਲੀ ਵਿਖੇ ਲਗਾਇਆ ਗਿਆ। ਕੈਂਪ ਸਵੇਰੇ 11:00 ਵਜੇ ਸ਼ੁਰੂ ਹੋ ਕੇ ਦੁਪਹਿਰ 3:00 ਵਜੇ ਤੱਕ ਚੱਲਿਆ। ਖ਼ੂਨ ਲੈਣ ਤੋਂ ਪਹਿਲਾਂ ਡਾਕਟਰਾਂ ਦੀ ਟੀਮ ਨੇ ਖ਼ੂਨਦਾਨੀਆਂ ਦਾ ਚੈਕਅਪ ਕੀਤਾ ਤਾਂ ਡਾਕਟਰਾਂ ਨੇ ਦੱਸਿਆ ਕਿ ਖ਼ੂਨਦਾਨ ਕਰਨ ਵਿੱਚ ਕੋਈ ਦਿੱਕਤ ਨਹੀਂ ਹੈ। ਇਸ ਦੀ ਬਜਾਏ, ਖ਼ੂਨਦਾਨ ਕਰਨ ਨਾਲ ਵਿਅਕਤੀ ਨੂੰ ਮਾਣ ਮਹਿਸੂਸ ਹੁੰਦਾ ਹੈ। ਡਾਕਟਰਾਂ ਨੇ ਕਿਹਾ ਕਿ ਤੁਹਾਨੂੰ 3 ਮਹੀਨਿਆਂ ਵਿੱਚ ਇੱਕ ਵਾਰ ਖ਼ੂਨਦਾਨ ਕਰਨਾ ਚਾਹੀਦਾ ਹੈ। ਵਿਸ਼ਵਾਸ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ ਨੇ ਦੱਸਿਆ ਕਿ ਕੈਂਪ ਦਾ ਉਦਘਾਟਨ ਹਰਸੁਖਿੰਦਰ ਸਿੰਘ (ਬੱਬੀ ਬਾਦਲ) ਨੇ ਕੀਤਾ। ਉਨ੍ਹਾਂ ਖ਼ੂਨਦਾਨੀਆਂ ਨੂੰ ਬੈਜ ਲਗਾ ਕੇ ਉਤਸ਼ਾਹਿਤ ਕੀਤਾ ਅਤੇ ਯਾਦਗਾਰੀ ਚਿੰਨ੍ਹ ਅਤੇ ਪ੍ਰਸ਼ੰਸਾ ਪੱਤਰ ਵੀ ਦਿੱਤੇ। ਇਸ ਮੌਕੇ ਮਨਜੀਤ ਭੱਠਲ ਅਤੇ ਉਨ੍ਹਾਂ ਦਾ ਸਮੁੱਚਾ ਸਟਾਫ, ਇੰਡੀਅਨ ਰੈੱਡ ਕਰਾਸ ਸੁਸਾਇਟੀ ਮੁਹਾਲੀ ਤੋਂ ਸਕੱਤਰ ਕਮਲੇਸ਼ ਕੁਮਾਰ ਕੌਸ਼ਲ, ਪਠਾਨੀਆ ਅਤੇ ਐੱਚ.ਡੀ.ਐੱਫ.ਸੀ. ਬੈਂਕ ਤੋਂ ਹਰੀਸ਼ ਗੁਪਤਾ, ਬਿਕਰਮ ਸਿੰਘ ਵੀ ਹਾਜ਼ਰ ਸਨ। ਬਲੱਡ ਬੈਂਕ ਐਮ ਕੇਅਰ ਬਲੱਡ ਸੈਂਟਰ ਜ਼ੀਰਕਪੁਰ ਦੀ ਟੀਮ ਨੇ ਡਾ. ਕਾਰਤਿਕ ਅਗਰਵਾਲ ਦੀ ਦੇਖ-ਰੇਖ ਹੇਠ 32 ਯੂਨਿਟ ਖ਼ੂਨ ਇਕੱਤਰ ਕੀਤਾ । ਮੁੱਖ ਮਹਿਮਾਨ ਹਰਸੁਖਇੰਦਰ ਸਿੰਘ ਨੇ ਦੱਸਿਆ ਕਿ ਪਹਿਲਾਂ ਲੋੜ ਪੈਣ 'ਤੇ ਖ਼ੂਨਦਾਨ ਕੀਤਾ ਜਾਂਦਾ ਸੀ। ਹੁਣ ਬਹੁਤ ਸਾਰੇ ਲੋਕ ਅਜਿਹੇ ਹਨ ਜੋ ਜਨਮ ਦਿਨ ਅਤੇ ਵਿਆਹ ਦੀ ਵਰ੍ਹੇਗੰਢ 'ਤੇ ਵੀ ਖ਼ੂਨਦਾਨ ਕਰਦੇ ਹਨ। ਖ਼ੂਨਦਾਨ ਜੀਵਨ ਦਾ ਸਭ ਤੋਂ ਵੱਡਾ ਦਾਨ ਹੈ, ਜਿਸ ਨਾਲ ਮਨੁੱਖ ਨਾ ਜਾਤ ਦੇਖਦਾ ਹੈ ਅਤੇ ਨਾ ਹੀ ਧਰਮ। ਇਹ ਮਨੁੱਖ ਲਈ ਜੀਵਨ ਦਾ ਸਭ ਤੋਂ ਪਵਿੱਤਰ ਕਾਰਜ ਹੈ।

ਸਾਡੀ ਸੰਸਥਾ ਦੀ ਕੋਸ਼ਿਸ਼ ਹੈ ਕਿ ਖ਼ੂਨ ਦੀ ਕੋਈ ਕਮੀ ਨਾ ਰਹੇ। ਖ਼ੂਨਦਾਨ ਕਰਕੇ ਹੀ ਅਸੀਂ ਲੋੜਵੰਦਾਂ ਦੀ ਜਾਨ ਬਚਾ ਸਕਦੇ ਹਾਂ। ਕੈਂਪ ਦੇ ਅੰਤ ਵਿੱਚ ਸਮੂਹ ਖ਼ੂਨਦਾਨੀਆਂ ਨੂੰ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਵਿਕਾਸ ਕੁਮਾਰ, ਅਨਿਰੁਧ ਪਠਾਨੀਆ ਅਤੇ ਵਿਸ਼ਵਾਸ ਫਾਊਂਡੇਸ਼ਨ ਦੇ ਹੋਰ ਪਤਵੰਤੇ ਵੀ ਹਾਜ਼ਰ ਸਨ।

## ਵਾਤਾਵਰਣ ਪੱਖ ਤੋਂ ਪੰਜਾਬ ਨੂੰ ਚੁਣੌਤੀਆਂ ਬਾਰੇ ਸੈਮੀਨਾਰ ਅੱਜ





**ਜਲੰਧਰ (ਰਾਜੇਸ਼ ਥਾਪਾ)** ਨਿਰਮਲ ਕੁਟੀਆ ਪਵਿੱਤਰ ਵੇਈਂ ਸੁਲਤਾਨਪੁਰ ਲੋਧੀ ਵਿਚ ਵਾਤਾਵਰਣ ਪੱਖ ਤੋਂ ਪੰਜਾਬ ਨੂੰ ਚੁਣੌਤੀਆਂ ਵਿਸ਼ੇ 'ਤੇ ਸੰਵਾਦ ਰਚਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਨੈਸ਼ਨਲ ਗਰੀਨ ਟ੍ਰਿਬਿਊਨਲ ਦੇ ਚੇਅਰਮੈਨ ਜਸਟਿਸ ਆਦਰਸ਼ ਕੁਮਾਰ ਗੋਇਲ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣਗੇ। ਸਮਾਗਮ ਦੀ ਪ੍ਰਧਾਨਗੀ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਸੰਤ ਬਲਬੀਰ ਸਿੰਘ ਸੀਚੇਵਾਲ ਕਰਨਗੇ। ਸਮਾਗਮ ਦੇ ਬਾਰੇ ਜਾਣਕਾਰੀ ਦਿੰਦਿਆਂ ਸੰਤ ਸੁਖਜੀਤ ਸਿੰਘ ਸੀਚੇਵਾਲ ਨੇ ਦੱਸਿਆ ਕਿ ਨਿਰਮਲ ਕੁਟੀਆ ਵਿਚ ਹੋਣ ਵਾਲਾ ਇਹ ਸਮਾਗਮ ਕਈ ਪੱਖਾਂ ਤੋਂ ਅਹਿਮ ਹੈ। ਨੈਸ਼ਨਲ ਗਰੀਨ ਟ੍ਰਿਬਿਊਨਲ ਦੇ ਚੇਅਰਪਰਸਨ ਤੋਂ ਇਲਾਵਾ ਪੰਜਾਬ ਤੇ ਹਰਿਆਣਾ ਸੂਬਿਆਂ ਵਿਚ ਬਣੀਆਂ ਨਿਗਰਾਨ ਕਮੇਟੀਆਂ ਦੇ ਚੇਅਰਮੈਨ ਵੀ ਪਹੁੰਚ ਰਹੇ ਹਨ ਜਿਹਨਾਂ ਵਿਚ ਜਸਟਿਸ ਜਸਬੀਰ ਸਿੰਘ ਅਤੇ ਜਸਟਿਸ ਪ੍ਰੀਤਮ ਪਾਲ ਸ਼ਾਮਿਲ ਹੋਣਗੇ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਆਦਰਸ਼ ਪਾਲ ਵਿੱਜ ਨਿਗਰਾਨ ਕਮੇਟੀ ਦੇ ਸੀਨੀਅਰ ਮੈਂਬਰ ਤੇ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਐਸ ਸੀ ਅਗਰਵਾਲ ਅਤੇ ਨਿਗਰਾਨ ਕਮੇਟੀ ਦੇ ਮੈਂਬਰ ਬਾਬੂ ਰਾਮ ਵੀ ਸਮਾਗਮ ਵਿਚ ਸ਼ਾਮਲ ਹੋਣਗੇ। ਉਹਨਾਂ ਦੱਸਿਆ ਕਿ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਕੈਂਸਰ ਤੇਜ਼ੀ ਨਾਲ ਪੈਰ ਪਸਾਰ ਰਿਹਾ ਹੈ। ਉਹਨਾਂ ਦੱਸਿਆ ਕਿ ਪੰਜਾਬ ਦੇ ਵਾਤਾਵਰਣ ਵਿਚ ਆਏ ਨਿਘਾਰ ਬਾਰੇ ਗੰਭੀਰਤਾ ਨਾਲ ਚਰਚਾ ਕੀਤੀ ਜਾਵੇਗੀ।

# 'ਮੀਰਾ ਚੱਲੀ ਸਤਿਗੁਰ ਦੇ ਧਾਮ' ਸਾਂਝੀਵਾਲਤਾ ਯਾਤਰਾ ਦੇ ਸੰਬੰਧ 'ਚ ਪੋਸਟਰ ਜਾਰੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ,ਉਂਕਾਰ ਸਿੰਘ)**-ਮੀਰਾ ਚਲੀ ਸਤਿਗੁਰ ਦੇ ਧਾਮ ਯਾਤਰਾ ਦੇ ਸੰਬੰਧ ਵਿਚ ਸ੍ਰੀ ਗੁਰੂ ਰਵਿਦਾਸ ਭਵਨ ਦਸਮੇਸ਼ ਨਗਰ ਟਾਂਡਾ ਵਿਖੇ ਸਮਾਜਿਕ ਸਮਰਸਤਾ ਮੰਚ ਅਤੇ ਪ੍ਰਬੰਧਕ ਕਮੇਟੀ ਦੀ ਇੱਥੇ ਹੋਈ ਵਿਸ਼ੇਸ਼ ਮੀਟਿੰਗ ਦੌਰਾਨ ਇਸ ਧਾਮ ਯਾਤਰਾ ਸਬੰਧੀ ਪੋਸਟਰ ਜਾਰੀ ਕੀਤਾ ਗਿਆ।

ਇਸ ਮੌਕੇ ਪ੍ਰਬੰਧਕ ਸੇਵਾਦਾਰ ਸੰਜੀਵ ਸਿਆਲ ਸ੍ਰੀ ਗੁਰੂ ਰਵਿਦਾਸ ਭਵਨ ਦਸਮੇਸ਼ ਨਗਰ ਟਾਂਡਾ ਦੇ ਪ੍ਰਧਾਨ ਜਗਦੀਸ਼ ਕੁਮਾਰ ਰਿੰਕਾ ਤੇ ਹੋਰਨਾਂ ਪ੍ਰਬੰਧਕਾਂ ਨੇ ਪੋਸਟਰ ਜਾਰੀ ਕਰਦਿਆਂ ਦੱਸਿਆ ਕਿ ਸਮਾਜਿਕ ਸਮਰਸਤਾ ਮੰਚ ਵੱਲੋਂ ਸਮਾਜਿਕ ਏਕਤਾ ਅਤੇ ਸਦਭਾਵਨਾ ਦੇ ਸੰਕਲਪ ਨਾਲ ਮੀਰਾ ਬਾਈ ਦੀ ਜਨਮ ਭੂਮੀ ਮਹੱਤਤਾ ਰਾਜਸਥਾਨ ਤੋਂ ਚਾਰ ਨਵੰਬਰ ਨੂੰ ਸਰਵ ਸਮਾਜ ਏਕਤਾ ਯਾਤਰਾ ਸ਼ੁਰੂ ਕੀਤੀ ਗਈ ਹੈ ਜੋ ਕਿ ਚੱਕ ਹਕੀਮ ਪੰਜਾਬ ਹਿਮਾਚਲ ਪ੍ਰਦੇਸ਼ ਚੰਡੀਗੜ੍ਹ ਤੋਂ ਹੁੰਦੇ ਹੋਏ4 ਦਸੰਬਰ ਨੂੰ ਸਤਿਗੁਰੂ ਧਾਮ ਸ੍ਰੀ ਗੁਰੂ ਰਵਿਦਾਸ ਜੀ ਮੰਦਰ ਕਪਾਲ ਮੋਚਨ ਵਿਖੇ ਸੰਪੰਨ ਹੋਵੇਗੀ ਇਹ ਯਾਤਰਾ 15 ਨਵੰਬਰ ਨੂੰ ਟਾਂਡਾ ਵਿਖੇ ਪਹੁੰਚੇਗੀ। ਜਿਸ ਦਾ ਟਾਂਡਾ ਵਾਸੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਜਾਵੇਗਾ। ਪ੍ਰਬੰਧਕ ਸੇਵਾਦਾਰਾਂ ਨੇ ਹੋਰ ਦੱਸਿਆ ਕਿ ਇਸ ਯਾਤਰਾ ਵਿਚ ਸਤਿਗੁਰੂ ਰਵਿਦਾਸ ਜੀ ਮਹਾਰਾਜ ਮੀਰਾਂ ਬਾਈ ਜੀ ਦੇ ਨਾਲ ਨਾਲ ਸੰਤਾਂ ਗੁਰੂ ਸਹਿਬਾਨ ਅਤੇ ਭਗਤੀ ਲਹਿਰ ਕਾਲ ਦੇ ਹੋਰ ਮਹਾਂਪੁਰਖਾਂ ਦੀਆਂ ਤਸਵੀਰਾਂ ਦੇ ਦਰਸ਼ਨਾਂ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਉਨ੍ਹਾਂ ਹੋਰ ਦੱਸਿਆ ਕਿ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਭਗਵਾਨ ਬਾਲਮੀਕ ਜੀ ਮਹਾਰਾਜ ਸੰਤ ਕਬੀਰ ਜੀ ਸਤਿਗੁਰੂ ਨਾਮਦੇਵ ਜੀ ਸੰਤ ਰਾਮਾਨੰਦ ਜੀ ਆਦਿ ਗੁਰੂ ਸ਼ੰਕਰਾਚਾਰੀਆ ਭਗਤ ਪੀਪਾ ਜੀ, ਭਗਤ ਸੈਣ ਜੀ ਮਹਾਰਾਜ ,ਆਦਿ ਪੂਜਨੀਕ ਸੰਤਾਂ ਦੀਆਂ ਤਸਵੀਰਾਂ ਅਤੇ ਰੱਥ ਇਸ ਯਾਤਰਾ ਵਿਚ ਸ਼ਾਮਲ ਹੋਣਗੇ ਅਤੇ ਇਹ ਯਾਤਰਾ ਭਗਤੀ ਲਹਿਰ ਦੇ ਦੌਰ ਵਿੱਚ ਸੰਤਾਂ ਮਹਾਂਪੁਰਸ਼ਾਂ ਦੇ ਪਿਆਰ ਭਾਈਚਾਰਕ ਸਾਂਝ ਦਯਾ ਅਹਿੰਸਾ ਦਾ ਸੰਦੇਸ਼ ਲੈ ਕੇ ਸਮਾਜ ਦੀ ਜਾਗ੍ਰਿਤੀ ਲਈ ਕੱਢੀ ਜਾ ਰਹੀ ਹੈ।

ਇਸ ਯਾਤਰਾ ਵਿਚ ਰਾਜਸਥਾਨ ਪੰਜਾਬ ਹਰਿਆਣਾ ਤੋਂ ਵੀਹ ਤੋਂ ਵੱਧ ਸੰਤ ਮਹਾਂਪੁਰਸ਼ ਪੈਦਲ ਚੱਲ ਰਹੇ ਹਨ। ਉਨ੍ਹਾਂ ਹੋਰ ਦੱਸਿਆ ਕਿ ਇਸ ਯਾਤਰਾ ਵਿਚ ਗੁਰੂ ਰਵਿਦਾਸ ਜੀ ਮਹਾਰਾਜ ਤੇ ਮੀਰਾਬਾਈ ਨਾਲ ਸਬੰਧਤ ਇਤਿਹਾਸਕ ਨਿਸ਼ਾਨੀਆਂ ਜਿਨ੍ਹਾਂ ਵਿੱਚ ਗੁਰੂ ਮਹਾਰਾਜ ਦੀਆਂ ਖੜਾਵਾਂ ਮੀਰਾ ਦਾ ਇੱਕ ਤਾਰਾ ਗੁਰੂ ਸਾਹਿਬ ਦਾ ਸ਼ੌਂਕ ਅਤੇ ਚਤੁਰਭੁਜ ਦੀ ਮੂਰਤੀ ਆਸਥਾ ਦਾ ਕੇਂਦਰ ਬਣਨ ਲਈ ਯਾਤਰਾ ਵਿਚ ਸ਼ਾਮਲ ਹੋਣਗੀਆਂ ਅਤੇ ਇਸ ਯਾਤਰਾ ਦਾ 15 ਨਵੰਬਰ ਨੂੰ ਟਾਂਡਾ ਵਿਖੇ ਪਹੁੰਚਣ ਤੇ ਸਮੂਹ ਭਗਤਜਨਾਂ ਵਲੋਂ ਭਰਵਾਂ ਸਵਾਗਤ ਕੀਤਾ ਜਾਵੇਗਾ। ਇਸ ਮੌਕੇ ਜਸਪਾਲ ਰਾਏ,ਅਮਰੀਕ ਸਿੰਘ, ਮਨਦੀਪ ਦੀਪਾ, ਲਖਵਿੰਦਰ ਸਿੰਘ ਬਿੱਟੂ ,ਕਰਮਜੀਤ ਸਿੰਘ ,ਸੋਮ ਪ੍ਰਕਾਸ਼ ਆਦਿ ਹਾਜ਼ਰ ਸਨ ।

## ਜੀ ਟੀ ਯੂ ਦੇ ਯਤਨਾਂ ਸਦਕਾ ਪ੍ਰਾਇਮਰੀ ਅਧਿਆਪਕਾਂ ਦੀਆਂ ਤਰੱਕੀਆਂ ਨੂੰ ਪਿਆ ਬੂਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ )** ਪਿਛਲੇ ਕਈ ਮਹੀਨਿਆਂ ਤੋਂ ਪ੍ਰਾਇਮਰੀ ਕੇਡਰ ਦੀਆਂ ਈ ਟੀ ਟੀ ਤੋਂ ਐੱਚ ਟੀ ਅਤੇ ਐੱਚ ਟੀ ਤੋਂ ਸੀ ਐੱਚ ਟੀ ਦੀਆਂ ਰਹਿੰਦੀਆਂ ਤਰੱਕੀਆਂ ਜੀ ਟੀ ਯੂ ਦੇ ਯਤਨਾਂ ਸਦਕਾ ਹੋਣ ਨਾਲ ਪ੍ਰਾਇਮਰੀ ਅਧਿਆਪਕਾਂ ਨੂੰ ਰਾਹਤ ਮਿਲੀ। ਇਸ ਗੱਲ ਦਾ ਪ੍ਰਗਟਾਵਾ ਕਰਦੇ ਹੋਏ ਜੀ ਟੀ ਯੂ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ ਨੇ ਦੱਸਿਆ ਕਿ ਉਹਨਾਂ ਦੀ ਯੂਨੀਅਨ ਅਧਿਆਪਕਾਂ ਦੇ ਹੱਕਾਂ ਦੀ ਰਾਖੀ ਲਈ ਹਮੇਸ਼ਾ ਤੱਤਪਰ ਰਹਿੰਦੀ ਹੈ ਅਤੇ ਪ੍ਰਾਇਮਰੀ ਕੇਡਰ ਦੀਆਂ ਰਹਿੰਦੀਆਂ ਤਰੱਕੀਆਂ ਲਈ ਵੀ ਜ਼ਿਲ੍ਹਾ ਪੱਧਰ 'ਤੇ ਬਹੁਤ ਯਤਨਸ਼ੀਲ ਸੀ ਤੇ ਇਹ ਪ੍ਰਮੋਸ਼ਨ ਵਿੱਚ ਈ ਟੀ ਟੀ ਤੋਂ ਐੱਚ ਟੀ 35 ਅਤੇ ਐੱਚ ਟੀ ਤੋਂ ਸੀ ਐੱਚ ਟੀ 16 ਹੋਣ ਨਾਲ ਪ੍ਰਾਇਮਰੀ ਅਧਿਆਪਕਾਂ ਵਿੱਚ ਖੁਸ਼ੀ ਦੀ ਲਹਿਰ ਹੈ। ਇਸ ਮੌਕੇ ਉਹਨਾਂ ਨੇ ਇਹਨਾਂ ਪ੍ਰਮੋਸ਼ਨਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਸੰਜੀਵ ਗੌਤਮ ਅਤੇ ਉਨਾਂ ਦੇ ਦਫ਼ਤਰੀ ਅਮਲੇ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇਸ ਮੌਕੇ ਲੈਕਚਰਾਰ ਅਮਰ ਸਿੰਘ, ਪ੍ਰਿਤਪਾਲ ਸਿੰਘ ਚੌਂਟਾਲਾ, ਵਿਕਾਸ ਸ਼ਰਮਾ, ਹਰਵਿੰਦਰ ਸਿੰਘ, ਅਰਵਿੰਦਰ ਸਿੰਘ ਮਾਹਿਲਪੁਰ, ਪ੍ਰਿੰਸੀਪਲ ਹਰਜੀਤ ਸਿੰਘ, ਹੈੱਡਮਾਸਟਰ ਸੰਦੀਪ ਸਿੰਘ, ਬਲਜੀਤ ਕੌਸ਼ਲ, ਨਰੇਸ਼ ਕੁਮਾਰ ਗੜ੍ਹਸ਼ੰਕਰ, ਸੁਨੀਲ ਕੁਮਾਰ ਸ਼ਰਮਾ, ਸੰਜੀਵ ਧੂਤ, ਗੁਰਨਾਮ ਸਿੰਘ, ਸਚਿਨ ਕੁਮਾਰ, ਸ਼ਾਮ ਸੁੰਦਰ ਕਪੂਰ, ਨਰਿੰਦਰ ਅਜਨੋਹਾ, ਕੇਸ਼ਵ ਦਾਸ ਖੇਪੜ, ਸਤਵਿੰਦਰ ਮਾਹਿਲਪੁਰ, ਰਾਜ ਕੁਮਾਰ, ਸੰਦੀਪ ਸ਼ਰਮਾ ਬਾਗਪੁਰ, ਰਣਵੀਰ ਸਿੰਘ, ਅਨੁਪਮ ਰਤਨ, ਸਰਬਜੀਤ ਟਾਂਡਾ, ਨਰਿੰਦਰ ਮੰਗਲ, ਰਾਜੇਸ਼ ਅਰੋੜਾ, ਮਨਜੀਤ ਸਿੰਘ ਮੁਕੇਰੀਆਂ, ਪ੍ਰਿੰਸੀਪਲ ਬਲਵੀਰ ਸਿੰਘ, ਸ਼ਸ਼ੀਕਾਂਤ ਤਲਵਾੜਾ, ਕਮਲਦੀਪ ਸਿੰਘ ਭੂੰਗਾ, ਲੈਕਚਰਾਰ ਸੰਜੀਵ ਕੁਮਾਰ, ਬਲਜੀਤ ਕੌਸ਼ਲ, ਪਵਨ ਗੋਇਲ, ਅਸ਼ੋਕ ਕੁਮਾਰ ਬੁੱਲ੍ਹੋਵਾਲ, ਮਨੋਜ ਰਤਨ, ਜਸਵਿੰਦਰ ਬੁੱਲ੍ਹੋਵਾਲ, ਜਰਨੈਲ ਸਿੰਘ, ਮਨਵੀਰ ਸਿੰਘ, ਅਮਨਦੀਪ ਸਿੰਘ, ਲੈਕਚਰਾਰ ਹਰਜੀਤ ਸਿੰਘ, ਲੈਕਚਰਾਰ ਸਵਰਨ ਸਿੰਘ, ਜਸਵੰਤ ਮੁਕੇਰੀਆਂ, ਪਰਸਰਾਮ, ਨਰੇਸ਼ ਕੁਮਾਰ ਮੇਧਾ, ਅਮਰਜੀਤ ਹਾਜੀਪੁਰ, ਵਿਕਾਸ ਅਰੋੜਾ, ਗੁਰਵਿੰਦਰ ਸਿੰਘ, ਗੁਰਵਿੰਦਰ ਜੱਜ ਤੇ ਸੁਰਿੰਦਰ ਕੁਮਾਰ ਕਮਾਹੀ ਦੇਵੀ, ਧਰੁਵ ਰਾਜ, ਨਰੇਸ਼ ਕੁਮਾਰ ਆਦਿ ਸ਼ਾਮਲ ਹੋਏ।

# ਵੋਟਰ ਸੂਚੀ ਦੀ ਸੁਧਾਈ ਸੰਬੰਧੀ ਖ਼ਾਲਸਾ ਸਕੂਲ 'ਚ ਮੁਕਾਬਲੇ



**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)** ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵਿਸ਼ੇਸ਼ ਸਰਸਰੀ ਸੁਧਾਈ ਕੀਤੀ ਜਾ ਰਹੀ ਹੈ, ਜਿਸ ਤਹਿਤ 9 ਨਵੰਬਰ ਤੋਂ 8 ਦਸੰਬਰ ਤੱਕ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਰਾਬਿੰਦਰ ਸਿੰਘ ਰੱਬੀ ਸਵੀਪ ਨੋਡਲ ਅਫ਼ਸਰ ਸ੍ਰੀ ਚਮਕੌਰ ਸਾਹਿਬ ਨੇ ਦੱਸਿਆ ਕਿ ਉਪ ਮੰਡਲ ਮੈਜਿਸਟਰੇਟ ਅਮਰੀਕ ਸਿੰਘ ਸਿੱਧੂ ਦੀ ਅਗਵਾਈ ਹੇਠ ਅੱਜ ਇਸ ਮੁਹਿੰਮ ਦਾ ਅਗਾਜ਼ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਚਮਕੌਰ ਸਾਹਿਬ ਤੋਂ ਕੀਤਾ ਗਿਆ, ਜਿੱਥੇ ਕਿ ਵੱਖ-ਵੱਖ ਤਰ੍ਹਾਂ ਦੇ ਮੁਕਾਬਲੇ ਕਰਵਾਏ ਗਏ । ਪ੍ਰਿੰਸੀਪਲ ਕਿਰਨਜੋਤ ਕੌਰ ਦੀ ਅਗਵਾਈ ਹੇਠ ਕਰਵਾਏ ਇਨ੍ਹਾਂ ਮੁਕਾਬਲਿਆਂ ਵਿੱਚ ਰੰਗੋਲੀ ਮੁਕਾਬਲੇ ਵਿੱਚ ਅਕਾਸ਼ਦੀਪ ਸਿੰਘ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਚਮਕੌਰ ਸਾਹਿਬ, ਗੁਰਮੋਹਿਤ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੋਰਿੰਡਾ ਅਤੇ ਲਵਲੀਨ ਕੌਰ ਖ਼ਾਲਸਾ ਸਕੂਲ ਸ੍ਰੀ ਚਮਕੌਰ ਸਾਹਿਬ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ। ਪੋਸਟਰ ਮੁਕਾਬਲਿਆਂ ਦੇ ਸੀਨੀਅਰ ਵਿੰਗ ਵਿੱਚ ਅਮਨਿੰਦਰ ਸਿੰਘ ਖ਼ਾਲਸਾ ਸਕੂਲ ਸ੍ਰੀ ਚਮਕੌਰ ਸਾਹਿਬ, ਤਨਪ੍ਰੀਤ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਤਨਗੜ੍ਹ, ਸੁਖਮਨਪ੍ਰੀਤ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੇੜੀ ਸਲਾਬਤਪੁਰ, ਜੂਨੀਅਰ ਵਿੰਗ 'ਚ ਜਸਮੀਤ ਕੌਰ, ਸਤੀਸ਼ ਕੁਮਾਰ, ਗੁਰਬਖ਼ਸ਼ੀਸ਼ ਸਿੰਘ ਖ਼ਾਲਸਾ ਸਕੂਲ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ। ਭਾਸ਼ਣ ਮੁਕਾਬਲੇ ਵਿੱਚ ਰਜਨੀ ਅਤੇ ਕਵਿਤਾ ਉਚਾਰਨ ਵਿੱਚ ਸ਼ੇਖਰ ਕੁਮਾਰ ਜੇਤੂ ਰਹੇ। ਸਲੋਗਨ ਮੁਕਾਬਲੇ ਵਿੱਚ ਹਰਸ਼ਪ੍ਰੀਤ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੇੜੀ ਸਲਾਬਤਪੁਰ ਨੇ ਇਨਾਮ ਜਿੱਤਿਆ। ਜੇਤੂ ਵਿਦਿਆਰਥੀਆਂ ਨੂੰ ਦਫ਼ਤਰ ਵੱਲੋਂ ਪ੍ਰੰਸਸਾ ਪੱਤਰ ਪ੍ਰਦਾਨ ਕੀਤੇ ਗਏ । ਇਸ ਮੌਕੇ ਰੱਬੀ ਨੇ ਕਿਹਾ ਕਿ ਇਸ ਮਹੀਨੇ ਅਜਿਹੇ ਹੀ ਹੋਰ ਸਮਾਗਮ ਮੋਰਿੰਡੇ, ਲੁਠੇੜੀ ਅਤੇ ਘੜੂੰਆਂ ਵਿੱਚ ਵੀ ਕਰਵਾਏ ਜਾਣਗੇ । ਇਨ੍ਹਾਂ ਮੁਕਾਬਲਿਆਂ ਦਾ ਮਕਸਦ ਵਿਦਿਆਰਥੀਆਂ ਨੂੰ ਵੋਟਰ ਸੂਚੀਆਂ ਅਤੇ ਵੋਟਾਂ ਬਣਾਉਣ ਲਈ ਜਾਗਰੂਕ ਕਰਨਾ ਹੈ। ਸਿੱਧੂ ਨੇ ਕਿਹਾ ਕਿ ਹੁਣ 19 ਅਤੇ 20 ਨਵੰਬਰ, 3 ਅਤੇ 4 ਦਸੰਬਰ ਨੂੰ ਸਪੈਸ਼ਲ ਕੈਂਪ ਲਾਏ ਜਾਣਗੇ, ਜਿਸ ਵਿੱਚ ਬੀ ਐਲ ਓ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬੈਠਣਗੇ । ਉਹ ਆਮ ਜਨਤਾ ਤੋਂ ਵੋਟਾਂ ਸੰਬੰਧੀ ਫਾਰਮ ਵੀ ਪ੍ਰਾਪਤ ਕਰਨਗੇ। ਸਮਾਗਮ 'ਚ ਦਫ਼ਤਰ ਦੇ ਰੁਪਿੰਦਰ ਸਿੰਘ ਸੋਨੂੰ, ਅਵਤਾਰ ਸਿੰਘ, ਸ੍ਰੀਮਤੀ ਗਗਨਦੀਪ ਕੌਰ, ਰਾਜਵੰਤ ਕੌਰ, ਦਲਜੀਤ ਕੌਰ, ਜਸਵੀਰ ਕੌਰ, ਜੱਸ ਬਾਲਾ ਅਤੇ ਰਣਜੀਤ ਸਿੰਘ ਧਾਰਨੀ ਨੇ ਵਿਸ਼ੇਸ਼ ਭੂਮਿਕਾ ਨਿਭਾਈ।

## ਪਿੰਡ ਕੁੱਬਾਹੇੜੀ 'ਚ ਕੁਸ਼ਤੀ ਦੰਗਲ 15 ਨੂੰ



**ਕੁਰਾਲੀ, (ਮੋਹਣ ਅਗਰਵਾਲ ਜੋਗਾ)** ਪਿੰਡ ਕੁੱਬਾਹੇੜੀ ਕਸਬਾ ਕਮੇਟੀ ਗਰਾਮ ਪੰਚਾਇਤ, ਸਮੂਹ ਨਗਰ ਨਿਵਾਸੀ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 6ਵਾਂ ਸਾਲਾਨਾ ਕੁਸ਼ਤੀ ਦੰਗਲ ਮੇਲਾ 15 ਨਵੰਬਰ ਨੂੰ ਪਿੰਡ ਕੁੱਬਾਹੇੜੀ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਬਲਕਾਰ ਸਿੰਘ ਮਾਵੀ ਤੇ ਚੀਨੀ ਕੁੱਬਾਹੇੜੀ ਨੇ ਦੱਸਿਆ ਕਿ ਇਸ 6ਵਾਂ ਵਿਸ਼ਾਲ ਕੁਸ਼ਤੀ ਦੰਗਲ ਦੌਰਾਨ ਝੰਡੀ ਦੀ ਕੁਸ਼ਤੀ ਪ੍ਰਿਤਪਾਲ ਫਗਵਾੜਾ ਅਤੇ ਸਿਕੰਦਰ ਸ਼ੇਖ ਪਹਿਲਵਾਨਾਂ ਦਰਮਿਆਨ ਹੋਵੇਗੀ। ਇਸ ਦੌਰਾਨ ਬੱਬੂ ਮਾਨ ਖੁੱਲ੍ਹਾ ਅਖਾੜਾ ਲੱਗੇਗਾ। ਕੁਸ਼ਤੀਆਂ ਦੀ ਸ਼ੁਰੂਆਤ ਦੁਪਹਿਰ 1 ਵਜੇ ਹੋਵੇਗੀ ਅਤੇ ਪਹਿਲਾਂ ਇਨਾਮ ਫੋਰਡ ਟਰੈਕਟਰ ਅਤੇ 5 ਲੱਖ ਦੇ ਹੋਰ ਵੱਡੇ ਇਨਾਮ ਦਿੱਤੇ ਜਾਣਗੇ। ਇਸ ਤੋਂ ਇਲਾਵਾ ਪੰਜਾਬ, ਹਰਿਆਣਾ, ਦਿੱਲੀ, ਹਿਮਾਚਲ ਅਤੇ ਜੰਮੂ ਕਸ਼ਮੀਰ ਦੇ ਵੱਖ-ਵੱਖ ਅਖਾੜਿਆਂ ਦੇ ਨਾਮੀ ਪਹਿਲਵਾਨ ਹਿੱਸਾ ਲੈਣਗੇ। ਕੇਵਲ ਸੱਦਾ ਪੱਤਰ ਵਾਲੇ ਪਹਿਲਵਾਨਾਂ ਦੀਆਂ ਕੁਸ਼ਤੀਆਂ ਹੀ ਕਰਵਾਈਆਂ ਜਾਣਗੀਆਂ । ਜੇਤੂ ਪਹਿਲਵਾਨਾਂ ਨੂੰ ਇਨਾਮਾਂ ਦੀ ਵੰਡ ਇਲਾਕੇ ਦੇ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਦੇ ਆਗੂ ਕਰਨਗੇ। ਇਸ ਮੌਕੇ ਬਬਲੂ ਤਲਵਾੜ , ਪਿੰਦੀ ਬੈਨੀਪਾਲ, ਲਾਡੀ ਬੜੌਦੀ , ਗਗਨ ਸੰਗਤਪੁਰਾ, ਗੁਰਦੇਵ ਸਰਪੰਚ, ਰਵਿੰਦਰ ਮਾਵੀ, ਬਲਵਿੰਦਰ ਸਿੰਘ ਕੰਸਾਲਾ, ਤੇਜੀ ਔਜਲਾ ਸੰਤੂ ਮਾਵੀ, ਆਦਿ ਹਾਜ਼ਰ ਸਨ।

## ਪਿੰਡ ਬੜੌਦੀ ਵਿੱਚ ਲਗਾਇਆ ਮੁਫ਼ਤ ਅੱਖਾਂ ਦਾ ਕੈਂਪ




**ਕੁਰਾਲੀ (ਮੋਹਨ ਅੱਗਰਵਾਲ ਜੋਗਾ) :** ਗਲੋਬਲ ਕੈਂਸਰ ਕੰਸਰਨ ਇੰਡੀਆ ਲਿਮਟਿਡ ਵੱਲੋਂ ਅੱਜ ਬਲਾਕ ਮਾਜਰੀ ਦੇ ਪਿੰਡ ਬੜੌਦੀ ਦੇ ਗੁਰਦੁਆਰਾ ਸਾਹਿਬ ਵਿੱਚ ਮੁਫ਼ਤ ਅੱਖਾਂ ਦੇ ਚੈੱਕਅਪ ਦਾ ਕੈਂਪ ਲਗਾਇਆ ਗਿਆ ਜਿਸ ਵਿੱਚ ਕਾਫ਼ੀ ਵੱਡੀ ਗਿਣਤੀ ਵਿੱਚ ਇਲਾਕੇ ਦੇ ਲੋਕਾਂ ਨੇ ਸ਼ਮੂਲੀਅਤ ਕੀਤੀ। ਇਸ ਕੈਂਪ ਵਿਚ ਡਾ. ਨਿਰੰਜਣ ਸਿੰਘ ਮੈਡੀਕਲ ਅਫਸਰ ਅਤੇ ਡਾਕਟਰ ਸੇਠੀ ਆਈ ਅਤੇ ਡੈਂਟਲ ਕਲੀਨਿਕ ਵੱਲੋਂ ਮਰੀਜ਼ਾਂ ਦੀ ਜਾਂਚ ਕੀਤੀ ਗਈ ਅਤੇ ਜਾਂਚ ਉਪਰੰਤ ਉਨ੍ਹਾਂ ਨੂੰ ਹੁਣ ਨਜ਼ਰ ਦੇ ਚਸ਼ਮੇ ਵੀ ਮੁਫਤ ਦਿੱਤੇ ਜਾਣਗੇ। ਇਸ ਮੌਕੇ ਡਾ. ਨਿਰੰਜਨ ਸਿੰਘ ਅਤੇ ਪ੍ਰਾਜੈਕਟ ਅਫਸਰ ਨੀਸ਼ੂ ਸੈਣੀ ਨੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਇਹ ਕੈਂਪ ਮਹਿੰਦਰਾ ਐਂਡ ਮਹਿੰਦਰਾ ਦੇ ਸਹਿਯੋਗ ਦੇ ਨਾਲ ਪਿੰਡ ਬੜੌਦੀ ਵਿੱਚ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਕੈਂਪ ਦਾ ਫਾਇਦਾ ਉਨ੍ਹਾਂ ਲੋਕਾਂ ਨੂੰ ਹੁੰਦਾ ਹੈ ਜਿਹੜੇ ਲੋਕ ਪਿੰਡ ਤੋਂ ਬਾਹਰ ਘੱਟ ਜਾਂਦੇ ਹਨ। ਉਨ੍ਹਾਂ ਕਿਹਾ ਕਿ ਬਜ਼ੁਰਗ ਲੋਕਾਂ ਨੂੰ ਅਜਿਹੇ ਕੈਂਪਾਂ ਦਾ ਕਾਫ਼ੀ ਫ਼ਾਇਦਾ ਜ਼ਿਆਦਾ ਮਿਲਦਾ ਹੈ ਉਨ੍ਹਾਂ ਕਿਹਾ ਕਿ ਅੱਜ ਇਸ ਕੈਂਪ ਵਿਚ 112 ਲੋਕਾਂ ਦੀ ਰਜਿਸਟ੍ਰੇਸ਼ਨ ਕੀਤੀ ਗਈ ਅਤੇ 110 ਲੋਕਾਂ ਦੇ ਅੱਖਾਂ ਦੀ ਜਾਂਚ ਕੀਤੀ ਗਈ ਅਤੇ ਜ਼ਰੂਰਤਮੰਦਾਂ ਨੂੰ ਜਲਦ ਮੁਫਤ ਨਜ਼ਰ ਦੇ ਚਸ਼ਮੇ ਵੀ ਦਿੱਤੇ ਜਾਣਗੇ। ਇਸ ਮੌਕੇ ਗੁਰਪ੍ਰੀਤ ਕੌਰ ਸਟਾਫ ਨਰਸ , ਨੈਬ ਸਿੰਘ ਸਪੋਰਟ ਸਟਾਫ ਆਦਿ ਵੀ ਹਾਜ਼ਰ ਸੀ। ਇਸ ਮੌਕੇ ਪਿੰਡ ਦੇ ਸਰਪੰਚ ਅਤੇ ਇਲਾਕਾ ਵਾਸੀਆਂ ਨੇ ਗਲੋਬਲ ਕੈਂਸਰ ਕੰਸਰਨ ਇੰਡੀਆ ਅਤੇ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਦਾ ਕੈਂਪ ਲਗਾਉਣ ਦੇ ਲਈ ਧੰਨਵਾਦ ਕੀਤਾ।

# ਵਿਦਿਆਰਥੀਆਂ ਨੂੰ ਬੇਲੋੜੀਆਂ ਪ੍ਰੀਖਿਆਵਾਂ ਵਿੱਚ ਉਲਝਾ ਕੇ ਪੜ੍ਹਾਈ ਤੋਂ ਦੂਰ ਕਰਨ ਦਾ ਡੀ ਟੀ ਐੱਫ ਵਲੋਂ ਜ਼ੋਰਦਾਰ ਵਿਰੋਧ

**ਹੁਸ਼ਿਆਰਪੁਰ, ( ਬਲਵੀਰ ਸਿੰਘ ਸੈਣੀ)** ਸਦਾ ਹੀ ਆਪਣੇ ਨਵੇਂ ਨਵੇਂ ਕਾਰਨਾਮਿਆਂ ਕਾਰਨ ਚਰਚਾ ਵਿੱਚ ਰਹਿਣ ਵਾਲਾ ਪੰਜਾਬ ਦਾ ਸਿੱਖਿਆ ਵਿਭਾਗ ਵਾਰ-ਵਾਰ ਵਿਦਿਆਰਥੀਆਂ ਨੂੰ ਬੇਲੋੜੀਆਂ ਪ੍ਰੀਖਿਆਵਾਂ ਅਤੇ ਹੋਰ ਗਤੀਵਿਧੀਆਂ ਵਿੱਚ ਉਲਝਾਉਣ ਦੇ ਆਪਣੇ ਹਾਲੀਆ ਫ਼ੈਸਲਿਆਂ ਕਾਰਨ ਇੱਕ ਵਾਰ ਫੇਰ ਚਰਚਾ ਵਿੱਚ ਹੈ। ਇਸ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਡੈਮੋਕਰੈਟਿਕ ਟੀਚਰਜ਼ ਫ਼ਰੰਟ ਪੰਜਾਬ (ਡੀ ਟੀ ਐੱਫ) ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਗੁਜਰਾਤੀ, ਵਿੱਤ ਸਕੱਤਰ ਅਸ਼ਵਨੀ ਅਵਸਥੀ, ਸੁਖਦੇਵ ਡਾਨਸੀਵਾਲ, ਇੰਦਰ ਸੁਖਦੀਪ ਸਿੰਘ ਓਢਰਾ ਅਤੇ ਮਨਜੀਤ ਸਿੰਘ ਦਸੂਹਾ ਆਦਿ ਆਗੂਆਂ ਨੇ ਕਿਹਾ ਕਿ ਸਿੱਖਿਆ ਵਿਭਾਗ ਪੰਜਾਬ ਵੱਲੋਂ ਵਿਦਿਆਰਥੀਆਂ ਨੂੰ ਵਾਰ-ਵਾਰ ਬੇਲੋੜੀਆਂ ਪ੍ਰੀਖਿਆਵਾਂ, ਕੁਇਜ਼ ਮੁਕਾਬਲਿਆਂ ਅਤੇ ਵੱਖ-ਵੱਖ ਵਿਸ਼ਿਆਂ ਦੇ ਬੇਲੋੜੇ ਮੇਲਿਆਂ ਵਿੱਚ ਉਲਝਾ ਕੇ ਵਿਦਿਆਰਥੀਆਂ ਨੂੰ ਪੜ੍ਹਾਈ ਤੋਂ ਦੂਰ ਕੀਤਾ ਜਾ ਰਿਹਾ ਹੈ, ਜਿਸ ਦਾ ਕਿ ਡੈਮੋਕਰੈਟਿਕ ਟੀਚਰਜ਼ ਫ਼ਰੰਟ ਪੰਜਾਬ (ਡੀ ਟੀ ਐੱਫ) ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ। ਆਗੂਆਂ ਨੇ ਕਿਹਾ ਕਿ ਸਿੱਖਿਆ ਵਿਭਾਗ ਵੱਲੋਂ ਪਹਿਲਾਂ 5 ਤੋਂ 20 ਅਗਸਤ ਅਤੇ ਫੇਰ 27 ਤੋਂ 10 ਅਕਤੂਬਰ ਤੱਕ ਵਿਦਿਆਰਥੀਆਂ ਦੀਆਂ ਦੋ ਵਾਰ ਪ੍ਰੀਖਿਆਵਾਂ ਲਈਆਂ ਅਤੇ ਅਜੇ ਪਿਛਲੇ ਮਹੀਨੇ ਹੀ ਵਿਦਿਆਰਥੀ ਪ੍ਰੀਖਿਆਵਾਂ ਦੇ ਕੇ ਵਿਹਲੇ ਹੋਏ ਸਨ ਕਿ ਨਾਲ਼ ਹੀ ਬਲਾਕ ਪੱਧਰੀ ਖੇਡਾਂ ਆ ਗਈਆਂ, ਅਜੇ ਵਿਦਿਆਰਥੀਆਂ ਦੀ ਖੇਡਾਂ ਦੀ ਥਕਾਵਟ ਉਤਰੀ ਨਹੀਂ ਕਿ ਨਾਲ਼ ਹੀ ਉਨ੍ਹਾਂ ਉੱਤੇ ਕੁਇਜ਼ ਮੁਕਾਬਲੇ ਅਤੇ ਵੱਖ-ਵੱਖ ਵਿਸ਼ਿਆਂ ਦੇ ਬੇਲੋੜੇ ਮੇਲੇ ਥੋਪ ਦਿੱਤੇ ਗਏ ਅਤੇ ਹੁਣ ਫੇਰ 26 ਨਵੰਬਰ ਤੋਂ 9 ਦਸੰਬਰ ਤੱਕ ਪ੍ਰੀਖਿਆਵਾਂ ਦੀ ਨਵੀਂ ਡੇਟਸ਼ੀਟ ਜਾਰੀ ਕਰਕੇ ਸਿੱਖਿਆ ਵਿਭਾਗ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਫੇਰ ਫ਼ਿਕਰਾਂ ਵਿੱਚ ਪਾ ਦਿੱਤਾ ਹੈ।

ਅਧਿਆਪਕ ਆਗੂਆਂ ਨੇ ਦੱਸਿਆ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਕੁੱਝ ਸਾਲ ਪਹਿਲਾਂ ਸਾਲ ਵਿੱਚ ਸਿਰਫ਼ 2 ਵਾਰ ਸਪਲੀਮੈਂਟਰੀ ਪ੍ਰੀਖਿਆਵਾਂ ਲਈਆਂ ਜਾਂਦੀਆਂ ਸਨ ਅਤੇ 1 ਵਾਰ ਸਾਲਾਨਾ ਪ੍ਰੀਖਿਆ ਲਈ ਜਾਂਦੀ ਸੀ, ਪਰ ਆਪ ਸਰਕਾਰ ਦੁਆਰਾ ਇਸ ਵਿੱਦਿਅਕ ਵਰ੍ਹੇ ਦੇ ਪਹਿਲੇ 7 ਮਹੀਨਿਆਂ ਵਿੱਚ ਹੀ ਇਹ ਤੀਜੀ ਵਾਰ ਪ੍ਰੀਖਿਆਵਾਂ ਵਿਦਿਆਰਥੀਆਂ ਉੱਤੇ ਥੋਪੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇੱਕ ਵਾਰ ਪ੍ਰੀਖਿਆਵਾਂ ਲੈਣ ਨਾਲ਼ ਵਿਦਿਆਰਥੀਆਂ ਦੀ ਲੱਗਭੱਗ 20 ਦਿਨਾਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਸਿੱਖਿਆ ਨੂੰ ਪਹਿਲੀ ਤਰਜੀਹ ਵਜੋਂ ਪ੍ਰਚਾਰਨ ਵਾਲੀ ਮੌਜੂਦਾ ਸਰਕਾਰ ਵਿਦਿਆਰਥੀਆਂ ਨੂੰ ਬੇਲੋੜੀਆਂ ਪ੍ਰੀਖਿਆਵਾਂ, ਮੁਕਾਬਲਿਆਂ, ਮੇਲਿਆਂ ਅਤੇ ਹੋਰ ਗਤੀਵਿਧੀਆਂ ਵਿੱਚ ਉਲਝਾ ਕੇ ਪਿਛਲੀਆਂ ਸਰਕਾਰਾਂ ਤੋਂ ਵੀ ਵੱਧ ਸਿੱਖਿਆ ਦਾ ਬੇੜਾ ਗ਼ਰਕ ਕਰਨ ਉੱਤੇ ਤੁਲੀ ਹੋਈ ਹੈ ਜਦਕਿ ਪੰਜਾਬ ਦੇ ਸਕੂਲਾਂ ਦੀਆਂ ਅਸਲ ਸਮੱਸਿਆਵਾਂ ਜਿਵੇਂ ਕਿ ਅਧਿਆਪਕਾਂ ਦੀਆਂ ਘਟਾਈਆਂ ਅਸਾਮੀਆਂ ਦੀ ਬਹਾਲੀ ਕਰਕੇ ਅਧਿਆਪਕਾਂ ਦੀ ਨਵੀਂ ਭਰਤੀ ਕਰਕੇ ਸਕੂਲਾਂ ਵਿੱਚੋਂ ਅਧਿਆਪਕਾਂ ਦੀ ਘਾਟ ਦੂਰ ਕਰਨ ਜਿਹੇ ਮੁੱਖ ਮੁੱਦਿਆਂ ਤੋਂ ਅੱਖਾਂ ਮੀਟ ਰਹੀ ਹੈ। ਡੀ ਟੀ ਐੱਫ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬੇਲੋੜੀਆਂ ਪ੍ਰੀਖਿਆਵਾਂ ਅਤੇ ਹੋਰ ਗਤੀਵਿਧੀਆਂ ਦੇ ਫ਼ੈਸਲੇ ਰੱਦ ਕੀਤੇ ਜਾਣ ਅਤੇ ਵਿੱਦਿਅਕ ਵਰ੍ਹੇ ਦੀ ਸ਼ੁਰੂਆਤ ਤੋਂ ਪਹਿਲਾਂ ਅਧਿਆਪਕ ਜਥੇਬੰਦੀਆਂ ਨਾਲ਼ ਸਲਾਹ ਕਰਕੇ ਸਰਕਾਰ ਸਕੂਲਾਂ ਦਾ ਵਿੱਦਿਅਕ ਕੈਲੰਡਰ ਤਿਆਰ ਕਰੇ ਜਿਸ ਵਿੱਚ ਪੜ੍ਹਾਈ ਦੇ ਵੱਧ ਹੋਣ ਅਤੇ ਉਸੇ ਕੈਲੰਡਰ ਦੇ ਅਧਾਰ ਉੱਤੇ ਹੀ ਸਾਰਾ ਸਾਲ ਪੜ੍ਹਾਈ ਹੋਵੇ। ਇਸ ਮੌਕੇ ਜਸਵੀਰ ਬੋਦਲ, ਵਰਿੰਦਰ ਸੈਣੀ, ਰਜਿੰਦਰ ਹੇਜਮਾਂ, ਮਨਜੀਤ ਸਿੰਘ ਬਾਬਾ, ਰੇਸ਼ਮ ਸਿੰਘ ਧੁੱਗਾ, ਪ੍ਰਵੀਨ ਸ਼ੇਰਪੁਰ, ਬਰਿੰਦਰ ਸਹੋਤਾ, ਬਲਜੀਤ ਸਿੰਘ ਮਹਿਮੋਵਾਲ, ਜਸਵਿੰਦਰ ਝਿੰਗੜ, ਨਿਰਮਲ ਸਿੰਘ ਨਿਹਾਲਪੁਰ, ਅਸ਼ਨੀ ਕੁਮਾਰ, ਹਰਿੰਦਰ ਸਿੰਘ, ਬਲਵਿੰਦਰ ਸਿੰਘ, ਬਲਕਾਰ ਪੁਰੀਕਾ, ਗੁਰਜਿੰਦਰ ਸਿੰਘ ਮੰਝਪੁਰ, ਜਰਨੈਲ ਡਘਾਮ ਅਤੇ ਨੰਦ ਰਾਮ ਆਦਿ ਆਗੂ ਵੀ ਹਾਜ਼ਰ ਸਨ।

## ਅੱਜ ਬਾਲ ਦਿਵਸ ਮੌਕੇ ਨਵੇਂ ਸੈਸ਼ਨ ਦੇ ਦਾਖਲਿਆਂ ਦੀ ਹੋਵੇਗੀ ਸ਼ੁਰੂਆਤ : ਡੀ ਈ ਓ

**ਐਸ ਏ ਐਸ ਨਗਰ, (ਗੁਰਜੀਤ ਬਿੱਲਾ)** -14 ਨਵੰਬਰ ਨੂੰ 'ਬਾਲ ਦਿਵਸ' ਮੌਕੇ ਜ਼ਿਲ੍ਹੇ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਬਾਲ ਮੇਲਾ ਕਰਵਾਇਆ ਜਾਵੇਗਾ। ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫਸਰ ਸੁਸ਼ੀਲ ਨਾਥ ਨੇ ਦੱਸਿਆ ਕਿ 14 ਨਵੰਬਰ ਨੂੰ 'ਬਾਲ ਦਿਵਸ' ਮੌਕੇ ਨਵੇਂ ਵਿੱਦਿਅਕ ਸੈਸ਼ਨ 2023-24 ਲਈ ਦਾਖਲਾ ਮੁਹਿੰਮ ਦੀ ਸ਼ੁਰੂਆਤ ਹੋਵੇਗੀ। ਉਹਨਾਂ ਦੱਸਿਆ ਕਿ ਜ਼ਿਲ੍ਹੇ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਇਸ ਸੰਬੰਧੀ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਸਮੂਹ ਮਾਪਿਆਂ, ਪਤਵੰਤਿਆਂ, ਗ੍ਰਾਮ ਪੰਚਾਇਤਾਂ, ਕਮੇਟੀ ਮੈਂਬਰਾਂ, ਐੱਨ ਆਰ ਆਈ ਵੀਰਾਂ ਨੂੰ ਆਪਣੇ ਨੇੜਲੇ ਸਕੂਲ ਵਿੱਚ ਪਹੁੰਚਣ ਲਈ ਸੱਦਾ-ਪੱਤਰ ਭੇਜਿਆ ਜਾ ਚੁੱਕਾ ਹੈ। ਇਸ ਦਿਨ ਵਿਦਿਆਰਥੀਆਂ ਦੁਆਰਾ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਜਾਵੇਗਾ।

ਸਕੂਲ ਵਿੱਚ ਵਿੱਦਿਅਕ ਸਾਜ਼ੋ ਸਮਾਨ ਦੀ ਪ੍ਰਦਰਸਨੀ ਲਗਾਈ ਜਾਵੇਗੀ। ਪੰਜਾਬੀ ਮਾਹ ਨੂੰ ਸਮਰਪਿਤ ਲਾਇਬ੍ਰੇਰੀ ਲੰਗਰ ਤਹਿਤ ਕਿਤਾਬਾਂ ਜਾਰੀ ਕੀਤੀਆਂ ਜਾਣਗੀਆਂ। ਇਸ ਮੌਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਤਿਆਰ ਕੀਤਾ ਬਾਲ ਮੈਗਜ਼ੀਨ ਜਾਰੀ ਕੀਤਾ ਜਾਵੇਗਾ। ਉਹਨਾਂ ਵੱਲੋਂ ਸਭ ਨੂੰ ਇਹਨਾਂ ਬਾਲ ਮੇਲਿਆਂ ਵਿੱਚ ਸ਼ਮੂਲੀਅਤ ਕਰਨ ਲਈ ਅਪੀਲ ਵੀ ਕੀਤੀ ਗਈ।

## ਆਪ ਸਰਕਾਰ ਦੀ ਕੋਈ ਮਾਈਨਿੰਗ ਪਾਲਿਸੀ ਨਾ ਹੋਣਾ ਸੜਕਾਂ ਦੇ ਕੰਮ 'ਚ ਦੇਰੀ ਦਾ ਕਾਰਨ : ਡਾ. ਰਾਜ ਕੁਮਾਰ



**ਹੁਸ਼ਿਆਰਪੁਰ (ਓ ਪੀ ਰਾਣਾ )** ਡਿਪਟੀ ਸੀਐਲਪੀ ਲੀਡਰ ਅਤੇ ਵਿਧਾਇਕ ਚੱਬੇਵਾਲ ਡਾ. ਰਾਜ ਕੁਮਾਰ ਨੇ ਭਾਮ ਤੋਂ ਚਿਤੋਂ, ਮੋਨਾ ਕਲਾਂ ਤੋਂ ਹੁੰਦੇ ਹੋਏ ਚੱਬੇਵਾਲ ਜਾਣ ਵਾਲੀ 2.50 ਕਿਲੋਮੀਟਰ ਦੀ ਸੜਕ 'ਤੇ ਲੁੱਕ ਪਾਉਣ ਦੇ ਕੰਮ ਸ਼ੁਰੂਆਤ ਕਰਵਾਈ। ਇਹ ਸੜਕ 32 ਲੱਖ 30 ਹਜ਼ਾਰ ਦੀ ਲਾਗਤ ਨਾਲ ਬਣਾਈ ਜਾ ਰਹੀ ਹੈ। ਇਹ ਸੜਕ ਦਾ ਕੰਮ ਕਾਂਗਰਸ ਸਰਕਾਰ ਸਮੇਂ ਸ਼ੁਰੂ ਹੋ ਗਿਆ ਸੀ ਪਰੰਤੂ ਚੋਣ ਜ਼ਾਬਤਾ ਲੱਗਣ ਕਾਰਣ ਵਿੱਚ ਹੀ ਰੁੱਕ ਗਿਆ ਸੀ। ਡਾ. ਰਾਜ ਕੁਮਾਰ ਨੇ ਹਾਜ਼ਰ ਇਕੱਠ ਨੂੰ ਦੱਸਿਆ ਕਿ ਇਸ ਸੜਕ ਲਈ ਵੀ ਪਿਛਲੇ ਕਾਂਗਰਸ ਸਰਕਾਰ ਵਲੋਂ ਫੰਡ ਜਾਰੀ ਕਰ ਦਿੱਤੇ ਗਏ ਸਨ ਅਤੇ ਕੰਮ ਵੀ ਸ਼ੁਰੂ ਕਰਵਾ ਦਿੱਤਾ ਗਿਆ ਸੀ, ਪਰੰਤੂ ਆਪ ਸਰਕਾਰ ਬਨਣ ਤੋਂ ਬਾਅਦ ਮਾਈਨਿੰਗ ਪਾਲਿਸੀ ਹੁਣ ਤੱਕ ਨਾ ਬਣਾਏ ਜਾਣ ਕਾਰਣ ਇਸ ਸੜਕ ਦੇ ਨਾਲ-ਨਾਲ ਹੋਰਨਾਂ ਪਿੰਡਾਂ ਦੀਆਂ ਸੜਕਾਂ ਦਾ ਕੰਮ ਵੀ ਰੁਕਿਆ ਹੋਇਆ ਹੈ। ਉਹਨਾਂ ਦੱਸਿਆ ਕਿ ਇਹ ਸੜਕ 'ਤੇ ਪੀਸੀ ਪਾਉਣ ਦਾ ਕੰਮ ਵੀ ਉਹਨਾਂ ਵਲੋਂ ਸੜਕ ਵਿਭਾਗ ਦੇ ਅਧਿਕਾਰੀਆਂ ਅਤੇ ਠੇਕੇਦਾਰ ਨਾਲ ਵਿਚਾਰ ਵਟਾਂਦਰਾ ਕਰਕੇ ਅਤੇ ਬਹੁਤ ਕੋਸ਼ਿਸ਼ਾਂ ਨਾਲ ਸ਼ੁਰੂ ਕਰਵਾਇਆ ਗਿਆ ਹੈ। ਇਸ ਮੌਕੇ 'ਤੇ ਹਰਮਿੰਦਰ ਸਿੰਘ, ਹਰਪ੍ਰੀਤ ਸਿੰਘ, ਗਗਨ, ਗੁਰਜੋਤ ਸਿੰਘ, ਲਖਵੀਰ ਸਿੰਘ, ਗੁਰਜੀਤ ਸਿੰਘ, ਪਰਵਿੰਦਰ ਸਿੰਘ, ਪਵਨ, ਅਮਨ, ਜਤਿੰਦਰ ਸਿੰਘ, ਹਨੀ, ਬਿਕਰ, ਵਿਵੇਕ, ਸੁੱਖਾ, ਗੋਪੀ, ਲੱਕੀ, ਤਜਿੰਦਰ ਸਿੰਘ, ਰਣਜੀਤ ਔਜਲਾ, ਅਮਨਦੀਪ, ਪਰਮਿੰਦਰ ਸਿੰਘ, ਜਿੰਦਰ, ਸੁਖਪ੍ਰੀਤ, ਮਨਪ੍ਰੀਤ, ਰਿਸ਼ੂ, ਮਾਧਵ, ਰਣਜੀਤ, ਸਰਬਜੀਤ ਸਿੰਘ, ਰੋਹਨ ਆਦਿ ਮੌਜੂਦ ਸਨ।

14-NOV-PAGE-10.qxd 11/13/2022 10:28 PM Page 1



# ਠੇਕਾ ਮੁਲਾਜ਼ਮ 15 ਤੇ 16 ਨੂੰ ਵਿਭਾਗਾਂ ਦੇ ਕੰਮ ਦਾ ਕਰਨਗੇ ਮੁਕੰਮਲ ਬਾਈਕਾਟ : ਮੋਰਚਾ ਆਗੂ



**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**

ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਦੇ ਸੂਬਾਈ ਆਗੂਆਂ ਸ਼ੇਰ ਸਿੰਘ ਖੰਨਾ, ਵਰਿੰਦਰ ਸਿੰਘ ਮੋਮੀ, ਜਗਰੂਪ ਸਿੰਘ ਲਹਿਰਾ, ਗੁਰਵਿੰਦਰ ਸਿੰਘ ਪੰਨੂੰ, ਬਲਿਹਾਰ ਸਿੰਘ ਕਟਾਰੀਆ, ਸਿਮਰਨਜੀਤ ਸਿੰਘ ਨੀਲੋਂ, ਰਮਨਪ੍ਰੀਤ ਕੌਰ ਮਾਨ, ਪਵਨਦੀਪ ਸਿੰਘ, ਸੁਰਿੰਦਰ ਕੁਮਾਰ, ਜਸਪ੍ਰੀਤ ਸਿੰਘ ਗਗਨ ਅਤੇ ਜਗਸੀਰ ਸਿੰਘ ਭੰਗੂ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਇੱਕ ਪਾਸੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚੋਣਾਂ ਵਾਲੇ ਸੂਬਿਆਂ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਵਿੱਚ ਕੀਤੀਆਂ ਚੋਣ ਰੈਲੀਆਂ ਵਿੱਚ ਪੰਜਾਬ ਸਰਕਾਰ ਦੇ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਦੀ ਹੋ ਰਹੀ ਲੁੱਟ ਦੇ ਸੰਬੰਧ ਵਿੱਚ ਲੋਕ-ਲੁਭਾਵਣੀਆਂ ਗੱਲਾਂ ਕਰਕੇ ਫੋਕੀ ਵਾਹ-ਵਾਹ ਖੱਟੀ ਜਾ ਰਹੀ ਹੈ, ਦੂਜੇ ਪਾਸੇ ਆਪਣੇ ਆਪ ਨੂੰ ਲੋਕ ਹਿਤੈਸ਼ੀ ਕਹਾਉਣ ਵਾਲੀ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਸੇਵਾਵਾਂ ਦੇ ਰਹੇ ਆਊਟਸੋਰਸਡ ਅਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਦੀਆਂ ਲੰਬੀਆਂ ਸੇਵਾਵਾਂ ਨੂੰ ਅਣ-ਵੇਖਿਆ ਕਰਕੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਬਾਹਰੋਂ ਨਵੀਂ ਸਿੱਧੀ ਭਰਤੀ ਕਰਨ ਦਾ ਲੋਕਮਾਰੂ ਫ਼ੈਸਲਾ ਲਿਆ ਜਾ ਰਿਹਾ ਹੈ, ਜਿਸ ਦੇ ਵਿਰੋਧ ਵਜੋਂ ਆਊਟਸੋਰਸਡ ਅਤੇ ਇਨਲਿਸਟਮੈਂਟ ਠੇਕਾ ਮੁਲਾਜ਼ਮ "ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ" ਦੇ ਬੈਨਰ ਹੇਠ 15 ਅਤੇ 16 ਨਵੰਬਰ ਨੂੰ ਦੋ ਦਿਨਾਂ ਦੀ ਸਮੂਹਿਕ ਛੁੱਟੀ ਦੇ ਕੇ ਆਪਣੇ-ਆਪਣੇ ਵਿਭਾਗਾਂ ਦੇ ਕੰਮ ਦਾ ਮੁਕੰਮਲ ਬਾਈਕਾਟ ਕਰਕੇ ਵਿਭਾਗਾਂ ਦੇ ਮੁੱਖ ਦਫ਼ਤਰਾਂ ਸਾਹਮਣੇ ਪਰਵਾਰਾਂ ਸਮੇਤ ਰੋਸ ਪ੍ਰਦਰਸ਼ਨ ਕਰਨਗੇ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰੀ ਵਿਭਾਗਾਂ ਵਿੱਚ ਬਾਹਰੋਂ ਸਿੱਧੀ ਭਰਤੀ ਕਰਨ ਤੋਂ ਪਹਿਲਾਂ ਵਿਭਾਗਾਂ ਵਿੱਚ ਪਿਛਲੇ ਲੰਬੇ ਸਮੇਂ ਤੋਂ ਸੇਵਾਵਾਂ ਦੇ ਰਹੇ ਸਮੂਹ ਆਊਟਸੋਰਸਡ ਅਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਪਹਿਲ ਦੇ ਆਧਾਰ 'ਤੇ ਵਿਭਾਗਾਂ ਵਿੱਚ ਰੈਗੂਲਰ ਕੀਤਾ ਜਾਵੇ, ਲੇਬਰ ਐਕਟ 1948 ਦੇ ਫਾਰਮੂਲੇ ਮੁਤਾਬਕ ਇੱਕ ਅਣ-ਸਿੱਖਿਅਤ ਠੇਕਾ ਮੁਲਾਜ਼ਮ ਦੀ ਤਨਖ਼ਾਹ ਘੱਟੋ-ਘੱਟ 25 ਹਜ਼ਾਰ ਰੁਪਏ ਨਿਸ਼ਚਤ ਕੀਤੀ ਜਾਵੇ, ਸਮੂਹ ਵਿਭਾਗਾਂ ਵਿੱਚੋਂ ਛਾਂਟੀ ਕੀਤੇ ਠੇਕਾ ਮੁਲਾਜ਼ਮਾਂ ਨੂੰ ਤੁਰੰਤ ਨੌਕਰੀ 'ਤੇ ਬਹਾਲ ਕੀਤਾ ਜਾਵੇ, ਡਿਊਟੀ ਦੌਰਾਨ ਆਪਣੀ ਜਾਨ ਗਵਾ ਚੁੱਕੇ ਠੇਕਾ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਯੋਗ ਮੁਆਵਜ਼ਾ ਅਤੇ ਸਰਕਾਰੀ ਨੌਕਰੀ ਦਿੱਤੀ ਜਾਵੇ, ਸਮੂਹ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਨੂੰ ਤਨਖ਼ਾਹ ਸਮੇਂ ਸਿਰ ਦਿੱਤੀ ਜਾਵੇ, ਸਮੂਹ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੀ ਨੀਤੀ ਨੂੰ ਰੱਦ ਕੀਤਾ ਜਾਵੇ।

## ਤੇਜ਼ ਰਫ਼ਤਾਰ ਕਾਰ ਸੜਕ ਕਿਨਾਰੇ ਖੜੇ ਪਰਵਾਰ 'ਤੇ ਚੜ੍ਹੀ, ਇੱਕ ਦੀ ਮੌਤ, 2 ਜ਼ਖ਼ਮੀ

**ਨਾਭਾ (ਵਰਿੰਦਰ ਵਰਮਾ)**-ਨਾਭਾ ਨਜ਼ਦੀਕ ਭੋਡੇ ਕੋਲ ਤੇਜ਼ ਰਫ਼ਤਾਰ ਕਾਰ ਵੱਲੋਂ ਇੱਕ ਸੜਕ ਦੇ ਕਿਨਾਰੇ ਖੜੇ ਪਰਵਾਰ ਉੱਪਰ ਚੜ੍ਹ ਜਾਣ ਕਾਰਨ ਇੱਕ ਔਰਤ ਦੀ ਮੌਕੇ 'ਤੇ ਹੀ ਮੌਤ ਹੋਣ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਪਿੰਡ ਜੱਬੋਮਾਜਰਾ ਦਾ ਇੱਕ ਪਰਵਾਰ ਪਟਿਆਲਾ ਰਾਜਿੰਦਰਾ ਹਸਪਤਾਲ ਵਿੱਚ ਦਵਾਈ ਲੈਣ ਲਈ ਮੋਟਰਸਾਈਕਲ 'ਤੇ ਸਵਾਰ ਹੋ ਕੇ ਜਾ ਰਿਹਾ ਸੀ ਤਾਂ ਮੋਟਰਸਾਈਕਲ ਸਵਾਰ ਮੱਖਣ ਮੁਤਾਬਕ ਉਸ ਵੱਲੋਂ ਸੜਕ ਦੇ ਕਿਨਾਰੇ ਕੱਚੇ ਉੱਪਰ ਮੋਟਰਸਾਈਕਲ ਖੜਾਇਆ ਗਿਆ ਤਾਂ ਜੋ ਉਹ ਆਪਣੇ ਬੱਚੇ ਦੇ ਰੁਮਾਲ ਬੰਨ੍ਹ ਸਕੇ ਤਾਂ ਤੇਜ਼ ਰਫ਼ਤਾਰ ਨਾਲ ਆਈ ਇੱਕ ਕਾਰ ਉਨ੍ਹਾਂ ਵਿੱਚ ਆ ਵੱਜੀ, ਜਿਸ ਕਾਰਨ ਉਸ ਦੀ ਧਰਮ ਪਤਨੀ ਕਮਲਜੀਤ ਦੂਰ ਝਾੜੀਆਂ ਵਿੱਚ ਜਾ ਡਿੱਗੀ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂਕਿ ਉਸ ਦੇ ਦੋ ਪੁੱਤਰ ਜ਼ਖ਼ਮੀ ਹੋ ਗਏ ਅਤੇ ਇੱਕ ਦੀ ਲੱਤ ਟੁੱਟ ਗਈ। ਕਮਲਜੀਤ ਸਮੇਤ ਪਰਵਾਰ ਨੂੰ ਨਾਭਾ ਦੇ ਸਰਕਾਰੀ ਹਸਪਤਾਲ ਵਿੱਚ ਇਲਾਜ ਲਈ ਲਿਆਂਦਾ ਗਿਆ, ਜਿੱਥੇ ਡਾਕਟਰਾਂ ਵੱਲੋਂ ਕਮਲਜੀਤ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਮੱਖਣ ਮੁਤਾਬਕ ਕਾਰ ਦੀ ਰਫ਼ਤਾਰ ਬਹੁਤ ਜ਼ਿਆਦਾ ਤੇਜ਼ ਸੀ। ਮ੍ਰਿਤਕ ਕਮਲਜੀਤ ਨੂੰ ਪੋਸਟਮਾਰਟਮ ਲਈ ਨਾਭਾ ਦੇ ਸਰਕਾਰੀ ਹਸਪਤਾਲ ਵਿੱਚ ਰੱਖਿਆ ਗਿਆ ਅਤੇ ਪੁਲਸ ਵੱਲੋਂ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਮ੍ਰਿਤਕ ਦੇ ਪਤੀ ਮੱਖਣ ਵੱਲੋਂ ਇਨਸਾਫ ਦੀ ਗੁਹਾਰ ਲਗਾਈ ਗਈ ਹੈ।

# ਉੱਪ-ਮੰਡਲ ਪੱਧਰ 'ਤੇ ਕੌਮੀ ਲੋਕ ਅਦਾਲਤ 'ਚ 366 ਕੇਸਾਂ ਦੇ ਮੌਕੇ 'ਤੇ ਫੈਸਲਾ

**■ ਕਰੀਬ 5,47,28,744/- ਰੁਪਏ ਦੇ ਅਵਾਰਡ ਪਾਸ ਕੀਤੇ**



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**

ਸਮਾਣਾ ਦੀਆਂ ਨਿਆਇਕ ਅਦਾਲਤਾਂ ਵਿਖੇ ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਤਰਸੇਮ ਮੰਗਲਾ ਚੇਅਰਮੈਨ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਅਤੇ ਸ੍ਰੀਮਤੀ ਸੁਸ਼ਮਾ ਦੇਵੀ ਸੀ.ਜੇ.ਐੱਮ.-ਕਮ-ਸੈਕਟਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਦੀ ਅਗਵਾਈ ਹੇਠ ਸ੍ਰੀਮਤੀ ਮਮਤਾ ਕੱਕੜ ਵਧੀਕ ਸਿਵਲ ਜੱਜ ਸੀਨੀਅਰ ਡਵੀਜ਼ਨ ਸਮਾਣਾ-ਕਮ-ਚੇਅਰਮੈਨ ਉੱਪ-ਮੰਡਲ ਕਾਨੂੰਨੀ ਸੇਵਾਵਾਂ ਕਮੇਟੀ ਸਮਾਣਾ ਦੀ ਪ੍ਰਧਾਨਗੀ ਹੇਠ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਉਪ-ਮੰਡਲ ਪੱਧਰ 'ਤੇ ਤਿੰਨ ਕੌਮੀ ਲੋਕ ਅਦਾਲਤਾਂ ਦਾ ਆਯੋਜਨ ਕੀਤਾ ਗਿਆ, ਜਿਨ੍ਹਾਂ ਵਿੱਚੋਂ ਇੱਕ ਕੌਮੀ ਲੋਕ ਅਦਾਲਤ ਦੀ ਪ੍ਰਧਾਨਗੀ ਸ੍ਰੀਮਤੀ ਮਮਤਾ ਕੱਕੜ ਵਧੀਕ ਸਿਵਲ ਜੱਜ ਸੀਨੀਅਰ ਡਵੀਜ਼ਨ ਸਮਾਣਾ-ਕਮ-ਚੇਅਰਮੈਨ ਉਪ-ਮੰਡਲ ਕਾਨੂੰਨੀ ਸੇਵਾਵਾਂ ਕਮੇਟੀ ਸਮਾਣਾ, ਦੂਜੀ ਕੌਮੀ ਲੋਕ ਅਦਾਲਤ ਦੀ ਪ੍ਰਧਾਨਗੀ ਸ੍ਰੀ ਸਿਮਰਨ ਸਿੰਘ ਪੀ.ਸੀ.ਐੱਸ. ਸਿਵਲ ਜੱਜ ਜੂਨੀਅਰ ਡਵੀਜ਼ਨ ਸਮਾਣਾ ਤੇ ਤੀਜੀ ਕੌਮੀ ਲੋਕ ਅਦਾਲਤ ਦੀ ਪ੍ਰਧਾਨਗੀ ਸ੍ਰੀ ਪਰਸਮੀਤ ਰਿਸ਼ੀ ਪੀ.ਸੀ.ਐੱਸ. ਸਿਵਲ ਜੱਜ ਜੂਨੀਅਰ ਡਵੀਜ਼ਨ ਸਮਾਣਾ ਨੇ ਕੀਤੀ। ਇਸ ਕੌਮੀ ਲੋਕ ਅਦਾਲਤ ਵਿੱਚ ਦੀਵਾਨੀ ਤੇ ਸਮਝੌਤਾਯੋਗ ਫੌਜ਼ਦਾਰੀ, ਟ੍ਰੈਫਿਕ ਚਲਾਨ, ਬੈਂਕਾਂ ਦੇ ਕੇਸ ਆਦਿ ਕੇਸ ਸੁਣਵਾਈ ਲਈ ਪੇਸ਼ ਹੋਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਕੇਸਾਂ ਦੇ ਆਪਸੀ ਸਮਝੌਤੇ ਕਰਵਾ ਕੇ ਨਿਪਟਾਏ ਗਏ। ਇਨ੍ਹਾਂ ਕੌਮੀ ਲੋਕ ਅਦਾਲਤਾਂ ਵਿੱਚ ਕੁੱਲ 1417 ਕੇਸ ਸੁਣਵਾਈ ਲਈ ਪੇਸ਼ ਹੋਏ, ਜਿਨ੍ਹਾਂ ਵਿੱਚੋਂ 366 ਕੇਸਾਂ ਦੇ ਆਪਸੀ ਸਮਝੌਤਿਆਂ ਰਾਹੀਂ ਫੈਸਲੇ ਕਰਵਾ ਦਿੱਤੇ ਗਏ ਤੇ ਕਰੀਬ 5,47,28,744/- ਰੁਪਏ ਦੇ ਅਵਾਰਡ ਪਾਸ ਕੀਤੇ ਗਏ। ਇਸ ਮੌਕੇ ਲੋਕ ਅਦਾਲਤ ਕਮੇਟੀ ਮੈਂਬਰ ਪ੍ਰੋਫੈਸਰ ਹਰਪ੍ਰੀਤ ਕੌਰ, ਦੇਵਕੀ ਨੰਦਨ ਸਿੰਗਲਾ, ਡਾ. ਸ਼ਾਮ ਲਾਲ, ਐਡਵੋਕੇਟ ਪਰਵਿੰਦਰ ਸਿੰਘ ਕੰਡਾ, ਐਡਵੋਕੇਟ ਜਸਬੀਰ ਸਿੰਘ, ਐਡਵੋਕੇਟ ਸੰਜੀਵ ਬਾਂਸਲ, ਤੋਂ ਇਲਾਵਾ ਸਮਾਣਾ ਬਾਰ ਦੇ ਵਕੀਲ ਸਹਿਬਾਨ, ਵੱਖ-ਵੱਖ ਬੈਂਕਾਂ ਦੇ ਕਰਮਚਾਰੀ, ਵੱਖ-ਵੱਖ ਥਾਣਿਆਂ ਦੇ ਪੁਲਸ ਅਧਿਕਾਰੀ ਤੇ ਕੇਸਾਂ ਦੀ ਸੁਣਵਾਈ ਵਾਲੇ ਲੋਕ ਹਾਜ਼ਰ ਸਨ। ਇਸ ਮੌਕੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸ੍ਰ: ਦਵਿੰਦਰ ਸਿੰਘ ਢਿੱਲੋਂ ਐਡਵੋਕੇਟ ਤੇ ਸਾਬਕਾ ਪ੍ਰਧਾਨ ਸ੍ਰ: ਨਵਦੀਪ ਸਿੰਘ ਢਿੱਲੋਂ ਨੇ ਕੌਮੀ ਲੋਕ ਅਦਾਲਤਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਚਲਦੇ ਕੇਸਾਂ ਦੇ ਫੈਸਲੇ ਕੌਮੀ ਲੋਕ ਅਦਾਲਤਾਂ ਰਾਹੀਂ ਕਰਵਾਉਣ ਤਾਂ ਜੋ ਆਪਸੀ ਪਿਆਰ ਤੇ ਭਾਈਚਾਰਾ ਬਣਿਆ ਰਹੇ ਅਤੇ ਲੋਕ ਕੇਸਾਂ ਰਾਹੀਂ ਹੁੰਦੀ ਪੈਸੇ ਤੇ ਸਮੇਂ ਦੀ ਬਰਬਾਦੀ ਤੋਂ ਬਚੇ ਰਹਿਣ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਕੀਤਾ ਜ਼ਿਲ੍ਹਾ ਜੇਲ੍ਹ ਦਾ ਦੌਰਾ

**ਮਾਨਸਾ (ਰੀਤਵਾਲ)**

ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀਮਤੀ ਸ਼ਿਲਪਾ ਵਰਮਾ ਵੱਲੋਂ ਜ਼ਿਲ੍ਹਾ ਜੇਲ੍ਹ ਮਾਨਸਾ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਵੱਖ-ਵੱਖ ਕੈਦੀਆਂ ਤੇ ਹਵਾਲਾਤੀਆਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਤੇ ਉਨ੍ਹਾਂ ਦੀਆਂ ਕਾਫੀ ਮੁਸ਼ਕਲਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ। ਉਨ੍ਹਾਂ ਔਰਤ ਕੈਦੀਆਂ ਦੇ ਬੈਰਕ ਵਿੱਚ ਪਹੁੰਚ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਵੀ ਸੁਣਿਆ ਤੇ ਜ਼ਿਲ੍ਹਾ ਜੇਲ੍ਹ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਤੁਰੰਤ ਔਰਤ ਕੈਦੀਆਂ ਦੀਆਂ ਸਮੱਸਿਆਵਾਂ ਦਾ ਹਰ ਸੰਭਵ ਹੱਲ ਕਰਨਾ ਯਕੀਨੀ ਬਣਾਉਣ। ਉਨ੍ਹਾਂ ਜੇਲ੍ਹ ਅਧਿਕਾਰੀਆਂ ਨੂੰ ਜੇਲ੍ਹ ਵਿੱਚ ਸਫਾਈ ਦਾ ਵੀ ਖਾਸ ਧਿਆਨ ਰੱਖਣ ਲਈ ਕਿਹਾ।

ਸਕੱਤਰ ਨੇ ਜੇਲ੍ਹ ਦੇ ਹਵਾਲਾਤੀਆਂ ਤੇ ਕੈਦੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਹ ਆਪਣੀ ਸਿਹਤ ਸਬੰਧੀ ਪੂਰੀ ਤਰ੍ਹਾਂ ਸੁਚੇਤ ਰਹਿਣ।

ਇਸ ਮੌਕੇ ਕਰਨਵੀਰ ਸਿੰਘ ਸਹਾਇਕ ਸੁਪਰਡੈਂਟ ਜ਼ਿਲ੍ਹਾ ਜੇਲ੍ਹ ਮਾਨਸਾ ਤੇ ਹੋਰ ਜੇਲ੍ਹ ਸਟਾਫ ਮੈਂਬਰ ਮੌਜੂਦ ਸਨ।

## ਕਾਤਰਾਂ

### 50 ਗ੍ਰਾਮ ਅਫੀਮ ਤੇ ਨਗਦੀ ਸਮੇਤ ਕਾਬੂ

**ਜਲਾਲਾਬਾਦ (ਦਹੂਜਾ)**-ਥਾਣਾ ਵੈਰੋਕੇ ਦੀ ਪੁਲਸ ਨੇ ਇੱਕ ਵਿਅਕਤੀ ਨੂੰ 50 ਗ੍ਰਾਮ ਅਫੀਮ ਤੇ 45,300 ਰੁਪਏ ਨਗਦੀ ਸਮੇਤ ਗ੍ਰਿਫਤਾਰ ਕੀਤਾ ਹੈ। ਤਫਤੀਸ਼ੀ ਅਫਸਰ ਇੰਸਪੈਕਟਰ ਗੁਰਚਰਨ ਸਿੰਘ ਨੇ ਦੱਸਿਆ ਕਿ ਮੁਕੱਦਮਾ ਨੰਬਰ 101 ਮਿਤੀ 17 ਜੂਨ 2021 ਵਿੱਚ ਆਪਰਾਧਿਕ ਧਾਰਾ 15/61/85 ਐਨ.ਡੀ.ਪੀ.ਐਸ. ਐਕਟ ਥਾਣਾ ਵੈਰੋਕੇ ਦਾ ਦੋਸ਼ੀ ਕੁਲਵਿੰਦਰ ਸਿੰਘ ਉਰਫ ਗੱਗੂ ਪੁੱਤਰ ਹਰਜੀਤ ਸਿੰਘ ਉਰਫ ਬੱਟੂ ਵਾਸੀ ਚੱਕ ਬਲੋਚਾ ਉਰਫ ਮਹਾਲਮ ਥਾਣਾ ਵੈਰੋਵਾਲ ਦੇ ਥਾਣੇ ਵਿੱਚ ਬੰਦ ਸੀ, ਜਿਸ ਤੋਂ ਜਦੋਂ ਮੁੱਖ ਅਫਸਰ ਵੱਲੋਂ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਉਸ ਨੇ ਕਰੀਬ 10-15 ਦਿਨ ਪਹਿਲਾਂ 200 ਗ੍ਰਾਮ ਅਫੀਮ ਖਰੀਦੀ ਸੀ, ਜਿਸ ਵਿੱਚੋਂ ਕੁਝ ਵੇਚ ਦਿੱਤੀ ਸੀ ਤੇ ਕੁਝ ਖਾ ਲਈ ਸੀ। ਵੇਚੀ ਗਈ ਅਫੀਮ ਦੇ 45000 ਰੁਪਏ ਤੇ ਬਾਕੀ ਅਫੀਮ ਉਸ ਨੇ ਆਪਣੇ ਬੈੱਡ ਵਿੱਚ ਛੁਪਾ ਰੱਖੀ ਹੈ, ਜਿਸ ਬਾਰੇ ਸਿਰਫ ਉਹ ਹੀ ਜਾਣਦਾ ਹੈ ਅਤੇ ਇਸ ਨੂੰ ਬਰਾਮਦ ਕਰਵਾ ਸਕਦਾ ਹੈ। ਪੁਲਸ ਨੇ ਉਸ ਪਾਸੋਂ 50 ਗ੍ਰਾਮ ਹੈਰੋਇਨ ਤੇ 45,300 ਰੁਪਏ ਬਰਾਮਦ ਕਰਕੇ ਕੁਲਵਿੰਦਰ ਸਿੰਘ ਉਰਫ ਗੱਗੂ ਪੁੱਤਰ ਹਰਜੀਤ ਸਿੰਘ ਉਰਫ ਬੱਟੂ ਵਾਸੀ ਚੱਕ ਬਲੋਚਾਂ ਉਰਫ ਮਹਾਲਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਨਰੇਗਾ ਕਾਮਿਆਂ ਵੱਲੋਂ ਬੀ.ਡੀ.ਪੀ.ਓ. ਦਫਤਰ ਵਿਖੇ ਧਰਨਾ ਅੱਜ

**ਗਿੱਦੜਬਾਹਾ (ਜਸਵੰਤ ਗਿੱਲ ਛੱਤੇਆਣਾ)**-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਵੱਲੋਂ ਕਈ ਪਿੰਡਾਂ ਜਿਵੇਂ ਕੋਠੇ ਦਸਮੇਸ਼ ਨਗਰ, ਹੁਸਨਰ, ਸੁਖਨਾ ਅਬਲੂ, ਛੱਤੇਆਣਾ ਆਦਿ ਪਿੰਡਾਂ ਵਿੱਚ ਮੀਟਿੰਗਾਂ ਦੌਰਾਨ ਪਤਾ ਲੱਗਾ ਕਿ ਨਰੇਗਾ ਤਹਿਤ ਕੰਮ ਨਹੀਂ ਦਿੱਤਾ ਜਾ ਰਿਹਾ। ਕਈ ਨਰੇਗਾ ਕਾਮਿਆਂ ਦੇ ਕੀਤੇ ਕੰਮ ਦੇ ਪੈਸੇ ਵੀ ਨਹੀਂ ਆ ਰਹੇ। ਪਤਾ ਲੱਗਿਆ ਹੈ ਕਿ ਕਈ ਮਜ਼ਦੂਰਾਂ ਦੇ ਆਧਾਰ ਕਾਰਡ ਗਲਤ ਜੋੜ ਕੇ ਪੈਸੇ ਰੋਕੇ ਗਏ ਹਨ। ਮੰਗ ਕੀਤੀ ਕਿ ਇਨ੍ਹਾਂ ਦੀ ਪੜਤਾਲ ਕਰਵਾ ਕੇ ਪੈਸੇ ਰੋਕਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ ਤੇ ਨਰੇਗਾ ਕਾਨੂੰਨ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕੀਤਾ ਜਾਵੇ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਮਰੇਡ ਬੋਹੜ ਸਿੰਘ ਸੁਖਨਾ ਨੇ ਕਿਹਾ ਕਿ ਨਰੇਗਾ ਕੰਮ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਸਬੰਧੀ ਨਰੇਗਾ ਰੋਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਵੱਲੋਂ 14 ਅਕਤੂਬਰ ਨੂੰ ਬੀ.ਡੀ.ਪੀ.ਓ. ਦਫਤਰ ਗਿੱਦੜਬਾਹਾ ਵਿਖੇ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਬਲਵੀਰ ਸਿੰਘ ਕੋਠੇ ਦਸਮੇਸ਼ ਨਗਰ, ਸੁਰਜੀਤ ਸਿੰਘ ਛੱਤੇਆਣਾ, ਗੁਰਬਚਨ ਸਿੰਘ ਛੱਤੇਆਣਾ, ਗੁਰਦੀਪ ਸਿੰਘ ਸੁਖਨਾ, ਵਰਿਆਮ ਸਿੰਘ ਹੁਸਨਰ, ਬਲਦੇਵ ਸਿੰਘ ਛੱਤੇਆਣਾ, ਜੀਤ ਸਿੰਘ ਛੱਤੇਆਣਾ ਆਦਿ ਹਾਜ਼ਰ ਸਨ।

### ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਰੈਲੀ ਅੱਜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਸ੍ਰੀ ਮੁਕਤਸਰ ਸਾਹਿਬ ਦੀ 14 ਨਵੰਬਰ ਨੂੰ ਸੰਗਰੂਰ ਵਿਖੇ 'ਜਵਾਬ ਮੰਗ' ਰੈਲੀ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਪਾਲ ਕੌਰ ਚਹਿਲ ਨੇ ਕਿਹਾ ਕਿ ਸਰਕਾਰਾਂ ਵੱਲੋਂ ਦਿੱਤੇ ਜਾ ਰਹੇ ਲਾਲੀਪੋਪ ਖਿਲਾਫ ਸੰਗਰੂਰ ਵਿਖੇ ਇੱਕ ਵੱਡੀ ਰੈਲੀ ਕੀਤੀ ਜਾ ਰਹੀ ਹੈ, ਜਿਸ ਦਾ ਮਕਸਦ ਵਰਕਰਾਂ ਤੇ ਹੈਲਪਰਾਂ ਨੂੰ ਸਮੇਂ ਸਿਰ ਮਾਣ ਭੱਤੇ ਦੀ ਪੂਰੀ ਪ੍ਰਾਪਤੀ ਕਰਵਾਉਣ ਲਈ ਮੈਨੀਫੈਸਟੋ ਵਿੱਚ ਕੀਤੇ ਵਾਅਦੇ ਪੂਰੇ ਕਰਵਾਉਣ ਲਈ 14 ਨਵੰਬਰ ਨੂੰ ਸੂਬਾ ਪੱਧਰੀ ਰੈਲੀ ਕੀਤੀ ਜਾ ਰਹੀ ਹੈ, ਜਿਸ 'ਚ ਸਰਕਾਰਾਂ ਤੋਂ ਸ਼ਾਂਤਮਈ ਢੰਗ ਨਾਲ ਜਵਾਬ ਮੰਗਿਆ ਜਾਵੇਗਾ ਤੇ ਅਗਲੀ ਰਣਨੀਤੀ ਉਲੀਕੀ ਜਾਵੇਗੀ।

### ਪਰਾਲੀ ਨੂੰ ਅੱਗ ਲਾਉਣ ਦਾ ਕੰਮ ਜਾਰੀ

**ਧਨੌਲਾ (ਕਰਮਜੀਤ ਸਿੰਘ ਸਾਗਰ)**-ਝੋਨੇ ਦੀ ਫਸਲ ਆਉਣ ਤੋਂ ਬਾਅਦ ਪਰਾਲੀ ਨੂੰ ਅੱਗ ਲਾਉਣ ਦਾ ਪੰਜਾਬ ਵਿੱਚ ਉਸੇ ਤਰ੍ਹਾਂ ਕੰਮ ਜਾਰੀ ਹੈ। ਮੌਜੂਦਾ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਪਣੇ ਕੀਤੇ ਦਾਅਵਿਆਂ ਨੂੰ ਲੋਕਾਂ ਨੇ ਫੋਕਾ ਸਾਬਿਤ ਦੱਸਿਆ। ਉਨ੍ਹਾਂ ਦੱਸਿਆ ਕਿ ਸਰਕਾਰ ਦੇ ਇਹ ਦਾਅਵੇ ਜ਼ੁਬਾਨੀ ਕਲਾਮੀ ਹੀ ਹਨ। ਲੋਕਾਂ ਦਾ ਕਹਿਣਾ ਹੈ ਕਿ ਇਸ ਨਾਲ ਕੀੜੇ ਮਕੌੜੇ ਜਾਨਵਰਾਂ ਦੀ ਵੀ ਹੱਤਿਆ ਹੋ ਰਹੀ ਹੈ। ਸਰਕਾਰਾਂ ਬਹੁਤ ਆ ਜਾ ਚੁੱਕੀਆਂ ਹਨ, ਪਰ ਕਿਸੇ ਕੋਲੋਂ ਇਸ ਦਾ ਕੋਈ ਹੱਲ ਨਹੀਂ ਹੋਇਆ। ਲੋਕਾਂ ਦੇ ਘਰਾਂ 'ਚ ਬਾਹਰੋਂ ਰਿਸਰਚ ਨਾਲੋਂ ਇਹੀ ਕਿਹਾ ਜਾਂਦਾ ਹੈ ਕਿ ਸਿਰਫ਼ ਉਹੋ ਇਹ ਕਾਂ ਧੂੰਆਂ ਬਰਨਾਲਾ ਜ਼ਿਲ੍ਹੇ ਵਿੱਚ ਹੀ ਜ਼ਿਆਦਾ ਦੇਖਿਆ ਗਿਆ ਹੈ। ਲੋਕਾਂ ਨੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਇਸ ਦਾ ਕੋਈ ਹੱਲ ਕੀਤਾ ਜਾਵੇ।

### ਸਫਾਈ ਸੇਵਕਾਂ ਦੀਆਂ ਮੰਗਾਂ ਸੰਬੰਧੀ ਵਫਦ ਡਿਪਟੀ ਡਾਇਰੈਕਟਰ ਨੂੰ ਮਿਲਿਆ

**ਦੋਰਾਹਾ/ਲੁਧਿਆਣਾ (ਹਰਮਿੰਦਰ ਸੇਠ, ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**-ਦੋਰਾਹਾ ਨਗਰ ਕੌਂਸਲ ਦੇ ਸਫਾਈ ਸੇਵਕਾਂ ਦੀਆਂ ਮੰਗਾਂ ਸਬੰਧੀ ਟਰੇਡ ਸਾਥੀ ਕਰਮ ਸਿੰਘ ਜਟਾਣਾ ਦੀ ਅਗਵਾਈ ਵਿੱਚ ਇੱਕ ਵਫਦ ਡਿਪਟੀ ਡਾਇਰੈਕਟਰ ਸਥਾਨਕ ਸਰਕਾਰਾਂ ਨੂੰ ਲੁਧਿਆਣਾ ਦਫਤਰ ਵਿੱਚ ਮਿਲਿਆ। ਉਨ੍ਹਾਂ ਸਫਾਈ ਸੇਵਕਾਂ ਦੀਆਂ ਮੰਗਾਂ ਸਬੰਧੀ ਚਰਚਾ ਕੀਤੀ ਤੇ ਡਿਪਟੀ ਡਾਇਰੈਕਟਰ ਸਥਾਨਕ ਸਰਕਾਰਾਂ ਤੋਂ ਮੰਗ ਕੀਤੀ ਕਿ ਜਿਨ੍ਹਾਂ ਕੱਚੇ ਮੁਲਾਜ਼ਮਾਂ ਦੀ ਇੰਟਰਵੀਊ ਹੋ ਚੁੱਕੀ ਹੈ, ਉਨ੍ਹਾਂ ਨੂੰ ਪੱਕੇ ਨਿਯੁਕਤੀ ਪੱਤਰ ਦਿੱਤੇ ਜਾਣ, ਜਿਨ੍ਹਾਂ ਕਰਮਚਾਰੀਆਂ ਨੂੰ 4-9-14 ਏ ਸੀ ਪੀ ਦਾ ਲਾਭ ਨਹੀਂ, ਉਨ੍ਹਾਂ ਨੂੰ ਉਸ ਦਾ ਲਾਭ ਵੀ ਦਿੱਤਾ ਜਾਵੇ, ਜੋ ਕਰਮਚਾਰੀ ਠੇਕੇਦਾਰਾਂ ਦੇ ਕੋਲ ਕੰਮ ਕਰਦੇ ਹਨ, ਉਨ੍ਹਾਂ ਨੂੰ ਡੀ ਸੀ ਰੇਟ 'ਤੇ ਤਨਖਾਹ ਦਿੱਤੀ ਜਾਵੇ। ਦੋਰਾਹਾ ਦੀ ਦਾਣਾ ਮੰਡੀ ਵਿੱਚ ਜੋ ਮੁਲਾਜ਼ਮ ਸਫਾਈ ਦਾ ਕੰਮ ਕਰਦੇ ਹਨ, ਉਹ ਮਾਰਕੀਟ ਕਮੇਟੀ ਦੇ ਮੁਲਾਜ਼ਮਾਂ ਦਾ ਕੰਮ ਹੈ, ਉਹ ਨਗਰ ਕੌਂਸਲ ਦੇ ਕਰਮਚਾਰੀਆਂ ਤੋਂ ਨਾ ਲਿਆ ਜਾਵੇ ਤੇ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖਾਹ ਦਿੱਤੀ ਜਾਵੇ ਆਦਿ ਮੰਗਾਂ ਦੀ ਚਰਚਾ ਕੀਤੀ ਗਈ। ਇਸ ਸਮੇਂ ਨਗਰ ਕੌਂਸਲ ਦੋਰਾਹਾ ਦੇ ਸਫਾਈ ਸੇਵਕਾਂ ਦੇ ਪ੍ਰਧਾਨ ਧਰਮ ਪਾਲ, ਅਨਿਲ ਕੁਮਾਰ, ਰਾਜੇਸ਼ ਬਡਲਾਨ ਆਦਿ ਸ਼ਾਮਲ ਸਨ।

### ਆਰਟ ਆਫ ਲਿਵਿੰਗ ਦਾ ਹੈਪੀਨੈੱਸ ਪ੍ਰੋਗਰਾਮ 15 ਤੋਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼੍ਰੀ ਸ਼੍ਰੀ ਰਵੀਸ਼ੰਕਰ ਆਰਟ ਆਫ ਲਿਵਿੰਗ ਦਾ ਹੈਪੀਨੈੱਸ ਪ੍ਰੋਗਰਾਮ 15 ਨਵੰਬਰ ਤੋਂ 20 ਨਵੰਬਰ ਤੱਕ ਸ਼੍ਰੀ ਸ਼ੀਤਲਾ ਮਾਤਾ ਮੰਦਰ ਘੁਮਾਰ ਮੰਡੀ ਫਿਰੋਜ਼ਪੁਰ ਛਾਉਣੀ ਵਿਖੇ ਕਰਵਾਇਆ ਜਾ ਰਿਹਾ ਹੈ।ਆਰਟ ਆਫ ਲਿਵਿੰਗ ਫਿਰੋਜ਼ਪੁਰ ਦੇ ਇੰਸਟ੍ਰਕਟਰ ਤੇ ਮੀਡੀਆ ਇੰਚਾਰਜ ਦਵਿੰਦਰ ਕੁਮਾਰ ਨੇ ਦੱਸਿਆ ਕਿ ਅੱਜ ਲੋਕ ਕੋਵਿਡ ਤੋਂ ਬਾਅਦ ਬਹੁਤ ਤਣਾਅ ਭਰੀ ਜ਼ਿੰਦਗੀ ਜੀ ਰਹੇ ਹਨ ਤੇ ਉਸ ਤਣਾਅ ਤੋਂ ਬਾਹਰ ਨਿਕਲਣ ਦਾ ਰਸਤਾ ਆਰਟ ਆਫ ਲਿਵਿੰਗ ਦੀ ਇਸ 6 ਰੋਜ਼ਾ ਵਰਕਸ਼ਾਪ ਵਿੱਚੋਂ ਲੰਘਦਾ ਹੈ।ਇਸ ਵਰਕਸ਼ਾਪ ਵਿੱਚ ਯੋਗ, ਪ੍ਰਾਣਾਯਾਮ, ਮੈਡੀਟੇਸ਼ਨ ਤੇ ਵਿਸ਼ਵ ਪ੍ਰਸਿੱਧ ਸੁਦਰਸ਼ਨ ਕਿਰਿਆ ਕਰਵਾਈ ਜਾਵੇਗੀ, ਜਿਸ ਨਾਲ ਲੋਕਾਂ ਵਿੱਚ ਜੋਸ਼, ਉਤਸ਼ਾਹ ਤੇ ਊਰਜਾ ਭਰੇਗੀ ਅਤੇ ਲੋਕ ਫਿਰ ਤੋਂ ਪਿਆਰ ਤੇ ਆਨੰਦ ਨਾਲ ਭਰ ਜਾਣਗੇ।ਇਸ ਮੌਕੇ ਇੰਸਟ੍ਰਕਟਰ ਰਾਜੀਵ ਸੇਤੀਆ, ਇੰਸਟ੍ਰਕਟਰ ਦੀਪਕ ਮੰਗਲਾ, ਇੰਸਟ੍ਰਕਟਰ ਸ੍ਰਿਸ਼ਟੀ, ਦੀਪਕ ਜੈਨ, ਯੋਗਿੰਦਰ ਵਰਮਾ ਪਰੇਸ਼ ਕੁਮਾਰ, ਚਮਨ ਲਾਲ ਆਦਿ ਨੇ ਸ਼ਿਰਕਤ ਕੀਤੀ।

# ਅਕਾਲ ਅਕੈਡਮੀ ਚੀਮਾ ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ



**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**-ਕਲਗੀਧਰ ਟਰੱਸਟ ਬੜੂ ਸਾਹਿਬ ਦੁਆਰਾ ਸੰਚਾਲਿਤ ਅਕਾਲ ਅਕੈਡਮੀ ਚੀਮਾ (ਪੰਜਾਬ ਬੋਰਡ) ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਮਤਿ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਅਕਾਲ ਅਕੈਡਮੀ ਦੇ ਵਿਦਿਆਰਥੀਆਂ ਨੇ ਸ਼ਬਦ ਕੀਰਤਨ, ਕਵਿਤਾਵਾਂ, ਗੱਤਕਾ, ਭਾਸ਼ਣ ਆਦਿ ਪੇਸ਼ ਕੀਤੇ। ਭੋਗ ਮੌਕੇ ਡਾ. ਕੁਲਤਾਰਜੀਤ ਸਿੰਘ ਡੀ.ਈ.ਓ. ਸੰਗਰੂਰ ਤੇ ਸ੍ਰ. ਅੰਗਰੇਜ਼ ਸਿੰਘ ਡਿਪਟੀ ਡੀ.ਈ.ਓ. ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ। ਇਸ ਮੌਕੇ ਉਨ੍ਹਾਂ ਅਕਾਲ ਅਕੈਡਮੀ ਦੇ ਵਿਦਿਆਰਥੀਆਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਤੇ ਸਾਇੰਸ, ਗਣਿਤ, ਗੁਰਮਤਿ, ਪੇਂਡੂ ਸੱਭਿਆਚਾਰ ਆਦਿ ਵਿਸ਼ਿਆਂ 'ਤੇ ਲਗਾਈ ਪ੍ਰਦਰਸ਼ਨੀ ਦੀ ਵੀ ਸ਼ਲਾਘਾ ਕੀਤੀ। ਸਮਾਗਮ 'ਚ ਡਾ. ਚੰਦਰਮੁਨੀ ਗਊਸ਼ਾਲਾ ਸ਼ੇਰੋਂ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਮੁੱਖ ਮਹਿਮਾਨਾਂ ਨੂੰ ਪ੍ਰਿੰਸੀਪਲ ਗੁਰਪ੍ਰੀਤ ਕੌਰ ਤੇ ਪ੍ਰਿੰਸੀਪਲ ਮਿਸ ਸੁਦਰਪਨ ਵੱਲੋਂ ਸਨਮਾਨ ਕੀਤਾ ਗਿਆ ਤੇ ਆਈਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸ੍ਰ. ਗੁਰਦੀਪ ਸਿੰਘ ਸੱਗੂ ਜ਼ੋਨਲ ਡਾਇਰੈਕਟਰ, ਲੈਕਚਰਾਰ ਗੁਲਜ਼ਾਰ ਸਿੰਘ, ਲੈਕਚਰਾਰ ਜਸਵੀਰ ਸਿੰਘ, ਪ੍ਰਿੰਸੀਪਲ ਦਲਜੀਤ ਸਿੰਘ ਸਰਕਾਰੀ ਸਕੂਲ ਮਾਨਾ ਪੱਤੀ, ਗੁਰਵਿੰਦਰ ਸਿੰਘ ਵੀਰਜੀ, ਭਾਈ ਸੁਰਜੀਤ ਸਿੰਘ ਤੇ ਭਾਈ ਸਿਮਰਨਜੀਤ ਸਿੰਘ ਤੋਂ ਇਲਾਵਾ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## 24 ਆਊਟਸੋਰਸਿੰਗ ਕਲਰਕਾਂ ਦਾ ਰੁਜ਼ਗਾਰ ਖਤਮ ਕਰਨ ਦੀ ਜ਼ੋਰਦਾਰ ਨਿੰਦਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਤੋਂ ਸੂਬਾ ਪ੍ਰਚਾਰ ਸਕੱਤਰ ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਭੱਟੀ, ਜ਼ਿਲ੍ਹਾ ਜਨਰਲ ਸਕੱਤਰ ਸੁਰਜੀਤ ਸਿੰਘ ਤੱਖੀ, ਜ਼ਿਲ੍ਹਾ ਮੀਤ ਪ੍ਰਧਾਨ ਜਸਵੀਰ ਸਿੰਘ ਕਾਲਾ ਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਬਿਕਰਮਜੀਤ ਸਿੰਘ ਕਪੂਰ, ਗਗਨਦੀਪ ਸਿੰਘ, ਸੌਰਵ ਮਿਗਲਾਨੀ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸਰਕਾਰ ਪਿਛਲੇ ਲਗਭਗ 13 ਸਾਲ ਤੋਂ ਡੀ ਸੀ ਦਫਤਰ ਬਰਨਾਲਾ ਵਿੱਚ ਆਊਟਸੋਰਸਿੰਗ ਰਾਹੀਂ ਭਰਤੀ ਕਲਰਕਾਂ ਦਾ ਰੁਜ਼ਗਾਰ ਖਤਮ ਕਰਨ ਦੇ ਰਾਹ 'ਤੇ ਤੁਰ ਪਈ ਹੈ। ਆਗੂਆਂ ਨੇ ਦੱਸਿਆ ਕਿ ਇਨ੍ਹਾਂ ਕਲਰਕਾਂ ਦੀ ਭਰਤੀ ਬਕਾਇਦਾ ਸਰਕਾਰ ਦੀਆਂ ਭਰਤੀ ਸ਼ਰਤਾਂ ਨੂੰ ਪੂਰਾ ਕਰਕੇ ਤੇ ਅਖ਼ਬਾਰ 'ਚ ਇਸ਼ਤਿਹਾਰ ਪ੍ਰਕਾਸ਼ਤ ਹੋਣ ਅਤੇ ਟਾਇਪ ਟੈਸਟ ਪਾਸ ਹੋ ਕੇ ਹੋਈ ਹੈ, ਪਰ ਹੁਣ ਸਰਕਾਰ ਪੱਕੀ ਭਰਤੀ ਦੇ ਨਾਂਅ ਹੇਠ ਇਨ੍ਹਾਂ ਕੱਚੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਹਟਾਉਣ ਦਾ ਫ਼ੁਰਮਾਨ ਪੰਜਾਬ ਸਰਕਾਰ ਜਾਰੀ ਕਰ ਚੁੱਕੀ ਹੈ, ਜਿਸ ਦੇ ਤਹਿਤ ਪੰਜਾਬ ਸਰਕਾਰ ਵੱਲੋਂ 10 ਨਵੰਬਰ 2022 ਨੂੰ ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਪੱਕੀ ਭਰਤੀ ਕਲਰਕਾਂ ਦੀ ਲਿਸਟ ਜਾਰੀ ਕਰ ਦਿੱਤੀ ਹੈ, ਜਿਸ ਤਹਿਤ ਪੰਜਾਬ ਸਰਕਾਰ ਵੱਲੋਂ ਬਰਨਾਲਾ ਡੀ ਸੀ ਦਫਤਰ ਨੂੰ ਕਲਰਕ ਭੇਜੇ ਗਏ ਹਨ। ਇਨ੍ਹਾਂ ਪੋਸਟਾਂ 'ਤੇ ਤਾਇਨਾਤ ਆਊਟਸੋਰਸਿੰਗ ਕਲਰਕਾਂ ਦੀ ਯੂਨੀਅਨ ਨੇ ਪਹਿਲਾਂ ਵੀ ਇਸ ਮਸਲੇ 'ਤੇ ਸੰਘਰਸ਼ ਕੀਤਾ ਸੀ, ਉਸ ਸਮੇਂ ਪੰਜਾਬ ਦੀ ਮੌਜੂਦਾ ਸਰਕਾਰ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਤੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਸ਼ਵਾਸ ਦਿਵਾਇਆ ਸੀ ਕਿ ਤੁਹਾਨੂੰ ਨੌਕਰੀ ਤੋਂ ਨਹੀਂ ਕੱਢਿਆ ਜਾਵੇਗਾ, ਪਰ ਇਹ ਸਾਫ ਝੂਠ ਨਿੱਕਲਿਆ ਤੇ ਹੁਣ ਇਨ੍ਹਾਂ ਆਊਟਸੋਰਸਿੰਗ ਮੁਲਾਜ਼ਮਾਂ ਦਾ ਰੁਜ਼ਗਾਰ ਖਤਮ ਕੀਤਾ ਜਾ ਰਿਹਾ।

ਇਸ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਇਸ ਜਬਰੀ ਛਾਂਟੀ ਦਾ ਵਿਰੋਧ ਕਰਨ ਲਈ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਕੇ ਕੱਚੇ ਰੁਜ਼ਗਾਰ ਖੋਹਣ ਦੇ ਫੈਸਲੇ ਦਾ ਵਿਰੋਧ ਕੀਤਾ ਗਿਆ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਦਫਤਰ ਦੇ ਆਊਟਸੋਰਸਿੰਗ ਵਰਕਰਾਂ ਨੂੰ ਬਹਾਲ ਕੀਤਾ ਜਾਵੇ।

# 'ਨਵਾਂ ਜ਼ਮਾਨਾ' ਦੀ ਟੀਮ ਵੱਲੋਂ ਝੋਨੇ ਦੇ ਖਰੀਦ ਕੇਂਦਰਾਂ ਦਾ ਦੌਰਾ



**ਮਾਨਸਾ (ਆਤਮਾ ਸਿੰਘ ਪਮਾਰ)**-ਨਵੇਂ ਜ਼ਮਾਨੇ ਦੀ ਟੀਮ ਵੱਲੋਂ ਅੱਜ ਮਾਨਸਾ ਦੇ ਨੇੜਲੇ ਵੱਖ ਵੱਖ ਪਿੰਡਾਂ ਦੇ ਖਰੀਦ ਕੇਂਦਰਾਂ ਦੂਲੋਵਾਲ ਨੰਗਲ ਕਲਾਂ ਤੋਂ ਇਲਾਵਾ ਭੰਮੇ ਕਲਾਂ ਆਦਿ ਦਾ ਖ਼ੁਦ ਜਾ ਕੇ ਨਿਰੀਖਣ ਕੀਤਾ ਗਿਆ ਅਤੇ ਮੰਡੀ ਵਿਚ ਬੈਠੇ ਕੁੱਝ ਕਿਸਾਨਾਂ ਅਤੇ ਆੜ੍ਹਤੀਆਂ ਨਾਲ ਗੱਲਬਾਤ ਵੀ ਕੀਤੀ ਗਈ। ਇਸ ਸਮੇਂ ਗੱਲਬਾਤ ਕਰਦਿਆਂ ਕਿਸਾਨਾਂ ਮੱਲ ਸਿੰਘ ਘੁਰਾਂਗਣਾ ਅਤੇ ਅਮਰੀਕ ਸਿੰਘ ਘਰਾਂਗਣਾ ਤੋਂ ਇਲਾਵਾ ਆੜ੍ਹਤੀਆਂ ਬਲਰਾਜ ਕੁਮਾਰ ਐਂਡ ਕੰਪਨੀ ਨੇ ਦੂਲੋਵਾਲ ਦੇ ਖਰੀਦ ਕੇਂਦਰ ਬਾਰੇ ਦੱਸਿਆ ਕਿ ਇਸ ਖ਼ਰੀਦ ਕੇਂਦਰ ਵਿੱਚ ਸਭ ਕੁਝ ਠੀਕ ਚੱਲ ਰਿਹਾ ਹੈ। ਮਜ਼ਦੂਰਾਂ ਨਾਲ ਗੱਲਬਾਤ ਕਰਨ 'ਤੇ ਉਨ੍ਹਾਂ ਨੇ ਵੀ ਮੰਡੀ ਸ਼ੁਰੂ ਹੋਣ ਤੋਂ ਹੁਣ ਤੱਕ ਕਿਸੇ ਤਰ੍ਹਾਂ ਦੀ ਤਕਲੀਫ਼ ਤੋਂ ਇਨਕਾਰ ਕੀਤਾ। ਇਸ ਕੇਂਦਰ ਵਿਖੇ ਤਾਇਨਾਤ ਪਨਗ੍ਰੇਨ ਦੇ ਇੰਸਪੈਕਟਰ ਜਗਦੇਵ ਸਿੰਘ ਅਤੇ ਮਾਰਕਫੈਡ ਦੇ ਗੁਰਤੇਜ ਸਿੰਘ ਦੇ ਵਿਵਹਾਰ ਦੀ ਆੜ੍ਹਤੀਆਂ ਅਤੇ ਕਿਸਾਨਾਂ ਵੱਲੋਂ ਕਾਫੀ ਸ਼ਲਾਘਾ ਕੀਤੀ ਗਈ। ਇਸੇ ਤਰ੍ਹਾਂ ਹੀ ਨੰਗਲ ਕਲਾਂ ਦੇ ਖਰੀਦ ਕੇਂਦਰ ਵਿੱਚ ਭਾਵੇ ਕੁੱਝ ਕਿਸਾਨਾਂ ਵੱਲੋਂ ਬੋਲੀ ਵਿੱਚ ਦੇਰੀ, ਲਿਫਟਿੰਗ ਅਤੇ ਅਦਾਇਗੀ ਸਬੰਧੀ ਕੁੱਝ ਨਰਾਜ਼ਗੀ ਪਰਗਟ ਕੀਤੀ ਗਈ। ਇੱਥੇ ਗੱਲਬਾਤ ਕਰਦਿਆਂ ਆੜ੍ਹਤੀਆਂ ਸੁਰਿੰਦਰ ਕੁਮਾਰ, ਟੋਨੀ ਅਤੇ ਅਸ਼ੋਕ ਕੁਮਾਰ ਤੋਂ ਇਲਾਵਾ ਪਨਗ੍ਰੇਨ ਦੇ ਇੰਸਪੈਕਟਰ ਨਰੇਸ਼ ਇੰਦਰ ਨੇ ਵੀ ਪ੍ਰਸ਼ਾਸਨ ਵੱਲੋਂ ਖਰੀਦ ਕੇਂਦਰਾਂ ਵਿੱਚ ਕੀਤੇ ਕੀਤੇ ਗਏ ਪ੍ਰਬੰਧਾਂ 'ਤੇ ਸੰਤੁਸ਼ਟੀ ਦਾ ਇਜ਼ਹਾਰ ਕੀਤਾ। ਇਸੇ ਤਰ੍ਹਾਂ ਹੀ ਬਾਕੀ ਖਰੀਦ ਕੇਂਦਰਾਂ ਵਿੱਚ ਵੀ ਕੁੱਝ ਇੱਕ ਤਰੁਟੀਆਂ ਨੂੰ ਛੱਡ ਕੇ ਬਾਕੀ ਸਭ ਕੁਝ ਠੀਕ ਠਾਕ ਚੱਲ ਰਿਹਾ ਸੀ। ਕਿਸਾਨਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਝੋਨੇ ਦੀ ਖਰੀਦ ਦਾ ਕੰਮ ਹੁਣ ਲਗਭਗ ਆਖਰੀ ਪੜਾਅ ਵਿੱਚ ਪਹੁੰਚ ਗਿਆ ਹੈ ਅਤੇ ਇਸੇ ਹਫ਼ਤੇ ਦੌਰਾਨ ਸਾਰੀ ਫਸਲ ਦੀ ਖਰੀਦ ਮੁਕੰਮਲ ਹੋਣ ਦੇ ਅਸਾਰ ਹਨ।

# ਸੰਤ ਬਾਬਾ ਫਤਿਹ ਸਿੰਘ ਦੇ ਬਰਸੀ ਸਮਾਗਮਾਂ ਸੰਬੰਧੀ ਪੋਸਟਰ ਰਿਲੀਜ਼



**ਕੋਟ ਈਸੇ ਖਾਂ (ਅਰੋੜਾ)**-ਮਹਾਨ ਤਪੱਸਵੀ ਸੰਤ ਬਾਬਾ ਫਤਿਹ ਸਿੰਘ ਜੀ ਦੇ 7ਵੀਂ ਬਰਸੀ ਸਮਾਗਮਾਂ ਦੇ ਸਬੰਧ ਵਿੱਚ 19 ਦਸੰਬਰ 2022 ਨੂੰ ਗੁਰਦੁਆਰਾ ਗੁਰੂਸਰ ਪਾਤਸ਼ਾਹੀ ਛੇਵੀਂ ਖੋਸਾ ਕੋਟਲਾ ਵਿਖੇ ਮਹਾਨ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ। ਇਸ ਦੌਰਾਨ ਗੁਰਮਤਿ ਸਮਾਗਮ ਸਬੰਧੀ ਅੱਜ ਪੋਸਟਰ ਜਾਰੀ ਕੀਤਾ ਗਿਆ। ਇਸ ਸਮੇਂ ਸੰਤ ਗਿਆਨੀ ਗੁਰਮੀਤ ਸਿੰਘ ਸ਼੍ਰੋਮਣੀ ਸੇਵਾ ਰਤਨ ਤੇ ਵਿੱਦਿਆ ਮਾਰਤੰਡ ਨੇ ਦੱਸਿਆ ਕਿ ਮਹਾਨ ਤਪੱਸਵੀ ਸੰਤ ਬਾਬਾ ਫਤਿਹ ਸਿੰਘ ਜੀ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਸਵਾਸਾਂ ਨੂੰ ਸਫ਼ਲ ਕਰਦਿਆਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਅਸਥਾਨ 'ਤੇ ਅਣਥੱਕ ਸੇਵਾ ਕਰਦਿਆਂ ਆਪਣੇ ਜੀਵਨ ਨੂੰ ਸਫ਼ਲ ਬਣਾਇਆ, ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਸੰਗਤਾਂ ਆਪਣਾ ਜੀਵਨ ਸਫਲ ਬਣਾ ਰਹੀਆਂ ਹਨ। ਇਸ ਸਮੇਂ ਬਾਬਾ ਹਰਚੰਦ ਸਿੰਘ ਨੇ ਦੱਸਿਆ ਕਿ ਇਸ ਗੁਰਮਤਿ ਸਮਾਗਮ ਅੰਦਰ ਸਿੰਘ ਸਾਹਿਬਾਨ, ਰਾਗੀ ਸਾਹਿਬਾਨ, ਕਥਾਵਾਚਕ, ਗੁਣੀ ਗਿਆਨੀ, ਸੰਤ ਮਹਾਂਪੁਰਸ਼ ਤੇ ਸੰਪਰਦਾਵਾਂ ਦੇ ਮੁਖੀ ਪਹੁੰਚ ਕੇ ਗੁਰਮਤਿ ਸਬੰਧੀ ਆਪਣੇ ਬਹੁਮੁੱਲੇ ਵਿਚਾਰ ਸੰਗਤਾਂ ਦਰਮਿਆਨ ਸਾਂਝੇ ਕਰਨਗੇ। ਇਸ ਸਮੇਂ ਵਾਤਾਵਰਨ ਪ੍ਰੇਮੀ ਸੰਤ ਗਿਆਨੀ ਗੁਰਮੀਤ ਸਿੰਘ, ਬਾਬਾ ਹਰਚੰਦ ਸਿੰਘ, ਛਿੰਦਰਪਾਲ ਸਿੰਘ, ਦਰਸ਼ਨ ਸਿੰਘ, ਪ੍ਰਧਾਨ ਨਿਰਮਲ ਸਿੰਘ ਕਲੇਰ, ਪ੍ਰਧਾਨ ਸੁਖਜਿੰਦਰ ਸਿੰਘ ਭਾਰਤੀ ਕਿਸਾਨ ਯੂਨੀਅਨ, ਪੱਪੂ ਸਿੰਘ, ਲੈਕਚਰਾਰ ਪਲਵਿੰਦਰ ਸਿੰਘ, ਗੁਰਪਾਲ ਸਿੰਘ, ਕੁਲਜੀਤ ਸਿੰਘ, ਸਤਵੀਰ ਸਿੰਘ ਟੋਨੀ, ਰਾਜ ਸਿੰਘ ਕੈਨੇਡੀਅਨ, ਬਲਵਿੰਦਰ ਸਿੰਘ, ਜਗਰੂਪ ਸਿੰਘ, ਕੌਰ ਸਿੰਘ, ਗੇਜੀ ਸਿੰਘ, ਤੇਜੀ ਸਿੰਘ, ਰਮਨ ਸਿੰਘ, ਸੇਵਕ ਸਿੰਘ ਮੈਂਬਰ, ਹਰਚੰਦ ਸਿੰਘ ਮੈਂਬਰ, ਜਗਰੂਪ ਸਿੰਘ, ਮੱਘਰ ਸਿੰਘ, ਹਰਜਿੰਦਰ ਸਿੰਘ, ਮੈਂਬਰ ਜਰਨੈਲ ਸਿੰਘ, ਨਿਰਮਲ ਸਿੰਘ, ਗਿਆਨੀ ਅਜੀਤ ਸਿੰਘ, ਜਸਕਰਨ ਸਿੰਘ, ਪਰਮਿੰਦਰ ਸਿੰਘ ਆਦਿ ਹਾਜ਼ਰ ਸਨ।

# ਪੈਨਸੀਆ ਪਬਲਿਕ ਸਕੂਲ 'ਚ 3 ਦਿਨਾ ਸਮਾਗਮ ਸੰਪੰਨ



**ਜਲਾਲਾਬਾਦ (ਦਹੂਜਾ)**-ਪੈਨੇਸੀਆ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੇ ਵਿਹੜੇ ਵਿਖੇ 3 ਦਿਨਾਂ ਤੋਂ ਚੱਲ ਰਿਹਾ ਸਾਲਾਨਾ ਸਮਾਗਮ ਅੱਜ ਸਫਲਤਾਪੂਰਨ ਸਮਾਪਤ ਹੋ ਗਿਆ। ਤੀਸਰੇ ਤੇ ਅੰਤਿਮ ਦਿਨ ਸੱਤਵੀਂ ਕਲਾਸ ਤੋਂ ਲੈ ਕੇ 12 ਕਲਾਸ ਤੱਕ ਦੇ ਲਗਭਗ 350 ਵਿਦਿਆਰਥੀਆਂ ਨੇ ਹਿੱਸਾ ਲੈ ਕੇ ਆਪਣੀ ਕਲਾ ਦੇ ਰੰਗ ਬਿਖੇਰੇ। ਅੱਜ ਦੇ ਮੁਕਾਬਲੇ ਵਿੱਚ ਸੱਤਵੀਂ ਕਲਾਸ ਵਿੱਚੋਂ ਸੱਤਵੀਂ ਮਾਰਸ ਤੇ ਸੱਤਵੀਂ ਮਰਕਰੀ ਸਾਂਝੇ ਤੌਰ 'ਤੇ ਪਹਿਲੇ ਥਾਂ 'ਤੇ, ਅੱਠਵੀਂ ਕਲਾਸ ਵਿੱਚੋਂ ਅੱਠਵੀਂ ਮਰਕਰੀ ਪਹਿਲੇ ਥਾਂ 'ਤੇ, ਨੌਵੀਂ ਕਲਾਸ ਵਿਚੋਂ ਨੌਵੀਂ ਮਰਕਰੀ ਪਹਿਲੇ ਥਾਂ 'ਤੇ, ਦਸਵੀਂ ਵਿੱਚੋਂ ਦਸਵੀਂ ਕਲਾਸ ਦੀਆਂ ਲੜਕੀਆਂ ਪਹਿਲੇ ਥਾਂ 'ਤੇ, ਗਿਆਰਵੀਂ ਤੇ ਬਾਰਵੀਂ ਵਿੱਚੋਂ ਗਿਆਰਵੀਂ ਕਲਾਸ ਪਹਿਲੇ ਥਾਂ 'ਤੇ ਰਹੀ। ਸਕੂਲ ਪ੍ਰਬੰਧਕਾਂ ਵੱਲੋਂ ਹਰ ਭਾਗ ਲੈਣ ਵਾਲੇ ਵਿਦਿਆਰਥੀ ਨੂੰ ਮੈਡਲ ਤੇ ਹਰ ਜੇਤੂ ਵਿਦਿਆਰਥੀ ਨੂੰ ਸਰਟੀਫਿਕੇਟ ਦੇ ਨਾਲ ਸਨਮਾਨਤ ਕੀਤਾ ਗਿਆ। ਅੱਜ ਸ਼੍ਰੀਮਤੀ ਸੰਤੋਸ਼ ਸਿਡਾਨਾ ਪ੍ਰਿੰਸੀਪਲ ਹੋਲੀ ਹਾਰਟ ਡੇ ਬੋਰਡਿੰਗ ਪਬਲਿਕ ਸਕੂਲ ਫ਼ਾਜ਼ਿਲਕਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਦੇ ਨਾਲ ਹੀ ਅੰਕੁਸ਼ ਮੁਟਨੇਜਾ ਪ੍ਰਧਾਨ ਟਰੱਕ ਯੂਨੀਅਨ ਜਲਾਲਾਬਾਦ ਵੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਆਮ ਆਦਮੀ ਪਾਰਟੀ ਜਲਾਲਾਬਾਦ ਦੀ ਟੀਮ, ਜਿਸ ਵਿੱਚ ਦੇਵ ਰਾਜ ਸ਼ਰਮਾ, ਅੰਕਿਤ ਕਟਾਰੀਆ, ਬੱਬੂ ਡੋਡਾ ਪ੍ਰਧਾਨ ਵਪਾਰ ਮੰਡਲ ਜਲਾਲਾਬਾਦ, ਸੁਖਵਿੰਦਰ ਸਿੰਘ ਕੰਬੋਜ ਯੂਥ ਜ਼ਿਲ੍ਹਾ ਪ੍ਰਧਾਨ ਆਪ, ਅਮਰੀਕ ਸਿੰਘ ਮੌਲਵੀ ਵਾਲਾ, ਟੋਨੀ ਛਾਬੜਾ, ਅਕਾਸ ਬੱਬਰ, ਰੌਜਰ ਚੌਧਰੀ, ਸਤਪਾਲ ਸਿੰਘ ਕੌਂਸਲਰ, ਲਾਡੀ ਪੀ ਏ ਹਲਕਾ ਵਿਧਾਇਕ ਆਦਿ ਵੀ ਸ਼ਾਮਲ ਸਨ।

ਸਮਾਗਮ ਬਾਰੇ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਰਮਨਪ੍ਰੀਤ ਕੌਰ ਨੇ ਦੱਸਿਆ ਕਿ ਅੱਜ ਤੀਸਰੇ ਦਿਨ ਦੇ ਸਮਾਗਮ ਨੂੰ ਮਿਲਾ ਕੇ ਲਗਭਗ 1350 ਵਿਦਿਆਰਥੀਆਂ ਨੇ ਆਪਣੀ ਕਲਾ ਦੇ ਰੰਗ ਸਟੇਜ 'ਤੇ ਬਿਖੇਰੇ ਹਨ ਅਤੇ ਮਾਤਾ-ਪਿਤਾ ਦੇ ਨਾਲ ਨਾਲ ਮਹਿਮਾਨਾਂ ਨੂੰ ਵੀ ਆਪਣੀ ਕਲਾ ਦੇ ਦਮ ਦੇ ਨਾਲ ਹੈਰਾਨ ਕੀਤਾ। ਆਪਣੇ ਸੰਬੋਧਨ ਵਿੱਚ ਮੁੱਖ ਮਹਿਮਾਨ ਪ੍ਰਿੰਸੀਪਲ ਸੰਤੋਸ਼ ਸਿਡਾਨਾ ਨੇ ਕਿਹਾ ਕਿ ਇਹ ਮੇਰਾ ਆਪਣਾ ਸਕੂਲ ਹੈ ਤੇ ਸਕੂਲ ਦੀ ਸ਼ੁਰੂਆਤ ਤੋਂ ਹੀ ਅਸੀਂ ਇਸ ਨਾਲ ਜੁੜੇ ਹੋਏ ਹਾਂ। ਸਕੂਲ ਪ੍ਰਬੰਧਕਾਂ ਨੇ ਹਮੇਸ਼ਾ ਹੀ ਸਕੂਲ ਵਿਦਿਆਰਥੀਆਂ ਦੀ ਤਰੱਕੀ ਲਈ ਮਿਹਨਤ ਨਾਲ ਦਿਨ ਰਾਤ ਇੱਕ ਕੀਤਾ ਹੋਇਆ ਹੈ। ਆਏ ਹੋਏ ਮਹਿਮਾਨਾਂ ਨੂੰ ਵੀ ਸਕੂਲ ਪ੍ਰਬੰਧਕਾਂ ਵੱਲੋਂ ਸਨਮਾਨਤ ਕੀਤਾ ਗਿਆ।

# ਦੇਵ ਮਾਨ ਨੇ ਬੱਸ ਰੋਕ ਕੇ ਸਵਾਰੀਆਂ ਦੀਆਂ ਸੁਣੀਆਂ ਮੁਸ਼ਕਲਾਂ



**ਨਾਭਾ (ਵਰਿੰਦਰ ਵਰਮਾ)**

ਪੰਜਾਬ ਸਰਕਾਰ ਵੱਲੋਂ ਹਰੇਕ ਵਰਗ ਦਾ ਧਿਆਨ ਰੱਖਿਆ ਜਾ ਰਿਹਾ ਹੈ ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਇਕੋ-ਇਕ ਸੁਪਨਾ ਪੰਜਾਬ ਨੂੰ ਖੁਸ਼ਹਾਲ ਬਣਾਉਣਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੇਵ ਸਿੰਘ ਦੇਵ ਮਾਨ ਵਿਧਾਇਕ ਨਾਭਾ ਨੇ ਰੋਹਟੀ ਪੁਲ ਨੇੜੇ ਨਾਭਾ ਨਿਵਾਸੀਆਂ ਦੀਆਂ ਮੁਸ਼ਕਲਾਂ ਸੁਣਨ ਉਪਰੰਤ ਕੀਤਾ। ਦੇਵ ਮਾਨ ਨੇ ਬੱਸਾਂ ਵਿੱਚ ਸਫਰ ਕਰਨ ਵਾਲੀਆਂ ਔਰਤਾਂ, ਵਿਦਿਆਰਥੀਆਂ ਅਤੇ ਨੌਜਵਾਨਾਂ ਦੀਆਂ ਮੁਸ਼ਕਲਾਂ ਸੁਣੀਆਂ। ਉਨ੍ਹਾਂ ਕਿਹਾ ਕਿ ਨਾਭੇ ਸਰਕਾਰੀ ਬੱਸ ਅਗਰ ਬੱਸ ਸਟੈਂਡ 'ਤੇ ਨਹੀਂ ਰੁਕਦੀ ਜਾਂ ਕੋਈ ਹੋਰ ਸਮੱਸਿਆ ਆਉਂਦੀ ਹੈ ਤਾਂ ਉਹ ਸਾਡੇ ਨਾਲ ਇਸ ਨੰਬਰ 79731 50595 'ਤੇ ਸੰਪਰਕ ਕਰ ਸਕਦੇ ਹਨ। ਦੇਵ ਮਾਨ ਨੇ ਕਿਹਾ ਕਿ ਮੁਸ਼ਕਲ ਦਾ ਤੁਰੰਤ ਹੱਲ ਕੀਤਾ ਜਾਵੇਗਾ। ਮੈਂ 24 ਘੰਟੇ ਨਾਭਾ ਨਿਵਾਸੀਆਂ ਦੀ ਸੇਵਾ ਵਿੱਚ ਹਾਜ਼ਰ ਹਾਂ। ਇਸ ਮੌਕੇ ਉਨ੍ਹਾਂ ਦੇ ਨਾਲ ਤੇਜਿੰਦਰ ਸਿੰਘ ਚੌਧਰੀਮਾਜਰਾ, ਕਪਿਲ ਮਾਨ, ਮਨਪ੍ਰੀਤ ਸਿੰਘ ਧਾਰੋਂਕੀ, ਰਾਜੇਸ਼ ਸ਼ਰਮਾ, ਅਮਨਦੀਪ ਸਿੰਘ ਰਹਿਲ, ਦਵਿੰਦਰ ਸਿੰਘ ਕੁਲਾਰਾਂ ਪ੍ਰਧਾਨ ਟਰੱਕ ਯੂਨੀਅਨ ਨਾਭਾ, ਦੀਪਾ ਰਾਮਗੜ੍ਹ, ਭੁਪਿੰਦਰ ਸਿੰਘ ਕੱਲਰਮਾਜਰੀ, ਲਾਲੀ ਫਤਿਹਪੁਰ, ਰਾਜ ਕੁਮਾਰ ਜੱਸੋਮਾਜਰਾ, ਸਿਮਰਨਜੀਤ ਸਿੰਘ ਅੜਕ ਚੌਹਾਨ, ਨਵਜੋਤ ਸਿੰਘ ਪੂਨੀਆ, ਜਗਵਿੰਦਰ ਸਿੰਘ ਪੂਨੀਆ, ਸੁਖਦੀਪ ਸਿੰਘ ਖਹਿਰਾ, ਦਵਿੰਦਰ ਸਿੰਘ ਝੂਹੀ, ਹਰਮੀਕ ਸਿੰਘ ਬਾਜਵਾ ਆਦਿ ਮੌਜੂਦ ਸਨ।

# ਕੰਪਿਊਟਰ ਅਧਿਆਪਕਾਂ ਨੂੰ ਤੁਰੰਤ ਵਿਭਾਗ 'ਚ ਮਰਜ਼ ਕਰੇ ਸਰਕਾਰ : ਡੀ ਟੀ ਐੱਫ

**ਮੋਗਾ (ਅਮਰਜੀਤ ਬੱਬਰੀ)**

ਪੰਜਾਬ ਸਰਕਾਰ ਨੇ 15 ਸਤੰਬਰ ਨੂੰ ਕੰਪਿਊਟਰ ਅਧਿਆਪਕਾਂ ਨੂੰ ਦੀਵਾਲੀ ਦਾ ਤੋਹਫਾ ਦੇਣ ਦਾ ਐਲਾਨ ਕਰਨ ਤੋਂ ਬਾਅਦ ਚੁੱਪੀ ਵੱਟ ਕੇ ਕੰਪਿਊਟਰ ਅਧਿਆਪਕਾਂ ਦੇ ਜ਼ਖਮਾਂ ਨੂੰ ਮੁੜ ਹਰਾ ਕਰ ਦਿੱਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ, ਸੂਬਾ ਸਕੱਤਰ ਸਰਵਣ ਸਿੰਘ ਔਜਲਾ ਤੇ ਜ਼ਿਲ੍ਹਾ ਇਕਾਈ ਮੋਗਾ ਦੇ ਪ੍ਰਧਾਨ ਅਮਨਦੀਪ ਮਟਵਾਣੀ ਨੇ ਕੀਤਾ ਅਤੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਇਨ੍ਹਾਂ ਆਗੂਆਂ ਨੇ ਕਿਹਾ ਕਿ ਕੰਪਿਊਟਰ ਅਧਿਆਪਕ 2005 ਤੋਂ ਸਿੱਖਿਆ ਵਿਭਾਗ ਵਿੱਚ ਸੇਵਾਵਾਂ ਨਿਭਾਅ ਰਹੇ ਹਨ। ਇਨ੍ਹਾਂ ਦੀ ਮੁੱਢਲੀ ਭਰਤੀ ਠੇਕੇ 'ਤੇ ਸੀ। 2011 ਵਿੱਚ ਸਰਕਾਰ ਨੇ ਇਨ੍ਹਾਂ ਨੂੰ ਪਿਕਟਸ ਸੁਸਾਇਟੀ ਅਧੀਨ ਰੈਗੂਲਰ ਕੀਤਾ, ਭਾਵੇਂ ਕਿ ਕੰਪਿਊਟਰ ਅਧਿਆਪਕਾਂ ਦੇ ਨਿਯੁਕਤੀ ਪੱਤਰਾਂ ਅਨੁਸਾਰ ਵਿਭਾਗੀ ਕਰਮਚਾਰੀਆਂ ਵਾਲੇ ਸਾਰੇ ਲਾਭ ਲਿਖਤੀ ਤੌਰ 'ਤੇ ਦਿੱਤੇ ਗਏ, ਪ੍ਰੰਤੂ ਇਨ੍ਹਾਂ ਨੂੰ ਰੈਗੂਲਰ ਕਰਮਚਾਰੀਆਂ ਵਾਲੇ ਬਹੁਤੇ ਲਾਭਾਂ ਜਿਵੇਂ ਛੁੱਟੀਆਂ, ਪੈਨਸ਼ਨ, ਪੇਅ-ਕਮਿਸ਼ਨ ਅਨੁਸਾਰ ਤਨਖਾਹ ਵਾਧੇ ਆਦਿ ਤੋਂ ਸੱਖਣਾ ਰੱਖਿਆ। ਇਨ੍ਹਾਂ ਅਧਿਆਪਕਾਂ ਦੇ ਸੰਘਰਸ਼ ਨੇ ਸਰਕਾਰ ਨੂੰ ਇਨ੍ਹਾਂ ਨੂੰ ਕੁਝ ਸਹੂਲਤਾਂ ਦੇਣ ਲਈ ਮਜਬੂਰ ਕੀਤਾ, ਪ੍ਰੰਤੂ ਇਨ੍ਹਾਂ ਦੀ ਮੁੱਖ ਮੰਗ 'ਸਾਰੇ ਲਾਭਾਂ ਸਮੇਤ ਸਿੱਖਿਆ ਵਿਭਾਗ ਵਿੱਚ ਮਰਜ ਕਰਨ' ਨੂੰ ਹਰ ਪਾਰਟੀ ਦੀਆਂ ਸਰਕਾਰਾਂ ਨੇ ਅੱਖੋਂ-ਪਰੋਖੇ ਕੀਤਾ। ਸਿੱਖਿਆ ਤੇ ਸਿਹਤ ਖੇਤਰ ਨੂੰ ਆਪਣੀ ਪਹਿਲ ਦੱਸਣ ਵਾਲੀ ਮੌਜੂਦਾ ਆਪ ਪਾਰਟੀ ਦੀ ਸਰਕਾਰ ਨੇ ਵੀ ਫੋਕੇ ਐਲਾਨ ਤੋਂ ਇਲਾਵਾ ਇਨ੍ਹਾਂ ਅਧਿਆਪਕਾਂ ਨੂੰ ਕੁਝ ਨਹੀਂ ਦਿੱਤਾ।

ਜ਼ਿਲ੍ਹਾ ਸਕੱਤਰ ਜਗਵੀਰਨ ਕੌਰ ਤੇ ਜ਼ਿਲ੍ਹਾ ਮੀਤ ਪ੍ਰਧਾਨ ਸੁਖਪਾਲ ਜੀਤ ਮੋਗਾ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਇੱਕ ਪਾਸੇ ਤਾਂ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਭੇਜ ਕੇ ਟ੍ਰੇਨਿੰਗ ਦਿਵਾਉਣ ਦੀਆਂ ਗੱਲਾਂ ਕਰਦੀ ਹੈ, ਪਰ ਦੂਜੇ ਪੈਸੇ ਕੰਪਿਊਟਰ ਵਰਗੇ ਮਹੱਤਵਪੂਰਨ ਵਿਸ਼ੇ ਦੇ ਅਧਿਆਪਕਾਂ ਲਈ ਉਸ ਕੋਲ ਸਿਰਫ ਐਲਾਨ ਹੀ ਹਨ, ਜਦਕਿ ਅਸਲੀਅਤ ਵਿੱਚ ਸਰਕਾਰ ਕੰਪਿਊਟਰ ਅਧਿਆਪਕਾਂ ਦੇ ਲਿਖਤੀ ਨਿਯੁਕਤੀ ਪੱਤਰ ਲਾਗੂ ਕਰਨ ਤੋਂ ਵੀ ਟਾਲਾ ਵੱਟ ਰਹੀ ਹੈ। ਆਗੂਆਂ ਨੇ ਕਿਹਾ ਕਿ ਜਥੇਬੰਦੀ ਪੂਰੀ ਤਰ੍ਹਾਂ ਕੰਪਿਊਟਰ ਅਧਿਆਪਕਾਂ ਦੇ ਨਾਲ ਖੜ੍ਹੀ ਹੈ ਤੇ ਸਰਕਾਰ ਤੋਂ ਮੰਗ ਕਰਦੀ ਹੈ ਕਿ ਕੰਪਿਊਟਰ ਅਧਿਆਪਕਾਂ ਨੂੰ ਇਨ੍ਹਾਂ ਦੀ ਮੁੱਢਲੀ ਨਿਯੁਕਤੀ ਦੀ ਮਿਤੀ ਤੋਂ ਅਸਾਮੀਆਂ ਸਮੇਤ ਸਿੱਖਿਆ ਵਿਭਾਗ ਵਿੱਚ ਮਰਜ ਕਰੇ ਤੇ ਉਸੇ ਮਿਤੀ ਤੋਂ ਬਣਦੇ ਸਾਰੇ ਲਾਭ ਇਨ੍ਹਾਂ ਅਧਿਆਪਕਾਂ ਨੂੰ ਦੇਵੇ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਅਜਿਹਾ ਨਹੀਂ ਕਰਦੀ ਤਾਂ ਜਥੇਬੰਦੀ ਕੰਪਿਊਟਰ ਅਧਿਆਪਕਾਂ ਵੱਲੋਂ ਵਿੱਢੇ ਕਿਸੇ ਵੀ ਸੰਘਰਸ਼ ਵਿੱਚ ਪੂਰੇ ਕਾਡਰ ਸਮੇਤ ਵਧ ਚੜ੍ਹ ਕੇ ਸਾਥ ਦੇਵੇਗੀ।

ਉੱਕਤ ਬਿਆਨ ਨਾਲ ਜ਼ਿਲ੍ਹਾ ਵਿੱਤ ਸਕੱਤਰ ਗੁਰਮੀਤ ਝੋਰੜਾਂ, ਸਹਾਇਕ ਸਕੱਤਰ ਸੁਖਵਿੰਦਰ ਘੋਲੀਆ, ਜ਼ਿਲ੍ਹਾ ਕਮੇਟੀ ਮੈਂਬਰਾਨ ਸ਼੍ਰੀਮਤੀ ਮਧੂ ਬਾਲਾ, ਅਮਨਦੀਪ ਮਾਛੀਕੇ, ਸਵਰਨਦਾਸ ਚੀਮਾ, ਅਮਰਦੀਪ ਬੁੱਟਰ, ਪ੍ਰੇਮ ਸਿੰਘ, ਜਗਦੇਵ ਮਹਿਣਾ, ਦੀਪਕ ਮਿੱਤਲ ਤੇ ਸੁਖਮੰਦਰ ਨਿਹਾਲ ਸਿੰਘ ਵਾਲਾ ਨੇ ਸਹਿਮਤੀ ਦਰਜ ਕੀਤੀ।

## 10 ਕਿੱਲੋ ਭੁੱਕੀ ਸਮੇਤ 2 ਤਸਕਰ ਕਾਬੂ

**ਜਗਰਾਓਂ (ਅਮਿਤ ਖੰਨਾ)**-ਥਾਣਾ ਸਦਰ ਪੁਲਸ ਅਧੀਨ ਪੈਂਦੀ ਪੁਲਸ ਚੌਕੀ ਪਿੰਡ ਕਾਉਂਕੇ ਕਲਾਂ ਦੀ ਪੁਲਸ ਨੂੰ ਮਿਲੀ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ 10 ਕਿੱਲੋ ਭੁੱਕੀ ਸਮੇਤ ਟਰੱਕ ਸਵਾਰ 2 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਪਿੰਡ ਕਾਉਂਕੇ ਕਲਾਂ ਪੁਲਸ ਚੌਕੀ ਦੇ ਇੰਚਾਰਜ ਐੱਸ ਆਈ ਜੁਗਰਾਜ ਸਿੰਘ ਨੇ ਦੱਸਿਆ ਕਿ ਏ ਐੱਸ ਆਈ ਗੁਰਸੇਵਕ ਸਿੰਘ ਸਾਥੀ ਮੁਲਾਜ਼ਮਾਂ ਸਮੇਤ ਗਸ਼ਤ ਦੌਰਾਨ ਪਿੰਡ ਕਾਉਂਕੇ ਕਲਾਂ ਦੇ ਗੁਰੂਸਰ ਗੇਟ ਨੇੜੇ ਮੌਜੂਦ ਸਨ ਤਾਂ ਮਿਲੀ ਸੂਚਨਾ ਦੇ ਆਧਾਰ 'ਤੇ ਪੁਲਸ ਨੇ ਪਿੰਡ ਕਾਉਂਕੇ ਕਲਾਂ ਦੇ ਚੂਹੜਚੱਕ ਰੋਡ 'ਤੇ ਪੈਂਦੇ ਰਾਧਾਸਵਾਮੀ ਸਤਿਸੰਗ ਘਰ ਨੇੜੇ ਨਾਕਾਬੰਦੀ ਦੌਰਾਨ ਆ ਰਹੇ ਟਰੱਕ ਨੰਬਰ ਪੀ.ਬੀ.05 ਡਬਲਯੂ 9796 ਨੂੰ ਰੋਕ 'ਕੇ ਤਲਾਸ਼ੀ ਲਈ ਤਾਂ ਪੁਲਸ ਨੂੰ ਤਲਾਸ਼ੀ ਦੌਰਾਨ ਟਰੱਕ ਵਿੱਚੋਂ 10 ਕਿੱਲੋ ਭੁੱਕੀ ਬਰਾਮਦ ਹੋਈ। ਉਨ੍ਹਾਂ ਦੱਸਿਆ ਕਿ ਪੁਲਸ ਨੇ ਟਰੱਕ ਸਵਾਰ ਗੁਲਜਾਰ ਸਿੰਘ ਉਰਫ ਗੁਲਜ਼ਾਰੀ ਤੇ ਉਸ ਦੇ ਸਾਥੀ ਜੋਗਿੰਦਰ ਸਿੰਘ ਨੂੰ ਨਸ਼ਾ ਤਸਕਰੀ ਦੇ ਦੋਸ਼ ਹੇਠ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਥਾਣਾ ਸਦਰ ਵਿਖੇ ਕੇਸ ਦਰਜ ਕੀਤਾ ਹੈ।

# ਤਹਿਸੀਲ ਖੰਨਾ ਦੇ ਪੈਨਸ਼ਨਰਜ਼ ਐਸੋਸੀਏਸ਼ਨ ਦੇ ਮੈਂਬਰਾਂ ਦੀ ਮੀਟਿੰਗ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਅੱਜ ਤਹਿਸੀਲ ਖੰਨਾ ਦੇ ਪੈਨਸ਼ਨਰਜ਼ ਐਸੋਸੀਏਸ਼ਨ ਦੇ ਮੈਂਬਰ ਸਹਿਬਾਨ ਦੀ ਮੀਟਿੰਗ ਬਲਬੀਰ ਚੰਦ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪੈਨਸ਼ਨਰਜ਼ ਮਹਾਸੰਘ ਪੰਜਾਬ ਵੱਲੋਂ ਸੰਘਰਸ਼ ਦੀ ਦਿੱਤੀ ਕਾਲ ਦੇ ਆਧਾਰ 'ਤੇ 9 ਨਵੰਬਰ ਨੂੰ ਲੁਧਿਆਣੇ ਵਿਖੇ ਮੀਟਿੰਗ ਵਿਚ ਹੋਏ ਫੈਸਲੇ ਅਨੁਸਾਰ 16 ਨਵੰਬਰ ਨੂੰ ਜ਼ੋਨਲ ਪੱਧਰ 'ਤੇ ਰੈਲੀ ਲੁਧਿਆਣੇ ਵਿਖੇ ਹੋਣੀ ਅਤੇ 29 ਨਵੰਬਰ ਨੂੰ ਮੁਹਾਲੀ ਵਿਖੇ ਰੈਲੀ 'ਤੇ ਜਾਣ ਲਈ ਵਿਚਾਰ ਕੀਤੇ ਗਏ, ਨਾਲ ਹੀ ਸਰਕਾਰ ਦੀ ਨਿਖੇਧੀ ਕੀਤੀ ਗਈ ਕਿ ਮੀਟਿੰਗ ਵਿਚ ਪੈਨਸ਼ਨਰਜ਼ ਮਹਾਸੰਘ ਪੰਜਾਬ ਨਾਲ ਹੋਏ ਏਜੰਡੇ 'ਤੇ ਮੰਗ ਪੱਤਰ ਤੋਂ ਭੱਜ ਗਈ ਹੈ। ਮੀਟਿੰਗ ਵਿਚ ਹਾਜ਼ਰ ਸਰਪ੍ਰਸਤ ਰਾਏ ਸਿੰਘ, ਚਰਨਜੀਤ ਸਿੰਘ ਜਨਰਲ ਸਕੱਤਰ, ਬਲਵੰਤ ਰਾਏ, ਸੁਰਿੰਦਰ ਸਿੰਘ ਸਾਹਪੁਰ, ਸਰਪ੍ਰਸਤ ਚੰਦਨ ਨੇਗੀ, ਨਗਰ ਕੌਂਸਲ ਖੰਨਾ, ਹਰਜੀਤ ਸਿੰਘ, ਪਰਮਜੀਤ ਸਿੰਘ, ਸਰੂਪ ਸਿੰਘ, ਭੋਲਾ ਸਿੰਘ, ਜਸਪਾਲ ਸਿੰਘ, ਹਰਬੰਸ ਸਿੰਘ, ਕੇਵਲ ਸਿੰਘ, ਮਲਕੀਤ ਸਿੰਘ ਰੁਪਾਲੋਂ, ਨਿਰਮਲ ਸਿੰਘ, ਪਲਵਿੰਦਰ ਸਿੰਘ, ਸਵਰਨ ਸਿੰਘ, ਅਜੀਤ ਸਿੰਘ, ਗੁਰਮੇਲ ਸਿੰਘ, ਸਾਗਰ ਸਿੰਘ, ਰਾਮਜੀਤ ਸਿੰਘ, ਲਾਭ ਸਿੰਘ, ਸਾਗਰ ਮਹੁੰਮਦ, ਕਰਨੈਲ ਸਿੰਘ, ਰਾਵਿੰਦਰ ਸਿੰਘ, ਪਰਮਜੀਤ ਸਿੰਘ ਇਰੀਗੇਸ਼ਨ, ਹਰਮਿੰਦਰ ਸਿੰਘ ਆਦਿ ਸ਼ਾਮਲ ਹੋਏ।

# ਮਾਲਵਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ 'ਚ ਲਗਾਇਆ ਸਾਇੰਸ ਮੇਲਾ



**ਧੂਰੀ (ਸੁਖਦੇਵ ਧੂਰੀ, ਬਿੰਨੀ ਗਰਗ)**-ਅੰਤਰਰਾਸ਼ਟਰੀ ਵਿਗਿਆਨ ਦਿਵਸ ਮੌਕੇ ਮਾਲਵਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਧੂਰੀ ਵਿਖੇ ਸਾਇੰਸ ਮੇਲਾ ਸਫ਼ਲਤਾਪੂਰਵਕ ਲਗਾਇਆ ਗਿਆ। ਇਹ ਮੇਲਾ ਸਕੂਲ ਦੇ ਪ੍ਰਿੰਸੀਪਲ ਮੈਡਮ ਸਰਬਜੀਤ ਕੌਰ ਅਗਵਾਈ ਹੇਠ ਸਾਇੰਸ ਅਧਿਆਪਕ ਮਿਸ਼ਰਾ ਸਿੰਘ ਦੁਆਰਾ ਕਰਵਾਇਆ ਗਿਆ। ਇਸ ਮੇਲੇ ਨੂੰ ਸਫਲ ਬਣਾਉਣ ਲਈ ਸਕੂਲ ਦੇ ਸਾਰੇ ਅਧਿਆਪਕਾਂ ਨੇ ਮਿਲ ਕੇ ਯੋਗਦਾਨ ਦਿੱਤਾ ਅਤੇ ਨਾਲ ਹੀ ਅਧਿਆਪਕ ਸਿਖਲਾਈ ਲੈ ਰਹੇ ਵਿਦਿਆਰਥੀ ਅਧਿਆਪਕਾਂ ਨੇ ਵੀ ਪੂਰਾ ਯੋਗਦਾਨ ਦਿੱਤਾ। ਸਾਇੰਸ ਪ੍ਰਦਰਸ਼ਨੀ ਤੋਂ ਪਹਿਲਾ ਕੁਇਜ਼ ਮੁਕਾਬਲਾ ਹੋਇਆ, ਜਿਸ ਵਿੱਚ ਵਿਦਿਆਰਥੀ ਅਧਿਆਪਕ ਸਾਰਥਕ ਕਾਂਸਲ ਅਤੇ ਵਿਦਿਆਰਥੀ ਅਧਿਆਪਕਾ ਕੁਲਵਿੰਦਰ ਕੌਰ ਅਤੇ ਵਿਦਿਆਰਥੀ ਅਧਿਆਪਕਾ ਹਰਦੀਪ ਕੌਰ ਨੇ ਜੱਜ ਦੀ ਭੂਮਿਕਾ ਨਿਭਾਈ। ਇਸ ਲਈ 30 ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਤੋਂ ਬਾਅਦ ਵਿਗਿਆਨ ਮਾਡਲ ਪ੍ਰਦਰਸ਼ਨੀ ਲਗਾਈ ਗਈ ਜਿਸ ਵਿੱਚ ਵਿਦਿਆਰਥੀਆਂ ਵੱਲੋਂ ਕਈ ਮਾਡਲ ਬਣਾਏ ਜਿਸ ਨੂੰ ਵੇਖਣ ਲਈ ਸਕੂਲ ਦੇ ਪੁਰਾਣੇ ਵਿਦਿਆਰਥੀ ਐਨ. ਆਰ. ਆਈ. ਹਰਕੇਵਲ ਸਿੰਘ (ਕੱਕੜਵਾਲ) ਪੂਰੀ ਫੈਮਿਲੀ ਸਮੇਤ ਆਏ। ਪ੍ਰੋਗਰਾਮ ਨੂੰ ਦੇਖ ਖੁਸ਼ ਹੋ ਕੇ ਉਹਨਾਂ ਨੇ ਪ੍ਰਾਇਮਰੀ ਸਕੂਲ ਵਿੱਚ ਸਮਾਰਟ ਕਲਾਸਰੂਮ ਬਣਾਉਣ ਲਈ 51000 ਦਾਨ ਦਿੱਤੇ ਤੇ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਸਫਲ ਹੋਣ ਲਈ ਪ੍ਰੇਰਨਾ ਦਿੱਤੀ।

ਵਿਗਿਆਨ ਪ੍ਰਦਰਸ਼ਨੀ ਵਿੱਚ ਪ੍ਰਾਇਮਰੀ ਵਰਗ ਲਈ ਅਧਿਆਪਕ ਨਿਰਭੈ ਸਿੰਘ ਅਤੇ ਮਿਡਲ ਵਰਗ ਲਈ ਅਧਿਆਪਕਾ ਰਮਨਦੀਪ ਕੌਰ ਅਤੇ ਵਿਦਿਆਰਥੀ ਅਧਿਆਪਕਾ ਕੁਲਵਿੰਦਰ ਕੌਰ ਨੇ ਅਤੇ ਸੈਕੰਡਰੀ ਵਰਗ ਲਈ ਅਧਿਆਪਕ ਹਰਪ੍ਰੀਤ ਸਿੰਘ ਅਤੇ ਅਧਿਆਪਕਾ ਕਵਨਪ੍ਰੀਤ ਕੌਰ ਅਤੇ ਵਿਦਿਆਰਥੀ ਅਧਿਆਪਕ ਸਾਰਥਕ ਕਾਂਸਲ ਨੇ ਜੱਜ ਦੀ ਭੂਮਿਕਾ ਨਿਭਾਈ। ਪ੍ਰੋਗਰਾਮ ਵਿੱਚ ਵਿਦਿਆਰਥੀ ਅਧਿਆਪਕਾ ਰਿਮਸ਼ਾ ਅਤੇ ਵਿਦਿਆਰਥੀ ਅਧਿਆਪਕਾ ਮਨਜੋਤ ਕੌਰ ਨੇ ਸਟੇਜ ਸੰਭਾਲੀ। ਜੇਤੂ ਵਿਦਿਆਰਥੀ ਨੂੰ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਬਾਕੀ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਮੈਡਲਾਂ ਨਾਲ ਸਨਮਾਨਤ ਕੀਤਾ ਗਿਆ।

# ਟ੍ਰੈਫਿਕ 'ਚ ਵਿਘਨ ਪਾਉਣ ਵਾਲੇ ਲੋਕ ਆਪਣਾ ਸਾਮਾਨ ਆਪਣੀ ਸੀਮਾਂ ਅੰਦਰ ਰੱਖਣ : ਐੱਸ ਐੱਚ ਓ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਸਥਾਨਕ ਸ਼ਹਿਰ ਵਿੱਚ ਪਿਛਲੇ ਲੰਮੇ ਸਮੇਂ ਤੋਂ ਟ੍ਰੈਫਿਕ ਦੀ ਵਿਗੜੀ ਤਾਣੀ ਨੂੰ ਸੁਧਾਰਨ ਲਈ ਥਾਣਾ ਬਾਘਾ ਪੁਰਾਣਾ ਦੇ ਮੁਖੀ ਸਬ ਇੰਸਪੈਕਟਰ ਜਤਿੰਦਰ ਸਿੰਘ ਸਖਤ ਦਿਖਾਈ ਦੇ ਰਹੇ ਹਨ। ਅੱਜ ਥਾਣਾ ਮੁਖੀ ਜਤਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਥਾਨਕ ਸ਼ਹਿਰ ਦੇ ਦੁਕਾਨਦਾਰਾਂ, ਰੇਹੜੀ-ਫੜ੍ਹੀ ਵਾਲਿਆਂ ਵੱਲੋਂ ਸੜਕਾਂ 'ਤੇ ਕੀਤੇ ਗਏ ਨਜਾਇਜ਼ ਕਬਜ਼ਿਆਂ ਕਾਰਨ ਸਾਰਾ ਦਿਨ ਸਥਾਨਕ ਸ਼ਹਿਰ ਵਿੱਚ ਟ੍ਰੈਫਿਕ ਜਾਮ ਹੋਇਆ ਹੈ, ਜਿਸ ਕਾਰਨ ਸ਼ਹਿਰ ਵਾਸੀਆਂ ਨੂੰ ਤਾਂ ਸਮੱਸਿਆਵਾਂ ਪੇਸ਼ ਆਉਂਦੀਆਂ ਹਨ ਤੇ ਸ਼ਹਿਰ ਅੰਦਰ ਦਾਖਲ ਹੋਣ ਵਾਲੇ ਵ੍ਹੀਕਲ ਚਾਲਕਾਂ ਨੂੰ ਵੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਥਾਣਾ ਮੁਖੀ ਨੇ ਦੁਕਾਨਦਾਰਾਂ ਤੇ ਰੇਹੜੀ ਫੜ੍ਹੀਆਂ ਵਾਲਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਦੁਕਾਨ ਦਾ ਸਾਮਾਨ ਨਗਰ ਕੌਂਸਲ ਵੱਲੋਂ ਦਿੱਤੀ ਗਈ ਸੀਮਾ ਦੇ ਅੰਦਰ ਹੀ ਰੱਖਣ ਤਾਂ ਜੋ ਕਿ ਸ਼ਹਿਰ ਵਾਸੀਆਂ ਨੂੰ ਟ੍ਰੈਫਿਕ ਵਿੱਚ ਪੈਦਾ ਹੋ ਰਹੀ ਸਮੱਸਿਆ ਤੋਂ ਛੁਟਕਾਰਾ ਮਿਲ ਸਕੇ। ਉਨ੍ਹਾਂ ਸ਼ਹਿਰ ਅੰਦਰ ਸੜਕ 'ਤੇ ਵ੍ਹੀਕਲ ਪਾਰਕਿੰਗ ਕਰਨ ਵਾਲਿਆਂ ਨੂੰ ਵੀ ਚੇਤਾਵਨੀ ਦਿੱਤੀ ਕਿ ਉਹ ਆਪਣਾ ਵ੍ਹੀਕਲ ਸੜਕ ਉੱਪਰ ਨਾ ਖੜਾ ਕਰਨ, ਕਿਉਂਕਿ ਸੜਕ ਦੇ ਵਿਚਕਾਰ ਖੜਾ ਵ੍ਹੀਕਲ ਜਿੱਥੇ ਐਕਸੀਡੈਂਟ ਦਾ ਕਾਰਨਬਣਦਾ ਹੈ, ਉੱਥੇ ਹੀ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਲੱਗ ਜਾਂਦੀਆਂ ਹਨ। ਉਨ੍ਹਾਂ ਇਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਦੇ ਹੋਏ ਪੁਲਸ ਦਾ ਸਹਿਯੋਗ ਕਰਨ ਤਾਂ ਜੋ ਪਿਛਲੇ ਲੰਮੇ ਸਮੇਂ ਤੋਂ ਟ੍ਰੈਫਿਕ ਦੀ ਵਿਗੜੀ ਤਾਣੀ ਨੂੰ ਸੁਧਾਰਿਆ ਜਾ ਸਕੇ।

ਉਨ੍ਹਾ ਕਿਹਾ ਕਿ ਜੇਕਰ ਦੁਕਾਨਦਾਰਾਂ ਤੇ ਨਾਜਾਇਜ਼ ਪਾਰਕਿੰਗ ਕਰਨ ਵਾਲਿਆਂ ਨੇ ਉਨ੍ਹਾਂ ਦੀ ਅਪੀਲ ਨੂੰ ਅੱਖੋਂ ਪਰੋਖੇ ਕੀਤਾ ਤਾਂ ਉਹ ਕੋਈ ਸਖਤ ਕਾਰਵਾਈ ਕਰਨ ਲਈ ਮਜਬੂਰ ਹੋਣਗੇ, ਜਿਸ ਵਿੱਚ ਕਿਸੇ ਦੀ ਕੋਈ ਸਿਫਾਰਿਸ਼ ਨਹੀਂ ਮੰਨੀ ਜਾਵੇਗੀ ਤੇ ਨਗਰ ਕੌਂਸਲ ਅਧਿਕਾਰੀਆਂ ਨੂੰ ਨਾਲ ਲੈ ਕੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

14-NOV-Page 11-Majha-22.qxd 11/13/2022 10:36 PM Page 1



# 'ਨਸ਼ਿਆਂ ਕਾਰਨ ਨਿੱਤ ਹੋ ਰਹੀਆਂ ਮੌਤਾਂ ਦੇ ਬਾਵਜੂਦ ਪੁਲਸ ਪ੍ਰਸ਼ਾਸਨ ਸੁੱਤਾ ਕੁੰਭਕਰਨੀ ਨੀਂਦ'



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਵਿਧਾਨ ਸਭਾ ਹਲਕਾ ਖੇਮਕਰਨ ਦੇ ਕਸਬਾ ਵਲਟੋਹਾ ਵਿੱਚ ਪਿਛਲੇ ਦੋ ਹਫਤਿਆਂ 'ਚ ਨਸ਼ੀਲੇ ਟੀਕੇ ਲਗਾਉਣ ਕਾਰਨ ਤਿੰਨ ਨੌਜਵਾਨਾਂ ਦੀ ਮੌਤ ਹੋ ਚੁੱਕੀ ਹੈ ਪਰ ਪੁਲਸ ਪ੍ਰਸ਼ਾਸਨ ਨਸ਼ੇ ਦੀ ਵਿਕਰੀ ਨੂੰ ਬੰਦ ਕਰਵਾਉਣ ਦੀ ਬਜਾਏ ਕੁੰਭਕਰਨੀ ਨੀਂਦ ਸੁੱਤਾ ਨਜ਼ਰ ਆ ਰਿਹਾ ਹੈ। ਸੂਬੇ ਦੀ ਸੱਤਾਧਾਰੀ ਪਾਰਟੀ ਜੋ ਨਸ਼ੇ ਅਤੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਦੇ ਮੁੱਦਿਆਂ ਉੱਤੇ ਹੀ ਸੱਤਾ 'ਤੇ ਕਾਬਜ਼ ਹੋਈ ਹੈ, ਵੀ ਨਸ਼ਿਆਂ ਨੂੰ ਠੱਲ੍ਹ ਪਾਉਣ 'ਚ ਪੂਰੀ ਤਰ੍ਹਾਂ ਅਸਫਲ ਸਾਬਤ ਹੋ ਰਹੀ ਹੈ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਐਂਟੀ ਡਰੱਗ ਐਸੋਸੀਏਸ਼ਨ ਦੇ ਚੇਅਰਮੈਨ ਪ੍ਰਧਾਨ ਮਾਸਟਰ ਸਤਨਾਮ ਸਿੰਘ ਮਨਾਵਾਂ, ਜਨਰਲ ਸਕੱਤਰ ਮਾਸਟਰ ਭੁਪਿੰਦਰ ਸਿੰਘ ਵਲਟੋਹਾ, ਕਾਮਰੇਡ ਦਰਬਾਰਾ ਸਿੰਘ, ਗੁਰਭੇਜ ਸਿੰਘ ਦਿਉਲ ਸਮੇਤ ਸਮੂਹ ਆਗੂਆਂ ਅਤੇ ਵਰਕਰਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਪਰੋਕਤ ਆਗੂਆਂ ਨੇ ਪੁਲਸ ਪ੍ਰਸ਼ਾਸਨ ਨੂੰ ਕਰੜੇ ਹੱਥੀਂ ਲੈਂਦਿਆਂ ਅਤੇ ਸਰਕਾਰ ਨੂੰ ਕਟਹਿਰੇ 'ਚ ਖੜ੍ਹਾ ਕਰਦਿਆਂ ਹੋਇਆਂ ਮੰਗ ਕੀਤੀ ਕਿ ਪੂਰੇ ਪੰਜਾਬ ਵਿਚ ਆਏ ਦਿਨ ਨਸ਼ਿਆਂ ਨਾਲ ਧੜਾਧੜ ਮੌਤਾਂ ਹੋ ਰਹੀਆਂ ਹਨ। ਨਸ਼ੇ ਦੀ ਵਿਕਰੀ ਪਹਿਲਾਂ ਨਾਲੋਂ ਵੀ ਤੇਜ਼ ਹੋ ਰਹੀ ਹੈ ਪਰ ਨਸ਼ੇ 'ਤੇ ਕਾਬੂ ਪਾਉਣ ਦੇ ਵੱਡੇ-ਵੱਡ ਦਾਅਵੇ ਕਰਨ ਵਾਲਾ ਪੁਲਸ ਪ੍ਰਸ਼ਾਸਨ ਗੂੜ੍ਹੀ ਨੀਂਦ 'ਚ ਸੁੱਤਾ ਹੋਇਆ ਨਜ਼ਰ ਆ ਰਿਹਾ ਹੈ। ਉਪਰੋਕਤ ਆਗੂਆਂ ਨੇ ਸੂਬੇ 'ਚ ਨਸ਼ਿਆਂ ਦੀ ਭੇਟ ਚੜ੍ਹ ਰਹੀ ਜਵਾਨੀ ਪ੍ਰਤੀ ਗਹਿਰੀ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਪੰਜਾਬ ਭਰ ਵਿੱਚ ਪਿੰਡ ਪੱਧਰ 'ਤੇ ਨੁੱਕੜ ਮੀਟਿੰਗਾਂ ਕਰਕੇ ਲੋਕਾਂ ਨੂੰ ਜਾਗਰੂਕ ਕਰ ਰਹੀ ਹੈ। ਇਸ ਮੌਕੇ ਐਂਟੀ ਡਰੱਗ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਮਾਸਟਰ ਸਤਨਾਮ ਸਿੰਘ ਮਨਾਵਾਂ ਨੇ ਕਿਹਾ ਕਿ ਕੁਝ ਕੁ ਇਮਾਨਦਾਰ ਅਤੇ ਚੰਗੇ ਪੁਲਸ ਅਫ਼ਸਰਾਂ ਅਤੇ ਲੀਡਰਾਂ ਨੂੰ ਛੱਡ ਕੇ ਸਾਰਾ ਪੁਲਸ ਮਹਿਕਮਾ ਅਤੇ ਵਧੇਰੇ ਗਿਣਤੀ 'ਚ ਲੀਡਰ ਇਸ ਸਭ ਗੋਰਖਧੰਦੇ ਵਿੱਚ ਸ਼ਾਮਲ ਹਨ, ਜਿਸਦੀ ਪੜਤਾਲ ਵੀ ਵੱਡੇ ਪੱਧਰ 'ਤੇ ਹੋਣੀ ਚਾਹੀਦੀ ਹੈ। ਐਂਟੀ ਡਰੱਗ ਐਸੋਸੀਏਸ਼ਨ ਦੇ ਜਨਰਲ ਸਕੱਤਰ ਮਾਸਟਰ ਭੁਪਿੰਦਰ ਸਿੰਘ ਨੇ ਕਿਹਾ ਕਿ ਨਸ਼ੇ ਵਿਰੋਧੀ ਮੁਹਿੰਮ ਦੌਰਾਨ ਉਨ੍ਹਾਂ ਨੂੰ ਪੁਲਸ ਪ੍ਰਸ਼ਾਸਨ ਵੱਲੋਂ ਤੇ ਨਸ਼ਾ ਤਸਕਰਾਂ ਵਲੋਂ ਵੀ ਕਈ ਪ੍ਰਕਾਰ ਦੀਆਂ ਮੁਸ਼ਕਿਲਾਂ ਅਤੇ ਧਮਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਉਹ ਬਿਨਾਂ ਕਿਸੇ ਦੀ ਪ੍ਰਵਾਹ ਕੀਤੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ। ਇਸ ਮੌਕੇ ਐਂਟੀ ਡਰੱਗ ਐਸੋਸੀਏਸ਼ਨ ਪੰਜਾਬ ਦੇ ਮੈਂਬਰ ਗੁਰਭੇਜ ਸਿੰਘ ਦਿਉਲ ਵਲਟੋਹਾ ਨੇ ਕਿਹਾ ਕਿ ਪ੍ਰਸ਼ਾਸਨ ਦੀ ਮਿਲੀਭੁਗਤ ਸਦਕਾ ਹੀ ਵੱਡੇ-ਵੱਡੇ ਸਮੱਗਲਰਾਂ ਦੇ ਹੌਂਸਲੇ ਬੁਲੰਦ ਹਨ। ਉਨ੍ਹਾਂ ਕਿਹਾ ਕਿ ਸੂਬੇ 'ਚ ਵਿਕ ਰਿਹਾ ਨਸ਼ਾ ਵੱਡੀ ਚਿੰਤਾ ਦਾ ਵਿਸ਼ਾ ਹੈ। ਇਸੇ ਤਰ੍ਹਾਂ ਨਸ਼ਾ ਛੁਡਾਊ ਕਮੇਟੀ ਵਲਟੋਹਾ ਦੇ ਮੈਂਬਰ ਕਾਮਰੇਡ ਦਰਬਾਰਾ ਸਿੰਘ ਨੇ ਕਿਹਾ ਕਿ ਜੇਕਰ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਚਾਹੇ ਤਾਂ ਨਸ਼ੇ ਦੀ ਅਲਾਮਤ ਨੂੰ ਇੱਕ ਦਿਨ ਵਿੱਚ ਹੀ ਖਤਮ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅੱਜ ਤੱਕ ਕਿਸੇ ਵੀ ਸਰਕਾਰ ਨੇ ਭ੍ਰਿਸ਼ਟ ਵਿਵਸਥਾ ਨੂੰ ਸੁਧਾਰਨ ਲਈ ਕੋਈ ਵੀ ਉਸਾਰੂ ਨੀਤੀ ਨਹੀਂ ਲਿਆਂਦੀ। ਉੱਧਰ ਇਸ ਮਾਮਲੇ ਸਬੰਧੀ ਥਾਣਾ ਵਲਟੋਹਾ ਦੇ ਐੱਸਐੱਚਓ ਜਗਦੀਪ ਸਿੰਘ ਦਾ ਕਹਿਣਾ ਸੀ ਕਿ ਜਦੋਂ ਵੀ ਉਨ੍ਹਾਂ ਨੂੰ ਨਸ਼ੇ ਦੀ ਵਿਕਰੀ ਬਾਰੇ ਕੋਈ ਜਾਣਕਾਰੀ ਦਿੱਤੀ ਜਾਂਦੀ ਹੈ, ਉਹ ਤੁਰੰਤ ਨਸ਼ੇ ਦੇ ਵਪਾਰੀਆਂ ਖਿਲਾਫ ਸਖਤ ਕਾਰਵਾਈ ਕਰਦੇ ਹਨ। ਇਸ ਮੌਕੇ ਐੱਸਐੱਚਓ ਵਲਟੋਹਾ ਨੇ ਸਥਾਨਕ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਨੂੰ ਠੱਲ੍ਹ ਪਾਉਣ 'ਚ ਪੁਲਸ ਨੂੰ ਸਹਿਯੋਗ ਦੇਣ।

## ਪੱਤਰਕਾਰ ਦੀ 'ਦਸਤਾਰ ਬੇਅਦਬੀ' ਨਿੰਦਣਯੋਗ ਕਾਰਾ : ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਨਿਹੰਗ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਲਕੱਤਾ ਦੇ ਚਾਂਦਨੀ ਚੌਕ ਵਿਖੇ ਸਿੱਖ ਪੱਤਰਕਾਰ ਦੀ ਦਸਤਾਰ ਇਕ ਫਿਰਕੇ ਦੇ ਲੋਕਾਂ ਵਲੋਂ ਪੈਰਾਂ ਹੇਠ ਰੋਲਣ ਦਾ ਸਖ਼ਤ ਨੋਟਿਸ ਲਿਆ ਹੈ ਅਤੇ ਅਪੀਲ ਕੀਤੀ ਕਿ ਇਸ ਘਟਨਾ ਦੀ ਡੂੰਘਾਈ ਤੀਕ ਪੜਤਾਲ ਕਰਨ ਲਈ ਸਿੱਖ ਸੰਸਥਾਵਾਂ ਤੇ ਆਗੂਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਬੁਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਨਿਹੰਗ ਸਿੰਘ ਬੁੱਢਾ ਦਲ ਤੋਂ ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ ਵੱਲੋਂ ਜਾਰੀ ਇਕ ਬਿਆਨ ਵਿੱਚ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਪੱਤਰਕਾਰ ਕਿਰਨਜੀਤ ਸਿੰਘ 'ਤੇ ਜੋ ਜਾਨਲੇਵਾ ਹਮਲਾ ਕੀਤਾ ਗਿਆ ਹੈ ਉਸ ਸਬੰਧੀ ਉਥੋਂ ਦੀ ਸਥਾਨਕ ਸਰਕਾਰ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕਰੇ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਹਮਲੇ ਘੱਟ ਗਿਣਤੀ 'ਚ ਰਹੇ ਲੋਕਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਉਂਦੇ ਹਨ ਅਤੇ ਅਜਿਹੀ ਘਟਨਾ ਬਰਦਾਸ਼ਤਯੋਗ ਨਹੀਂ ਹੈ। ਇਸ ਦੀ ਜਿੰਨੀ ਵੀ ਨਿੰਦਾ ਹੋਵੇ ਥੋੜੀ ਹੈ। ਉਨ੍ਹਾਂ ਸਿੱਖ ਸੰਸਥਾਵਾਂ, ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਮਾਮਲੇ ਦੀ ਡੂੰਘਾਈ ਤੀਕ ਪੜਤਾਲ ਕਰਨੀ ਚਾਹੀਦੀ ਹੈ ਤਾਂ ਜੋ ਕਿਸੇ ਹੋਰ ਸਿੱਖ ਨਾਲ ਇਸ ਤਰ੍ਹਾਂ ਦਾ ਵਰਤਾਰਾ ਨਾ ਹੋਵੇ।

# ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਸਰਕਾਰ ਵਿਰੁੱਧ ਪ੍ਰਦਰਸ਼ਨ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ (ਰਜਿ) ਵਲੋਂ ਸੁਰਜੀਤ ਸਿੰਘ ਗੁਰਾਇਆ, ਚੀਫ ਪੈਟਰਨ ਅਤੇ ਸੁਖਦੇਵ ਸਿੰਘ ਪੰਨੂ, ਪ੍ਰਧਾਨ ਦੀ ਸਾਂਝੀ ਅਗਵਾਈ ਹੇਠ ਸਥਾਨਕ ਕੰਪਨੀ ਬਾਗ ਵਿਖੇ ਵਿਸ਼ਾਲ ਰੋਸ ਰੈਲੀ ਕੀਤੀ ਗਈ ਜਿਸ ਵਿੱਚ ਪੰਜਾਬ ਸਰਕਾਰ ਦੇ ਵੱਖ-ਵੱਖ ਮਹਿਕਮਿਆਂ ਵਿਚੋਂ ਸੇਵਾ ਮੁਕਤ ਹੋਏ ਵੱਖ-ਵੱਖ ਕੈਟਾਗਰੀਆਂ ਦੇ ਪੈਨਸ਼ਨਰ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਇਸ ਰੈਲੀ ਨੂੰ ਸੁਖਦੇਵ ਸਿੰਘ ਪੰਨੂ, ਪ੍ਰਧਾਨ, ਚਰਨ ਸਿੰਘ, ਐਕਟਿੰਗ ਪ੍ਰਧਾਨ, ਦੀਦਾਰ ਸਿੰਘ ਰਿਆੜ, ਸੀਨੀਅਰ ਮੀਤ ਪ੍ਰਧਾਨ, ਸੋਮ ਨਾਥ ਰੌਲੀ, ਚਰਨ ਸਿੰਘ ਸੰਧੂ, ਦੀਪ ਸਿੰਘ ਆਦਿ ਨੇ ਸੰਬੋਧਨ ਕਰਦੇ ਹੋਏ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾ ਪੂਰੀਆਂ ਨਾ ਕਰਨ ਕਰਕੇ ਸਰਕਾਰ ਪ੍ਰਤੀ ਤਿੱਖਾ ਰੋਸ ਪ੍ਰਗਟ ਕੀਤਾ ਅਤੇ ਆਖਿਆ ਕਿ ਇਹ ਸਰਕਾਰ ਵੀ ਹੁਣ ਤੱਕ ਪਹਿਲੀਆਂ ਸਰਕਾਰਾਂ ਵਾਂਗ ਝੂਠ ਦੀ ਪੰਡ ਸਾਬਤ ਹੋਈ ਹੈ ਕਿਉਂਕਿ ਛੇਵੇਂ ਤਨਖਾਹ ਕਮਿਸ਼ਨ ਵੱਲੋਂ ਸਰਕਾਰ ਨੂੰ ਪੇਸ਼ ਕੀਤੀ ਰਿਪੋਰਟ ਅਨੁਸਾਰ ਪੈਨਸ਼ਨਰਾਂ ਦੀ ਇੱਕ ਜਨਵਰੀ 2016 ਤੋਂ ਪੈਨਸ਼ਨ ਫਿਕਸ ਕਰਨ ਵਾਸਤੇ 2.59 ਦਾ ਗੁਣਾਂਕ ਦਿੱਤਾ ਗਿਆ ਹੈ ਪਰੰਤੂ ਸਰਕਾਰ ਵਲੋਂ ਅਜੇ ਤੱਕ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ।

ਇਸ ਜੱਥੇਬੰਦੀ ਵਲੋਂ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਅਪੀਲ ਕੀਤੀ ਜਾਂਦੀ ਹੈ ਕਿ ਪੈਨਸ਼ਨਰਾਂ ਨੂੰ 2.59 ਦੇ ਗੁਣਾਂਕ ਵਾਲਾ ਨੋਟੀਫਿਕੇਸ਼ਨ ਤੁਰੰਤ ਜਾਰੀ ਕੀਤਾ ਜਾਵੇ ਅਤੇ ਨਾਲ ਹੀ ਕੇਂਦਰ ਸਰਕਾਰ ਦੀ ਤਰਜ਼ 'ਤੇ ਇੱਕ ਜੁਲਾਈ 2022 ਤੋਂ 4 ਫੀਸਦੀ ਮਹਿੰਗਾਈ ਰਲੀਫ ਦੀ ਪੈਂਡਿੰਗ ਕਿਸ਼ਤ ਨਕਦ ਬਕਾਏ ਸਹਿਤ ਜਾਰੀ ਕੀਤੀ ਜਾਵੇ। ਛੇ ਫੀਸਦੀ ਮਹਿੰਗਾਈ ਰਲੀਫ ਦਾ ਨੋਟੀਫਿਕੇਸ਼ਨ ਮਿਤੀਆਂ ਸਹਿਤ ਸੋਧ ਕੇ ਜਾਰੀ ਕੀਤਾ ਜਾਵੇ ਅਤੇ ਇਸ ਦਾ ਬਕਾਇਆ ਵੀ ਜਾਰੀ ਕੀਤਾ ਜਾਵੇ, ਛੇਵੇਂ ਤਨਖਾਹ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕੀਤੀਆਂ ਜਾਣ, ਮੈਡੀਕਲ ਭੱਤਾ 1000 ਤੋਂ ਵਧਾ ਕੇ 2000 ਰੁਪਏ ਕੀਤਾ ਜਾਵੇ, ਕੈਸ਼ਲੈੱਸ ਹੈਲਥ ਸਕੀਮ ਨੂੰ ਸੋਧ ਕੇ ਲਾਗੂ ਕੀਤਾ ਜਾਵੇ, ਐਲ.ਟੀ.ਸੀ ਦੀ ਸੁਵਿਧਾ ਪਤੀ-ਪਤਨੀ ਦੋਵਾਂ ਵਾਸਤੇ ਬਰਕਰਾਰ ਰੱਖੀ ਜਾਵੇ, ਬੁਢਾਪਾ ਪੈਨਸ਼ਨ ਦੇ ਵਾਧੇ ਨੂੰ ਟਰੈਵਲਿੰਗ ਕਨਸੈਸ਼ਨ ਦੇ ਲਾਭ ਵਾਸਤੇ ਮੁੱਢਲੀ ਪੈਨਸ਼ਨ ਵਿੱਚ ਸ਼ਾਮਲ ਕੀਤਾ ਜਾਵੇ। ਪ੍ਰਧਾਨ ਨੇ ਦੱਸਿਆ ਕਿ ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ ਵਲੋਂ ਲਏ ਗਏ ਫੈਸਲੇ ਅਨੁਸਾਰ 16 ਨਵੰਬਰ ਨੂੰ ਜਲੰਧਰ ਵਿਖੇ ਜੋ ਰੈਲੀ ਅਤੇ 29 ਨਵੰਬਰ ਨੂੰ ਮੁਹਾਲੀ ਵਿਖੇ ਰਾਜ ਪੱਧਰੀ ਰੈਲੀ ਕੀਤੀ ਜਾਣੀ ਹੈ, ਇਨਾਂ ਰੈਲੀਆਂ ਵਿੱਚ ਇਹ ਜੱਥੇਬੰਦੀ ਅੰਮ੍ਰਿਤਸਰ ਤੋਂ ਇੱਕ ਵੱਡਾ ਜੱਥਾ ਲੈ ਕੇ ਸ਼ਾਮਲ ਹੋਵੇਗੀ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਨਰਿੰਦਰ ਸ਼ਰਮਾ, ਰਜਿੰਦਰ ਸ਼ਰਮਾ, ਰਣਜੀਤ ਸਿੰਘ, ਭਾਰਤ ਭੂਸ਼ਣ ਬਾਂਸਲ, ਦਲਬੀਰ ਸਿੰਘ, ਗੁਰਵਿੰਦਰ ਸਿੰਘ, ਹਰਪਾਲ ਸਿੰਘ, ਮਿਲਖਾ ਸਿੰਘ, ਯਸ਼ਪਾਲ, ਅਮਰੀਕ ਸਿੰਘ, ਪ੍ਰਗਟ ਸਿੰਘ, ਪਰਵਿੰਦਰ ਸਿੰਘ, ਮੁਖਤਾਰ ਸਿੰਘ, ਸਤਨਾਮ ਸਿੰਘ, ਕੁਲਦੀਪ ਸਿੰਘ, ਸੁਖਬੀਰ ਸਿੰਘ, ਵਿਜੇ ਸ਼ਰਮਾਂ, ਨਰਿੰਦਰ ਸਿੰਘ ਗਿਲ, ਹਰਭਜਨ ਸਿੰਘ, ਗੁਲਜਾਰ ਸਿੰਘ, ਨਾਨਕ ਚੰਦ, ਬਖ਼ਸ਼ੀ ਰਾਮ, ਸੁਖਵੰਤ ਸਿੰਘ ਔਲਖ, ਸੁਰਿੰਦਰਪਾਲ ਸਿੰਘ, ਰਘਬੀਰ ਸਿੰਘ, ਨਰਾਇਣ ਦਾਸ, ਜਗਬੀਰ ਸਿੰਘ, ਦਲਜੀਤ ਸਿੰਘ, ਬਲਵਿੰਦਰ ਸਿੰਘ, ਬੀ. ਐਸ. ਰੰਧਾਵਾ, ਸਤ ਪਾਲ ਚੋਲੀਆ, ਅਮਰਜੀਤ ਸਿੰਘ, ਸ਼ਿਵ ਕੁਮਾਰ, ਸੁਖਦੇਵ ਸਿੰਘ, ਗੁਰਦੀਪ ਸਿੰਘ, ਦਲਬੀਰ ਸਿੰਘ ਵੜੈਚ, ਸਤਨਾਮ ਸਿੰਘ ਅਤੇ ਬਲਬੀਰ ਸਿੰਘ ਆਦਿ ਹਾਜ਼ਰ ਸਨ।

# ਡੀ ਏ ਵੀ ਪਬਲਿਕ ਸਕੂਲ ਭਿੱਖੀਵਿੰਡ 'ਚ ਬੜੇ ਉਤਸ਼ਾਹ ਨਾਲ ਮਨਾਇਆ ਬਾਲ ਦਿਵਸ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਹਰ ਸਾਲ 14 ਨਵੰਬਰ ਨੂੰ ਬਾਲ ਦਿਵਸ ਮਨਾਇਆ ਜਾਂਦਾ ਹੈ। ਬੱਚੇ ਉਨ੍ਹਾਂ ਨੂੰ ਪਿਆਰ ਨਾਲ ਚਾਚਾ ਨਹਿਰੂ ਵੀ ਕਹਿੰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਡੀ. ਏ. ਵੀ ਪਬਲਿਕ ਸਕੂਲ ਭਿੱਖੀਵਿੰਡ ਵਿੱਚ ਪਰਮ ਸਤਿਕਾਰਯੋਗ ਆਰੀਆ ਰਤਨ ਡਾ. ਪੂਨਮ ਸੂਰੀ ਜੀ ਪਦਮਸ਼੍ਰੀ ਅਲੰਕ੍ਰਿਤ ਪ੍ਰਧਾਨ ਆਰੀਆ ਪ੍ਰਦੇਸ਼ਿਕ ਪ੍ਰਤੀਨਿਧੀ ਸਭਾ ਨਵੀਂ ਦਿੱਲੀ ਅਤੇ ਡੀ. ਏ. ਵੀ. ਪ੍ਰਬੰਧਕ ਸੰਮਤੀ ਨਵੀਂ ਦਿੱਲੀ ਅਤੇ ਆਰੀਆ ਪ੍ਰਦੇਸ਼ਿਕ ਪ੍ਰਤੀਨਿਧੀ ਸਭਾ ਪੰਜਾਬ ਦੇ ਪ੍ਰਿੰਸੀਪਲ ਡਾ. ਜੇ. ਪੀ ਸੂਰ ਦੀ ਸਰਪ੍ਰਸਤੀ ਹੇਠ ਬਾਲ ਦਿਵਸ ਬੜੀ ਹੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਪਰਮਜੀਤ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬੱਚਿਆਂ ਲਈ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ। ਇਹ ਪ੍ਰਾਰਥਨਾ ਸਭਾ ਪ੍ਰਾਇਮਰੀ ਵਿਭਾਗ ਦੀ ਸੁਪਰਵਾਈਜ਼ਰ ਹਰਪ੍ਰੀਤ ਕੌਰ, ਕੋਆਰਡੀਨੇਟਰ ਅਨੁਪ੍ਰੀਤ ਕੌਰ ਅਤੇ ਮਮਤਾ ਸ਼ਰਮਾ ਦੇ ਆਪਸੀ ਯੋਗਦਾਨ ਨਾਲ ਕਰਵਾਈ ਗਈ, ਜਿਸ ਵਿੱਚ ਨਰਸਰੀ ਤੋਂ ਛੇਵੀਂ ਜਮਾਤ ਤੱਕ ਦੇ ਬੱਚਿਆਂ ਨੇ ਭਾਗ ਲਿਆ। ਇਸ ਮੌਕੇ ਜਮਾਤ ਦੂਸਰੀ ਦੇ ਬੱਚਿਆਂ ਨੇ ਚਾਚਾ ਨਹਿਰੂ ਨੂੰ ਯਾਦ ਕਰਦਿਆਂ ਪਰਿਵਾਰਕ ਮੈਂਬਰਾਂ ਦੀ ਕੋਰੀਓਗ੍ਰਾਫੀ ਕੀਤੀ ਅਤੇ ਤੀਜੀ ਜਮਾਤ ਦੇ ਬੱਚਿਆਂ ਨੇ ਖ਼ੂਬਸੂਰਤ ਗੀਤ ਗਾਏ। ਇਸੇ ਤਰ੍ਹਾਂ ਨਰਸਰੀ ਤੋਂ ਛੇਵੀਂ ਜਮਾਤ ਤੱਕ ਦੇ ਅਧਿਆਪਕਾਂ ਨੇ ਵੱਖ-ਵੱਖ ਗਤੀਵਿਧੀਆਂ ਰਾਹੀਂ ਬੱਚਿਆਂ ਨੂੰ ਬਾਲ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਬੱਚਿਆਂ ਲਈ ਇੱਕ ਮਨੋਰੰਜਕ ਮੇਲਾ ਵੀ ਲਗਾਇਆ ਗਿਆ, ਜਿਸ 'ਚ ਵੱਖ-ਵੱਖ ਝੂਲੇ ਲਗਾਏ ਗਏ ਸਨ। ਬੱਚਿਆਂ ਨੇ ਇਨ੍ਹਾਂ ਝੂਲਿਆਂ ਦਾ ਪੂਰਾ ਆਨੰਦ ਲਿਆ ਅਤੇ ਦਿਨ-ਭਰ ਖੂਬ ਮਸਤੀ ਕੀਤੀ। ਇਸ ਮੌਕੇ ਸਕੂਲ ਵੱਲੋਂ ਬੱਚਿਆਂ ਲਈ ਰਿਫਰੈਸ਼ਮੈਂਟ ਦਾ ਖਾਸ ਪ੍ਰਬੰਧ ਵੀ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸਕੂਲ ਵੱਲੋਂ ਬੱਚਿਆਂ ਲਈ ਜਾਦੂ ਦੇ ਸ਼ੋਅ ਦਾ ਆਯੋਜਨ ਵੀ ਕੀਤਾ ਗਿਆ।

ਇਸ ਮੌਕੇ ਪ੍ਰਿੰਸੀਪਲ ਪਰਮਜੀਤ ਕੁਮਾਰ ਨੇ ਇਸ ਦਿਨ ਨੂੰ ਵਿਸ਼ੇਸ਼ ਬਣਾਉਣ ਲਈ ਹਰਪ੍ਰੀਤ ਕੌਰ, ਅਨੁਪ੍ਰੀਤ ਕੌਰ, ਮਮਤਾ ਸਰਮਾ ਅਤੇ ਸਮੂਹ ਅਧਿਆਪਕਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਇਸੇ ਤਰ੍ਹਾਂ ਅਸੀਂ ਸਾਰੇ ਰਲ-ਮਿਲ ਕੇ ਬੱਚਿਆਂ ਲਈ ਸਿੱਖਿਆ ਨਾਲ ਸਬੰਧਤ ਵਿਸ਼ੇਸ਼ ਗਤੀਵਿਧੀਆਂ ਦਾ ਆਯੋਜਨ ਕਰਦੇ ਰਹਾਂਗੇ।

## 16 ਨੂੰ ਸ਼ਹੀਦੀ ਦਿਹਾੜੇ 'ਤੇ ਜਲੰਧਰ ਵਿਖੇ ਹੋਵੇਗੀ ਵਿਸ਼ਾਲ ਕਨਵੈਨਸ਼ਨ : ਜਾਮਾਰਾਏ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੇ ਆਗੂ ਪ੍ਰਗਟ ਸਿੰਘ ਜਾਮਾਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਦੇਸ਼ ਦੇ ਪਰਵਾਨਿਆਂ ਨੂੰ ਸਿੱਜਦਾ ਕਰਨ ਲਈ 16 ਨਵੰਬਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੇ ਸ਼ਹੀਦੀ ਦਿਹਾੜੇ 'ਤੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪੰਜਾਬ ਦੇ ਰਾਜਨੀਤਕ ਮਸਲਿਆਂ ਦੇ ਹੱਲ ਲਈ ਵਿਸ਼ਾਲ ਕਨਵੈਨਸ਼ਨ ਕੀਤੀ ਜਾਵੇਗੀ। ਇਸ ਨੂੰ ਉੱਘੇ ਬੁੱਧੀਜੀਵੀ ਪ੍ਰੋਫੈਸਰ ਚਮਨ ਲਾਲ ਅਤੇ ਪਾਰਟੀ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਸੰਬੋਧਨ ਕਰਨਗੇ। ਇਹ ਜਾਣਕਾਰੀ ਪਾਰਟੀ ਦੇ ਸੂਬਾਈ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਦਿੱਤੀ। ਉਨ੍ਹਾਂ ਕਿਹਾ ਕਿ ਦੇਸ਼ ਦੀ ਫਾਸ਼ੀਵਾਦੀ ਹਕੂਮਤ ਦੇਸ਼ ਦੇ ਸੰਘਾਤਮਕ ਢਾਂਚੇ ਉੱਤੇ ਹਮਲੇ ਕਰਕੇ ਰਾਜਾਂ ਦੇ ਅਧਿਕਾਰਾਂ ਨੂੰ ਇੱਕ ਇੱਕ ਕਰਕੇ ਖੋਹ ਰਹੀ ਹੈ। ਮੋਦੀ ਸਰਕਾਰ ਦਿੱਲੀ ਕਿਸਾਨ ਅੰਦੋਲਨ ਦੀ ਇਤਿਹਾਸਕ ਜਿੱਤ ਕਾਰਨ ਬਦਲਾਲਊ ਭਾਵਨਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿੱਚ ਸ਼ਾਮਲ ਕਰਨ, ਪੰਜਾਬ ਦੇ ਪਾਣੀਆਂ ਦੀ ਨਿਆਈਂ ਵੰਡ ਕੀਤੇ ਜਾਣ, ਪੰਜਾਬੀ ਭਾਸ਼ਾ ਨੂੰ ਸਨਮਾਨ ਸਹਿਤ ਲਾਗੂ ਕਰਵਾਉਣ, ਫੈਡਰਲ ਅਧਿਕਾਰਾਂ 'ਤੇ ਛਾਪੇ ਮਾਰਨੇ ਬੰਦ ਕਰਨ ਦੀ ਮੰਗ ਉਠਾਈ ਜਾਵੇਗੀ। ਸਾਥੀ ਜਾਮਾਰਾਏ ਨੇ ਕਿਹਾ ਕਿ ਕੇਂਦਰ ਸਰਕਾਰ ਸਰਹੱਦੀ ਸੂਬੇ ਪੰਜਾਬ ਦੇ ਹੱਕੀ ਮਸਲੇ ਪਹਿਲ ਦੇ ਆਧਾਰ ਉਤੇ ਹੱਲ ਕਰਨ ਦੀ ਬਜਾਏ ਭਾਈਚਾਰਕ ਸਾਂਝ ਨੂੰ ਤੋੜਨ ਦੇ ਰਾਹ ਪਈ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਬਹਾਦਰ ਲੋਕ ਸਰਕਾਰੀ ਸਾਜ਼ਿਸ਼ਾਂ ਅਤੇ ਫੁੱਟ ਪਾਊ ਤਾਕਤਾਂ ਨੂੰ ਭਾਂਜ ਦਿੰਦਿਆਂ ਪਿਛਲੇ ਤਜਰਬੇ ਤੋਂ ਸਬਕ ਲੈਂਦਿਆਂ ਭਾਈਚਾਰਕ ਸਾਂਝ ਨੂੰ ਬਣਾਈ ਰੱਖਣਗੇ। ਉਨ੍ਹਾਂ ਸਮੂਹ ਪੰਜਾਬੀਆਂ ਨੂੰ ਇਸ ਕਨਵੈਨਸ਼ਨ ਦੀ ਕਾਮਯਾਬੀ ਦੀ ਅਪੀਲ ਕੀਤੀ ਹੈ।

## ਪੰਜਾਬ ਨੈਸ਼ਨਲ ਬੈਂਕ ਦੇ ਬਾਹਰੋਂ ਮੋਟਰਸਾਈਕਲ ਚੋਰੀ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਹਲਕਾ ਖੇਮਕਰਨ ਅੰਦਰ ਦਿਨੋ-ਦਿਨ ਵੱਧ ਰਹੀਆਂ ਚੋਰੀ ਤੇ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਲੈ ਕੇ ਹਲਕਾ ਵਾਸੀ ਚਿੰਤਾ ਵਿੱਚ ਹਨ। ਜ਼ਿਕਰਯੋਗ ਹੈ ਕਿ ਜਿਥੇ ਪੂਰੇ ਹਲਕੇ ਵਿੱਚ ਲੁੱਟਾਂ ਖੋਹਾਂ ਤੇ ਲੁਟੇਰਿਆਂ ਦਾ ਬੋਲਬਾਲਾ ਹੈ ਉਥੇ ਚੋਰੀ ਦੀਆਂ ਘਟਨਾਵਾਂ ਅਕਸਰ ਹੀ ਵਾਪਰਦੀਆਂ ਰਹਿੰਦੀਆਂ ਹਨ। ਇਕ ਅਜਿਹੀ ਹੀ ਘਟਨਾ ਦੀ ਜਾਣਕਾਰੀ ਦਿੰਦੇ ਹੋਏ ਹਰਭਜਨ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਮਾੜੀਮੇਘਾ ਨੇ ਦੱਸਿਆ ਕਿ ਮੈਂ ਆਪਣਾ ਸਪਲੈਂਡਰ ਮੋਟਰਸਾਈਕਲ ਜਿਸਦਾ ਨੰਬਰ ਪੀਬੀ 46 ਜ਼ੈੱਡ 9863 ਤੇ ਅੰਮ੍ਰਿਤਸਰ ਰੋਡ ਸਥਿਤ ਪੰਜਾਬ ਨੈਸ਼ਨਲ ਬੈਂਕ ਵਿੱਚ ਕਿਸੇ ਕੰਮ ਆਇਆ ਸੀ ਤਾਂ ਮੈਂ ਆਪਣਾ ਮੋਟਰਸਾਈਕਲ ਬੈਂਕ ਦੇ ਬਾਹਰ ਖੜ੍ਹਾ ਕਰਕੇ ਕੰਮ ਕਰਨ ਲਈ ਬੈਂਕ ਅੰਦਰ ਗਿਆ ਤਾਂ ਜਦੋਂ ਮੈਂ ਬਾਹਰ ਵਾਪਸ ਆਇਆ ਤਾਂ ਦੇਖਿਆ ਕਿ ਮੇਰਾ ਮੋਟਰਸਾਈਕਲ ਉਥੋਂ ਗਾਇਬ ਸੀ। ਇਸ ਸਬੰਧੀ ਮੈਂ ਸਬੰਧਤ ਥਾਣਾ ਭਿੱਖੀਵਿੰਡ ਵਿਖੇ ਰਿਪੋਰਟ ਦਰਜ ਕਰਵਾਈ ਹੈ। ਉਨ੍ਹਾਂ ਪੁਲਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਮੋਟਰਸਾਈਕਲ ਚੋਰੀ ਦੀਆਂ ਘਟਨਾਵਾਂ ਅਕਸਰ ਵਾਪਰਦੀਆਂ ਰਹਿੰਦੀਆਂ ਹਨ। ਇਸ ਲਈ ਲੁੱਟਾਂ-ਖੋਹਾਂ ਕਰਨ ਵਾਲੇ ਅਜਿਹੇ ਗਲਤ ਅਨਸਰਾਂ ਨੂੰ ਜਲਦ ਤੋਂ ਜਲਦ ਨੱਥ ਪਾਈ ਜਾਵੇ।

# ਆਵਾਜਾਈ ਦੇ ਨਿਯਮਾਂ ਸੰਬੰਧੀ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ




ਟਾਂਗਰਾ (ਲਾਡੀ ਮੱਲ੍ਹੀ)-ਐਕਸੀਡੈਂਟਾਂ ਨਾਲ ਜਾਂ ਰਹੀਆਂ ਕੀਮਤੀ ਜਾਨਾਂ ਨੂੰ ਬਚਾਉਣ ਲਈ ਪੁਲਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਟਰੈਫਿਕ ਐਜੂਕੇਸ਼ਨ ਸੈੱਲ ਨੇ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮਹਿਤਾ ਥਾਣਾ ਮਹਿਤਾ (ਹਲਕਾ ਜੰਡਿਆਲਾ) ਵਿਖੇ ਮਾਨਯੋਗ ਐੱਸਐੱਸਪੀ ਸਵੱਪਨ ਸ਼ਰਮਾ ਅਤੇ ਐੱਸਪੀ ਹੈੱਡਕੁਆਰਟਰ ਜਸਵੰਤ ਕੌਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਏਐੱਸਆਈ ਕਮਲਜੀਤ, ਏਐੱਸਆਈ ਰਣਜੀਤ ਸਿੰਘ ਨੇ ਬੱਚਿਆਂ ਨੂੰ ਟਰੈਫਿਕ ਬਾਰੇ ਜਾਣਕਾਰੀ ਦਿੱਤੀ ਕਿ ਬਿਨਾਂ ਲਾਇਸੈਂਸ ਕੋਈ ਵੀ ਵਹੀਕਲ ਨਾ ਚਲਾਉ, ਮੋਟਰਸਾਈਕਲ ਚਲਾਉਣ ਸਮੇਂ ਹੈਲਮਟ ਜ਼ਰੂਰ ਪਾਉ, ਫੋਰਵ੍ਹੀਲਰ ਚਲਾਉਂਦੇ ਸਮੇਂ ਸੀਟ ਬੈਲਟ ਜ਼ਰੂਰ ਲਗਾਉ, ਡਰਾਈਵਿੰਗ ਕਰਦੇ ਸਮੇਂ ਮੋਬਾਇਲ ਫੋਨ ਦੀ ਵਰਤੋਂ ਨਾ ਕਰੋ ਅਤੇ ਟਰੈਫਿਕ ਸਬੰਧੀ ਹੋਰ ਵੀ ਕਈ ਜਾਣਕਾਰੀਆਂ ਦਿੱਤੀਆਂ ਗਈਆਂ ਤਾਂ ਜੋ ਐਕਸੀਡੈਂਟਾਂ ਤੋਂ ਬਚਾਅ ਹੋ ਸਕੇ।

ਲੜਕੀਆਂ ਨੂੰ ਹੈਲਪਲਾਈਨ 181/112 ਤੋਂ ਜਾਣੂ ਕਰਵਾਇਆ ਅਤੇ ਸਕੂਲ ਆਉਂਦੇ ਜਾਂਦੇ ਸਮੇਂ ਰਸਤੇ ਵਿੱਚ ਕਿਸੇ ਅਣਜਾਣ ਵਿਅਕਤੀ ਕੋਲੋਂ ਕੋਈ ਚੀਜ਼ ਲੈ ਕੇ ਨਹੀਂ ਖਾਣੀ, ਬਾਰੇ ਵੀ ਪ੍ਰੇਰਿਤ ਕੀਤਾ। ਸਾਂਝ ਕੇਂਦਰ ਦੀਆਂ ਸਹੂਲਤਾਂ ਬਾਰੇ ਵੀ ਜਾਗਰੂਕ ਕੀਤਾ ਅਤੇ ਵੱਧ ਰਹੇ ਨਸ਼ੇ, ਕਰਾਈਮ ਨੂੰ ਰੋਕਣ ਲਈ ਪੁਲਸ ਦੀ ਮਦਦ ਕਰਨ ਲਈ ਕਿਹਾ।

ਇਸ ਮੌਕੇ ਸਕੂਲ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਅਤੇ ਪ੍ਰਿੰਸੀਪਲ ਹਰਸ਼ਦੀਪ ਸਿੰਘ ਅਤੇ ਹੋਰ ਟੀਚਰ ਸਾਹਿਬਾਨ ਵੀ ਹਾਜ਼ਰ ਸਨ।

# ਪੰਜ ਰੋਟਰੀ ਕਲੱਬਾਂ ਨੇ ਮਿਲ ਕੇ ਗੁਰੂ ਨਗਰੀ 'ਚ ਪ੍ਰਕਾਸ਼ ਦਿਹਾੜਾ ਮਨਾਇਆ



ਅੰਮ੍ਰਿਤਸਰ (ਅਰੋੜਾ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਮੌਕੇ ਤੇ ਵਿਸ਼ਵ ਭਰ ਵਿੱਚ ਮਨਾਏ ਜਾ ਰਹੇ ਸਮਾਗਮ ਮੌਕੇ ਗੁਰੂ ਦੀ ਨਗਰੀ ਅੰਮ੍ਰਿਤਸਰ ਦੀਆਂ ਪੰਜ ਰੋਟਰੀ ਕਲੱਬਾਂ ਨੇ ਮਿਲ ਕੇ ਭਾਈ ਵੀਰ ਸਿੰਘ ਹਾਲ ਲਾਰੇਂਸ ਰੋਡ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਧੂਮਧਾਮ ਨਾਲ ਮਨਾਇਆ। ਇਸ ਸੰਬੰਧ ਵਿੱਚ ਮਹਾਨਗਰ ਦੇ ਪ੍ਰਸਿੱਧ ਰਾਗੀ ਜੱਥਿਆਂ ਨੇ ਆਪਣੀ ਮਧੁਰ ਬਾਣੀ ਨਾਲ ਭਾਰੀ ਗਿਣਤੀ ਵਿੱਚ ਬੈਠੇ ਰੋਟਰੀ ਮੈਂਬਰਾਂ ਅਤੇ ਉਨਾਂ ਦੇ ਪਰਿਵਾਰਾਂ ਨੂੰ ਮੰਤਰਮੁਗਧ ਕੀਤਾ। ਰੋਟਰੀ ਕਲੱਬ ਅੰਮ੍ਰਿਤਸਰ ਈਗੋ ਦੇ ਪ੍ਰਧਾਨ ਐਡਵੋਕੇਟ ਬੱਤਰਾ, ਰੋਟਰੀ ਮੇਨ ਦੇ ਪ੍ਰਧਾਨ ਸੀ. ਏ. ਵਿਕਾਸ ਕੁਮਾਰ, ਨਾਰਥ ਦੇ ਪ੍ਰਧਾਨ ਵਿਜੇ ਭਸੀਨ, ਆਸਥਾ ਦੇ ਪ੍ਰਧਾਨ ਅਸ਼ਵਨੀ ਅਵਸਥੀ, ਰੋਟਰੀ ਨਾਰਥ ਨਰੇਸ਼ ਅਨੰਦ ਦੀ ਰਹਿਨੁਮਾਈ ਵਿਖੇ ਸੰਪੰਨ ਹੋਏ ਇਸ ਸਮਾਗਮ ਵਿੱਚ ਰੋਟਰੀ 3070 ਦੇ ਸਾਬਕਾ ਗਵਰਨਰ ਸੀ. ਏ. ਦਵਿੰਦਰ ਸਿੰਘ, ਸਾਬਕਾ ਗਵਰਨਰ ਉਪਕਾਰ ਸਿੰਘ ਸੇਠੀ, ਆਉਣ ਵਾਲੇ ਗਵਰਨਰ ਵਿਪਨ ਭਸੀਨ ਅਤੇ ਰੋਟਰੀ ਦੇ ਸਹਾਇਕ ਗਵਰਨਰ ਰਸਜੀਤ ਸਿੰਘ ਖੇੜਾ, ਰਵਿੰਦਰ ਪਠਾਨੀਆ ਖਾਸ ਰੂਪ 'ਚ ਸ਼ਾਮਿਲ ਹੋਏ। ਰੋਟਰੀ ਵੱਲੋਂ ਸਾਰੀਆਂ ਕਲੱਬਾਂ ਦੇ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਕਥਾਵਾਚਕਾਂ ਨੇ ਸਮੂਹ ਸੰਗਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ 'ਤੇ ਅਧਾਰਿਤ ਕਈ ਪ੍ਰਕਾਰ ਦੀ ਜਾਣਕਾਰੀ ਦਿੱਤੀ। ਉਨਾਂ ਨੇ ਪ੍ਰਕਾਸ਼ ਉੱਤਸਵ ਵਿੱਚ ਭਾਗ ਲੈਣ ਵਾਲੇ ਸਮੂਹ ਮੈਂਬਰਾਂ ਅਤੇ ਰੋਟਰੀ ਕਲੱਬਾਂ ਦੀ ਭਰਪੂਰ ਸ਼ਲਾਘਾ ਕੀਤੀ।

ਸਮਾਗਮ ਵਿੱਚ ਸਾਬਕਾ ਸਹਾਇਕ ਗਵਰਨਰ ਪਰਮਜੀਤ ਸਿੰਘ, ਗੁਰਮੀਤ ਸਿੰਘ ਹੀਰਾ, ਇੰਜੀ. ਪਰਨੀਤ ਸਿੰਘ, ਇੰਜੀ. ਅਸ਼ੋਕ ਸ਼ਰਮਾ, ਡਾ. ਕੁਲਦੀਪ ਸਿੰਘ ਅਰੋੜਾ, ਰੋਟੇਰੀਅਨ ਸੁਰਿੰਦਰ ਸਿੰਘ, ਡਾ. ਜੀ. ਐੱਸ. ਮਦਾਨ, ਮਹਿੰਦਰਪਾਲ ਸਿੰਘ ਸ਼ਰਮਾ, ਗੁਲਜ਼ਾਰ ਸਿੰਘ ਸਵਾਨੀ, ਮਹੇਸ਼ ਸਾਗਰ, ਜਤਿੰਦਰ ਸਿੰਘ ਪੱਪੂ, ਡਾ. ਸੁਖਮਨਪ੍ਰੀਤ ਕੌਰ ਅਤੇ ਸਮੂਹ ਰੋਟਰੀ ਦੇ ਹੋਰ ਮੈਂਬਰ ਮੌਜੂਦ ਸਨ। ਸਮਾਗਮ ਦੇ ਅੰਤ ਵਿੱਚ ਗੁਰੂ ਦਾ ਲੰਗਰ ਵੀ ਵੰਡਿਆ ਗਿਆ।

# ਗੁਰਦੁਆਰਾ ਬਾਬਾ ਸਾਵਣ ਮੱਲ ਵਿਖੇ ਖ਼ੂਨਦਾਨ ਕੈਂਪ ਲਗਾਇਆ



ਟਾਂਗਰਾ (ਲਾਡੀ ਮੱਲ੍ਹੀ)-ਖੂਨ ਦਾਨ ਕਰਨ ਨਾਲ ਕਈ ਪੀੜਤ ਲੋਕਾਂ ਦੀ ਜਾਨ ਬਚਾਈ ਜਾ ਸਕਦੀ ਹੈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸਿਵਲ ਹਸਪਤਾਲ ਅੰਮ੍ਰਿਤਸਰ ਤੋਂ ਪੁੱਜੀ ਡਾਕਟਰਾਂ ਦੀ ਟੀਮ ਡਾ, ਸੌਰਭ ਅਰੋੜਾ, ਡਾ. ਗਗਨਦੀਪ ਸਿੰਘ, ਕੁਲਦੀਪ ਕੌਰ, ਸ਼ਿਵਾਕਾਂਤ ਅਤੇ ਸ਼ਿਵਦਿਆਲ ਨੇ ਕਿਹਾ ਕਿ ਇਕ ਤੰਦਰੁਸਤ ਵਿਅਕਤੀ ਵੱਲੋਂ ਖ਼ੂਨਦਾਨ ਕਰਨ ਨਾਲ ਸਿਹਤ 'ਤੇ ਕੋਈ ਬੁਰਾ ਅਸਰ ਨਹੀਂ ਪੈਂਦਾ ਪਰ ਕਈ ਲੋਕਾਂ ਦੀ ਜਾਨ ਜ਼ਰੂਰ ਬਚਾਈ ਜਾ ਸਕਦੀ ਹੈ। ਪਿੰਡ ਮੁੱਛਲ ਦੇ ਨੌਜਵਾਨਾਂ ਵੱਲੋਂ ਸੇਵਾ ਭਾਵਨਾ ਦੇ ਨਾਲ ਖੂਨ ਦਾਨ ਕੀਤਾ ਗਿਆ।

ਇਸ ਸਮੇਂ ਪ੍ਰਮੁੱਖ ਆਗੂ ਸਾਬਕਾ ਸਰਪੰਚ ਸੁਖਰਾਜ ਸਿੰਘ ਮੁੱਛਲ, ਪ੍ਰਧਾਨ ਬਲਵਿੰਦਰ ਸਿੰਘ ਬੱਲ, ਪਲਵਿੰਦਰ ਸਿੰਘ, ਸਾਹਿਬ ਸਿੰਘ, ਗੁਰਜੀਤ ਸਿੰਘ, ਬਲਕਾਰ ਸਿੰਘ ਚਾਹਲ, ਮਨਜਿੰਦਰ ਸਿੰਘ, ਬਾਬਾ ਇੰਦਰਜੀਤ ਸਿੰਘ, ਮੇਜਰ ਸਿੰਘ ਫੌਜੀ, ਬਲਜਿੰਦਰ ਸਿੰਘ, ਸੋਨੂੰ ਅਤੇ ਮਨਦੀਪ ਸਿੰਘ ਆਦਿ ਹਾਜ਼ਰ ਸਨ।

# ਨਸ਼ੇ, ਬੇਰੁਜ਼ਗਾਰੀ ਤੇ ਵਧ ਰਹੀਆਂ ਲੁੱਟਾਂ-ਖੋਹਾਂ ਖਿਲਾਫ ਰੋਸ ਮਾਰਚ




**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ ਜਿਸ ਦੀ ਅਗਵਾਈ ਸੁਖਵੰਤ ਸਿੰਘ ਦੋਧੀ ਛਾਪੜੀ ਸਾਹਿਬ, ਬਲਜੀਤ ਸਿੰਘ, ਕੁਲਵਿੰਦਰ ਕੌਰ, ਖਡੂਰ ਸਾਹਿਬ ਨੇ ਕੀਤੀ। ਇਸ ਸਮੇਂ ਇਕੱਠ ਨੂੰ ਸੰਬੋਧਨ ਕਰਦੇ ਹੋਏ ਸ਼ਹੀਦ ਭਗਤ ਨੌਜਵਾਨ ਸਭਾ ਦੇ ਆਗੂ ਸੁਲੱਖਣ ਸਿੰਘ ਤੁੜ, ਸੋਨੂੰ ਫਤਿਆਬਾਦ ਨੇ ਕਿਹਾ ਕਿ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਅੱਜ ਖਡੂਰ ਸਾਹਿਬ ਦੇ ਬਜ਼ਾਰ ਵਿੱਚ ਵੱਡੀ ਗਿਣਤੀ 'ਚ ਨੌਜਵਾਨਾਂ ਦਾ ਇਕੱਠ ਹੋਇਆ ਜਿਸ ਤੋਂ ਬਾਅਦ ਰੋਸ ਮਾਰਚ ਕੱਢਿਆ ਜੋ ਕਿ ਖਡੂਰ ਸਾਹਿਬ ਤੋਂ ਸ਼ੁਰੂ ਹੋ ਕੇ ਸ੍ਰੀ ਗੋਇੰਦਵਾਲ ਸਾਹਿਬ ਹੁੰਦਾ ਹੋਇਆ ਕਸਬਾ ਫਤਿਆਬਾਦ ਤੱਕ ਕੀਤਾ ਗਿਆ। ਇਸ ਮਾਰਚ ਦੌਰਾਨ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਸਰਕਾਰ ਨੂੰ ਕੀਤੇ ਵਾਅਦੇ ਯਾਦ ਕਰਵਾਏ। ਪੰਜਾਬ ਦੀ 'ਆਪ' ਸਰਕਾਰ ਨੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਾਅਦਾ ਕੀਤਾ, ਨਸ਼ਾ ਬੰਦ ਕਰਨ ਦਾ ਵਾਅਦਾ ਕੀਤਾ ਪਰ ਸਰਕਾਰ ਬਣੀ ਨੂੰ ਕਰੀਬ 7 ਮਹੀਨੇ ਬੀਤਣ ਦੇ ਬਾਵਜੂਦ ਵੀ ਕੋਈ ਵਾਅਦਾ ਪੂਰਾ ਨਹੀਂ ਹੋਇਆ ਬਲਕਿ ਲੁੱਟਾਂ-ਖੋਹਾਂ ਲਗਾਤਾਰ ਜਾਰੀ ਹਨ। ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਪਿਆ। ਇਸ ਸਮੇਂ ਜਮਹੂਰੀ ਕਿਸਾਨ ਸਭਾ ਦੇ ਆਗੂ ਰੇਸ਼ਮ ਸਿੰਘ ਫੈਲੋਕੇ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਆਗੂ ਮਾਸਟਰ ਸਰਬਜੀਤ ਸਿੰਘ ਭਰੋਵਾਲ, ਉਮਰਜੀਤ ਕੌਰ ਨੇ ਵੀ ਸੰਬੋਧਨ ਕੀਤਾ। ਇਸ ਸਮੇਂ ਸੁਖਰਾਜ ਸਿੰਘ ਤੁੜ, ਇੰਦਰਜੀਤ ਸਿੰਘ ਵੇਈਂਪੂਈਂ, ਚਮਕੌਰ ਸਿੰਘ ਭੁੱਲਰ, ਮੋਹਨ ਕੁਮਾਰ ਗੋਇੰਦਵਾਲ ਸਾਹਿਬ, ਰਣਧੀਰ ਸਿੰਘ, ਦਲਵੀਰ ਸਿੰਘ ਜਵੰਦਾ, ਜਸਨਦੀਪ ਸਿੰਘ ਬੁੱਗਾ, ਫਤਿਹ ਸਿੰਘ ਜੌਹਲ, ਬੱਬੂ, ਗੋਰਾ, ਘੜਕਾ, ਸੁਰਿੰਦਰ ਸਿੰਘ, ਗੁਰਜੀਤ ਸਿੰਘ ਕਿਸ਼ਨਗੜ੍ਹ, ਗੁਰਪ੍ਰੀਤ ਸਿੰਘ, ਰੋਬਨ ਢੋਟਾ, ਰਾਜਾ ਖਡੂਰ ਸਾਹਿਬ, ਦਿਲਸ਼ੇਰ ਸਿੰਘ, ਝਿਲਮਿਲ ਸਿੰਘ ਬਾਨੀਆ, ਅਜੇ ਮੁਗਲਾਣੀ, ਗੁਰਜਿੰਦਰ ਕੌਰ ਖਡੂਰ ਸਾਹਿਬ ਆਦਿ ਹਾਜ਼ਰ ਸਨ।

## ਮਹਾਂਮਾਈ ਦਾ ਸਾਲਾਨਾ ਜਗਰਾਤਾ ਬੜੀ ਧੂਮਧਾਮ ਨਾਲ ਸੰਪੂਰਨ



ਅੰਮ੍ਰਿਤਸਰ (ਅਰੋੜਾ)-ਖੰਡਵਾਲਾ ਮਾਰਕੀਟ ਅਤੇ ਆਟੋ ਰਿਕਸ਼ਾ ਯੂਨੀਅਨ ਵੱਲੋਂ ਮਾਂ ਭਗਵਤੀ ਦਾ 35ਵਾਂ ਸਾਲਾਨਾ ਜਗਰਾਤਾ ਬੜੀ ਧੂਮਧਾਮ ਦੇ ਨਾਲ ਪੱਪੂ ਭਗਤ, ਨੰਦ ਲਾਲ, ਹਰਭਜਨ ਸਿੰਘ, ਰਮਨ ਨਰੂਲਾ, ਰੀਕੋ ਭਗਤ, ਅਰੁਣ ਬਾਂਕਾ ਅਤੇ ਹੋਰ ਦੁਕਾਨਦਾਰਾਂ ਦੀ ਦੇਖ-ਰੇਖ ਵਿੱਚ ਖੰਡਵਾਲਾ ਚੌਕ ਵਿਖੇ ਕਰਵਾਇਆ ਗਿਆ।

ਬੜੀ ਵਿਧੀ ਵਿਧਾਨ ਦੇ ਨਾਲ ਮਾਂ ਭਗਵਤੀ ਦਾ ਪੂਜਨ ਕਰ ਕੇ ਦੂਰ ਦਰਾਜ਼ ਤੋਂ ਆਉਣ ਵਾਲੀਆਂ ਪ੍ਰਸਿੱਧ ਮੰਡਲੀਆਂ ਨੇ ਮਾਂ ਭਗਵਤੀ ਦਾ ਗੁਣਗਾਨ ਕੀਤਾ।

ਭਾਰੀ ਗਿਣਤੀ ਵਿੱਚ ਖੇਤਰ ਦੇ ਦੁਕਾਨਦਾਰਾਂ ਅਤੇ ਨਿਵਾਸੀਆਂ ਨੇ ਅਨੰਦ ਲਿਆ। ਸਮਾਗਮ ਵਿੱਚ ਰਾਜ ਕੁਮਾਰ ਸ਼ਰਮਾ ਅਤੇ ਖੰਡਵਾਲਾ ਮਾਰਕੀਟ ਦੇ ਪ੍ਰਧਾਨ ਨਰੇਸ਼ ਰਾਣਾ, ਵਿੱਕੀ ਸ਼ਰਮਾ, ਡਾਕਟਰ ਬਸੰਤ ਲਾਲ ਅਤੇ ਰੂਪ ਚੰਦ ਵਿਸ਼ੇਸ਼ ਰੂਪ 'ਚ ਸ਼ਾਮਲ ਹੋਏ। ਸਾਰਿਆ ਨੇ ਮਹਾਂਮਾਈ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਜਗਰਾਤੇ ਦੇ ਅੰਤ ਵਿੱਚ ਸਮੂਹ ਸੰਗਤ ਨੂੰ ਪ੍ਰਸ਼ਾਦ ਵੀ ਵੰਡਿਆ ਗਿਆ। ਇਸ ਮੌਕੇ ਬਲਦੇਵ ਸਿੰਘ ਦੇਬਾ, ਸੁਨੀਲ ਕੁਮਾਰ, ਮਨੀਸ਼ ਕੁਮਾਰ ਅਤੇ ਭਾਰੀ ਗਿਣਤੀ ਵਿੱਚ ਹੋਰ ਦੁਕਾਨਦਾਰ ਮੌਜੂਦ ਸਨ।

# ਕਸਬਾ ਝਬਾਲ 'ਚ ਨਾਜਾਇਜ਼ ਕਬਜ਼ਿਆਂ ਕਾਰਨ ਟ੍ਰੈਫਿਕ ਸਮੱਸਿਆ ਨੇ ਧਾਰਿਆ ਵਿਕਰਾਲ ਰੂਪ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਸਥਾਨਕ ਅੱਡਾ ਝਬਾਲ ਵਿੱਚ ਟ੍ਰੈਫਿਕ ਸਮੱਸਿਆ ਦਿਨੋਂ-ਦਿਨ ਵਧਦੀ ਜਾ ਰਹੀ ਹੈ ਜਿਸ ਦਾ ਵੱਡਾ ਕਾਰਨ ਇੱਥੇ ਸੜਕ ਦੀ ਜਗ੍ਹਾ 'ਤੇ ਕੀਤੇ ਹੋਏ ਨਾਜਾਇਜ਼ ਕਬਜ਼ੇ। ਬੇਸ਼ੱਕ ਇੱਥੇ ਜਿਲ੍ਹਾ ਪੁਲਸ ਵੱਲੋਂ ਟ੍ਰੈਫਿਕ ਸੈੱਲ ਵੀ ਤਾਇਨਾਤ ਕੀਤਾ ਸੀ ਪਰ ਉਹ ਵੀ ਮੁਲਾਜ਼ਮਾਂ ਦੀ ਘਾਟ ਕਾਰਨ ਟ੍ਰੈਫਿਕ ਸਮੱਸਿਆ ਦਾ ਹੱਲ ਨਹੀਂ ਕਰ ਸਕਿਆ ਕਿਉਂਕਿ ਅੱਡਾ ਝਬਾਲ ਦੇ ਦੁਕਾਨਦਾਰਾਂ ਵਲੋਂ ਸੜਕ ਦੀ ਜਗ੍ਹਾ 'ਤੇ ਇੱਕ ਦੂਜੇ ਤੋਂ ਵੱਧ ਕੇ ਕਬਜ਼ੇ ਕੀਤੇ ਹੋਏ ਹਨ।

ਇੱਥੋਂ ਚੱਲਣ ਵਾਲੀਆਂ ਬੱਸਾਂ ਦੇ ਡਰਾਈਵਰ ਵੀ ਬੱਸਾਂ ਖਾਲੀ ਕਰਕੇ ਚੌਕ ਵਿੱਚੋਂ ਮੋੜਦੇ ਹਨ ਜਿਸ ਕਾਰਨ ਚੌਕ ਵਿੱਚ ਜਾਮ ਲੱਗ ਜਾਂਦਾ ਹੈ ਅਤੇ ਇੱਥੇ ਆਸ ਪਾਸ ਬੈਠੇ ਗੁੱਜਰ ਵੀ ਆਪਣੇ ਡੰਗਰ ਸਵੇਰੇ ਸ਼ਾਮ ਅੱਡਾ ਝਬਾਲ ਦੀਆਂ ਮੁੱਖ ਸੜਕਾਂ ਤੋਂ ਹੀ ਲੈ ਕੇ ਜਾਂਦੇ ਹਨ ਜਦਕਿ ਡਿਪਟੀ ਕਮਿਸ਼ਨਰ ਵਲੋਂ ਹੁਕਮ ਜਾਰੀ ਕੀਤੇ ਹੋਏ ਹਨ ਕਿ ਸੜਕਾਂ 'ਤੇ ਡੰਗਰ ਨਾ ਲਿਆਂਦੇ ਜਾਣ ਪਰ ਇਸ ਹੁਕਮ ਨੂੰ ਕੌਣ ਜਾਣਦਾ ਹੈ। ਸੜਕ 'ਤੇ ਰੇਹੜੀਆਂ ਤੇ ਸਬਜ਼ੀ, ਫਲ ਆਦਿ ਵੇਚਣ ਵਾਲੇ ਵੀ ਜਿੱਥੇ ਮਰਜ਼ੀ ਰੇਹੜੀ ਖੜੀ ਕਰਕੇ ਵੇਚਣ ਲੱਗ ਪੈਂਦੇ ਹਨ। ਭਰੋਸੇਯੋਗ ਸੂਤਰਾਂ ਦੀ ਮੰਨੀਏ ਤਾਂ ਵੱਡੀਆਂ ਦੁਕਾਨਾਂ ਅੱਗੇ ਰੇਹੜੀ ਲਗਾਉਣ ਬਦਲੇ ਰੇਹੜੀ ਵਾਲਿਆਂ ਨੂੰ ਹਰ ਮਹੀਨੇ ਕਿਰਾਇਆ ਵੀ ਦੇਣਾ ਪੈਂਦਾ ਹੈ। ਜਿਸ ਦੁਕਾਨ ਅੱਗੇ ਰੇਹੜੀ ਲਗਾਉਣੀ ਹੈ ਇੱਥੋਂ ਅਟਾਰੀ ਬਾਰਡਰ ਨੂੰ ਜਾਣ ਵਾਲੇ ਵੱਡੇ ਟਰੱਕ ਟਰਾਲੇ ਵੀਂ ਲੰਘਦੇ ਹਨ ਤਾਂ ਟ੍ਰੈਫਿਕ ਜਾਮ ਲੱਗ ਜਾਂਦਾ ਹੈ।

ਇਸ ਸਬੰਧੀ ਕੁਝ ਸਮਾਜਸੇਵੀ ਵਿਅਕਤੀਆਂ ਤੇ ਪੱਤਰਕਾਰਾਂ ਵਲੋਂ ਪੁਲਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਇੱਥੋਂ ਦੀ ਸਮੱਸਿਆ ਦਾ ਕੋਈ ਹੱਲ ਨਹੀਂ ਹੋਇਆ ਪਰ ਇੱਥੋਂ ਦੇ ਲੋਕਾਂ ਦੀ ਪੁਲਸ ਪ੍ਰਸ਼ਾਸਨ ਕੋਲੋਂ ਪੁਰਜ਼ੋਰ ਮੰਗ ਹੈ ਕਿ ਇੱਥੋਂ ਦੀ ਸਮੱਸਿਆ ਦਾ ਕੋਈ ਠੋਸ ਹੱਲ ਕੱਢਿਆ ਜਾਵੇ ਤਾਂ ਜੋ ਟ੍ਰੈਫਿਕ ਕਾਰਨ ਹਰ ਰੋਜ਼ ਵਾਪਰਦੇ ਹਾਦਸਿਆਂ ਵਿੱਚ ਜੋ ਕੀਮਤੀ ਜਾਨਾਂ ਜਾਂਦੀਆਂ ਹਨ ਉਹ ਬਚ ਸਕਣ।

ਇਸ ਸਬੰਧ ਵਿੱਚ ਜਦੋਂ ਡੀਐਸਪੀ ਸਿਟੀ ਜਸਪਾਲ ਸਿੰਘ ਢਿੱਲੋਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਅਸੀਂ ਆਪਣੇ ਮਹਿਕਮੇ ਵਲੋਂ ਡਿਪਟੀ ਕਮਿਸ਼ਨਰ ਤਰਨਤਾਰਨ ਨੂੰ ਪੱਤਰ ਲਿਖ ਕੇ ਨਜਾਇਜ਼ ਕੀਤੇ ਕਬਜ਼ਿਆਂ ਨੂੰ ਛੁਡਵਾਉਣ ਲਈ ਲਿਖਾਂਗੇ ਅਤੇ ਖੁਦ ਵੀ ਥਾਣਾ ਮੁਖੀ ਅਤੇ ਦੁਕਾਨਦਾਰਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਕੁਝ ਸਮਾਂ ਦਿਆਂਗੇ ਨਜਾਇਜ਼ ਕਬਜ਼ੇ ਛੱਡਣ ਲਈ। ਜੇਕਰ ਫਿਰ ਵੀ ਨਹੀਂ ਛੱਡਦੇ ਤਾਂ ਫਿਰ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਤੇ ਨਾਜਾਇਜ਼ ਕਬਜ਼ੇ ਛੁਡਵਾਏ ਜਾਣਗੇ।

# ਪਰਿੰਗੜ੍ਹੀ 'ਚ ਨਸ਼ਿਆਂ ਖਿਲਾਫ ਜਾਗਰੂਕਤਾ ਰੈਲੀ ਕੱਢੀ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਨਸ਼ਿਆਂ ਕਾਰਨ ਹਰ ਰੋਜ਼ ਸੂਬੇ ਅੰਦਰ ਹੋ ਰਹੀਆਂ ਨੌਜਵਾਨਾਂ ਦੀਆਂ ਬੇਵਕਤੀਆਂ ਮੌਤਾਂ ਕਾਰਨ ਘਰਾਂ 'ਚ ਸੱਥਰ ਵਿਛ ਰਹੇ ਹਨ।

ਪੁਲਸ ਵੱਲੋਂ ਨਸ਼ੇ ਦੇ ਤਸਕਰਾਂ ਨੂੰ ਫੜਨ ਦੀ ਬਜਾਏ ਨਸ਼ਾ ਸੇਵਨ ਕਰਨ ਵਾਲੇ ਨਸ਼ੇੜੀਆਂ 'ਤੇ ਪਰਚੇ ਕਰਕੇ ਆਪਣੀ ਪਿੱਠ ਆਪੇ ਥਾਪੜੀ ਜਾ ਰਹੀ ਹੈ। ਸੱਚਾਈ ਤਾਂ ਇਹ ਹੈ ਕਿ ਸੂਬੇ ਅੰਦਰੋਂ ਨਸ਼ੇ ਦੀ ਵਿਕਰੀ ਘਟਣ ਦੀ ਬਜਾਏ ਲਗਾਤਾਰ ਵੱਧਦੀ ਜਾ ਰਹੀ ਹੈ। ਨੌਜਵਾਨਾਂ ਦੀ ਵੱਡੀ ਘਾਟ ਕਾਰਨ ਪੰਜਾਬ ਖਾਲੀ ਹੋ ਰਿਹਾ। ਇਹ ਵੀ ਦੱਸਣਾ ਬਣਦਾ ਹੈ ਕਿ ਸੂਬੇ ਅੰਦਰੋਂ ਰੋਜ਼ਗਾਰ ਤੇ ਪੜ੍ਹਾਈ ਲਈ ਸੈਂਕੜਿਆਂ ਦੀ ਗਿਣਤੀ ਵਿਚ ਨੌਜਵਾਨ ਲੜਕੇ-ਲੜਕੀਆਂ ਵਿਦੇਸ਼ਾਂ ਵੱਲ ਕੂਚ ਕਰ ਰਹੇ। ਉਨ੍ਹਾਂ ਦੇ ਮਗਰ ਉਨ੍ਹਾਂ ਦੇ ਮਾਪੇ ਵੀ ਜਾ ਰਹ ਹਨ। ਇਕੱਲੀ ਜਵਾਨੀ ਹੀ ਨਹੀਂ, ਸੂਬੇ ਦੇ ਵਿਕਾਸ ਦੇ ਪਹੀਏ ਨੂੰ ਗੇੜਾ ਦੇਣ ਵਾਲੀ ਆਰਥਿਕਤਾ ਨੂੰ ਵੀ ਵੱਡੀ ਪੱਧਰ 'ਤੇ ਢਾਹ ਲੱਗੀ ਹੋਈ ਹੈ ਜਿਹੜੀ ਪੰਜਾਬ ਲਈ ਘਾਤਕ ਸਿੱਧ ਹੋ ਰਹੀ। ਦੂਸਰੇ ਪਾਸੇ ਨਸ਼ਿਆਂ ਦੇ ਵਹਿਣ ਵਿਚ ਜਵਾਨੀ ਰੁੜ੍ਹੀ ਜਾਂਦੀ ਦਿਖਾਈ ਦੇ ਰਹੀ। ਨਸ਼ੇ ਦੇ ਸਰੀਰ 'ਤੇ ਪੈਂਦੇ ਬੁਰੇ ਪ੍ਰਭਾਵਾਂ ਤੋਂ ਜਾਗਰੂਕ ਕਰਨ ਅਤੇ ਨਸ਼ੇ ਕਰਨ ਵਾਲੇ ਨਸ਼ੇੜੀਆਂ ਨੂੰ ਨਸ਼ਾ ਤਿਆਗਣ ਲਈ ਪਿੰਡ ਪਰਿਗੜ੍ਹੀ ਦੇ ਸਮਾਜ ਸੇਵੀ ਰਣਜੀਤ ਸਿੰਘ ਤੇ ਕਸ਼ਮੀਰ ਸਿੰਘ ਵੱਲੋਂ ਨਸ਼ਿਆਂ ਖਿਲਾਫ ਪਿੰਡ ਅੰਦਰ ਰਿਕਸ਼ੇ 'ਤੇ ਸਪੀਕਰ ਲਗਾ ਕੇ ਨਸ਼ੇ ਤਿਆਗਣ ਲਈ ਜਾਗਰੂਕਤਾ ਰੈਲੀ ਕੱਢੀ ਗਈ ਜਿਸਨੂੰ ਪਿੰਡ ਵਾਸੀਆਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ। ਇਸ ਮੌਕੇ ਮਨਬੀਰ ਸਿੰਘ, ਜਤਿੰਦਰ ਸਿੰਘ, ਲਖਵਿੰਦਰ ਸਿੰਘ, ਮਨਧੀਰ ਸਿੰਘ, ਵਰਿਆਮ ਸਿੰਘ, ਫੌਜੀ ਕੁਲਵਿੰਦਰ ਸਿੰਘ, ਫੌਜੀ ਜੁਗਰਾਜ ਸਿੰਘ ਤੁੰਗ, ਗੁਲਜ਼ਾਰ ਸਿੰਘ, ਚਮਕੌਰ ਸਿੰਘ, ਮੇਜਰ ਸਿੰਘ ਅਤੇ ਬਗੀਚਾ ਸਿੰਘ ਆਦਿ ਹਾਜ਼ਰ ਸਨ।

# ਕਰਤਾਰਪੁਰ ਲਾਂਘੇ 'ਤੇ ਲੱਗੀਆਂ ਸ਼ਰਤਾਂ ਖਤਮ ਕਰਵਾਉਣ ਸੰਬੰਧੀ ਸੈਮੀਨਾਰ ਕਰਵਾਇਆ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਖੁੱਲੇ ਲਾਂਘੇ ਸਬੰਧੀ ਭਾਰਤ ਵਾਲੇ ਪਾਸੇ ਤੋਂ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਉੱਪਰ ਲਗਾਈ 20 ਡਾਲਰ ਫੀਸ ਅਤੇ ਪਾਸਪੋਰਟ ਦੀ ਸ਼ਰਤ ਖਤਮ ਕਰਨ ਨੂੰ ਲੈ ਕੇ ਇੱਕ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਬੁੱਧੀਜੀਵੀਆਂ, ਲੇਖਕਾਂ ਤੇ ਪੱਤਰਕਾਰਾਂ ਨੇ ਭਾਗ ਲਿਆ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਮਦਨ ਲਾਲ ਨਰੂਲਾ ਜੋ ਇਨ੍ਹਾਂ ਮੰਗਾਂ ਸਬੰਧੀ ਪਿਛਲੇ 5 ਮਹੀਨਿਆਂ ਤੋਂ ਭਾਰਤ-ਪਾਕਿ ਸਰਹੱਦ ਨੇੜੇ ਕੋਰੀਡੋਰ ਉੱਪਰ ਧਰਨਾ ਲਗਾ ਕੇ ਬੈਠੇ ਹਨ ਉਨ੍ਹਾਂ ਦੀ ਖੂਬ ਪ੍ਰਸ਼ੰਸਾ ਕੀਤੀ ਗਈ ਅਤੇ ਸਰਬਸੰਮਤੀ ਨਾਲ ਮਤੇ ਪਾਸ ਕੀਤੇ ਗਏ। ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਕੋਲ ਹੇਠ ਲਿਖੀਆਂ ਮੰਗਾਂ ਦਰਜ ਕਰਾਈਆਂ ਗਈਆਂ। ਭਾਰਤ ਸਰਕਾਰ ਕੋਲ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਵਾਸਤੇ ਸੌਖੀ ਤੇ ਸਸਤੀ ਪ੍ਰਕਿਰਿਆ ਅਪਨਾਉਣ ਦੀ ਮੰਗ ਰੱਖੀ ਗਈ, ਸ਼ਰਧਾਲੂਆਂ ਉਪਰ ਲਗਾਈ ਗਈ ਪਾਸਪੋਰਟ ਦੀ ਸ਼ਰਤ ਤੁਰੰਤ ਬੰਦ ਕਰਕੇ ਆਧਾਰ ਕਾਰਡ, ਵੋਟਰ ਕਾਰਡ ਜਾਂ ਰਾਸ਼ਨਕਾਰਡ ਦੀ ਸ਼ਨਾਖਤ ਕਰਕੇ ਦਰਸ਼ਨਾਂ ਦੀ ਖੁੱਲ੍ਹ ਦੇਣ ਦੀ ਮੰਗ ਕੀਤੀ ਗਈ। ਪਾਕਿਸਤਾਨ ਸਰਕਾਰ ਅੱਗੇ ਸ਼ਰਧਾਲੂਆਂ ਕੋਲੋਂ ਲਈ ਜਾਣ ਵਾਲੀ 20 ਡਾਲਰ ਦੀ ਫੀਸ ਨੂੰ ਤੁਰੰਤ ਖਤਮ ਕਰਨ ਦੀ ਮੰਗ ਕੀਤੀ ਗਈ। ਸ੍ਰੀ ਕਰਤਾਰਪੁਰ ਸਾਹਿਬ ਬਾਰਡਰ ਅਤੇ ਅਟਾਰੀ ਬਾਰਡਰ ਨੂੰ ਵਪਾਰਕ ਹੱਬ ਬਣਾਉਣ ਸਬੰਧੀ ਮੰਗ ਰੱਖੀ ਗਈ ਤਾਂ ਕਿ ਦੋਵਾਂ ਮੁਲਕਾਂ ਨੂੰ ਆਪਸੀ ਵਪਾਰ ਦੀ ਖੁੱਲ੍ਹ ਮਿਲ ਸਕੇ ਅਤੇ ਮਹਿੰਗਾਈ ਨੂੰ ਠੱਲ੍ਹ ਪਵੇ। ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਦੁੱਵਲੇ ਸਾਰੇ ਵਿਵਾਦ ਪੁਰਅਮਨ ਢੰਗ ਨਾਲ ਆਪਸੀ ਗੱਲਬਾਤ ਰਾਹੀਂ ਸੁਲਝਾਉਣ ਦਾ ਉਪਰਾਲਾ ਕਰਨ। ਭਾਰਤ-ਪਾਕਿਸਤਾਨ ਦਰਮਿਆਨ ਅਮਨ ਤੇ ਦੋਸਤੀ ਲਈ ਕੰਮ ਕਰਨ ਵਾਲੇ ਸੰਗਠਨਾਂ, ਕਲਾਕਾਰਾਂ, ਪੱਤਰਕਾਰਾਂ ਤੇ ਬੁੱਧੀਜੀਵੀਆਂ ਨੂੰ ਖੁੱਲ੍ਹ-ਦਿਲੀ ਨਾਲ ਸਰਹੱਦਾਂ ਦੇ ਆਰ-ਪਾਰ ਜਾਣ ਲਈ ਵੀਜ਼ੇ ਦਿੱਤੇ ਜਾਣ। ਭਾਰਤ ਸਰਕਾਰ ਕੋਲੋਂ ਮੰਗ ਕੀਤੀ ਗਈ ਸਿੱਖ ਸ਼ਰਧਾਲੂਆਂ ਨੂੰ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਵੀਜ਼ਾ ਸੈਂਟਰ ਅੰਮ੍ਰਿਤਸਰ ਦੇ ਅਟਾਰੀ ਬਾਰਡਰ 'ਤੇ ਖੋਲ੍ਹਿਆ ਜਾਵੇ। ਅੱਜ ਦੇ ਮੁੱਖ ਬੁਲਾਰੇ ਕਮਰ ਆਗਾ ਦਿੱਲੀ, ਸਤਨਾਮ ਸਿੰਘ ਮਾਣਕ, ਸੁਰਜੀਤ ਜੱਜ, ਗੁਰਮੀਤ ਸਿੰਘ ਬਖਤਪੁਰਾ, ਰਮੇਸ਼, ਧਨਵੰਤ ਖਤਰਾਏ ਕਲਾਂ, ਬੱਬਲੂ ਸਿੰਧੀ ਰਮਦਾਸ ਆਦਿ ਨੇ ਆਈਆਂ ਹੋਈਆਂ ਸੰਗਤਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਵਿਜੇ ਸੋਨੀ ਮੋਹਲੋਵਾਲੀ, ਸਤੀਸ਼ ਝੀਂਗਣ, ਹਰਜੀਤ ਸਿੰਘ ਸਰਕਾਰੀਆ, ਮੈਡਮ ਕਮਲ ਗਿੱਲ, ਦਿਲਬਾਗ ਸਰਕਾਰੀਆ, ਮੈਡਮ ਕਰਮਜੀਤ ਜੱਸਲ, ਹਰੀਸ਼ ਬਾਬਰੀ, ਗੁਰਜਿੰਦਰ ਸਿੰਘ ਬਘਿਆੜੀ, ਉਂਕਾਰ ਸਿੰਘ ਰਾਜਾਤਾਲ, ਮਨਦੀਪ ਪ੍ਰੀਤ ਮੁਕੇਰੀਆਂ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵੱਖ-ਵੱਖ ਕਿਸਾਨ ਯੂਨੀਅਨ ਅਤੇ ਕਿਰਤੀ ਯੂਨੀਅਨ ਪੰਜਾਬ ਦੇ ਨੁਮਾਇੰਦੇ ਹਾਜ਼ਰ ਸਨ।

# ਗੁਰੂ ਨਾਨਕ ਦੇਵ ਹਸਪਤਾਲ 'ਚ 47 ਸਾਲ ਪੁਰਾਣੇ ਬਿਜਲੀ ਟਰਾਂਸਫਾਰਮਰ ਬਦਲੇ ਜਾਣਗੇ

## 12.5 ਲੱਖ ਰੁਪਏ ਦੀ ਲਾਗਤ ਨਾਲ ਲੱਗਣਗੇ 6 ਨਵੇਂ ਬ੍ਰੇਕਰ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਪਿਛਲੇ ਕੁੱਝ ਦਿਨਾਂ ਤੋਂ ਡੇਂਗੂ ਨਾਲ ਪੀੜਤ ਹਰਭਜਨ ਸਿੰਘ ਈਟੀਓ ਜਿਨ੍ਹਾਂ ਦਾ ਇਲਾਜ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਚਲ ਰਿਹਾ ਸੀ, ਪੂਰੀ ਤਰ੍ਹਾਂ ਸਿਹਤਯਾਬ ਹੋ ਗਏ ਹਨ ਅਤੇ ਉਨ੍ਹਾਂ ਨੂੰ ਅੱਜ ਹਸਪਤਾਲ ਤੋਂ ਛੁੱਟੀ ਮਿਲ ਗਈ ਹੈ। ਇਸ ਮੌਕੇ ਕੈਬਨਿਟ ਮੰਤਰੀ ਨੇ ਡਾਕਟਰਾਂ ਅਤੇ ਸਮੂਹ ਸਟਾਫ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸਰਕਾਰੀ ਹਸਪਤਾਲਾਂ ਵਿੱਚ ਵੀ ਡੇਂਗੂ ਦਾ ਵਧੀਆ ਇਲਾਜ ਹੋ ਰਿਹਾ ਹੈ ਅਤੇ ਡੇਂਗੂ ਦੇ ਸਾਰੇ ਟੈਸਟ ਵੀ ਮੁਫਤ ਹੁੰਦੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਡੇਂਗੂ ਵਰਗੀ ਬਿਮਾਰੀ ਤੋਂ ਬਚ ਕੇ ਰਹਿਣ ਅਤੇ ਸਿਹਤ ਵਿਭਾਗ ਵਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਨ ਤਾਂ ਜੋ ਡੇਂਗੂ ਤੋਂ ਬਚਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਸਰਕਾਰੀ ਹਸਪਤਾਲਾਂ ਵਿੱਚ ਇਲਾਜ ਦੀ ਕੋਈ ਕਮੀ ਨਹੀਂ ਹੈ ਅਤੇ ਮਾਹਰ ਡਾਕਟਰ ਡੇਂਗੂ ਮਰੀਜ਼ਾਂ ਦਾ ਇਲਾਜ ਕਰ ਰਹੇ ਹਨ।

ਬਿਜਲੀ ਮੰਤਰੀ ਨੇ ਦੱਸਿਆ ਕਿ ਗੁਰੂ ਨਾਨਕ ਹਸਪਤਾਲ ਵਿਖੇ ਆਈਸੀਯੂ ਬਿਲਡਿੰਗ ਦੇ ਥੱਲੇ 1000 ਕਿਲੋਵਾਟ ਦੇ 47 ਸਾਲ ਪੁਰਾਣੇ 2 ਬਿਜਲੀ ਟਰਾਂਸਫਾਰਮਰ ਲੱਗੇ ਹੋਏ ਸਨ, ਜਿਸ ਨਾਲ ਕਿ ਕਦੇ ਵੀ ਕੋਈ ਅਣਸੁਖਾਵੀਂ ਘਟਨਾ ਵਾਪਰ ਸਕਦੀ ਸੀ, ਨੂੰ ਤੁਰੰਤ ਬਦਲਣ ਦੇ ਆਦੇਸ਼ ਜਾਰੀ ਕੀਤੇ ਅਤੇ ਕਿਹਾ ਕਿ 60 ਲੱਖ ਰੁਪਏ ਦੀ ਲਾਗਤ ਨਾਲ 4 ਨਵੇਂ 500 ਕਿਲੋਵਾਟ ਦੇ ਬਿਜਲੀ ਟਰਾਂਸਫਾਰਮਰ ਇਥੇ ਸਥਾਪਿਤ ਕੀਤੇ ਜਾਣਗੇ। ਬਿਜਲੀ ਮੰਤਰੀ ਨੇ ਦੱਸਿਆ ਕਿ ਕੁੱਝ ਮਹੀਨੇ ਪਹਿਲਾਂ ਇਸੇ ਹਸਪਤਾਲ ਵਿੱਚ ਬਿਜਲੀ ਦੇ 2 ਟਰਾਂਸਫਾਰਮਰਾਂ ਨੂੰ ਅੱਗ ਲੱਗ ਗਈ ਸੀ, ਪਰੰਤੂ ਕੋਈ ਜਾਨੀ ਮਾਲ ਨੁਕਸਾਨ ਹੋਣ ਤੋਂ ਬਚ ਗਿਆ ਸੀ, ਜਿਸਨੂੰ ਕਿ ਤੁਰੰਤ ਰਾਤੋ-ਰਾਤ ਦੋਵਾਂ ਟਰਾਂਸਫਾਰਮਰਾਂ ਨੂੰ ਬਦਲ ਦਿੱਤਾ ਗਿਆ ਸੀ। ਕੈਬਨਿਟ ਮੰਤਰੀ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਕੋਈ ਵੀ ਕਮੀ ਪੇਸ਼ੀ ਨਹੀਂ ਰਹਿਣ ਦਿੱਤੀ ਜਾਵੇਗੀ।

ਪ੍ਰਿੰਸੀਪਲ ਮੈਡੀਕਲ ਕਾਲਜ ਡਾ. ਵੀਨਾ ਚਤਰਥ ਨੇ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਂਦਾ ਕਿ ਡੈਂਟਲ ਕਾਲਜ ਵਿਚ ਸਥਾਪਿਤ 66ਕੇਵੀ ਸਬ-ਸਟੇਸ਼ਨ ਦਾ ਲੋਡ ਵਧਾਉਣ ਦੀ ਜ਼ਰੂਰਤ ਹੈ, ਜਿਸ 'ਤੇ ਤੁਰੰਤ ਹੁਕਮ ਜਾਰੀ ਕਰਦਿਆਂ ਬਿਜਲੀ ਮੰਤਰੀ ਨੇ ਦੱਸਿਆ ਕਿ ਇਥੇ 20 ਐੱਮਵੀਏ ਦਾ ਟਰਾਂਸਫਾਰਮਰ ਲੱਗਾ ਦਿੱਤਾ ਜਾਵੇਗਾ ਜਿਸ 'ਤੇ 2.15 ਕਰੋੜ ਰੁਪਏ ਖਰਚ ਆਉਣਗੇ ਅਤੇ 12.5 ਲੱਖ ਰੁਪਏ ਦੀ ਲਾਗਤ ਨਾਲ 66ਕੇਵੀ ਦੇ ਨਵੇਂ 6 ਬ੍ਰੇਕਰ ਵੀ ਲਗਾਏ ਜਾਣਗੇ। ਦੱਸਣਯੋਗ ਹੈ ਕਿ ਇਸ ਮੌਕੇ ਡਾਇਰੈਕਟਰ ਵੰਡ ਪੀਐੱਸਪੀਸੀਐੱਲ ਪਟਿਆਲਾ ਡੀਪੀਐੱਸ ਗਰੇਵਾਲ ਉੱਚੇਚੇ ਤੌਰ 'ਤੇ ਪੁੱਜੇ ਹੋਏ ਸਨ, ਜਿਨ੍ਹਾਂ ਨੇ ਡਾਕਟਰਾਂ ਦੇ ਨਾਲ ਹਸਪਤਾਲ ਦਾ ਦੌਰਾ ਵੀ ਕੀਤਾ ਅਤੇ ਕਿਹਾ ਕਿ ਬਿਜਲੀ ਦੀਆਂ ਸਾਰੀਆਂ ਮੁਸ਼ਕਿਲਾਂ ਨੂੰ ਜਲਦ ਹੀ ਦੂਰ ਕਰ ਦਿੱਤਾ ਜਾਵੇਗਾ ਅਤੇ ਪੁਰਾਣੇ ਟਰਾਂਸਫਾਰਮਰਾਂ ਨੂੰ ਬਦਲ ਦਿੱਤਾ ਜਾਵੇਗਾ। ਇਸ ਮੌਕੇ ਡੀ. ਐਮ. ਆਰ. ਆਈ. ਪੰਜਾਬ ਅਵਨੀਸ਼ ਕੁਮਾਰ, ਨੋਡਲ ਅਫਸਰ ਡੀ. ਐਮ. ਆਰ. ਆਈ. ਡਾ. ਜਸਬੀਰ ਸਿੰਘ, ਮੈਡੀਕਲ ਸੁਪਰਡੈਂਟ ਡਾ. ਕਰਮਜੀਤ ਸਿੰਘ, ਡਾ. ਨਿਰਮਾਣ ਸਿੰਘ ਤੋਂ ਇਲਾਵਾ ਹੋਰ ਡਾਕਟਰ ਵੀ ਹਾਜ਼ਰ ਸਨ।

# ਸਾਬਕਾ ਸੈਨਿਕਾਂ ਨੇ ਵਨ ਰੈਂਕ ਵਨ ਪੈਨਸ਼ਨ ਦੀ ਮੰਗ ਨੂੰ ਲੈ ਕੇ ਆਵਾਜ਼ ਬੁਲੰਦ ਕੀਤੀ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ )**-ਸਾਬਕਾ ਸੈਨਿਕਾਂ ਲਈ ਯਤਨਸ਼ੀਲ ਸੰਸਥਾ ਐਕਸ ਸਰਵਿਸਮੈਨ ਵੈਲਫੇਅਰ ਸੁਸਾਇਟੀ (ਰਜਿ.) ਖੁਣਖੁਣ ਕਲਾਂ ਦੀ ਮਹੀਨਾਵਾਰ ਮੀਟਿੰਗ ਦੌਰਾਨ ਸਾਬਕਾ ਸੈਨਿਕਾਂ ਨੂੰ ਦਰਪੇਸ਼ ਮੁਸ਼ਕਲਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਸੰਸਥਾ ਦੇ ਪ੍ਰਧਾਨ ਸੂਬੇਦਾਰ ਸਵਰਨ ਸਿੰਘ ਖੁਣਖੁਣ ਕਲਾਂ ਦੀ ਅਗਵਾਈ ਵਿੱਚ ਹੋਈ ਇਸ ਮੀਟਿੰਗ ਦੌਰਾਨ ਇਕੱਤਰ ਹੋਏ ਸਾਬਕਾ ਫ਼ੌਜੀਆਂ ਨੇ ਕੇਂਦਰ ਸਰਕਾਰ ਵੱਲੋਂ ਜਾਰੀ ਵਨ ਰੈਂਕ ਵਨ ਪੈਨਸ਼ਨ ਸਕੀਮ ਨੂੰ ਲਾਗੂ ਨਾ ਕਰਨ ਦੇ ਵਿਰੁੱਧ ਆਪਣਾ ਰੋਸ ਪ੍ਰਗਟ ਕੀਤਾ ਅਤੇ ਇਸ ਸਕੀਮ ਨੂੰ ਲਾਗੂ ਕਰਨ ਲਈ ਆਪਣੀ ਆਵਾਜ਼ ਬੁਲੰਦ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਸੋਸਾਇਟੀ ਦੇ ਪ੍ਰਧਾਨ ਸੂਬੇਦਾਰ ਸਵਰਨ ਸਿੰਘ ਨੇ ਕਿਹਾ ਕਿ ਦੇਸ਼ ਦੀ ਖਾਤਰ ਆਪਣਾ ਸੁੱਖ ਨੀਂਦ ਤਿਆਗਣ ਵਾਲੇ ਸਾਬਕਾ ਸੈਨਿਕਾਂ ਦੀ ਪਿਛਲੇ ਲੰਬੇ ਸਮੇਂ ਤੋਂ ਵਨ ਰੈਂਕ ਵਨ ਪੈਨਸ਼ਨ ਦੀ ਸਕੀਮ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਦੇ ਆਦੇਸ਼ਾਂ ਤੋਂ ਬਾਅਦ ਵੀ ਲਾਗੂ ਨਹੀਂ ਕੀਤੀ ਜਿਸ ਕਾਰਨ ਸਾਬਕਾ ਸੈਨਿਕਾਂ ਵਿੱਚ ਭਾਰੀ ਰੋਸ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਇਸ ਸਕੀਮ ਨੂੰ ਤੁਰੰਤ ਲਾਗੂ ਕਰਕੇ ਸਾਬਕਾ ਸੈਨਿਕਾਂ ਨੂੰ ਇਸ ਦਾ ਲਾਭ ਦੇਵੇ। ਇਸ ਮੌਕੇ ਸੁਸਾਇਟੀ ਨੇ ਆਪਣੇ ਸਮਾਜ ਸੇਵਾ ਦੇ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਦਿਆਂ ਮੰਗ ਕੀਤੀ ਕਿ ਜਲੰਧਰ-ਪਠਾਨਕੋਟ ਰਾਸ਼ਟਰੀ ਮਾਰਗ ਤੋਂ ਵਾਇਆ ਪਿੰਡ ਖੁਣਖੁਣ ਕਲਾਂ ਗੜ੍ਹਦੀਵਾਲ ਜਾਣ ਵਾਲੀ ਸੜਕ ਜੋ ਕਿ ਬਹੁਤ ਹੀ ਖਸਤਾ ਹਾਲਤ ਹੋਣ ਕਾਰਨ ਰਾਹਗੀਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਤਹਿਤ ਮਨਜ਼ੂਰ ਹੋ ਚੁੱਕੀ ਇਸ ਸੜਕ 'ਤੇ ਜਾਂ ਤਾਂ ਜਲਦ ਤੋਂ ਜਲਦ ਕੰਮ ਸ਼ੁਰੂ ਕੀਤਾ ਜਾਵੇ ਜਾਂ ਇਸ ਸੜਕ 'ਤੇ ਪੈਚਵਰਕ ਲਗਾ ਕੇ ਰਾਹਗੀਰਾਂ ਨੂੰ ਰਾਹਤ ਦਿੱਤੀ ਜਾਵੇ। ਇਸ ਮੌਕੇ ਸੋਸਾਇਟੀ ਦੇ ਸਮੂਹ ਮੈਂਬਰਾਂ ਨੇ ਵਾਤਾਵਰਣ ਦੀ ਸੇਵਾ-ਸੰਭਾਲ ਸੰਬੰਧੀ ਵੀ ਵਿਚਾਰ ਵਟਾਂਦਰਾ ਕੀਤਾ। ਮੀਟਿੰਗ ਦੌਰਾਨ ਨਾਇਕ ਸਵਰਨ ਸਿੰਘ, ਉਜਾਗਰ ਸਿੰਘ, ਸੂਬੇਦਾਰ ਕੁਲਵਿੰਦਰ ਸਿੰਘ, ਸੂਬੇਦਾਰ ਜਸਪਾਲ ਸਿੰਘ, ਸੂਬੇਦਾਰ ਸੁਖਬੀਰ ਸਿੰਘ, ਜੋਧ ਸਿੰਘ, ਹਰਵਿੰਦਰ ਸਿੰਘ, ਸੂਬੇਦਾਰ ਮਹਿੰਦਰ ਸਿੰਘ, ਸੂਬੇਦਾਰ ਹਰਭਜਨ ਸਿੰਘ, ਨਿਰਮਲ ਸਿੰਘ ਆਦਿ ਵੀ ਮੌਜੂਦ ਸਨ।



# ਵਿਦਿਆਰਥੀ ਵਿਦੇਸ਼ਾਂ ਦੀ ਥਾਂ ਆਪਣੇ ਦੇਸ਼ 'ਚ ਪੜ੍ਹਾਈ ਕਰਕੇ ਆਪਣੇ ਦੇਸ਼ ਦਾ ਨਾਂਅ ਰੌਸ਼ਨ ਕਰਨ : ਮੈਜਿਸਟਰੇਟ ਅਰੋੜਾ

## ਅਕਾਲ ਗਲੈਕਸੀ ਕਾਨਵੈਂਟ ਸਕੂਲ ਲੋਹੀਆਂ ਦਾ ਚੌਥਾ ਸਾਲਾਨਾ ਇਨਾਮ ਵੰਡ ਸਮਾਰੋਹ

**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)** : ਬਾਰ੍ਹਵੀਂ ਕਲਾਸ ਤੋਂ ਬਾਅਦ ਆਇਲੈਟਸ ਕਰ ਕੇ ਵਿਦੇਸ਼ਾਂ 'ਚ ਪੜ੍ਹਨ ਦੀ ਇੱਛਾ ਰੱਖਣ ਵਾਲੇ ਵਿਦਿਆਰਥੀ ਆਪਣੇ ਦੇਸ਼ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ 'ਚ ਪੜ੍ਹਕੇ ਦੇਸ਼ ਦਾ ਨਾਂਅ ਰੌਸ਼ਨ ਕਰਨ। ਇਹ ਸ਼ਬਦ ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ-ਲੋਹੀਆਂ ਖਾਸ ਦੇ ਚੌਥੇ ਸਾਲਾਨਾ ਇਨਾਮ ਵੰਡ ਸਮਾਗਮ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਸਮਾਗਮ ਦੇ ਮੁੱਖ ਮਹਿਮਾਨ ਅਕਸੈ ਅਰੋੜਾ (ਸਿਵਲ ਜੱਜ ਤੇ ਜੁਡੀਸ਼ੀਅਲ ਮੈਜਿਸਟਰੇਟ) ਵੱਲੋਂ ਆਪਣੀ ਭਾਵੁਕ ਅਪੀਲ ਦੌਰਾਨ ਕੀਤੇ। ਸਕੂਲ ਕਮੇਟੀ ਦੇ ਪ੍ਰਧਾਨ ਗੁਰਦੀਪ ਸਿੰਘ ਜੱਜ ਦੀ ਪ੍ਰਧਾਨਗੀ ਹੇਠ ਕਰਵਾਏ ਜਾ ਰਹੇ ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨਾਂ ਵੱਲੋਂ ਜੋਤੀ ਜਗਾ ਕੇ ਕੀਤੀ ਗਈ। ਇਸ ਮੌਕੇ ਸਕੂਲ ਦੇ ਵਾਈਸ ਪ੍ਰੈਜ਼ੀਡੈਂਟ ਕੁਲਵਿੰਦਰ ਸਿੰਘ ਜੱਜ ਵੱਲੋਂ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਪ੍ਰਿੰਸੀਪਲ ਅਮਨਪ੍ਰੀਤ ਕੌਰ ਵੱਲੋਂ ਸੈਸ਼ਨ 2021-22 ਦੀਆਂ ਪ੍ਰਾਪਤੀਆਂ ਦੀ ਸਾਲਾਨਾ ਰਿਪੋਰਟ ਪੜ੍ਹੀ ਗਈ, ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਜੱਜ ਵੱਲੋਂ ਸਮੂਹ ਮਹਿਮਾਨਾਂ ਧੰਨਵਾਦ ਅਤੇ ਵਧੀਆ ਪੇਸ਼ਕਾਰੀ ਲਈ ਬੱਚਿਆਂ ਨੂੰ ਵਧਾਈ ਦਿੱਤੀ।






ਸਟੇਜ ਦਾ ਸੰਚਾਲਨ ਮੈਡਮ ਦੀਪਿਕਾ ਅਤੇ ਸੁਖਵਿੰਦਰ ਸਿੰਘ ਵੱਲੋਂ ਕੀਤਾ ਗਿਆ। ਇਸੇ ਦੌਰਾਨ ਆਏ ਮੁੱਖ ਮਹਿਮਾਨ ਸਿਵਲ ਜੱਜ ਅਕਸੈ ਅਰੋੜਾ, ਵਿਸ਼ੇਸ਼ ਮਹਿਮਾਨ ਲੋਹੀਆਂ ਦੇ ਥਾਣਾ ਮੁਖੀ ਸੁਰਜੀਤ ਸਿੰਘ ਪੱਡਾ, ਸਕੂਲ ਮੈਨੇਜਮੈਂਟ ਥਾਣਾ ਮੁਖੀ ਸੁਰਜੀਤ ਸਿੰਘ ਪੱਡਾ, ਸਕੂਲ ਮੈਨੇਜਮੈਂਟ ਮੈਂਬਰਜ ਅਤੇ ਸਕੂਲ ਪ੍ਰਿੰਸੀਪਲਜ ਵੱਲੋਂ ਪਹਿਲੀਆਂ ਪੁਜੀਸ਼ਨਾਂ 'ਤੇ ਰਹਿਣ ਵਾਲੇ ਬੱਚਿਆਂ ਨੂੰ ਇਨਾਮਾਂ ਦੀ ਵੰਡ ਕੀਤੀ ਗਈ। ਇਸ ਮੌਕੇ ਨਿਰਮਲ ਸਿੰਘ ਦਾਰੇਵਾਲ, ਨੰਬਰਦਾਰ ਪਰਮਜੀਤ ਸਿੰਘ, ਨੰਬਰਦਾਰ ਹਰਨੇਕ ਸਿੰਘ ਸਿੱਧੂਪੁਰ, ਪ੍ਰਧਾਨ ਜਗਜੀਤ ਸਿੰਘ, ਕੌਂਸਲਰ ਪ੍ਰਦੀਪ ਟੀਟਾ ਖੜ੍ਹਾ, ਕੌਂਸਲਰ ਅਮਨਦੀਪ ਸਿੰਘ ਜੱਸਲ, ਸਾਰੰਗੀ ਮਾ, ਗੁਰਵਿੰਦਰ ਸਿੰਘ, ਸਮਾਜ ਸੇਵੀ ਗੁਰਚਰਨ ਸਿੰਘ ਲਾਲੀ, ਆਰਕੀਟੈਕਟ ਨਛੱਤਰ ਸਿੰਘ ਮਠਾੜੂ, ਕੁਮੈਂਟੇਟਰ ਗੁਰਪਾਲ ਸਿੰਘ, ਗੁਰਮੇਲ ਲੰਡਾ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ। ਸਮਾਗਮ ਦੌਰਾਨ ਐੱਮ. ਡੀ. ਸੁਖਦੇਵ ਸਿੰਘ ਜੱਜ, ਪ੍ਰਗਟ ਸਿੰਘ ਜੱਜ (ਅਸਿਸਟੈਂਟ ਮੈਨੇਜਿੰਗ ਡਾਇਰੈਕਟਰ), ਮੈਨੇਜਮੈਂਟ ਮੈਂਬਰ ਇੰਦਰਪਾਲ ਸਿੰਘ, ਅਮਨਪ੍ਰੀਤ ਕੌਰ ਪ੍ਰਿੰਸੀਪਲ ਅਕਾਲ ਗਲੈਕਸੀ ਸਿੱਧੂਪੁਰ, ਗਗਨਦੀਪ ਕੌਰ ਪ੍ਰਿੰਸੀਪਲ ਅਕਾਲ ਅਕੈਡਮੀ ਇੰਟਰਨੈਸ਼ਨਲ ਸੁਲਤਾਨਪੁਰ ਲੋਧੀ, ਮੋਨਾ ਘਈ ਪ੍ਰਿੰਸੀਪਲ ਸੀਨੀਅਰ ਵਿੰਗ, ਮਧੂ ਸ਼ਰਮਾ ਪ੍ਰਿੰਸੀਪਲ ਜੂਨੀਅਰ ਵਿੰਗ, ਮੈਡਮ ਸਾਲੂ ਗੁਪਤਾ, ਐਕਟੀਵਿਟੀ ਇੰਚਾਰਜ ਮੈਡਮ ਮੋਨਿਕਾ ਸਿੰਘ, ਸੁਪਰਵਾਇਜ਼ਰ ਮੈਡਮ ਸਪਨਾ ਸ਼ਰਮਾ, ਕੋਆਰਡੀਨੇਟਰਜ ਮੈਡਮ ਸਪਨਾ ਸ਼ਰਮਾ, ਮੈਡਮ ਵੀਨੂੰ ਮਲਹੋਤਰਾ, ਮੈਡਮ ਪ੍ਰੀਤੀ ਬਾਲਾ ਵਧਵਾ, ਮੈਡਮ ਮਨਪ੍ਰੀਤ ਕੌਰ, ਮੈਡਮ ਅਮਨਪ੍ਰੀਤ ਕੌਰ, ਮੈਡਮ ਰੁਪਿੰਦਰ ਕੌਰ ਸਮੇਤ ਹੋਰ ਸਟਾਫ ਵੀ ਹਾਜ਼ਰ ਸੀ।

# ਸਰਕਾਰੀ ਹਾਈ ਸਕੂਲ ਮਿਆਣੀ ਦੇ ਹੋਣਹਾਰ ਵਿਦਿਆਰਥੀ ਸਨਮਾਨਤ

**ਟਾਂਡਾ-ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਬੇਟ ਖੇਤਰ ਵਿੱਚ ਉੱਚ ਮਿਆਰੀ ਸਿੱਖਿਆ ਦੇ ਰਿਹਾ ਸਰਕਾਰੀ ਹਾਈ ਸਕੂਲ ਮਿਆਣੀ ਦਾ ਸਲਾਨਾ ਇਨਾਮ ਵੰਡ ਸਮਾਗਮ ਅਯੋਜਿਤ ਕੀਤਾ ਗਿਆ। ਪ੍ਰਿੰਸੀਪਲ ਪਰਮਿੰਦਰ ਕੌਰ ਦੀ ਦੇਖ ਰੇਖ ਹੇਠ ਸਮੂਹ ਸਟਾਫ ਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਕਰਵਾਏ ਇਸ ਸਮਾਗਮ ਦੀ ਆਰੰਭਤਾ ਗੁਰਬਾਣੀ ਦੇ ਮਨੋਹਰ ਕੀਰਤਨ ਨਾਲ ਕੀਤੀ ਗਈ। ਉਪਰੰਤ ਵਿਦਿਆਰਥੀਆਂ ਨੇ ਗੀਤ, ਸੰਗੀਤ, ਪੰਜਾਬੀ ਲੋਕ ਨਾਚ ਗਿੱਧਾ ਅਤੇ ਭੰਗੜਾ ਪੇਸ਼ ਕੀਤਾ। ਸਮਾਗਮ ਦੌਰਾਨ ਗ੍ਰਾਮ ਪੰਚਾਇਤ ਮਿਆਣੀ ਦੀ ਸਰਪੰਚ ਬੀਬੀ ਸਿਮਰ ਕੌਰ ਦੇ ਨੁਮਾਇੰਦੇ ਪੰਚ ਗੁਰਜੀਤ ਸਿੰਘ ਡਿੰਪਲ ਅਤੇ ਸਟੇਟ ਬੈਂਕ ਆਫ ਇੰਡੀਆ ਬ੍ਰਾਂਚ ਮਿਆਣੀ ਦੇ ਮੈਨੇਜਰ ਹੇਮੰਤ ਕੁਮਾਰ ਦੀ ਹਾਜ਼ਰੀ ਵਿੱਚ ਵਿਦਿਆਰਥੀਆਂ ਨੇ ਦੇਸ਼ ਭਗਤੀ 'ਤੇ ਆਧਾਰਤ ਕੋਰੀਓਗ੍ਰਾਫੀ ਪੇਸ਼ ਕੀਤੀ। ਵਿਦਿਆਰਥੀਆਂ ਨੂੰ ਅਸ਼ੀਰਵਾਦ ਦਿੰਦੇ ਹੋਏ ਗੁਰਜੀਤ ਸਿੰਘ ਅਤੇ ਮੈਨੇਜਰ ਹੇਮੰਤ ਕੁਮਾਰ ਨੇ ਕਿਹਾ ਕਿ ਸਾਨੂੰ ਪੱਕੇ ਇਰਾਦੇ ਅਤੇ ਸਖਤ ਮਿਹਨਤ ਆਦਿ ਨਾਲ ਵਿੱਦਿਆ ਪ੍ਰਾਪਤ ਕਰਕੇ ਆਪਣਾ ਭਵਿੱਖ ਬਣਾਉਣਾ ਚਾਹੀਦਾ ਹੈ। ਸਰਕਾਰੀ ਸਕੂਲ ਅੱਜ ਪ੍ਰਾਈਵੇਟ ਸਕੂਲਾਂ ਨੂੰ ਵੱਡੀ ਚੁਣੌਤੀ ਦੇ ਰਹੇ ਹਨ ਜਿਸ ਦਾ ਸਿਹਰਾ ਇਨ੍ਹਾਂ ਦੇ ਪ੍ਰਿੰਸੀਪਲ, ਅਧਿਆਪਕਾਂ ਅਤੇ ਮਿਹਨਤੀ ਵਿਦਿਆਰਥੀਆਂ ਨੂੰ ਵੀ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਪਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਸਕੂਲ ਦੀਆਂ ਹਰ ਸੰਭਵ ਜਰੂਰਤਾਂ ਨੂੰ ਪੂਰਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਇਨ੍ਹਾਂ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀ ਵੀ ਆਪਣੀ ਪੜ੍ਹਾਈ ਨੂੰ ਜਾਰੀ ਰੱਖ ਸਕਣ। ਪ੍ਰਿੰਸੀਪਲ ਪਰਮਿੰਦਰ ਕੌਰ ਨੇ ਸਕੂਲ ਦੀਆਂ ਪ੍ਰਾਪਤੀਆਂ ਸੰਬੰਧੀ ਵਿਸਥਾਰ ਨਾਲ ਚਾਨਣਾ ਪਾਇਆ ਅਤੇ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਸਕੂਲ ਦੇ ਵਿਦਿਆਰਥੀਆਂ ਨੇ ਖੇਡਾਂ ਵਿੱਚ ਵੀ ਝੰਡੇ ਗੱਡਦੇ ਹੋਏ ਸਟੇਟ ਲੈਵਲ ਤੱਕ ਪਹੁੰਚ ਕੇ ਵੱਖਰਾ ਮੁਕਾਮ ਹਾਸਲ ਕੀਤਾ ਹੈ। ਸ੍ਰੀ ਹਰਗੋਬਿੰਦ ਸੇਵਾ ਸੁਸਾਇਟੀ ਮਿਆਣੀ ਦੇ ਗੁਰਵਿੰਦਰ ਸਿੰਘ, ਲਖਵਿੰਦਰ ਸਿੰਘ ਕਾਲਾ, ਐਸ.ਐਮ.ਕਮੇਟੀ ਦੇ ਚੇਅਰਮੈਨ ਹਰਭਜਨ ਸਿੰਘ, ਸੁਖਦੇਵ ਸਿੰਘ ਸੁੱਖ, ਲੈਕਚਰਾਰ ਅਮਰ ਸਿੰਘ, ਧਿਆਨ ਸਿੰਘ, ਬਲਦੇਵ ਸਿੰਘ, ਤਰਸੇਮ ਸਿੰਘ, ਡਾ. ਰਮੇਸ਼ ਕੁਮਾਰ, ਤਜਿੰਦਰ ਸਿੰਘ ਕਿੱਟੂ ਅਤੇ ਪਤਵੰਤੇ ਸੱਜਣਾਂ ਦੀ ਹਾਜ਼ਰੀ ਵਿੱਚ ਸਕੂਲ ਦੇ ਵਿਦਿਆਰਥੀਆਂ ਨੂੰ ਪੜ੍ਹਾਈ, ਖੇਡਾਂ, ਧਾਰਮਿਕ ਸਿੱਖਿਆ, ਕੁਇਜ਼ ਕੰਪੀਟੀਸ਼ਨ ਅਤੇ ਹੋਰ ਗਤੀਵਿਧੀਆਂ ਵਿੱਚ ਪਹਿਲਾ, ਦੂਸਰਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਤੇ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ ਗਿਆ। ਹੋਣਹਾਰ ਵਿਦਿਆਰਥੀ ਸਤੀਸ਼ ਯਾਦਵ ਨੂੰ ਵੱਖ ਵੱਖ ਪ੍ਰਾਪਤੀਆਂ ਲਈ ਸਕੂਲ ਦਾ ਸਰਵਸ੍ਰੇਸ਼ਠ ਵਿਦਿਆਰਥੀ ਦਾ ਸਨਮਾਨ ਦਿੱਤਾ ਗਿਆ। ਇਸ ਮੌਕੇ ਮਾ.ਨਰਿੰਦਰ ਸਿੰਘ, ਅਮਰੀਕ ਸਿੰਘ, ਮਾ.ਸਤਪਾਲ ਸਿੰਘ, ਮਾ. ਜਤਿੰਦਰ ਸਿੰਘ, ਮਾ.ਜਸਵਿੰਦਰ ਸਿੰਘ, ਰਵੀ ਕੁਮਾਰ, ਕਵਲਜੀਤ ਕੌਰ, ਸੱਤਿਆ ਦੇਵੀ, ਭੁਪਿੰਦਰ ਕੌਰ, ਬਲਜੀਤ ਕੌਰ, ਪਰਮਜੀਤ ਕੌਰ, ਸ਼ੀਤਲ ਕੌਰ, ਰਾਜਿੰਦਰ ਕੌਰ, ਸ਼ਾਲੂ, ਪ੍ਰਿਤਪਾਲ ਕੌਰ, ਸਤਨਾਮ ਕੌਰ, ਬਲਵਿੰਦਰ ਸਿੰਘ, ਪਰਵਿੰਦਰ ਸਿੰਘ, ਗੁਰਸੇਵਕ ਸਿੰਘ, ਹਰੀਸ਼ ਕੁਮਾਰ, ਗੁਰਮੀਤ ਸਿੰਘ, ਪੈਰੀ , ਸ਼ਿਵ ਕੁਮਾਰ, ਸੁਸ਼ਮਾ ਰਾਣੀ, ਬਿਮਲਾ ਆਦਿ ਹਾਜ਼ਰ ਸਨ ।




# ਪਿੰਡ ਠੱਕਰਵਾਲ 'ਚ ਸੰਤ ਬਾਬਾ ਦੂਲਾ ਸਿੰਘ ਦੇ ਜਨਮ ਦਿਹਾੜੇ 'ਤੇ ਮੁਫਤ ਆਯੁਰਵੈਦਿਕ ਕੈਂਪ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਠੱਕਰਵਾਲ ਵਿਖੇ ਡੇਰਾ ਸੰਤਪੁਰੀ ਬ੍ਰਹਮਗਿਆਨੀ 108 ਸੰਤ ਬਾਬਾ ਦੂਲਾ ਸਿੰਘ ਜੀ ਦੇ ਤਪ ਅਸਥਾਨ ਤੇ ਸਮੂਹ ਨਗਰ ਨਿਵਾਸੀ ਗ੍ਰਾਮ, ਪੰਚਾਇਤ, ਪਰਵਾਸੀ ਭਾਰਤੀਆਂ ਅਤੇ ਇਲਾਕੇ ਸਹਿਯੋਗ ਨਾਲ ਡੇਰੇ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਹੀ ਸੰਗਤਾਂ ਦੀ ਸਹੂਲਤ ਲਈ ਧੰਨਵੰਤਰੀ ਵੈਦ ਮੰਡਲ ਹੁਸ਼ਿਆਰਪੁਰ ਵਲੋਂ ਆਯੁਰਵੈਦਿਕ ਮੁਫ਼ਤ ਕੈਂਪ ਲਗਾਇਆ ਗਿਆ। ਇਸ ਮੌਕੇ ਬਾਬਾ ਸਰਬਜੀਤ ਸਿੰਘ ਠੱਕਰਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਕਿ ਇਸ ਆਯੁਰਵੈਦਿਕ ਕੈਂਪ ਦਾ ਉਦਘਾਟਨ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਹਰਕ੍ਰਿਸ਼ਨ ਸਿੰਘ ਸੋਢੀ (ਪ੍ਰਧਾਨ ਨਿਰਮਲਾ ਸੰਤ ਮੰਡਲ ਪੰਜਾਬ) ਵੱਲੋਂ ਕੀਤਾ ਗਿਆ। ਇਸ ਮੌਕੇ ਧੰਨਵੰਤਰੀ ਆਯੁਰਵੈਦਿਕ ਮੰਡਲ ਦੇ ਪ੍ਰਧਾਨ ਵੈਦ ਸੁਮਨ ਸੂਦ ਨੇ ਦੱਸਿਆ ਕਿ ਵੈਦ ਮੰਡਲ ਦੀ ਟੀਮ ਵੱਲੋਂ 800 ਦੇ ਕਰੀਬ ਮਰੀਜ਼ਾਂ ਨੂੰ ਚੈੱਕਅਪ ਕਰਕੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਵੈਦ ਸੁਮਨ ਕੁਮਾਰ ਸੂਦ ਹੁਸ਼ਿਆਰਪੁਰ, ਬਾਬਾ ਜਤਿੰਦਰ ਸਿੰਘ ਪਿੱਪਲੀ ਸਾਹਿਬ, ਬਲਵੀਰ ਸਿੰਘ ਫੁਗਲਾਣਾ, ਦਰਸ਼ਨ ਸਿੰਘ ਰਾਜਾ ਠੱਕਰਵਾਲ, ਗੁਰਪ੍ਰੀਤ ਸਿੰਘ ਠੱਕਰਵਾਲ, ਵੈਦ ਪ੍ਰਸ਼ੋਤਮ ਦਾਸ ਸ਼ਰਮਾ, ਵੈਦ ਸੁਖਵਿੰਦਰ ਸਮਰਾ, ਵੈਦ ਪੂਨਮ ਵੈਦ ਧਰਮਿੰਦਰ ਕੁਮਾਰ ਫੁਗਲਾਣਾ, ਵੈਦ ਇੰਦਰਜੀਤ ਕੌਰ, ਵੈਦ ਚਮਨ ਲਾਲ, ਵੈਦ ਰਵਿੰਦਰ ਕੁਮਾਰ ਦਿਹਾਣਾ, ਵੈਦ ਹਰਭਜਨ ਸਿੰਘ ਹਰਮੋਇਆ, ਵੈਦ ਸ਼ਮਸ਼ੇਰ ਸਿੰਘ, ਵੈਦ ਮਨਜੀਤ ਕੌਰ, ਵੈਦ ਪਰਮਜੀਤ ਕੌਰ, ਵੈਦ ਪਰਮਜੀਤ ਸਿੰਘ, ਵੈਦ ਸੁਖਵੀਰ ਸਿੰਘ, ਵੈਦ ਬਲਜੀਤ ਸਿੰਘ ਸੀਨਾ, ਵੈਦ ਹਰਵਿੰਦਰ ਕੁਮਾਰ ਵੈਦ, ਜੋਗਿੰਦਰ ਕੌਰ, ਵੈਦ ਬਲਵੀਰ ਸਿੰਘ ਆਦਿ ਹਾਜ਼ਰ ਸਨ।




# ਸਰਹਾਲਾ ਕਲਾਂ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਸਰਹਾਲਾ ਕਲਾਂ ਵਿਖੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੇ ਅਸਥਾਨ ਤੋਂ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਜਗਤ ਗੁਰੂ ਨਿਰੰਕਾਰੀ ਜੋਤਿ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 553 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ ਸਜਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਮਨਜੀਤ ਸਿੰਘ ਖਾਲਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਨਾਲ ਵਿਸ਼ਾਲ ਨਗਰ ਕੀਰਤਨ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਸ਼ਾਮ ਨੂੰ ਸਮਾਪਤੀ ਹੋਇਆ। ਇਸ ਨਗਰ ਕੀਰਤਨ ਵਿਚ ਪੰਜ ਪਿਆਰੇ, ਪੰਜ ਨਿਸ਼ਾਨਚੀ, ਫੌਜੀ ਬੈਂਡ, ਗਤਕਾ ਅਖਾੜਾ, ਸ਼ਬਦੀ ਜਥੇ ਪਾਲਕੀ ਸਾਹਿਬ ਨਾਲ ਨਾਲ ਚੱਲ ਰਹੇ ਸਨ। ਇਸ ਮੌਕੇ ਵਿਸ਼ਾਲ ਨਗਰ ਕੀਰਤਨ ਦੌਰਾਨ ਵੱਖ ਵੱਖ ਪੜਾਵਾਂ ਵਿੱਚ ਸਵਾਗਤੀ ਗੇਟ ਲਗਾ ਕੇ ਫੁੱਲਾਂ ਦੀ ਵਰਖਾ ਕਰ ਕੇ ਸੰਗਤਾਂ ਦਾ ਸ਼ਾਨਦਾਰ ਸਵਾਗਤ ਕੀਤਾ। ਇਸ ਵਿਸ਼ਾਲ ਨਗਰ ਕੀਰਤਨ ਵਿਚ ਭਾਈ ਅਮਰਜੀਤ ਸਿੰਘ ਭਰੋਲੀ ਇੰਟਰਨੈਸ਼ਨਲ ਢਾਡੀ ਜਥਾ, ਪ੍ਰਭਾਤ ਫੇਰੀ ਜਥਾ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵਿਸ਼ਾਲ ਨਗਰ ਕੀਰਤਨ ਦੌਰਾਨ ਵੱਖ ਵੱਖ ਪੜਾਵਾਂ 'ਤੇ ਸੰਗਤਾਂ ਵੱਲੋਂ ਲੰਗਰ ਲਗਾਏ ਗਏ। ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਵਿਸ਼ਾਲ ਨਗਰ ਕੀਰਤਨ ਦੌਰਾਨ ਚਾਰ ਸਾਹਿਬਜ਼ਾਦੇ ਗਤਕਾ ਅਖਾੜਾ ਸਰਹਾਲਾ ਖੁਰਦ ਦੀ ਗਤਕਾ ਟੀਮ ਨੇ ਆਪਣੀ ਕਲਾ ਦੇ ਜੌਹਰ ਦਿਖਾਏ। ਇਸ ਮੌਕੇ ਪ੍ਰਧਾਨ ਮਨਜੀਤ ਸਿੰਘ ਖਾਲਸਾ ਨੇ ਦੱਸਿਆ ਕਿ 13 ਨਵੰਬਰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਪ੍ਰਧਾਨ ਜਥੇਦਾਰ ਮਨਜੀਤ ਸਿੰਘ ਖਾਲਸਾ, ਗਿਆਨੀ ਗੁਰਦਿਆਲ ਸਿੰਘ, ਗੁਰਨਾਮ ਸਿੰਘ, ਮਨਜੀਤ ਸਿੰਘ, ਰੇਸ਼ਮ ਸਿੰਘ, ਸੋਨੂੰ, ਮਨੀਸ਼, ਸੰਨੀ ਸਰਹਾਲਾ ਕਲਾਂ, ਇੰਦਰਜੀਤ ਸਿੰਘ, ਲੁਭਾਇਆ ਸਿੰਘ ਖਾਲਸਾ, ਅਮਨਦੀਪ ਸਿੰਘ, ਕੁਲਵਿੰਦਰ ਸਿੰਘ ਖਰੈੜ, ਮਿੰਟੂ, ਮਨਜੀਤ ਕੌਰ, ਸੁਮਿੱਤਰ ਕੌਰ, ਸੁਲਿੰਦਰ ਕੌਰ ਪੰਚ, ਮੋਹਣ ਸਿੰਘ ਸਰਪੰਚ ਸਰਹਾਲਾ ਕਲਾਂ, ਗੁਰਚਰਨ ਸਿੰਘ ਗਿੱਲ, ਹਰਮੇਸ਼ ਲਾਲ, ਵਿੱਦਿਆ, ਅਵਤਾਰ ਸਿੰਘ ਲੰਬੜਦਾਰ, ਉਂਕਾਰ ਸਿੰਘ, ਰੋਹਿਤ, ਗੋਗੀ, ਨਿਖਿਲ, ਬਰਜਿੰਦਰ ਸਿੰਘ, ਹੈਪੀ, ਅਮ੍ਰਿਤ ਸਿੰਘ, ਮਨੀਸ਼, ਅਮਿਤ ਆਦਿ ਹਾਜ਼ਰ ਸਨ।



# ਬੀ ਐਡ ਕਾਲਜ ਡੱਲੇਵਾਲ ਦੇ ਪੁਸਤਕ ਮੇਲੇ ਦੌਰਾਨ ਪੰਜਾਬੀ ਮਾਹ ਸਮਾਗਮ

**ਹਰਿਆਣਾ, ਹੁਸ਼ਿਆਰਪੁਰ, ( ਬਲਵੀਰ ਸਿੰਘ ਸੈਣੀ)** : ਭਾਸ਼ਾ ਵਿਭਾਗ ਹੁਸ਼ਿਆਰਪੁਰ ਵੱਲੋਂ ਪੰਜਾਬੀ ਵਿਕਾਸ ਮੰਚ ਹਰਿਆਣਾ ਦੇ ਸਹਿਯੋਗ ਨਾਲ ਸ੍ਰੀ ਗੁਰੂ ਨਾਨਕ ਐਜੂਕੇਸ਼ਨਲ ਕੰਪਲੈਕਸ ਡੱਲੇਵਾਲ ਨੇੜੇ ਹਰਿਆਣਾ ਵਿਖੇ ਪੰਜਾਬੀ ਮਾਹ ਸਮਾਗਮਾਂ ਦੀ ਲੜੀ ਨੂੰ ਸਮਰਪਤ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਆਯੋਜਤ ਕੀਤਾ ਗਿਆ। ਸ੍ਰੀ ਗੁਰੂ ਨਾਨਕ ਐਜੂਕੇਸ਼ਨਲ ਕੰਪਲੈਕਸ ਡੱਲੇਵਾਲ ਨੇੜੇ ਹਰਿਆਣਾ ਟਰੱਸਟ ਦੇ ਚੇਅਰਮੈਨ ਇੰਜ. ਪਰਮਜੀਤ ਸਿੰਘ ਦੀ ਅਗਵਾਈ ਤੇ ਪ੍ਰਿੰਸੀਪਲ ਡਾ. ਸ਼ਸ਼ੀ ਨੇਗੀ ਦੀ ਦੇਖ ਰੇਖ ਤੇ ਪੰਜਾਬੀ ਵਿਕਾਸ ਮੰਚ ਹਰਿਆਣਾ, ਪ੍ਰੈਸ ਕਲੱਬ ਹਰਿਆਣਾ, ਸਰ ਮਾਰਸ਼ਲ ਐਜੂਕੇਸ਼ਨ ਸੋਸਾਇਟੀ ਦੇ ਸਾਂਝੇ ਯਤਨਾਂ ਨਾਲ ਗਦਰ ਪਾਰਟੀ ਦੇ ਮਹਾਨ ਆਗੂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ 'ਚ ਲੱਗੇ ਦੋ ਰੋਜ਼ਾ ਵਿਸ਼ਾਲ ਪੁਸਤਕ ਮੇਲੇ ਤੇ ਵਿਰਾਸਤੀ ਉਤਸਵ ਦੇ ਦੂਜੇ ਦਿਨ ਕਰਮਵੀਰ ਸਿੰਘ ਘੁੰਮਣ ਹਲਕਾ ਦਸੂਹਾ ਵਿਧਾਇਕ ਵੱਲੋਂ ਉਨਾਂ ਦੇ ਪਿਤਾ ਉਘੇ ਸਮਾਜ ਸੇਵੀ ਜਗਮੋਹਣ ਸਿੰਘ ਘੁੰਮਣ ਬਤੌਰ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ, ਜਦ ਕਿ ਸਮਾਗਮ ਦੀ ਪ੍ਰਧਾਨਗੀ ਉਘੇ ਪੰਜਾਬੀ ਕਵੀ ਸੁਰਜੀਤ ਜੱਜ ਨੇ ਕੀਤੀ ਤੇ ਚੇਤਨ ਸਿੰਘ ਸਾਬਕਾ ਡਾਇਰੈਕਟਰ ਭਾਸ਼ਾ ਪੰਜਾਬ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਇਸ ਮੌਕੇ ਜਗਮੋਹਨ ਸਿੰਘ ਘੁੰਮਣ ਨੇ ਪੰਜਾਬੀ ਵਿਕਾਸ ਮੰਚ ਤੇ ਭਾਸ਼ਾ ਵਿਭਾਗ ਹੁਸ਼ਿਆਰਪੁਰ ਵੱਲੋਂ ਨਵੀਂ ਪੀੜ੍ਹੀ ਨੂੰ ਪੁਸਤਕਾਂ ਤੇ ਪੰਜਾਬੀ ਵਿਰਾਸਤ ਨਾਲ ਜੋੜਨ ਲਈ ਕੀਤੀ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਸਮਾਗਮ ਦੌਰਾਨ 'ਲੋਕ ਧਾਰਾ ਤੇ ਲੋਕ ਭਾਸ਼ਾ' ਵਿਸ਼ੇ ਉਤੇ ਕਰਾਈ ਵਿਚਾਰ ਚਰਚਾ ਦੌਰਾਨ ਮੁੱਖ ਬੁਲਾਰੇ ਉਘੇ ਸ਼ਾਇਰ ਮਦਨ ਵੀਰਾ, ਭਾਸ਼ਾ ਵਿਭਾਗ ਪਟਿਆਲਾ ਦੇ ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਸਹਾਇਕ ਡਾਇਰੈਕਟਰ ਪ੍ਰਵੀਨ ਕੁਮਾਰ, ਜ਼ਿਲ੍ਹਾ ਖੋਜ ਅਫਸਰ ਪਟਿਆਲਾ ਡਾ. ਮਨਜਿੰਦਰ ਸਿੰਘ ਨੇ ਹਿੱਸਾ ਲੈਂਦਿਆਂ ਕਿਹਾ ਕਿ ਕਿਸੇ ਖੇਤਰ 'ਚ ਰਹਿਣ ਵਾਲੇ ਲੋਕਾਂ ਦੀ ਜੀਵਨ ਜਾਂਚ, ਰਸਮੋ ਰਿਵਾਜ, ਕਦਰਾਂ ਕੀਮਤਾਂ 'ਤੇ ਨਿਰਧਾਰਤ ਜੀਵਨ ਮੁੱਲਾਂ ਦੇ ਸੰਬੰਧਤ ਖਿੱਤੇ ਨਾਲ ਗੂੜ੍ਹੀ ਸਾਂਝ ਹੁੰਦੀ ਹੈ ਤੇ ਪੰਜਾਬ ਦੀ ਆਮ ਜ਼ਿੰਦਗੀ ਨੇ ਵਿਕਾਸ ਦੇ ਵੱਖ ਵੱਖ ਪੜਾਵਾਂ 'ਚ ਪੰਜਾਬੀ ਭਾਸ਼ਾ ਦੇ ਮੁਹਾਂਦਰੇ ਨੂੰ ਹਮੇਸ਼ਾ ਅਸਰਅੰਦਾਜ਼ ਕੀਤਾ ਹੈ। ਉਨ੍ਹਾਂ ਇਸ ਮੌਕੇ ਪੰਜਾਬੀ ਜੀਵਨ ਜਾਂਚ ਤੇ ਪੰਜਾਬੀ ਭਾਸ਼ਾ ਦੇ ਗੂੜ੍ਹੇ ਰਿਸ਼ਤਿਆਂ ਵਾਰੇ ਵਿਸਥਾਰ ਪੂਰਬਕ ਚਰਚਾ ਕੀਤੀ। ਜ਼ਿਲ੍ਹਾ ਖੋਜ ਅਫ਼ਸਰ ਹੁਸ਼ਿਆਰਪੁਰ ਡਾ. ਜਸਵੰਤ ਰਾਏ ਨੇ ਇਸ ਮੌਕੇ ਪੰਜਾਬੀ ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ, ਪੁਰਾਣੇ ਤੇ ਨਵੇਂ ਲੇਖਕਾਂ ਦੀ ਬਿਹਤਰੀ ਲਈ ਕੀਤੇ ਜਾ ਰਹੇ ਕਾਰਜਾਂ ਦੀ ਵਿਸਥਾਰ ਪੂਰਬਕ ਜਾਣਕਾਰੀ ਦਿੱਤੀ। ਪੰਜਾਬੀ ਵਿਕਾਸ ਮੰਚ ਹਰਿਆਣਾ ਦੇ ਵਰਿੰਦਰ ਸਿੰਘ ਨਿਮਾਣਾ ਤੇ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੇ ਕਿਹਾ ਕਿ ਸਰਕਾਰ ਨੂੰ ਪੰਜਾਬੀ ਭਾਸ਼ਾ, ਸਾਹਿਤ ਤੇ ਕਲਾ ਦੀ ਬਿਹਤਰੀ ਲਈ ਵਿਸ਼ੇਸ਼ ਭਾਸ਼ਾ ਤੇ ਸੱਭਿਆਚਾਰਕ ਨੀਤੀ ਬਣਾ ਕੇ ਪੰਜਾਬੀ ਭਾਸ਼ਾ, ਸਾਹਿਤ ਤੇ ਕਲਾ ਲਈ ਯਤਨਸ਼ੀਲ ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਦੀ ਹਰ ਤਰ੍ਹਾਂ ਦੀ ਮਦਦ ਕਰਕੇ ਪੰਜਾਬੀ ਸੂਬੇ 'ਚ ਪੰਜਾਬੀ ਜ਼ਬਾਨ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਉਣ ਲਈ ਪਹਿਲਕਦਮੀ ਕਰਨੀ ਚਾਹੀਦੀ ਹੈ। ਦੋ ਦਿਨਾ ਪੁਸਤਕ ਮੇਲੇ ਦੌਰਾਨ ਵੱਖ ਵੱਖ ਸਕੂਲ ਕਾਲਜਾਂ ਦੇ ਵਿਦਿਆਰਥੀਆਂ ਨੇ ਪੰਜਾਬੀ ਵਿਰਾਸਤ ਨਾਲ ਸੰਬੰਧਤ ਵੰਨਗੀਆਂ ਪੇਸ਼ ਕਰਕੇ ਸਮਾਗਮ ਦੀ ਰੌਣਕ ਨੂੰ ਚਾਰ ਚੰਨ ਲਾ ਦਿੱਤੇ। ਇਸ ਮੌਕੇ ਪੰਜਾਬ ਦੇ ਵੱਖ ਵੱਖ ਪ੍ਰਕਾਸ਼ਕਾਂ ਵੱਲੋਂ ਲਾਈ ਪੁਸਤਕ ਪ੍ਰਦਰਸ਼ਨੀ ਵੀ ਪੁਸਤਕ ਪ੍ਰੇਮੀਆਂ ਦੀ ਖਿੱਚ ਦਾ ਕਾਰਨ ਬਣੀ ਰਹੀ। ਇਸ ਮੌਕੇ ਗੁਰੂ ਨਾਨਕ ਦੇਵ ਐਜੂਕੇਸ਼ਨਲ ਕੰਪਲੈਕਸ ਡੱਲੇਵਾਲ ਦੇ ਮੈਨੇਜਿੰਗ ਡਾਇਰੈਕਟਰ ਇੰਜ: ਪ੍ਰਭਦੀਪ ਸਿੰਘ, ਪ੍ਰਿੰਸੀਪਲ ਡਾ. ਸ਼ਸ਼ੀ ਨੇਗੀ, ਪ੍ਰਧਾਨ ਹਰਮੇਲ ਸਿੰਘ, ਕਹਾਣੀਕਾਰ ਪੰਮੀ ਦਿਵੇਦੀ, ਦੀਪ ਗਗਨ ਸਿੰਘ ਗਿੱਲ, ਪ੍ਰਿੰ: ਅਮਨਦੀਪ ਸ਼ਰਮਾ, ਵਰਿੰਦਰ ਸਿੰਘ ਨਿਮਾਣਾ, ਸਰਬਜੀਤ ਸਿੰਘ ਕੰਗ, ਪ੍ਰਿਤਪਾਲ ਸਿੰਘ ਚੋਟਾਲਾ, ਮੰਗਜੀਤ ਸਿੰਘ ਗੰਭੋਵਾਲ, ਪ੍ਰੋ: ਸੰਦੀਪ ਕੌਰ, ਡਾ. ਗੁਰਦਰਸ਼ਨ ਸਿੰਘ, ਡਾ. ਜਤਿੰਦਰਪਾਲ, ਡਾ. ਮਨਦੀਪ ਕੌਰ, ਪ੍ਰੋ: ਨੀਲਮ, ਪ੍ਰੋ: ਪੁਸ਼ਪਿੰਦਰ ਕੌਰ, ਪ੍ਰੋ: ਅਮਨਦੀਪ ਕੌਰ, ਪ੍ਰੋ: ਪ੍ਰਿਯਾ, ਨਰਿੰਦਰਪਾਲ ਸ਼ਰਮਾ, ਪ੍ਰੋ: ਭਾਰਤ ਭੂਸ਼ਨ, ਦਲਵੀਰ ਬਿੱਲੂ, ਜਸਵੀਰ ਸੈਣੀ, ਪ੍ਰੋ: ਨੀਰੂ, ਪ੍ਰੋ: ਕੁਲਦੀਪ ਕੌਰ, ਪ੍ਰੋ: ਆਰਤੀ ਸ਼ਰਮਾਂ, ਪ੍ਰੋ: ਮਨਪ੍ਰੀਤ ਕੌਰ, ਪ੍ਰੋ: ਪ੍ਰਿਯਾ ਦੇਵੀ, ਪ੍ਰੋ: ਇਕਬਾਲ ਸਿੰਘ, ਪ੍ਰੋ: ਮਨਿੰਦਰਜੀਤ, ਪ੍ਰੋ: ਗੁਰਪ੍ਰੀਤ ਕੌਰ, ਪ੍ਰੋ: ਸੁਨੰਦਾ ਕੁਮਾਰੀ, ਪ੍ਰੋ: ਸੰਨੀ, ਪ੍ਰੋ: ਮੰਜੂ ਬਾਲਾ ਅਧਿਆਪਕ ਆਗੂ, ਜਸਵਿੰਦਰਪਾਲ, ਅਸ਼ੋਕ ਬੁੱਲ੍ਹੋਵਾਲ, ਹੈਡਮਿਸਟ੍ਰੈਸ ਹਰਪ੍ਰੀਤ ਕੌਰ, ਸਵਿਤਾ ਮੱਲ੍ਹੀ, ਨਿਤਿਸ਼ ਡਡਵਾਲ, ਕਵਿਤਰੀ ਰੋਮੀ ਦੇਵਗੁਣ, ਗਾਇਕ ਮਲਕੀਤ ਬੁੱਲ੍ਹਾ, ਕੁਲਦੀਪ ਸਿੰਘ, ਸਤਵਿੰਦਰ ਸਿੰਘ, ਸੁਖਵੀਰ ਸਿੰਘ, ਜਸਪ੍ਰੀਤ ਸਿੰਘ, ਦਮਨਜੀਤ ਸਿੰਘ, ਲਖਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਮਿਲਕ ਪਲਾਂਟ ਮੁਹਾਲੀ ਦੀ ਧੱਕੇਸ਼ਾਹੀ ਦੇ ਵਿਰੋਧ 'ਚ ਦੁੱਧ ਉਤਪਾਦਕਾਂ ਦੀ ਮੀਟਿੰਗ



**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)** ਦੀ ਪੰਜਾਬ ਰਾਜ ਦੁੱਧ ਉਤਪਾਦਕ ਸਹਿਕਾਰੀ ਸਭਾਵਾਂ ਸਕੱਤਰ ਯੂਨੀਅਨ ਦੀ ਮੀਟਿੰਗ ਸੂਬਾ ਪ੍ਰਧਾਨ ਜਸਵੀਰ ਸਿੰਘ ਦੀ ਪ੍ਰਧਾਨਗੀ ਹੇਠ ਸ੍ਰੀ ਚਮਕੌਰ ਸਾਹਿਬ ਵਿਖੇ ਹੋਈ, ਜਿਸ ਵਿੱਚ ਮਿਲਕ ਪਲਾਂਟ ਮੁਹਾਲੀ ਦੀ ਧੱਕੇਸ਼ਾਹੀ ਦਾ ਵਿਰੋਧ ਕੀਤਾ ਗਿਆ ਅਤੇ ਹੇਠ ਲਿਖੇ ਮਤੇ ਸਰਬਸੰਮਤੀ ਦੇ ਨਾਲ ਪਾਸ ਕੀਤੇ ਗਏ ਜਿਵੇਂ ਕਿ ਮਿਲਕ ਪਲਾਂਟ ਵਲੋਂ ਜੋ ਚੈਕ ਅਤੇ ਐਸੋ, ਐਨੇ, ਐਚ ਦੇ ਨਵੇਂ ਸਟੈਂਡਰਡ ਲਾਗੂ ਕੀਤੇ ਗਏ ਹਨ ਉਨ੍ਹਾਂ ਦਾ ਵਿਰੋਧ ਕੀਤਾ ਗਿਆ ਅਤੇ ਉਨ੍ਹਾਂ ਨੂੰ ਵਾਪਸ ਲੈ ਕੇ ਪਹਿਲਾਂ ਦੀ ਤਰ੍ਹਾਂ ਹੀ ਲਾਗੂ ਕੀਤਾ ਜਾਵੇ, ਮਿਲਕ ਪਲਾਂਟ ਵੱਲੋਂ ਜੋ ਨਵਾਂ ਸ਼.ਅ.ਫ਼ ਲਾਗੂ ਕੀਤਾ ਗਿਆ ਹੈ ਜਿਸ ਵਿੱਚੋਂ ਦੋਵੇਂ ਟਾਈਮ ਦੀ ਅਲੱਗ ਅਲੱਗ ਕੈਨ ਕੁਨੈਕਸ਼ਨ ਕਰਕੇ ਪਲਾਂਟ ਨੂੰ ਆਨਲਾਈਨ ਡਾਟਾ ਭੇਜਣਾ ਲਾਜ਼ਮੀ ਕੀਤਾ ਗਿਆ ਹੈ ਅਤੇ 10 ਦਿਨਾਂ ਦਾ ਲੋਸ ਗੇਨ ਭੇਜਣਾ ਜ਼ਰੂਰੀ ਕੀਤਾ ਗਿਆ ਹੈ ਉਸ ਦਾ ਵੀ ਸਖਤ ਵਿਰੋਧ ਕੀਤਾ ਗਿਆ ਅਤੇ ਸਕੱਤਰ ਸਾਹਿਬ ਨੂੰ ਨਾ ਭੇਜਣ ਬਾਰੇ ਕਿਹਾ ਜਾਂਦਾ ਹੈ ਅਤੇ ਪਹਿਲਾਂ ਦੀ ਤਰ੍ਹਾਂ ਸ਼ਾਮ ਟਾਈਮ ਹੀ ਭੇਜਿਆ ਜਾਵੇ। ਇਸੇ ਤਰ੍ਹਾਂ ਮਤਾ ਨੰ: 3 ਵਿੱਚ ਮਿਲਕ ਪਲਾਂਟ ਮੁਹਾਲੀ ਵਲੋਂ ਜੋ ਹੈਂਡ ਲੋਡ ਦਿੱਤਾ ਜਾ ਰਿਹਾ ਹੈ ਉਹ ਖਰਚੇ ਮੁਬਾਰਕ ਬਹੁਤ ਘੱਟ ਹੈ, ਜਿਸ ਨੂੰ ਯੂਨੀਅਨ ਵੱਲੋਂ ਰੱਦ ਕੀਤਾ ਜਾਦਾ ਹੈ, ਅਤੇ ਮਿਲਕ ਪਲਾਂਟ ਆਪਣੇ ਵਹੀਕਲ ਦਾ ਪ੍ਰਬੰਧ ਕਰਨ ਅਤੇ ਮਿਲਕ ਪਲਾਂਟ ਟੈਂਕਰਾਂ ਤੇ ਆਪਣੇ ਸਰਕਾਰੀ ਟੈਸਟਰ ਲਾਉਣ ਦੀ ਮੰਗ ਕੀਤੀ ਗਈ। ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਜੇਕਰ ਮਿਲਕ ਪਲਾਂਟ ਮੁਹਾਲੀ ਵੱਲੋਂ ਉਨ੍ਹਾਂ ਦੀਆਂ ਉਪਰੋਕਤ ਮੰਗਾਂ ਨਾ ਮੰਨੀਆਂ ਗਈਆਂ ਤਾਂ ਯੂਨੀਅਨ ਵੱਲੋਂ ਦੁੱਧ ਉਤਪਾਦਕਾਂ ਅਤੇ ਸਮੂਹ ਕਿਸਾਨ ਜਥੇਬੰਦੀਆਂ ਨਾਲ ਮਿਲ ਕੇ ਮਿਲਕ ਪਲਾਂਟ ਵਿਰੁੱਧ ਸਖਤ ਸਟੈਂਡ ਲਿਆ ਜਾਵੇਗਾ।

# ਟਰੱਕ ਯੂਨੀਅਨ ਫਿਲੌਰ ਵੱਲੋਂ ਡੀ ਐੱਸ ਪੀ ਫਿਲੌਰ ਨੂੰ ਮੰਗ ਪੱਤਰ

**ਫਿਲੌਰ (ਨਿਰਮਲ)** ਰਣਜੀਤ ਸਿੰਘ ਸਿੱਧੂ ਪ੍ਰਧਾਨ ਟਰੱਕ ਯੂਨੀਅਨ ਫਿਲੌਰ ਅਤੇ ਮੈਂਬਰਾਂ ਨੇ ਡੀ ਐੱਸ ਪੀ ਫਿਲੌਰ ਜਗਦੀਸ਼ ਰਾਜ ਨੂੰ ਮੰਗ ਪੱਤਰ ਦਿੰਦੇ ਹੋਏ ਕਿਹਾ ਕਿ ਸਾਡੀ ਟਰੱਕ ਯੂਨੀਅਨ ਫਿਲੌਰ ਵਲੋਂ ਪਾਰਲੇ ਜੀ ਕੰਪਨੀ ਦੇ ਨਜ਼ਦੀਕ ਆਪਣੇ ਦਫਤਰ ਦੇ ਬਾਹਰ ਬੱਛੋਵਾਲ ਵਿਖੇ ਟਰੱਕ ਯੂਨੀਅਨ ਦੇ ਕੰਮ ਨੂੰ ਲੈ ਕੇ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆ ਕੇ ਸ਼ਾਂਤੀਪੂਰਵਕ ਧਰਨਾ ਲਗਾਇਆ ਹੋਇਆ ਸੀ ਜੋ ਕਿ 11 ਨਵੰਬਰ ਨੂੰ ਉਪਰੋਕਤ ਵਿਅਕਤੀਆਂ ਨੇ ਹਮਸਲਾਹ ਹੋ ਕੇ 120-125 ਹਥਿਆਰਾਂ ਨਾਲ ਲੈਸ ਅਣਪਛਾਤੇ ਭੈੜੇ ਅਨਸਰਾਂ ਦਾ ਕਾਫਲਾ ਲੈ ਕੇ ਬੱਛੋਵਾਲ ਵਿਖੇ ਸਾਡੇ ਦਫਤਰ ਦੇ ਬਾਹਰ ਲੱਗੇ ਧਰਨੇ ਵਾਲੇ ਵਿਆਕਤੀਆਂ 'ਤੇ ਜਾਨੋਂ ਮਾਰਨ ਦੀ ਨੀਅਤ ਨਾਲ ਹਮਲਾ ਕਰ ਦਿੱਤਾ,ਜੋ ਕਿ ਮੌਕੇ 'ਤੇ ਪ੍ਰਸ਼ਾਸਨ ਨੇ ਪਹੁੰਚ ਕੇ ਸਾਡੀ ਜਾਨ ਮਾਲ ਦੀ ਰਾਖੀ ਕੀਤੀ ਤੇ ਸਤੀਸ਼ ਕੁਮਾਰ ਗੋਇਲ ਨੇ ਮੈਨੂੰ ਫੋਨ ਕਰਕੇ ਕਈ ਵਾਰ ਧਮਕੀਆਂ ਦਿੱਤੀਆਂ ਜੋ ਕਿ ਉਕਤ ਵਿਆਕਤੀ ਕਿਸੇ ਵਕਤ ਵੀ ਮੇਰਾ ਜਾਂ ਮੇਰੇ ਕਿਸੇ ਵੀ ਟਰੱਕ ਯੂਨੀਅਨ ਦੇ ਮੈਂਬਰ ਦਾ ਜਾਨੀ ਨੁਕਸਾਨ ਕਰ ਸਕਦੇ ਹਨ। ਜੇਕਰ ਭਵਿੱਖ ਵਿੱਚ ਸਾਡੇ ਟਰੱਕ ਯੂਨੀਅਨ ਦੇ ਕਿਸੇ ਵੀ ਮੈਂਬਰ ਦਾ ਜਾਨੀ ਜਾਂ ਮਾਲੀ ਨੁਕਸਾਨ ਹੁੰਦਾ ਹੈ ਤਾਂ ਉਕਤ ਵਿਆਕਤੀ ਜ਼ਿੰਮੇਵਾਰ ਹੋਣਗੇ। ਸੋ ਉਕਤ ਵਿਅਕਤੀਆਂ ਵੱਲੋਂ ਸਾਡੇ 'ਤੇ ਜਾਨੋਂ ਮਾਰਨ ਦੀ ਨੀਅਤ ਨਾਲ ਹਮਲਾ ਕਰਨ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ ।




# ਸਰਕਾਰੀ ਹੋਮਿਓਪੈਥੀ ਡਿਸਪੈਂਸਰੀ ਨੂੰ ਮਰੀਜ਼ਾਂ ਦੀ ਚੈੱਕਅਪ ਕਰਨ ਲਈ ਯੰਤਰ ਦਾਨ

**ਫਿਲੌਰ (ਨਿਰਮਲ)** ਫਿਲੌਰ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਸਰਕਾਰੀ ਹੋਮਿਓਪੈਥੀ ਡਿਸਪੈਂਸਰੀ ਫਿਲੌਰ ਨੂੰ ਮਰੀਜ਼ਾਂ ਦੀ ਦੇਖਭਾਲ ਲਈ ਇਕ ਬਲੱਡ ਪ੍ਰੈਸ਼ਰ ਦੇਖਣ ਵਾਲੀ ਮਸ਼ੀਨ, ਇਕ ਸਟੈਥੋਸਕੋਪ ਅਤੇ ਇੱਕ ਪਲੱਸ ਔਕਸੀਮੀਟਰ ਦਾਨ ਵਜੋਂ ਕੀਤਾ। ਇਕ ਹੋਰ ਸੇਵਾਮੁਕਤ ਬਲਾਕ ਪ੍ਰਾਇਮਰੀ ਸਿੱਖਿਆ ਅਧਿਕਾਰੀ ਨੇ ਦਵਾਈਆਂ ਲਈ ਖਾਲੀ ਸ਼ੀਸ਼ੀਆਂ ਦੇ ਪੈਕੇਟ ਦਾਨ ਕੀਤੇ। ਡਾ. ਸ਼ਮ੍ਹਾ ਸੁਮਨ ਮੈਡੀਕਲ ਅਫਸਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਜਕੱਲ੍ਹ ਡਿਸਪੈਂਸਰੀ ਵਿਚ ਨਿੱਤ 100 ਦੇ ਕਰੀਬ ਮਰੀਜ਼ ਪੁੱਜ ਰਹੇ ਹਨ, ਕਾਫੀ ਮਰੀਜ਼ ਠੀਕ ਵੀ ਹੋ ਗਏ ਹਨ। ਇਸ ਮੌਕੇ ਚਾਹ ਪਾਣੀ ਦਾ ਲੰਗਰ ਵੀ ਲਗਾਇਆ ਗਿਆ। ਇਸ ਮੌਕੇ ਸਰਵਸ੍ਰੀ ਡਾਕਟਰ ਸ਼ਮ੍ਹਾ ਸੁਮਨ, ਜਨਕਰਾਜ, ਹੁਕਮ ਚੰਦ ਥਰੇਜਾ, ਡਾ. ਗੁਰਮੀਤ ਲਾਲ ਅੱਪਰਾ, ਐਚ ਸੀ ਤੂਰਾ, ਮਾਸਟਰ ਚੰਦਰ ਮੋਹਨ, ਗਗਨੀ ਸਾਗਰ, ਸੁਨੀਲ ਕੁਮਾਰ ਅਤੇ ਹੋਰ ਹਾਜ਼ਰ ਸਨ। ਡਾ. ਸ਼ਮ੍ਹਾ ਸੁਮਨ ਨੇ ਸਭਨਾਂ ਦਾ ਧੰਨਵਾਦ ਕੀਤਾ।



# ਨਵੇਂ ਜੌਬ ਕਾਰਡ ਲਈ 14 ਅਤੇ 15 ਨਵੰਬਰ ਨੂੰ ਲਗਾਏ ਜਾਣਗੇ ਇਨਰੋਲਮੈਂਟ ਕੈਂਪ : ਡਿਪਟੀ ਕਮਿਸ਼ਨਰ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)** ਡਿਪਟੀ ਕਮਿਸਨਰ ਰੂਪਨਗਰ ਡਾ. ਪ੍ਰੀਤੀ ਯਾਦਵ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਭਰ ਵਿੱਚ ਮਗਨਰੇਗਾ ਸਕੀਮ ਤਹਿਤ ਨਵੇਂ ਜੌਬ ਕਾਰਡ ਬਣਾਉਣ ਲਈ ਬਲਾਕ ਪੱਧਰੀ ਕੈਂਪਾਂ ਦੀ ਲੜੀ ਵਿੱਚ ਜ਼ਿਲ੍ਹਾ ਰੂਪਨਗਰ ਵਿਖੇ 14 ਅਤੇ 15 ਨਵੰਬਰ ਨੂੰ ਬਲਾਕ ਪੱਧਰ ਤੇ ਇਨਰੋਲਮੈਂਟ ਕੈਂਪ ਲਗਾਏ ਜਾਣਗੇ। ਇਸ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੇ ਪੰਜ ਬਲਾਕ ਰੋਪੜ, ਸ੍ਰੀ ਅਨੰਦਪੁਰ ਸਾਹਿਬ, ਨੂਰਪੁਰ ਬੇਦੀ, ਸ੍ਰੀ ਚਮਕੌਰ ਸਾਹਿਬ ਅਤੇ ਮੋਰਿੰਡਾ ਵਿਚ 14 ਅਤੇ 15 ਨਵੰਬਰ ਨੂੰ ਲੱਗਣ ਵਾਲੇ ਕੈਂਪ ਵਿੱਚ ਮੌਕੇ 'ਤੇ ਹੀ ਮਗਨਰੇਗਾ ਜੌਬ ਕਾਰਡ ਲਈ ਫਾਰਮ ਭਰੇ ਜਾਣਗੇ। ਉਨ੍ਹਾਂ ਨੇ ਇਨ੍ਹਾਂ ਬਲਾਕਾਂ ਦੇ ਵਿੱਚ ਪੈਂਦੇ ਪਿੰਡਾਂ ਦੇ ਯੋਗ ਵਿਅਕਤੀਆਂ ਨੂੰ ਆਪਣੇ ਲੋੜੀਂਦੇ ਦਸਤਾਵੇਜ ਨਾਲ ਲਿਆ ਕੇ ਕੈਂਪਾਂ ਦਾ ਲਾਭ ਲੈਣ ਦਾ ਸੱਦਾ ਦਿੱਤਾ ਗਿਆ। ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਇਹ ਕਾਰਡ ਬਣਾਉਣ ਲਈ ਵਿਅਕਤੀ ਦੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ। ਇਹ ਕਾਰਡ ਉਦੋਂ ਹੀ ਬਣ ਸਕੇਗਾ ਜਦੋਂ ਵਿਆਕਤੀ ਕੰਮ ਕਰਨ ਦੇ ਯੋਗ ਹੋਵੇ। ਉਨ੍ਹਾਂ ਦੱਸਿਆ ਕਿ ਇਸ ਕਾਰਡ ਨੂੰ ਬਣਾਉਣ ਲਈ ਉਸ ਪਿੰਡ ਦਾ ਵਸਨੀਕ ਹੋਣਾ ਵੀ ਲਾਜ਼ਮੀ ਹੈ। ਉਨ੍ਹਾਂ ਦੱਸਿਆ ਕਿ ਕਾਰਡ ਬਣਾਉਣ ਦੇ ਚਾਹਵਾਨ ਵਿਅਕਤੀ ਆਪਣੀ ਇਕ ਫੋਟੋ, ਆਧਾਰ ਕਾਰਡ ਦੀ ਕਾਪੀ ਅਤੇ ਬੈਂਕ ਖਾਤੇ ਦੀ ਕਾਪੀ ਲੈ ਕੇ ਇਹਨਾਂ ਕੈਂਪਾਂ ਵਿੱਚ ਇਨਰੋਲਮੈਂਟ ਕਰਵਾ ਸਕਦਾ ਹੈ।

# ਕੌਮੀ ਲੋਕ ਅਦਾਲਤ ਵਿਚ 2819 ਕੇਸਾਂ ਦਾ ਮੌਕੇ 'ਤੇ ਨਿਪਟਾਰਾ

**ਹੁਸ਼ਿਆਰਪੁਰ, ( ਓ ਪੀ ਰਾਣਾ)** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਸਟੇਟ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ. ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਜ਼ਿਲ੍ਹੇ ਵਿੱਚ ਸਾਲ ਦੀ ਚੌਥੀ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਨਵ-ਨਿਯੁਕਤ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਦਿਲਬਾਗ ਸਿੰਘ ਜੌਹਲ ਦੀ ਯੋਗ ਅਗਵਾਈ ਹੇਠ ਲਗਾਈ ਗਈ ਇਸ ਲੋਕ ਅਦਾਲਤ ਵਿਚ ਕੁੱਲ 33 ਬੈਂਚ ਬਣਾਏ ਗਏ, ਜਿਨ੍ਹਾਂ ਵਿਚੋਂ ਹੁਸ਼ਿਆਰਪੁਰ ਜੁਡੀਸ਼ੀਅਲ ਮੈਜੀਸਟ੍ਰੇਟਾਂ ਦੇ 11 ਬੈਂਚ, ਰੈਵੀਨਿਊ ਕੋਰਟਾਂ ਦੇ 10 ਬੈਂਚ, 1 ਕੰਜ਼ਿਊਮਰ ਕੋਰਟ ਅਤੇ ਸਬ ਡਵੀਜ਼ਨ ਦਸੂਹਾ ਵਿਖੇ 5 ਬੈਂਚ, ਮੁਕੇਰੀਆਂ ਵਿਖੇ 3 ਅਤੇ ਗੜ੍ਹਸ਼ੰਕਰ ਵਿਖੇ 3 ਬੈਂਚਾਂ ਦਾ ਗਠਨ ਕੀਤਾ ਗਿਆ। ਜ਼ਿਲ੍ਹਾ ਹੁਸ਼ਿਆਰਪੁਰ ਦੀ ਲੋਕ ਅਦਾਲਤ ਵਿੱਚ 6835 ਕੇਸਾਂ ਦੀ ਸੁਣਵਾਈ ਹੋਈ ਅਤੇ 2819 ਕੇਸਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ ਅਤੇ ਕੁੱਲ 160457733 ਰੁਪਏ ਦੇ ਅਵਾਰਡ ਪਾਸ ਕੀਤੇ ਗਏ।

ਇਸ ਕੌਮੀ ਲੋਕ ਅਦਾਲਤ ਦੌਰਾਨ ਅੱਜ ਸ਼ਪੈਸ਼ਲ ਜੇਲ੍ਹ ਲੋਕ ਅਦਾਲਤ/ਕੈਂਪ ਕੋਰਟ ਦਾ ਆਯੋਜਨ ਵੀ ਕੀਤਾ ਗਿਆ। ਇਸ ਸ਼ਪੈਸ਼ਲ ਜੇਲ੍ਹ ਲੋਕ ਅਦਾਲਤ/ਕੈਂਪ ਕੋਰਟ ਵਿੱਚ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀਮਤੀ ਅਪਰਾਜਿਤਾ ਜੋਸ਼ੀ ਦੀ ਅਗਵਾਈ ਹੇਠ 10 ਕੇਸਾਂ ਵਿੱਚੋਂ 8 ਕੇਸਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ ਅਤੇ ਸੁਪਰਡੈਂਟ, ਕੇਂਦਰੀ ਜੇਲ੍ਹ, ਹੁਸ਼ਿਆਰਪੁਰ ਨੂੰ ਹਦਾਇਤ ਦਿੱਤੀ ਕਿ ਜਿਨ੍ਹਾਂ ਕੇਸਾਂ ਦਾ ਜੇਲ੍ਹ ਲੋਕ ਅਦਾਲਤ/ਕੈਂਪ ਕੋਰਟ ਦੌਰਾਨ ਨਿਪਟਾਰਾ ਹੋ ਗਿਆ ਹੈ, ਉਹ ਉਨ੍ਹਾਂ ਦੋਸ਼ੀਆਂ ਨੂੰ ਰਿਹਾਅ ਕਰਨ। ਜਿਹੜੇ ਦੋਸ਼ੀ ਕਿਸੇ ਹੋਰ ਕੇਸ ਵਿੱਚ ਹਿਰਾਸਤ ਵਿੱਚ ਨਹੀਂ ਹਨ ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ ਅਤੇ ਇਹ ਕੇਸ ਅਲੱਗ ਅਲੱਗ ਪੁਲਸ ਸਟੇਸ਼ਨਾਂ ਨਾਲ ਸੰਬੰਧਤ ਹਨ। ਇਸ ਦੇ ਨਾਲ ਹੀ ਇਸ ਲੋਕ ਅਦਾਲਤ ਮੌਕੇ ਜ਼ਿਲ੍ਹਾ ਕਚਹਿਰੀ, ਹੁਸ਼ਿਆਰਪੁਰ ਵਿੱਚ ਚੱਲ ਰਹੇ ਲੋਕਾਂ ਦੇ ਕੇਸਾਂ ਵਿੱਚ ਆਮ ਜਨਤਾ ਦੀਆਂ ਸੁਵਿਧਾਵਾਂ ਦਾ ਧਿਆਨ ਰੱਖਦੇ ਹੋਏ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵਲੋਂ ਗੁਰੂ ਰਾਮਦਾਸ ਲੰਗਰ ਸੇਵਾ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਲੋਕਾਂ ਵਿੱਚ ਲੰਗਰ ਅਤੇ ਪਾਣੀ ਦੀ ਸੇਵਾ ਦਾ ਪ੍ਰਬੰਧ ਕੀਤਾ ਗਿਆ। ਜਿਸ ਵਿੱਚ ਲੋਕਾਂ ਦੇ ਬੈਠਣ ਦੀ ਸਹੂਲਤ ਤੋਂ ਲੈ ਕੇ ਖਾਣ ਪੀਣ ਦਾ ਪ੍ਰਬੰਧ ਸ਼ਾਮਲ ਸੀ। ਇਸ ਲੋਕ ਅਦਾਲਤ ਵਿੱਚ ਲੰਗਰ ਦੀ ਸੇਵਾ ਸਵੇਰੇ 11 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਚਲਦੀ ਰਹੀ। ਇਸ ਦੇ ਨਾਲ ਹੀ ਚਲਾਨ ਭੁਗਤਣ ਆਏ ਪ੍ਰਾਰਥੀਆਂ ਅਤੇ ਮੁਕੱਦਮਾ ਭੁਗਤਣ ਆਏ ਲੋਕਾਂ ਦੀਆਂ ਸੁਵਿਧਾਵਾਂ ਦਾ ਵੀ ਖਾਸ ਧਿਆਨ ਰੱਖਿਆ ਗਿਆ। ਇਸ ਤੋਂ ਇਲਾਵਾ ਕੋਰਟ ਕੰਪਲੈਕਸ ਵਿੱਚ ਆਏ ਹੋਏ ਲੋਕਾਂ ਵਿੱਚ ਚਲਾਨ ਲਈ ਭੱਜਦੌੜ ਨਾ ਮਚੇ, ਇਸ ਲਈ ਸਕਿਉਰਿਟੀ ਲਈ ਪੁਲਸ ਕਰਮਚਾਰੀ ਵੀ ਕੋਰਟਾਂ ਦੇ ਬਾਹਰ ਤਾਇਨਾਤ ਕੀਤੇ ਗਏ। ਸਕੱਤਰ ਜ਼ਿਲ੍ਹਾ ਕਾਨੂੰਨ ਸੇਵਾਵਾਂ ਅਥਾਰਟੀ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਵੱਧ ਤੋਂ ਵੱਧ ਲੋਕ ਆਪਣੇ ਕੇਸਾਂ ਨੂੰ ਲੋਕ ਅਦਾਲਤਾਂ ਵਿੱਚ ਲਗਾਉਣ, ਜਿਸ ਨਾਲ ਸਮੇਂ ਅਤੇ ਧਨ ਦੀ ਬੱਚਤ ਹੁੰਦੀ ਹੈ ਅਤੇ ਇਨਾਂ ਲੋਕ ਅਦਾਲਤਾਂ ਦੇ ਫੈਸਲੇ ਨੂੰ ਦੀਵਾਨੀ ਡਿਕਰੀ ਦੀ ਮਾਨਤਾ ਪ੍ਰਾਪਤ ਹੈ। ਲੋਕ ਅਦਾਲਤ ਵਿੱਚ ਫੈਸਲਾ ਹੋਣ ਉਪਰੰਤ ਕੇਸ ਵਿੱਚ ਲੱਗੀ ਸਾਰੀ ਕੋਰਟ ਫੀਸ ਵਾਪਸ ਮਿਲ ਜਾਂਦੀ ਹੈ। ਲੋਕ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਇਨ੍ਹਾਂ ਲੋਕ ਅਦਾਲਤਾਂ ਰਾਹੀ ਕਰਵਾ ਕੇ ਲਾਭ ਪ੍ਰਾਪਤ ਕਰ ਸਕਦੇ ਹਨ। ਅਦਾਲਤ ਵਿੱਚ ਹੋਏ ਫੈਸਲੇ ਦੀ ਕੋਈ ਵੀ ਅਪੀਲ ਨਹੀਂ ਹੁੰਦੀ ਅਤੇ ਇਹ ਅੰਤਿਮ ਫੈਸਲਾ ਹੁੰਦਾ ਹੈ।

ਜ਼ਿਕਰਯੋਗ ਹੈ ਕਿ ਦਿਲਬਾਗ ਸਿੰਘ ਜੌਹਲ, ਵਧੀਕ ਸੈਸ਼ਨ ਜੱਜ ਹੁਸ਼ਿਆਰਪੁਰ ਵੱਲੋਂ ਅੱਜ ਜ਼ਿਲ੍ਹਾ ਅਤੇ ਸੈਸ਼ਨ ਜੱਜ ਹੁਸ਼ਿਆਰਪੁਰ ਦਾ ਕਾਰਜਭਾਰ ਸੰਭਾਲਿਆ ਗਿਆ, ਜਿਨ੍ਹਾਂ ਨੂੰ ਸਾਰੇ ਜੁਡੀਸ਼ੀਅਲ ਮੈਜਿਸਟ੍ਰੇਟਾਂ ਨੇ ਵਧਾਈਆਂ ਦਿੱਤੀਆਂ।



# ਨਗਰ ਕੌਂਸਲ ਪ੍ਰਧਾਨ ਰਣਜੀਤ ਸਿੰਘ ਵੱਲੋਂ ਹੈਲਥ ਕੇਅਰ ਸੈਂਟਰ ਦਾ ਉਦਘਾਟਨ



**ਕੁਰਾਲੀ (ਮੋਹਨ ਅੱਗਰਵਾਲ ਜੋਗਾ )** : ਬੀਤੇ ਦਿਨ ਸਥਾਨਕ ਵਾਰਡ ਨੰਬਰ 6 ਵਿੱਚ ਲੋਕਾਂ ਦੀ ਸਿਹਤ ਦੀ ਸੰਭਾਲ ਕਰਨ ਲਈ ਅਤੇ ਮੈਡੀਕਲ ਸਹੂਲਤ ਦੇਣ ਦੇ ਲਈ ਨਵੇਂ ਖੁੱਲ੍ਹੇ ਰਹੇ ਰਹਿਬਰ ਹੈਲਥ ਕੇਅਰ ਸੈਂਟਰ ਦਾ ਉਦਘਾਟਨ ਸਥਾਨਕ ਨਗਰ ਕੌਂਸਲ ਦੇ ਪ੍ਰਧਾਨ ਰਣਜੀਤ ਸਿੰਘ ਜੀਤੀ ਪਡਿਆਲਾ ਵੱਲੋਂ ਰੀਬਨ ਕੱਟ ਕੇ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਪ੍ਰਧਾਨ ਰਣਜੀਤ ਸਿੰਘ ਨੇ ਦੱਸਿਆ ਕਿ ਰਹਿਬਰ ਹੈਲਥ ਕੇਅਰ ਸੈਂਟਰ ਖੋਲ੍ਹਣ ਦੇ ਨਾਲ ਸ਼ਹਿਰ ਵਾਸੀਆਂ ਨੂੰ ਹੀ ਨਹੀਂ ਸਗੋਂ ਆਸ ਪਾਸ ਦੇ ਕਈ ਪਿੰਡਾਂ ਦੇ ਲੋਕਾਂ ਨੂੰ ਮੈਡੀਕਲ ਦੀਆਂ ਵੱਡੀਆਂ ਸਹੂਲਤਾਂ ਮਿਲਣਗੀਆਂ। ਉਨ੍ਹਾਂ ਕਿਹਾ ਕਿ ਇਸ ਹੈਲਥ ਸੈਂਟਰ ਵਿੱਚ ਮਾਹਰ ਡਾਕਟਰਾਂ ਦੀ ਦੇਖ ਰੇਖ ਹੇਠ ਸ਼ਹਿਰ ਵਾਸੀਆਂ ਦਾ ਇਲਾਜ ਹੋਵੇਗਾ। ਇਸ ਲਈ ਹੁਣ ਸ਼ਹਿਰ ਵਾਸੀਆਂ ਨੂੰ ਇਲਾਜ ਲਈ ਸ਼ਹਿਰ ਤੋਂ ਬਾਹਰ ਜਾਣ ਦੀ ਲੋੜ ਨਹੀਂ ਪਵੇਗੀ। ਉਨ੍ਹਾਂ ਦੱਸਿਆ ਕਿ ਇਸ ਹੈਲਥ ਕੇਅਰ ਸੈਂਟਰ 'ਚ ਪਰਮਿੰਦਰ ਸਿੰਘ ਅਤੇ ਡਾ. ਰੋਹਿਤ ਵਾਂਡਰਾ ਅਤੇ ਡਾ. ਰੁਪਿੰਦਰ ਕੌਰ ਬਾਠ ਜਿਹੇ ਮਾਹਰ ਡਾਕਟਰ ਲੋਕਾਂ ਦਾ ਇਲਾਜ ਕਰਨਗੇ। ਇਸ ਮੌਕੇ ਡਾ. ਅਮਰਪ੍ਰੀਤ ਸਿੰਘ ਬਾਵਾ ਸਰਜਨ, ਡਾ. ਪਰਮਿੰਦਰ ਸਿੰਘ ਵੱਲੋਂ ਪ੍ਰਧਾਨ ਰਣਜੀਤ ਸਿੰਘ ਜੀਤੀ ਅਤੇ ਡਾ. ਦਵਿੰਦਰ ਗੁਪਤਾ, ਕੌਂਸਲ ਰਾਮਕਾਂਤ ਕਾਲੀਆ, ਹੈਪੀ ਧੀਮਾਨ, ਜੱਗੀ ਗੌਤਮ, ਪਰਮਜੀਤ ਸਿੰਘ ਪੰਮੀ, ਹਰੀਸ਼ ਠਾਕੁਰ, ਨਵੀ ਸੈਣੀ, ਅਮਨਪ੍ਰੀਤ ਸਿੰਘ ਅਮਨ, ਜਸਵਿੰਦਰ ਸਿੰਘ ਭੁਰਾ, ਸੰਜੀਵ ਟੰਡਨ, ਜਸਵਿੰਦਰ ਸਿੰਘ ਸੰਧੂ, ਲਖਵੀਰ ਸਿੰਘ ਬਾਠ, ਜਗਦੀਪ ਕੌਰ,ਉਹਨਾਂ ਦੇ ਸਮੂਹ ਸਾਥੀਆਂ ਦਾ ਧੰਨਵਾਦ ਕੀਤਾ।